Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067 Jassi Gill
CA DRE Lic.#01180969 CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!! CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ



Fifteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 15, Issue 36, September 6, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


## ਹਰਿਆਣਾ ਵਿਚ ਬਾਦਲ ਤੇ ਭਾਜਪਾ ਆਹਮੋ-ਸਾਹਮਣੇ?

### ਭਾਜਪਾ ਦੀ ਥਾਂ ਚੌਟਾਲਿਆਂ ਦਾ ਸਾਥ ਦੇਣਗੇ ਬਾਦਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਵਿਚ ਬਾਦਲਾਂ ਦੀ ਚੌਟਾਲਿਆਂ ਨਾਲ ਯਾਰੀ ਤੋਂ ਭਾਜਪਾ ਖਾਸੀ ਔਖੀ ਹੈ। ਮੁੱਖ ਮੰਤਰੀ ਬਾਦਲ ਹੁਣ ਧਰਮ ਸੰਕਟ ਵਿਚ ਫਸ ਗਏ ਹਨ ਕਿ ਉਹ ਦੋਸਤੀ ਜਾਂ ਫਿਰ ਗੱਠਜੋੜ ਵਿਚੋਂ ਕਿਸ ਨੂੰ ਚੁਣਨ।

ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਅਤੇ ਹਰਿਆਣਾ ਵਿਚ ਬਾਦਲਾਂ ਦਾ ਚੌਟਾਲਿਆਂ ਦੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨਾਲ ਗੱਠਜੋੜ ਹੈ। ਇਨੈਲੋ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਦੋ ਸੀਟਾਂ ਦਿੱਤੀਆਂ ਹਨ ਤੇ ਨਾਲ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਚੋਣ ਪ੍ਰਚਾਰ ਲਈ ਸਟਾਰ ਪ੍ਰਚਾਰਕ ਐਲਾਨਿਆ ਹੈ।

ਹਰਿਆਣਾ ਦੇ ਭਾਜਪਾ ਆਗੂਆਂ ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ ਤੇ ਹਾਈ ਕਮਾਨ ਕੋਲ ਸ਼ਿਕਾਇਤ ਕੀਤੀ ਹੈ ਕਿ ਸ. ਬਾਦਲ ਨੂੰ ਹਰਿਆਣਾ ਵਿਚ ਪ੍ਰਚਾਰ ਕਰਨ ਤੋਂ ਰੋਕਿਆ ਜਾਵੇ। ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਸ. ਬਾਦਲ ਇਨੈਲੋ ਦੀ ਥਾਂ ਭਾਜਪਾ ਲਈ ਚੋਣ ਪ੍ਰਚਾਰ ਕਰਨ, ਕਿਉਂਕਿ ਇਸ ਵਾਰ ਹਰਿਆਣਾ ਵਿਚ ਭਾਜਪਾ ਦੀ ਸਰਕਾਰ ਬਣਨ ਦੇ ਆਸਾਰ ਹਨ। ਹਰਿਆਣਾ ਵਿਚ 20 ਲੱਖ ਤੋਂ ਉਪਰ ਸਿੱਖ ਵੋਟਰ ਹਨ ਤੇ 25 ਤੋਂ 30 ਹਲਕਿਆਂ ਵਿਚ ਇਹ ਹਾਰ-ਜਿੱਤ ਦਾ ਫੈਸਲਾ ਕਰਨ ਦੀ ਸਮਰਥਾ ਰੱਖਦੇ ਹਨ।



ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਵਿਧਾਨ ਸਭਾ ਦੀਆਂ ਆਮ ਚੋਣਾਂ ਦੌਰਾਨ ਇਨੈਲੋ ਦੀ ਹਮਾਇਤ ਨੂੰ ਸਿਆਸੀ ਤੌਰ 'ਤੇ ਦਰੁਸਤ ਕਰਾਰ ਦਿੰਦਿਆਂ ਕਿਹਾ ਕਿ ਇਨੈਲੋ ਨਾਲ ਅਕਾਲੀ ਦਲ ਦੀ ਪੁਰਾਣੀ ਸਾਂਝ ਹੈ ਜਿਸ ਬਾਰੇ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਪੂਰੀ ਜਾਣਕਾਰੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਆਪਣੀ ਪੁਰਾਣੀ ਸਾਂਝ ਮੁਤਾਬਕ ਆਗਾਮੀ ਚੋਣਾਂ ਦੌਰਾਨ ਇਨੈਲੋ ਦੀ ਹਮਾਇਤ ਕਰੇਗੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਗੁਆਂਢੀ ਸੂਬੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦਾ ਮੁੱਖ ਮਕਸਦ ਸਿੱਖ ਕੌਮ ਦੀ ਦੁਸ਼ਮਣ ਕਾਂਗਰਸ ਨੂੰ ਹਰਾਉਣਾ ਹੈ। ਹਰਿਆਣਾ ਵਿਚ ਇਨੈਲੋ ਨਾਲ ਖੜ੍ਹਨ ਬਾਰੇ ਭਾਜਪਾ ਹਾਈ ਕਮਾਨ ਨੂੰ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਗੱਠਜੋੜ 'ਤੇ ਕੋਈ ਅਸਰ ਨਹੀਂ ਹੋਵੇਗਾ। ਉਹ ਆਪਣੇ ਯਾਰ ਮਰਹੂਮ ਦੇਵੀ ਲਾਲ ਚੌਟਾਲਾ ਦੇ ਪਰਿਵਾਰ ਨਾਲ ਆਪਣੀ ਮਿੱਤਰਤਾ ਨਿਭਾਉਣਗੇ।

ਯਾਦ ਰਹੇ ਕਿ ਇਸ ਤੋਂ ਪਹਿਲਾਂ ਵੀ ਅਕਾਲੀ ਦਲ, ਹਰਿਆਣਾ ਵਿਚ ਇਨੈਲੋ ਦੀ ਹਮਾਇਤ ਕਰਦਾ ਆਇਆ ਹੈ ਪਰ ਉਸ ਵੇਲੇ ਭਾਜਪਾ ਇਸ ਨੂੰ ਜ਼ਿਆਦਾ ਗੰਭੀਰਤਾ ਨਾਲ ਨਹੀਂ ਲੈਂਦੀ ਰਹੀ

(ਬਾਕੀ ਸਫਾ 6 'ਤੇ)

### ਅਕਾਲੀ-ਭਾਜਪਾ ਵਿਚਕਾਰ ਕਲੇਸ਼ ਵਧਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਅੰਦਰੂਨੀ ਕਲੇਸ਼ ਵਧਣ ਲੱਗਾ ਹੈ। ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਗੱਠਜੋੜ ਦੀ ਮਾੜੀ ਕਾਰਗੁਜ਼ਾਰੀ ਦਾ ਸਾਰਾ ਭਾਂਡਾ ਅਕਾਲੀਆਂ ਸਿਰ ਭੰਨਿਆ ਸੀ। ਇਸ ਤੋਂ ਇਲਾਵਾ ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਭਾਜਪਾ ਦੇ ਸੀਨੀਅਰ ਸੂਬਾਈ ਆਗੂਆਂ ਨੇ ਅਕਾਲੀਆਂ ਨੂੰ ਅੱਖਾਂ

(ਬਾਕੀ ਸਫਾ 6 'ਤੇ)

## ਮੋਦੀ ਨੇ ਕੌਮਾਂਤਰੀ ਪੱਧਰ 'ਤੇ ਦਿਖਾਏ ਰੰਗ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਜਪਾਨ ਦੌਰੇ ਦੌਰਾਨ ਕਈ ਵਿਵਾਦਗ੍ਰਸਤ ਬਿਆਨ ਦਾਗ ਕੇ ਸਾਰੇ ਸੰਸਾਰ ਦਾ ਧਿਆਨ ਖਿੱਚਣ ਦਾ ਯਤਨ ਕੀਤਾ ਹੈ। ਉਨ੍ਹਾਂ ਆਪਣੇ ਇਨ੍ਹਾਂ ਬਿਆਨਾਂ ਵਿਚ ਚੀਨ ਦੇ ਮੁਕਾਬਲੇ ਜਪਾਨ ਨੂੰ ਵਜ਼ਨ ਦੇਣ ਦੇ ਸੰਕੇਤ ਦਿੰਦਿਆਂ ਅਸਿੱਧੇ ਢੰਗ ਨਾਲ ਚੀਨ ਦੀ ਨੁਕਤਾਚੀਨੀ ਵੀ ਕੀਤੀ। ਇਸ ਦੌਰੇ ਦੌਰਾਨ ਉਨ੍ਹਾਂ ਏਸ਼ੀਅਨ ਮੁਲਕਾਂ ਵਿਚਾਲੇ ਸਹਿਯੋਗ ਵਧਾ ਕੇ ਪੱਛਮ ਦੀ ਚੌਧਰ ਦਾ ਪ੍ਰਭਾਵ ਘਟਾਉਣ ਦਾ ਵੀ ਸੰਕੇਤ ਦਿੱਤਾ। ਸ੍ਰੀ ਮੋਦੀ ਦੇ ਇਸ ਦੌਰੇ 'ਤੇ ਵਿਸ਼ਵ ਭਰ ਦੇ ਮੀਡੀਆ ਦੀਆਂ ਨਜ਼ਰਾਂ ਰਹੀਆਂ ਤੇ ਉਨ੍ਹਾਂ ਵੀ ਮੀਡੀਆ ਦੀ ਨਜ਼ਰ ਆਪਣੇ ਵੱਲ ਖਿੱਚਣ ਦਾ ਕੋਈ ਮੌਕਾ ਨਾ ਜਾਣ ਦਿੱਤਾ।

ਇਸ ਦੌਰੇ ਦੌਰਾਨ ਜਪਾਨ ਨੇ ਭਾਰਤ ਵਿਚ ਆਪਣਾ ਜਨਤਕ ਅਤੇ ਨਿੱਜੀ ਨਿਵੇਸ਼ ਅਗਲੇ ਪੰਜ ਸਾਲਾਂ ਦੌਰਾਨ ਵਧਾ ਕੇ ਦੁੱਗਣਾ ਕਰਦਿਆਂ ਕਰੀਬ 35 ਅਰਬ ਡਾਲਰ ਤੱਕ ਲੈ ਜਾਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਦੋਵੇਂ ਮੁਲਕਾਂ ਨੇ ਆਪਣੇ ਸਬੰਧਾਂ ਨੂੰ ਨਵੀਂ ਬੁਲੰਦੀ ਦਿੰਦਿਆਂ ਵਿਸ਼ੇਸ਼ ਰਣਨੀਤਕ ਆਲਮੀ ਭਾਈਵਾਲੀ ਵਿਚ ਬਦਲਣ ਦਾ ਫੈਸਲਾ ਕੀਤਾ ਹੈ। ਦੋਵੇਂ ਮੁਲਕ ਗੈਰ-ਫੌਜੀ ਪਰਮਾਣੂ ਸਮਝੌਤਾ ਸਿਰੇ ਚਾੜ੍ਹਨ ਵਿਚ ਨਾਕਾਮਯਾਬ ਰਹੇ, ਪਰ ਇਸ ਬਾਰੇ ਗੱਲਬਾਤ ਅੱਗੇ ਵਧੀ ਹੈ।

ਮੋਦੀ ਦੇ ਇਸ ਦੌਰੇ ਦੇ ਕੂਟਨੀਤਕ ਤੇ ਰਣਨੀਤਕ ਮਹੱਤਤਾ ਜ਼ਿਆਦਾ ਹੈ। ਮੋਦੀ ਨੇ ਜਾਪਾਨ ਵਿਚੋਂ ਚੀਨ ਉਤੇ ਅਸਿੱਧਾ ਵਾਰ ਕਰਦਿਆਂ ਅਜਿਹੇ ਮੁਲਕਾਂ ਦੀਆਂ 'ਵਿਸਤਾਰਵਾਦੀ' ਨੀਤੀਆਂ ਦੀ ਨਿਖੇਧੀ ਕੀਤੀ। ਮੋਦੀ ਨੇ ਉਸ ਦੇਸ਼ ਵੱਲ ਇਸ਼ਾਰਾ ਕੀਤਾ ਜਿਹੜਾ ਦੂਜਿਆਂ ਦੇ ਸਮੁੰਦਰਾਂ 'ਤੇ ਨਾਜਾਇਜ਼ ਕਬਜ਼ਾ ਕਰਦਾ ਹੈ। ਗੌਰਤਲਬ ਹੈ ਕਿ ਚੀਨ ਤੇ ਜਾਪਾਨ ਦਾ ਸਮੁੰਦਰੀ ਇਲਾਕੇ ਸਬੰਧੀ ਵਿਵਾਦ ਚੱਲਦਾ ਹੈ। ਇਸ ਤੋਂ ਬਿਨਾਂ ਚੀਨ ਦੇ ਭਾਰਤ ਸਮੇਤ ਕਈ ਗੁਆਂਢੀਆਂ ਨਾਲ ਸਰਹੱਦੀ ਝਗੜੇ ਵੀ ਚੱਲਦੇ ਹਨ। ਇਸ ਮੌਕੇ ਉਨ੍ਹਾਂ ਜਾਪਾਨੀ ਕਾਰੋਬਾਰੀਆਂ ਨੂੰ ਭਾਰਤ ਵਿਚ ਖੁੱਲ੍ਹ ਕੇ ਨਿਵੇਸ਼ ਕਰਨ ਦਾ ਸੱਦਾ ਦਿੱਤਾ।

(ਬਾਕੀ ਸਫਾ 6 'ਤੇ)

### ਵਰਲਡ ਕਬੱਡੀ ਲੀਗ ਦੇ ਮੈਚ ਹੁਣ 10 ਅਤੇ 11 ਅਕਤੂਬਰ ਨੂੰ

**ਸਟਾਕਟਨ (ਬਿਊਰੋ):** ਵਰਲਡ ਕਬੱਡੀ ਲੀਗ ਦੇ ਮੈਚ ਸਟਾਕਟਨ ਦੇ ਸਟੇਡੀਅਮ 'ਅਰੀਨਾ' ਵਿਚ ਹੁਣ 10 ਅਤੇ 11 ਅਕਤੂਬਰ ਨੂੰ ਹੋਣਗੇ। ਜ਼ਿਕਰਯੋਗ ਹੈ ਕਿ ਪਹਿਲਾਂ ਇਹ ਮੈਚ 13 ਅਤੇ 14 ਸਤੰਬਰ ਨੂੰ ਹੋਣੇ ਸਨ। ਪ੍ਰਬੰਧਕਾਂ ਵਲੋਂ ਜਾਰੀ ਬਿਆਨ ਅਨੁਸਾਰ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਸਮੇਂ ਸਿਰ ਵੀਜ਼ਾ ਨਾ ਮਿਲਣ ਕਰਕੇ 13 ਤੇ 14 ਸਤੰਬਰ ਨੂੰ ਹੋਣ ਵਾਲੇ ਮੈਚ ਰੱਦ ਕਰਕੇ ਪਏ।

ਸੁਰਜੀਤ ਸਿੰਘ ਟੁੱਟ (ਟੁੱਟ ਭਰਾਵਾਂ) ਦੀ ਟੀਮ 'ਕੈਲੀਫੋਰਨੀਆ ਈਗਲਜ਼' ਦਾ ਮੁਕਾਬਲਾ ਦੁਨੀਆਂ ਭਰ ਦੀਆਂ ਸਿਰਕੱਢ ਮੁੱਖ ਸੱਤ ਟੀਮਾਂ ਨਾਲ ਹੋਵੇਗਾ। ਇਨ੍ਹਾਂ ਕਬੱਡੀ ਮੈਚਾਂ ਵਿਚ ਨਸ਼ੇ ਤੋਂ ਮੁਕਤ ਖਿਡਾਰੀਆਂ ਨੂੰ ਖੇਡਣ ਦੀ ਇਜਾਜ਼ਤ ਹੋਵੇਗੀ। ਔਰਤਾਂ ਅਤੇ ਬੱਚਿਆਂ ਦੇ ਬੈਠਣ ਲਈ ਖਾਸ ਪ੍ਰਬੰਧਾਂ ਤੋਂ ਇਲਾਵਾ ਸੁਰੱਖਿਆ ਦੇ ਵੀ ਪੁਖਤਾ ਪ੍ਰਬੰਧ ਕੀਤੇ ਗਏ ਹਨ। ਕਬੱਡੀ ਨੂੰ ਵਰਲਡ ਓਲੰਪਿਕ ਖੇਡਾਂ ਵਿਚ ਲਿਜਾਣ ਦੇ ਯਤਨ ਕੀਤੇ ਜਾਣਗੇ।


REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਵੀਹ ਹਜ਼ਾਰ ਤੋਂ ਵੱਧ ਲੋਕ ਈਬੋਲਾ ਦੀ ਲਪੇਟ ਵਿਚ

**ਜਨੇਵਾ:** ਇਕ ਅਨੁਮਾਨ ਮੁਤਾਬਕ 20 ਹਜ਼ਾਰ ਤੋਂ ਵੱਧ ਲੋਕੀਂ ਪੱਛਮੀ ਅਫ਼ਰੀਕਾ ਵਿਚ ਫੈਲੀ ਈਬੋਲਾ ਮਹਾਂਮਾਰੀ ਦੀ ਮਾਰ ਹੇਠ ਆਏ ਹੋ ਸਕਦੇ ਹਨ। ਸੰਯੁਕਤ ਰਾਸ਼ਟਡਰ ਦੇ ਸਿਹਤ ਬਾਰੇ



ਅਦਾਰੇ ਨੇ ਪੱਛਮੀ ਅਫ਼ਰੀਕਾ ਦੇ ਚਾਰ ਦੇਸ਼ਾਂ ਵਿਚ ਇਸ ਮਹਾਂਮਾਰੀ ਦੇ ਟਾਕਰੇ ਲਈ ਇਕ ਰਾਜਨੀਤਕ ਯੋਜਨਾ ਜਾਰੀ ਕੀਤੀ ਹੈ। ਪੱਛਮੀ ਅਫ਼ਰੀਕਾ ਵਿਚ ਹੁਣ ਤੱਕ ਇਬੋਲ ਦੇ 3069 ਕੇਸਾਂ ਦੇ ਮਾਮਲੇ ਸਾਹਮਣੇ ਆਏ ਹਨ ਪਰ ਕੇਸਾਂ ਦੀ ਅਸਲ ਗਿਣਤੀ ਇਸ ਨਾਲੋਂ ਦੋ ਤੋਂ ਚਾਰ ਗੁਣਾ ਵੱਧ ਹੋ ਸਕਦੀ ਹੈ।

ਇਸ ਘਾਤਕ ਬਿਮਾਰੀ ਕਾਰਨ ਹੁਣ ਤੱਕ 1552 ਮੌਤਾਂ ਹੋ ਚੁੱਕੀਆਂ ਹਨ। ਵਿਸ਼ਵ ਸਿਹਤ ਸੰਸਥਾ (ਡਬਲਿਊ.ਐਚ.ਓ.) ਦਾ ਕਹਿਣਾ ਹੈ ਕਿ ਬਿਮਾਰੀ ਦੇ ਬੁਹਤ ਜ਼ਿਆਦਾ ਪਸਾਰ ਵਾਲੇ ਖੇਤਰਾਂ ਵਿਚ ਅਸਲ ਗਿਣਤੀ ਰਿਪੋਰਟ ਹੋਏ ਕੇਸਾਂ ਨਾਲੋਂ 2-4 ਗੁਣਾਂ ਵੱਧ ਹੋ ਸਕਦੇ ਹਨ। ਇਸ ਦਾ ਮੰਨਣਾ ਹੈ ਕਿ ਜਦੋਂ ਤੋਂ ਇਹ ਹੰਗਾਮੀ ਹਾਲਤ ਪੈਦਾ ਹੋਈ ਉਦੋਂ ਤੋਂ ਈਬੋਲਾ ਵਾਇਰਸ ਬੀਮਾਰੀ ਦੇ ਕੁੱਲ ਕੇਸਾਂ ਦੀ ਗਿਣਤੀ 20 ਹਜ਼ਾਰ ਤੋਂ ਜ਼ਿਆਦਾ ਹੋ ਸਕਦੀ ਹੈ। ਇਹ ਘਾਤਕ ਬੀਮਾਰੀ ਮਾਰਚ ਮਹੀਨੇ ਗਿਨੀ ਵਿਚ ਫੈਲੀ ਸੀ ਤੇ ਬਾਅਦ ਵਿਚ ਗੁਆਂਢੀ ਲਾਇਬੇਰੀਆ ਤੇ ਸੀਏਰਾ ਲਿਓਨ ਵੀ ਇਸ ਦੀ ਲਪੇਟ ਵਿਚ ਆ ਗਏ ਸਨ। ਸਿਹਤ ਅਦਾਰੇ ਦਾ ਕਹਿਣਾ ਹੈ ਕਿ ਨਾਇਜੇਰੀਆ ਨੂੰ ਵੀ ਬੱਝਵੇਂ ਤੇ ਕੌਮਾਂਤਰੀ ਰਿਸਪਾਂਸ ਦੀ ਲੋੜ ਪੈਣੀ ਹੈ। ਜਮਹੂਰੀ ਗਦਰਾਜ ਕਾਂਗੋ ਵਿਚ ਈਬੋਲਾ ਦੇ ਲੱਛਣ ਵੱਖਰੀ ਕਿਸਮ ਦੇ ਹੋਣ ਕਰਕੇ ਉਥੇ ਹੋਈਆਂ ਮੌਤਾਂ ਨੂੰ ਈਬੋਲਾ ਕਾਰਨ ਕੁੱਲ ਮੌਤਾਂ ਵਿਚ ਨਹੀਂ ਜੋੜਿਆ ਗਿਆ।

ਸਿਹਤ ਅਦਾਰੇ ਮੁਤਾਬਕ ਈਬੋਲਾ ਦੀ ਸਭ ਤੋਂ ਵੱਧ ਮਾਰ ਹੇਠ ਆਏ ਖੇਤਰਾਂ ਵਿਚ ਜ਼ਿਆਦਾ ਧਿਆਨ ਦੇਣ ਤੇ ਰਾਜਧਾਨੀਆਂ ਤੇ ਬੰਦਰਗਾਹਾਂ ਵਿਚ ਇਸ ਦੇ ਫੈਲਾਅ ਨੂੰ ਰੋਕਣ ਦੀ ਫੌਰੀ ਲੋੜ ਹੈ। ਇਸ ਵਾਇਰਸ ਦਾ ਹਾਲੇ ਫੈਲਾਅ ਹੋ ਰਿਹਾ ਹੈ ਤੇ ਬਹੁਤ ਸਾਰੇ ਸਿਹਤ ਕਰਮੀ ਵੀ ਇਸ ਦਾ ਸ਼ਿਕਾਰ ਬਣ ਚੁੱਕੇ ਹਨ। ਡਬਲਿਊ.ਐਚ.ਓ. ਮੁਤਾਬਕ ਸਤੰਬਰ ਦੇ ਅੰਤ ਤੱਕ ਸੰਯੁਕਤ ਰਾਸ਼ਟਰ ਦੀ ਅਗਵਾਈ ਹੇਠ ਇਕ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਤਹਿਤ ਖੁਰਾਕ ਸੁਰੱਖਿਆ, ਪਾਣੀ, ਸਫ਼ਾਈ, ਮੁਢਲੀ ਤੇ ਦੋਇਮ ਸਿਹਤ ਸੰਭਾਲ, ਸਿੱਖਿਆ ਤੇ ਲੰਮਚਿਰੇ ਬਚਾਓ ਯਤਨਾਂ ਉਪਰ ਖਾਸ ਜ਼ੋਰ ਦਿੱਤਾ ਜਾਵੇਗਾ।

# ਕਾਲਾ ਧਨ: ਸਖਤੀ ਪਿੱਛੋਂ ਹੌਲੇ ਹੋਣ ਲੱਗੇ ਵਿਦੇਸ਼ੀ ਖਾਤੇ

**ਨਵੀਂ ਦਿੱਲੀ:** ਭਾਰਤ ਵੱਲੋਂ ਕਾਲੇ ਧਨ ਦੇ ਮੁੱਦੇ 'ਤੇ ਜ਼ੋਰ ਪਾਉਣ ਕਾਰਨ ਪਿਛਲੇ ਛੇ ਸਾਲਾਂ ਦੌਰਾਨ ਵਿਦੇਸ਼ੀ ਖਾਤਾਧਾਰਕਾਂ ਨੇ ਸਵਿਸ ਬੈਂਕਾਂ ਵਿਚੋਂ 350 ਅਰਬ ਸਵਿਸ ਫਰੈਂਕ ਦੇ ਫੰਡ ਕਢਵਾਏ ਹਨ। ਹਾਲਾਂਕਿ ਇਸ ਵਿਚੋਂ ਕਿੰਨਾ ਧਨ ਭਾਰਤੀਆਂ ਦਾ ਸੀ, ਇਸ ਬਾਰੇ ਸਹੀ-ਸਹੀ ਜਾਣਕਾਰੀ ਨਹੀਂ ਮਿਲ ਸਕੀ, ਪਰ ਇਸ ਵਿਚ 100 ਅਰਬ ਸਵਿਸ ਫਰੈਂਕ ਵੀ ਸ਼ਾਮਲ ਹਨ ਜੋ ਟੈਕਸ ਰਹਿਤ ਐਲਾਨੇ ਧਨ ਦੇ ਇਵਜ਼ ਵਿਚ ਅਦਾ ਕੀਤੇ ਗਏ ਸਨ। ਕੰਸਲਟੈਂਸੀ ਫਰਮ ਪ੍ਰਾਈਸ ਵਾਟਰ-ਹਾਊਸ ਕੂਪਰਜ਼ ਦੀ ਸਵਿਸ ਇਕਾਈ ਵੱਲੋਂ ਕਰਵਾਏ ਗਏ ਅਧਿਐਨ ਤਹਿਤ ਸਵਿਟਜ਼ਰਲੈਂਡ ਦੀਆਂ 90 ਪ੍ਰਾਈਵੇਟ ਬੈਂਕਿੰਗ ਅਦਾਰਿਆਂ ਦੀਆਂ ਸਾਲਾਨਾ ਰਿਪੋਰਟਾਂ ਦਾ ਲੇਖਾ ਵਿਸ਼ਲੇਸ਼ਣ ਕੀਤਾ ਗਿਆ।



ਪੀ.ਡਬਲਿਊ.ਸੀ. ਨੇ ਆਖਿਆ ਹੈ ਕਿ ਸਾਡਾ ਅਨੁਮਾਨ ਹੈ ਕਿ ਪਿਛਲੇ ਛੇ ਸਾਲਾਂ ਦੌਰਾਨ ਵਿਦੇਸ਼ੀ ਮੂਲ ਦੇ ਪ੍ਰਾਈਵੇਟ ਗਾਹਕਾਂ ਦੇ ਤਕਰੀਬਨ 350 ਅਰਬ ਸਵਿਸ ਫਰੈਂਕ ਦਾ ਧਨ ਸਵਿਟਜ਼ਰਲੈਂਡ ਵਿਚੋਂ ਉੱਡ ਗਿਆ ਹੈ। ਸਾਡਾ ਅਨੁਮਾਨ ਹੈ ਕਿ ਕੁੱਲ ਮਿਲਾ ਕੇ 100 ਅਰਬ ਸਵਿਸ ਫਰੈਂਕ ਐਲਾਨੇ ਗਏ ਟੈਕਸ ਰਹਿਤ ਧਨ ਦੇ ਇਵਜ਼ ਵਿਚ ਕੀਤੀਆਂ ਅਦਾਇਗੀਆਂ ਵੀ ਇਸ ਵਿਚ ਸ਼ਾਮਲ ਹਨ। ਸਵਿਟਜ਼ਰਲੈਂਡ 'ਤੇ ਭਾਰਤ ਸਮੇਤ ਵੱਖ-ਵੱਖ ਦੇਸ਼ਾਂ ਵੱਲੋਂ ਪਿਛਲੇ ਕੁਝ ਸਾਲਾਂ ਤੋਂ ਦਬਾਅ ਪਾਇਆ ਜਾ ਰਿਹਾ ਹੈ ਤੇ ਆਲਮੀ ਪੱਧਰ 'ਤੇ ਵੀ ਸਵਿਸ ਬੈਂਕਾਂ ਦੀ ਬੇਲੋੜੀ ਪਰਚਾਪੋਸ਼ੀ ਖ਼ਤਮ ਕਰਨ ਦੀ ਮੰਗ ਉਠਾਈ ਜਾ ਰਹੀ ਹੈ।

ਇਸ ਨੂੰ ਭਾਰਤ ਤੇ ਕੁਝ ਹੋਰ ਦੇਸ਼ਾਂ ਨਾਲ ਆਪਣੇ ਟੈਕਸ ਸਮਝੌਤੇ ਸੋਧਣੇ ਪਏ ਹਨ ਤਾਂ ਕਿ ਸ਼ੱਕੀ ਖਾਤਿਆਂ ਬਾਰੇ ਜਾਣਕਾਰੀ ਜਾਂ ਵਟਾਂਦਰਾ ਵਧਾਇਆ ਜਾ ਸਕੇ, ਜਿਸ ਕਰਕੇ ਸਵਿਸ ਬੈਂਕਾਂ ਵਿਚ ਵਿਦੇਸ਼ੀ ਖਾਤਾਧਾਰੀਆਂ ਦੇ ਖਾਤਿਆਂ ਵਿਚੋਂ ਮਾਇਆ ਨਿਕਲਣ ਲੱਗੀ ਹੈ। ਸਵਿਸ ਬੈਂਕਾਂ ਵਿਚ ਭਾਰਤੀਆਂ ਦਾ ਧਨ 2006 ਵਿਚ 6.5 ਅਰਬ ਸਵਿਸ ਫਰੈਂਕ ਦੱਸਿਆ ਗਿਆ ਸੀ ਜੋ 2010 ਦੇ ਅੰਤ ਤੱਕ ਘਟ ਕੇ ਚਾਰ ਅਰਬ ਸਵਿਸ ਫਰੈਂਕ ਰਹਿ ਗਿਆ ਸੀ। ਭਾਰਤ ਨੇ ਕੁਝ ਮਹੀਨੇ ਪਹਿਲਾਂ ਵਿਦੇਸ਼ੀ ਬੈਂਕਾਂ ਵਿਚ ਭਾਰਤੀਆਂ ਦੇ ਧਨ ਦੀ ਪੜਚੋਲ ਲਈ ਇਕ ਵਿਸ਼ੇਸ਼ ਜਾਂਚ ਟੀਮ ਵੀ ਕਾਇਮ ਕੀਤੀ ਸੀ।

# ਆਸਟਰੇਲੀਆ ਅਤਿਵਾਦ ਖਿਲਾਫ ਨਵਾਂ ਕਾਨੂੰਨ ਬਣਾਏਗਾ


**ਸਿਡਨੀ:** ਆਸਟਰੇਲੀਆ ਸਰਕਾਰ ਅਤਿਵਾਦੀ ਕਾਰਵਾਈਆਂ ਤੇ ਅੰਦਰੂਨੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹੈ। ਸਰਕਾਰ ਅਗਲੇ ਮਹੀਨੇ ਇਸ ਬਾਰੇ ਕਾਨੂੰਨ ਬਣਾਉਣ ਜਾ ਰਹੀ ਹੈ ਤੇ ਅਤਿਵਾਦੀ ਕਾਰਵਾਈਆਂ ਨੂੰ ਨੱਥ ਪਾਉਣ ਲਈ 600 ਮਿਲੀਅਨ ਡਾਲਰ ਦੀ ਵਿਸ਼ੇਸ਼ ਰਕਮ ਰੱਖ ਰਹੀ ਹੈ। ਅਤਿਵਾਦੀ ਕਾਰਵਾਈਆਂ ਨਾਲ ਜੁੜੇ ਵਿਅਕਤੀਆਂ ਦੀਆਂ ਗਤੀਵਿਧੀਆਂ ਰੋਕਣ ਤੇ ਇਸ ਦੀ ਢੁੱਕਵੀਂ ਸਜ਼ਾ ਦੇਣ ਦੀ ਵਿਵਸਥਾ ਨਵੇਂ ਅਤਿਵਾਦੀ ਰੋਕੂ ਕਾਨੂੰਨ ਵਿਚ ਕੀਤੀ ਜਾਵੇਗੀ। ਇਸ ਮੁੱਦੇ 'ਤੇ ਮੁੱਖ ਵਿਰੋਧੀ ਪਾਰਟੀ ਲੇਬਰ ਨੇ ਸਹਿਮਤੀ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਇਰਾਕ ਤੇ ਸੀਰੀਆ ਵਿਚ ਚੱਲ ਰਹੀ ਸ਼ੀਆ-ਸੁੰਨੀ ਲੜਾਈ ਵਿਚ ਕੁਝ ਆਸਟਰੇਲੀਅਨ ਨਾਗਰਿਕ ਵੀ ਸ਼ਾਮਲ ਹੋ ਗਏ ਹਨ। ਇਸ ਲੜਾਈ ਵਿਚ ਹੁਣ ਤੱਕ ਤਿੰਨ ਮੁਨੱਖੀ ਬੰਬ ਬਣ ਕੇ ਧਮਾਕੇ ਕਰਨ ਵਾਲੇ ਨੌਜਵਾਨ ਆਸਟਰੇਲੀਅਨ ਨਾਗਰਿਕ ਸਨ। ਉਨ੍ਹਾਂ ਦਾ ਪਿਛੋਕੜ ਭਾਵੇਂ ਇਸਲਾਮਿਕ ਦੇਸ਼ਾਂ ਨਾਲ ਹੀ ਸੀ ਪਰ ਆਸਟਰੇਲੀਆ ਦਾ ਨਾਂ ਵੀ ਸੁਰਖੀਆਂ ਵਿਚ ਆ ਗਿਆ। ਆਸਟਰੇਲੀਆ ਦੀ ਵਿਦੇਸ਼ ਮੰਤਰੀ ਜੂਲੀ ਬਿਸ਼ਪ ਦਾ ਕਹਿਣਾ ਹੈ ਕਿ ਆਸਟਰੇਲੀਆ ਵਿਚ ਤਕਰੀਬਨ 150 ਅਜਿਹੇ ਵਿਅਕਤੀ ਹਨ ਜਿਨ੍ਹਾਂ ਕੋਲ ਇਰਾਕ-ਸੀਰੀਆ ਤੇ ਆਸਟਰੇਲੀਆ ਦੀ ਦੋਹਰੀ ਨਾਗਰਕਿਤਾ ਹੈ। ਇਨ੍ਹਾਂ ਵਿਚੋਂ ਤਕਰੀਬਨ 60 ਵਿਅਕਤੀ ਸਰਗਰਮੀ ਨਾਲ ਇਸਲਾਮਿਕ ਕਤਲੋਗਾਰਤ ਤੇ ਅਤਿਵਾਦੀ ਕਾਰਵਾਈਆਂ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਹਨ। ਬਾਕੀ ਆਸਟਰੇਲੀਆ ਵਿਚ ਰਹਿ ਕੇ ਅਸਿੱਧੇ ਢੰਗ ਨਾਲ 'ਜਹਾਦ' ਦੇ ਨਾਂ ਹੇਠ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਈਚਾਰਕ ਏਕਤਾ ਮਜ਼ਬੂਤ ਕਰਨ ਦੇ ਇਰਾਦੇ ਨਾਲ ਨਵਾਂ ਅਤਿਵਾਦੀ ਕਾਨੂੰਨ ਲਿਆਂਦਾ ਜਾ ਰਿਹਾ ਹੈ। ਉਧਰ ਪ੍ਰਧਾਨ ਮੰਤਰੀ ਟੋਨੀ ਐਬਟ ਨੇ ਦਾਅਵਾ ਕੀਤਾ ਕਿ ਅਤਿਵਾਦੀ ਵਿਰੋਧੀ ਕਾਨੂੰਨ ਕਿਸੇ ਖਾਸ ਭਾਈਚਾਰੇ ਦੇ ਲੋਕਾਂ ਲਈ ਨਹੀਂ ਬਣਾਇਆ ਜਾ ਰਿਹਾ ਹੈ।

## ਪਤਨੀ ਤੇ ਬੱਚੇ ਦੇ ਕਤਲ ਮਗਰੋਂ ਖੁਦਕੁਸ਼ੀ

**ਖਮਾਣੋਂ:** ਪਿੰਡ ਬਰਵਾਲੀ ਕਲਾਂ ਵਾਸੀ ਦਲਜੀਤ ਸਿੰਘ (28) ਨੇ ਆਪਣੀ ਪਤਨੀ ਤੇ ਬੱਚੇ ਦਾ ਕਤਲ ਕਰਨ ਮਗਰੋਂ ਖ਼ੁਦਕੁਸ਼ੀ ਕਰ ਲਈ। ਉਹ ਦਲਜੀਤ ਖੰਨਾ ਵਿਚ ਕਿਸੇ ਸੰਸਥਾ ਦੀ ਐਂਬੂਲੈਂਸ ਦਾ ਡਰਾਈਵਰ ਸੀ। ਉਹ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਉਸ ਨੇ ਖ਼ੁਦਕੁਸ਼ੀ ਨੋਟ ਵਿਚ ਲਿਖਿਆ ਕਿ ਉਹ ਸਮਾਜ ਵਿਚਲੇ ਅਤਿਆਚਾਰ ਤੇ ਭੁੱਖਮਰੀ ਤੋਂ ਦੁਖੀ ਸੀ ਤੇ ਪਰਿਵਾਰ ਨੂੰ ਦੁੱਖਾਂ ਵਿਚ ਛੱਡ ਕੇ ਨਹੀਂ ਜਾਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੀ ਪਤਨੀ ਤੇ ਬੱਚੇ ਦਾ ਕਤਲ ਕਰ ਕੇ ਖ਼ੁਦਕੁਸ਼ੀ ਕਰਨ ਦਾ ਫ਼ੈਸਲਾ ਲਿਆ। ਇਸ ਘਟਨਾ ਦਾ ਪਤਾ ਉਸ ਵੇਲੇ ਲੱਗਾ ਜਦੋਂ ਉਸ ਦਾ ਭਰਾ ਘਰ ਪੁੱਜਿਆ। ਦਰਵਾਜ਼ਾ ਅੰਦਰੋਂ ਬੰਦ ਸੀ। ਉਸ ਨੇ ਆਵਾਜ਼ਾਂ ਮਾਰੀਆਂ ਪਰ ਕੋਈ ਬਾਹਰ ਨਾ ਆਉਣ 'ਤੇ ਨੇੜਲੇ ਵਿਅਕਤੀਆਂ ਨੂੰ ਬੁਲਾ ਕੇ ਦਰਵਾਜ਼ਾ ਤੋੜਿਆ ਤਾਂ ਦੇਖਿਆ ਕਿ ਉਸ ਦੀ ਭਰਜਾਈ ਰਾਜਦੀਪ ਕੌਰ (25) ਤੇ ਭਤੀਜਾ ਹਰਮਹਿਤਾਬ ਸਿੰਘ (3) ਖ਼ੂਨ ਨਾਲ ਲੱਥਪਥ ਪਏ ਸਨ ਤੇ ਦੂਜੇ ਕਮਰੇ ਵਿਚ ਦਲਜੀਤ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ।


ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ੴ ਸਤਿਨਾਮ ਸ੍ਰੀ ਵਾਹਿਗੁਰੂ॥

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਮੂਹ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 14 ਸਤੰਬਰ 2014 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।



ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

12 ਸਤੰਬਰ 2014: ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
14 ਸਤੰਬਰ 2014: ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਟੁੱਟ ਵਰਤੇਗਾ।

Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

35-37


HD
IP
Security Solution
ULTRA High Resolution
Gas stations, Liquor Store,Hotel/Motels,Homes
or
Any Kind Of Business
-Cash Register Interface.
-Fully Trained Tech.Staff.
-16 Year Satisfied Custmer.
Licence Plate Reader
HD-SDI
HD-SDI
HD-SDI
HD-SDI
HD-SDI
2 Year Warranty
Vista
CCTV TECHNOLOGY
Call
Mr.Sukhpal
1-661-586-5080


California contractor Licensed
REGULAR
2.39 9/10
DIESEL
2.98 9/10
Electric
SIGN
company
Introduced
New Trend LED solution For Gas Stations,Hotel/Motels, Truck Stops and any kind of Business
LED Solutions
1. LED Price changer for Gas station.
2. Hotel Room rates sign.
3. Full color LED sign.
4. Full color window sign
Size Available 8" to 60"
We install any where in CALIFORNIA
We ship any where in USA
CASH
CREDIT
Unleaded 4.05 9/10 4.15 9/10
Unleaded Plus 4.25 9/10 4.35 9/10
SUPER Unleaded 4.35 9/10 4.45 9/10
Call SUKHPAL for More Information
661-586-1106
Email: esigncompany@gmail.com


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114
Truck Trailer Wash $55
*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ ਵਾਜਬ ਰੇਟ
Free Parking
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110
Stearing Tires American (set of two) $799.99

# ਅਕਾਲੀ-ਭਾਜਪਾ ਵਿਚਲੀਆਂ ਤਰੇੜਾਂ ਭਰਨ ਦੀ ਕਵਾਇਦ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਅੰਦਰੂਨੀ ਕਲੇਸ਼ ਸ਼ਾਂਤ ਕਰਨ ਲਈ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਦੋਵਾਂ ਪਾਰਟੀਆਂ ਦੇ ਪ੍ਰਧਾਨਾਂ ਨੇ ਮੀਟਿੰਗ ਕਰਕੇ ਸਾਰੇ ਫੈਸਲਿਆਂ ਦੀ ਸਾਂਝੀ ਜ਼ਿੰਮੇਵਾਰੀ ਲੈਣ ਦੀ ਸਮਝ ਬਣਾਉਣ ਦਾ ਯਤਨ ਕੀਤਾ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਛੇ ਮੈਂਬਰੀ ਤਾਲਮੇਲ ਕਮੇਟੀ ਵੱਲੋਂ ਸਰਕਾਰ ਦੇ ਕੁਝ ਫੈਸਲਿਆਂ ਉਪਰ ਨਜ਼ਰਸਾਨੀ ਕਰਨ ਬਾਰੇ ਸਹਿਮਤੀ ਦੇਣ ਨਾਲ ਦੋਵਾਂ ਧਿਰਾਂ ਵਿਚ ਪੈਦਾ ਹੋਇਆ ਕਲੇਸ਼ ਕੁਝ ਠੰਡਾ ਪੈਣ ਦੀ ਆਸ ਬੱਝੀ ਹੈ। ਇਸ ਤੋਂ ਇਲਾਵਾ ਦੋਵਾਂ ਭਾਈਵਾਲਾਂ ਦਰਮਿਆਨ ਪੈਦਾ ਹੋ ਰਹੇ ਸ਼ੰਕਿਆਂ ਨੂੰ ਦੂਰ ਕਰਨ ਤੇ ਵੋਟਰਾਂ ਵਿਚ ਵੱਖ-ਵੱਖ ਮੁੱਦਿਆਂ ਉਪਰ ਸਰਕਾਰ ਪ੍ਰਤੀ ਪੈਦਾ ਹੋ ਰਹੇ ਰੋਹ ਨੂੰ ਠੱਲ੍ਹਣ ਦੀਆਂ ਸੰਭਾਵਨਾਵਾਂ ਉਪਰ ਵੀ ਗੌਰ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਗੱਠਜੋੜ ਦੀ ਮਾੜੀ ਕਾਰਗੁਜਾਰੀ ਦਾ ਸਾਰਾ ਭਾਂਡਾ ਅਕਾਲੀਆਂ ਸਿਰ ਭੰਨਿਆਂ ਸੀ। ਇਸ ਤੋਂ ਇਲਾਵਾ ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਭਾਜਪਾ ਦੇ ਸੀਨੀਅਰ ਸੂਬਾਈ ਆਗੂਆਂ ਨੇ ਅਕਾਲੀਆਂ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਸ ਕਾਰਨ ਦੋਵਾਂ ਧਿਰਾਂ ਵਿਚ ਕਲੇਸ਼ ਕਾਫੀ ਵਧ ਗਿਆ ਸੀ। ਹੁਣ ਤਾਜ਼ਾ ਘਟਨਾ ਵਿਚ ਸੀਨੀਅਰ ਅਕਾਲੀ ਆਗੂ ਪੀ.ਐਸ. ਗਿੱਲ ਦਾ ਭਾਜਪਾ ਵਿਚ ਸ਼ਾਮਲ ਹੋਣ ਦਾ ਅਕਾਲੀ ਦਲ ਨੇ ਖੁੱਲ੍ਹ ਕੇ ਵਿਰੋਧ ਕੀਤਾ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਸੀ ਤੇ ਕਿਹਾ ਕਿ ਦੋਹਾਂ ਪਾਰਟੀਆਂ ਨੂੰ ਇਕ-ਦੂਜੀ ਪਾਰਟੀ ਦੇ ਆਗੂਆਂ ਹਥਿਆਉਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਗਠਜੋੜ ਧਰਮ ਦੀ ਉਲੰਘਣਾ ਹੋਵੇਗੀ।

ਇਸ ਸਭ ਨੂੰ ਦੇਖਦੇ ਹੋਏ ਦੋਵਾਂ ਧਿਰ ਦੇ ਆਗੂਆਂ ਨੇ ਕੁਝ ਨਰਮੀ ਦਿਖਾਉਂਦੇ ਹੋਏ ਆਪਸੀ ਸਾਂਝ ਨੂੰ ਲੀਹ 'ਤੇ ਲਿਆਉਣ ਦਾ ਯਤਨ ਕੀਤਾ ਹੈ। ਸੂਤਰਾਂ ਮੁਤਾਬਕ ਸੱਤਾਧਾਰੀ ਗੱਠਜੋੜ ਸੰਭਾਵੀ ਤੌਰ 'ਤੇ ਦਸੰਬਰ ਵਿਚ ਹੋਣ ਵਾਲੀਆਂ ਮਿਉਂਸਿਪਲ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਕੁਝ ਮਸਲਿਆਂ ਨੂੰ ਹੱਲ ਕਰਨ ਦੇ ਰੌਂਅ ਵਿਚ ਹੈ। ਇਨ੍ਹਾਂ ਮੁੱਦਿਆਂ ਉਪਰ ਸਬੰਧਤ ਵਿਭਾਗਾਂ ਤੋਂ ਤੁਰੰਤ ਰਾਇ ਲਈ ਜਾਵੇਗੀ ਤੇ ਮਗਰੋਂ ਆਮ ਲੋਕਾਂ ਦੇ ਵਿਚਾਰ ਲੈ ਕੇ ਪਹਿਲੇ ਫੈਸਲਿਆਂ ਦੀ ਨਜ਼ਰਸਾਨੀ ਕੀਤੀ ਜਾਵੇਗੀ।

ਮਿਲੀ ਜਾਣਕਾਰੀ ਮੁਤਾਬਕ ਭਾਜਪਾ ਦੇ ਤਿੰਨ ਮੈਂਬਰਾਂ ਨੇ ਤਾਲਮੇਲ ਕਮੇਟੀ ਦੀ ਮੀਟਿੰਗ ਵਿਚ ਜਿਥੇ ਪ੍ਰਾਪਰਟੀ ਟੈਕਸ ਲਾਗੂ ਕਰਨ ਵੇਲੇ ਪੈਦਾ ਹੋਈਆਂ ਤਰੁੱਟੀਆਂ ਦੂਰ ਕਰਨ ਦੀ ਗੱਲ ਕੀਤੀ, ਉਥੇ ਵਪਾਰੀ ਤਬਕੇ ਦੇ ਰੋਹ ਨੂੰ ਦੇਖਦਿਆਂ ਕਰ ਪ੍ਰਣਾਲੀ ਨੂੰ ਸਰਲ ਕਰਨ ਦੀ ਗੱਲ ਵੀ ਕੀਤੀ। ਭਾਜਪਾ ਨੇ ਪੰਜ ਮਰਲੇ ਤੋਂ ਛੋਟੇ ਮਕਾਨਾਂ ਤੇ ਖਾਲੀ ਪਲਾਟਾਂ ਤੋਂ ਪ੍ਰਾਪਰਟੀ ਟੈਕਸ ਖਤਮ ਕਰਨ ਦਾ ਸੁਝਾਅ ਦਿੱਤਾ ਹੈ।

ਉਧਰ ਅਕਾਲੀ ਦਲ ਦੇ ਮੈਂਬਰਾਂ ਨੇ ਰਾਜ ਦੀ ਵਿੱਤੀ ਸਥਿਤੀ ਅਨੁਸਾਰ ਇਹ ਮੁੱਦੇ ਹੱਲ ਕਰਨ ਦਾ ਹੁੰਗਾਰਾ ਭਰਿਆ। ਮੀਟਿੰਗ ਵਿਚ ਖਾਸ ਕਰਕੇ ਸ਼ਹਿਰੀ ਆਬਾਦੀ ਵਿਚ ਪਿਛਲੇ ਸਮੇਂ ਲਾਏ ਗਏ ਵੱਖ-ਵੱਖ ਟੈਕਸਾਂ ਕਾਰਨ ਪੈਦਾ ਹੋਈ ਬੇਚੈਨੀ ਨੂੰ ਦੂਰ ਕਰਨ ਉਪਰ ਵੀ ਚਰਚਾ ਹੋਈ। ਤਾਲਮੇਲ ਕਮੇਟੀ ਦੇ ਦੋਵਾਂ ਧਿਰਾਂ ਦੇ ਮੈਂਬਰਾਂ ਨੇ ਕੁਝ ਮੁੱਦਿਆਂ ਉਪਰ ਨਜ਼ਰਸਾਨੀ ਕਰਨ ਉਪਰ ਸਾਂਝੀ ਸਹਿਮਤੀ ਬਣਾਈ ਹੈ।

## ਸਾਬਕਾ ਡੀ.ਜੀ.ਪੀ. ਗਿੱਲ ਦਾ ਭਾਜਪਾ 'ਚ ਆਉਣਾ ਗੱਠਜੋੜ ਧਰਮ ਦੇ ਵਿਰੁਧ: ਸ਼ਾਂਤਾ

**ਜਲੰਧਰ:** ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਨੂੰ ਭਾਜਪਾ ਵਿਚ ਲਏ ਜਾਣ ਉਤੇ ਪਹਿਲਾਂ ਹੀ ਸਖ਼ਤ ਇਤਰਾਜ਼ ਪ੍ਰਗਟਾ ਚੁੱਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਟੈਂਡ ਦੀ ਵਕਾਲਤ ਕਰਦਿਆਂ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਾਂਤਾ ਕੁਮਾਰ ਨੇ ਕਿਹਾ ਕਿ ਅਜਿਹਾ ਕਰਨਾ ਗੱਠਜੋੜ ਧਰਮ ਦੇ ਵਿਰੁੱਧ ਹੈ। ਉਨ੍ਹਾਂ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੂੰ ਹਦਾਇਤ ਕੀਤੀ ਕਿ ਭਵਿੱਖ ਵਿਚ ਅਜਿਹਾ ਕੁਝ ਨਹੀਂ ਵਾਪਰਨਾ ਚਾਹੀਦਾ ਜੋ ਗੱਠਜੋੜ ਧਰਮ ਦੇ ਵਿਰੁੱਧ ਹੋਵੇ। ਜ਼ਿਕਰਯੋਗ ਹੈ ਕਿ ਸਾਬਕਾ ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ 25 ਅਗਸਤ ਨੂੰ ਜੰਮੂ ਵਿਚ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਇਕ ਰੈਲੀ ਦੌਰਾਨ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਸ੍ਰੀ ਗਿੱਲ ਦੇ ਭਾਜਪਾ ਵਿਚ ਸ਼ਾਮਲ ਹੋਣ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਸੀ ਤੇ ਇਸ ਨੂੰ ਗੱਠਜੋੜ ਧਰਮ ਦੇ ਵਿਰੁੱਧ ਦੱਸਿਆ ਸੀ। ਸ੍ਰੀ ਕੁਮਾਰ ਨੇ ਭਾਜਪਾ ਦੇ ਮੰਤਰੀਆਂ ਬਾਰੇ ਕੀਤੇ ਜਾਣ ਵਾਲੇ ਕਿਸੇ ਵੀ ਫੇਰਬਦਲ ਤੋਂ ਇਨਕਾਰ ਕਰਦਿਆਂ ਕਿਹਾ ਭਵਿੱਖ ਵਿਚ ਅਜਿਹੇ ਕਿਸੇ ਵੀ ਫੇਰਬਦਲ ਦੀ ਕੋਈ ਸੰਭਾਵਨਾ ਨਹੀਂ ਹੈ।

ਪੰਜਾਬ ਭਾਜਪਾ ਦੇ ਮੁਖੀ ਕਮਲ ਸ਼ਰਮਾ ਨੇ ਇਸ ਦੌਰਾਨ ਕਿਹਾ ਕਿ ਪੁਲਿਸ ਅਫ਼ਸਰ ਵਜੋਂ ਅਪਣੇ ਕਾਰਜਕਾਲ ਦੌਰਾਨ ਜ਼ਿਆਦਾਤਰ ਸਮਾਂ ਗਿੱਲ ਜੰਮੂ-ਕਸ਼ਮੀਰ ਵਿਚ ਰਹੇ ਸਨ ਤੇ ਉਹ ਜੰਮੂ ਤੇ ਕਸ਼ਮੀਰ ਦੇ ਲੋਕਾਂ ਬਾਰੇ ਜ਼ਿਆਦਾ ਜਾਣਦੇ ਹਨ।ਇਸ ਲਈ ਉਹ ਉਥੇ ਹੀ ਭਾਜਪਾ ਵਿਚ ਸ਼ਾਮਲ ਹੋਣਗੇ। ਗਿੱਲ 1974 ਬੈਚ ਦੇ ਜੰਮੂ-ਕਸ਼ਮੀਰ ਕੈਡਰ ਦੇ ਆਈ.ਪੀ.ਐਸ. ਅਫ਼ਸਰ ਹਨ ਤੇ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਵੀ ਹਨ।

# ਟੈਟਰਾ ਟਰੱਕ ਕੇਸ ਵਿਚ ਜਨਰਲ ਤੇਜਿੰਦਰ ਸਿੰਘ ਗ੍ਰਿਫਤਾਰ

**ਨਵੀਂ ਦਿੱਲੀ:** ਸੇਵਾਮੁਕਤ ਲੈਫਟੀਨੈਂਟ ਜਨਰਲ ਤੇਜਿੰਦਰ ਸਿੰਘ ਨੂੰ ਇਥੇ ਫੌਜ ਲਈ 1676 ਟੈਟਰਾ ਟਰੱਕ ਖਰੀਦਣ ਦੇ ਮਾਮਲੇ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਉਤੇ ਇਹ ਟਰੱਕ ਖਰੀਦ ਸੌਦਾ ਸਿਰੇ ਚਾੜ੍ਹਨ ਲਈ ਉਦੋਂ ਦੇ ਥਲ ਸੈਨਾ ਮੁਖੀ ਜਨਰਲ ਵੀ.ਕੇ. ਸਿੰਘ ਨੂੰ 14 ਕਰੋੜ ਰੁਪਏ ਰਿਸ਼ਵਤ ਦੀ ਪੇਸ਼ਕਸ਼ ਕਰਨ ਦਾ ਦੋਸ਼ ਹੈ। ਇਸ ਮਾਮਲੇ ਵਿਚ ਜ਼ਮਾਨਤ ਉੱਤੇ ਚੱਲ ਰਹੇ ਲੈਫਟੀਨੈਂਟ ਜਨਰਲ ਤੇਜਿੰਦਰ ਸਿੰਘ ਦੀ ਜ਼ਮਾਨਤ ਸੀ.ਬੀ.ਆਈ. ਦੀ ਵਿਸ਼ੇਸ਼ ਜੱਜ ਮਧੂ ਜੈਨ ਨੇ ਖ਼ਾਰਜ ਕਰ ਦਿੱਤੀ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ।

ਅਦਾਲਤ ਨੇ ਉਨ੍ਹਾਂ ਨੂੰ ਅਦਾਲਤੀ ਹਿਰਾਸਤ ਤਹਿਤ 20 ਅਕਤੂਬਰ ਤੱਕ ਜੇਲ੍ਹ ਭੇਜ ਦਿੱਤਾ। ਉਹ ਅਦਾਲਤ ਦੇ ਸੰਮਨਾਂ ਉੱਤੇ ਪੇਸ਼ੀ ਲਈ ਪੁੱਜੇ ਸਨ ਜਿਥੇ ਸੀ.ਬੀ.ਆਈ. ਨੇ ਉਨ੍ਹਾਂ ਨੂੰ ਚਾਰਜਸ਼ੀਟ ਦਾ ਉਤਾਰਾ ਤੇ ਹੋਰ ਦਸਤਾਵੇਜ਼ ਸੌਂਪੇ।

ਇਸ ਦੌਰਾਨ ਉਨ੍ਹਾਂ ਜ਼ਮਾਨਤ ਦੀ ਅਰਜ਼ੀ ਪੇਸ਼ ਕੀਤੀ ਜਿਸ ਦਾ ਸੀ.ਬੀ.ਆਈ. ਦੇ ਵਕੀਲ ਨੇ ਵਿਰੋਧ ਕੀਤਾ ਤੇ ਅਦਾਲਤ ਨੇ ਅਰਜ਼ੀ ਖ਼ਾਰਜ ਕਰ ਦਿੱਤੀ। ਅਦਾਲਤ ਨੇ ਚਾਰਜਸ਼ੀਟ ਉੱਤੇ 28 ਅਗਸਤ ਨੂੰ ਗੌਰ ਕੀਤੀ ਸੀ ਤੇ ਇਸ ਤੋਂ ਪਹਿਲਾਂ ਸਾਬਕਾ ਰੱਖਿਆ ਮੰਤਰੀ ਏ.ਕੇ. ਐਂਟਨੀ, ਜਨਰਲ ਵੀ.ਕੇ. ਸਿੰਘ ਤੇ ਹੋਰ ਗਵਾਹਾਂ ਦੇ ਬਿਆਨਾਂ ਦੀ ਘੋਖ ਕੀਤੀ ਸੀ। ਇਹ ਬਿਆਨ ਸੀ.ਬੀ.ਆਈ. ਨੇ ਦਰਜ ਕੀਤੇ ਸਨ।

ਸੀ.ਬੀ.ਆਈ. ਨੇ ਆਪਣੀ ਫ਼ਰਦ ਜੁਰਮ ਵਿਚ ਦੋਸ਼ ਲਾਇਆ ਹੈ ਕਿ 1676 ਟੈਟਰਾ ਟਰੱਕਾਂ ਦੀ ਖਰੀਦ ਨਾਲ ਸਬੰਧਤ ਫਾਈਲ ਅਗਸਤ-ਸਤੰਬਰ 2010 ਵਿਚ ਜਨਰਲ ਵੀ.ਕੇ. ਸਿੰਘ ਦੇ ਦਫਤਰ ਵਿਚ ਲਟਕ ਰਹੀ ਸੀ।


# ਬਾਦਲ ਹੋਣਗੇ ਇਨੈਲੋ ਦੇ ਸਟਾਰ ਪ੍ਰਚਾਰਕ

**ਜਲੰਧਰ:** ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਨੈਲੋ ਲਈ ਸਟਾਰ ਪ੍ਰਚਾਰਕ ਹੋਣਗੇ। ਇਨੈਲੋ ਦੇ ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਸ. ਬਾਦਲ ਹਮੇਸ਼ਾਂ ਹੀ ਉਨ੍ਹਾਂ ਦੀ ਪਾਰਟੀ ਲਈ ਚੋਣ ਪ੍ਰਚਾਰ ਕਰਦੇ ਆ ਰਹੇ ਹਨ ਤੇ ਇਸ ਵਾਰ ਉਹ ਸਮੁੱਚੇ ਹਰਿਆਣਾ ਵਿਚ ਪਾਰਟੀ ਉਮੀਦਵਾਰਾਂ ਦੇ ਹੱਕ ਚੋਣ ਪ੍ਰਚਾਰ ਕਰਨਗੇ।

ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਨੈਲੋ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤੇ ਜਾਣ ਤੋਂ ਭਾਜਪਾ ਦੇ ਆਗੂਆਂ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਸੀ ਕਿ ਪੰਜਾਬ ਵਿਚ ਭਾਜਪਾ ਦੇ ਸਿਆਸੀ ਭਾਈਵਾਲ ਸ. ਬਾਦਲ ਵੱਲੋਂ ਹਰਿਆਣਾ ਵਿਚ ਭਾਜਪਾ ਉਮੀਦਵਾਰਾਂ ਵਿਰੁੱਧ ਪ੍ਰਚਾਰ ਕੀਤਾ ਗਿਆ ਹੈ।

ਇਨੈਲੋ ਦੇ ਐਮ.ਪੀ. ਦੁਸ਼ਯੰਤ ਚੌਟਾਲਾ ਨੇ ਦਾਅਵਾ ਕੀਤਾ ਕਿ ਭਾਜਪਾ ਦੀ ਹਾਈਕਮਾਂਡ ਨੂੰ

### ਭਾਜਪਾ ਆਗੂਆਂ ਵੱਲੋਂ ਇਤਰਾਜ਼ ਜ਼ਾਹਿਰ



ਸ. ਬਾਦਲ ਦੇ ਇਨੈਲੋ ਦੇ ਉਮੀਦਵਾਰਾਂ ਬਾਰੇ ਪ੍ਰਚਾਰ ਕਰਨ 'ਤੇ ਕੋਈ ਇਤਰਾਜ਼ ਨਹੀਂ ਹੈ।

ਉਨ੍ਹਾਂ ਭਾਜਪਾ ਨੂੰ ਚੁਣੌਤੀ ਦਿੱਤੀ ਕਿ ਉਹ ਚੋਣਾਂ ਦੌਰਾਨ ਆਪਣੀ ਪਾਰਟੀ ਦਾ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦਾ ਐਲਾਨ ਕਰੇ। ਉਨ੍ਹਾਂ ਕਿਹਾ ਕਿ ਇਸ ਬਾਰੇ ਕੋਈ ਦੋ ਰਾਇ ਨਹੀਂ ਹੈ ਕਿ ਇਨੈਲੋ ਦੇ ਸੱਤਾ ਵਿਚ ਆਉਣ ਦੌਰਾਨ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਹੀ ਹੋਣਗੇ।

ਉਧਰ ਸ. ਬਾਦਲ ਨੇ ਆਖਿਆ ਕਿ ਗੁਆਂਢੀ ਸੂਬੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦਾ ਮੁੱਖ ਮਕਸਦ ਹੈ, ਸਿੱਖ ਕੌਮ ਦੀ ਦੁਸ਼ਮਣ ਕਾਂਗਰਸ ਨੂੰ ਹਰਾਉਣਾ ਹੈ।

ਹਰਿਆਣਾ ਵਿਚ ਇਨੈਲੋ ਨਾਲ ਖੜ੍ਹਨ ਬਾਰੇ ਭਾਜਪਾ ਹਾਈ ਕਮਾਂਡ ਨੂੰ ਪਹਿਲਾਂ ਦੀ ਸੂਚਿਤ ਕੀਤਾ ਜਾ ਚੁੱਕਿਆ ਹੈ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਗੱਠਜੋੜ 'ਤੇ ਕੋਈ ਅਸਰ ਨਹੀਂ ਹੋਵੇਗਾ। ਉਹ ਆਪਣੇ ਯਾਰ ਮਰਹੂਮ ਦੇਵੀ ਲਾਲ ਚੌਟਾਲਾ ਦੇ ਪਰਿਵਾਰ ਨਾਲ ਆਪਣੀ ਮਿੱਤਰਤਾ ਨਿਭਾਉਣਗੇ।

# ਪੰਜਾਬ ਵਿਚ ਆਪਸੀ ਫੁੱਟ ਨੇ ਪਤਨ ਦੇ ਰਾਹ ਤੋਰੀ 'ਆਪ'

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਹਾਲ ਹੀ ਵਿਚ ਪਟਿਆਲਾ ਤੇ ਤਲਬੰਡੀ ਸਾਬੋ ਵਿਖੇ ਹੋਈਆਂ ਜ਼ਿਮਨੀ ਚੋਣਾਂ ਵਿਚ ਆਮ ਆਦਮੀ ਪਾਰਟੀ 'ਆਪ' ਨੂੰ ਮਿਲੀ ਹਾਰ ਨੇ ਸੂਬੇ ਵਿਚ ਪਾਰਟੀ ਦਾ ਭਵਿੱਖ ਖ਼ਤਰੇ ਵਿਚ ਪਾ ਦਿੱਤਾ ਹੈ। ਲੋਕ ਸਭਾ ਚੋਣਾਂ ਵਿਚ ਦੋਵਾਂ ਪ੍ਰਮੁੱਖ ਸਿਆਸੀ ਧਿਰਾਂ ਅਕਾਲੀ-ਭਾਜਪਾ ਤੇ ਕਾਂਗਰਸ ਨੂੰ ਟੱਕਰ ਦੇ ਕੇ ਚਾਰ ਸੀਟਾਂ ਹਾਸਲ ਕਰਨ ਵਾਲੀ 'ਆਪ' ਦੇ ਉਮੀਦਵਾਰ ਦੋਹਾਂ ਹਲਕਿਆਂ ਤੋਂ ਆਪਣੀਆਂ ਜਮਾਨਤਾਂ ਵੀ ਨਹੀਂ ਬਚਾ ਸਕੇ। ਇਸ ਸ਼ਰਮਨਾਕ ਹਾਰ ਤੋਂ ਸਬਕ ਲੈਣ ਦੀ ਥਾਂ ਆਪ ਦੀ ਸੂਬਾਈ ਲੀਡਰਸ਼ਿੱਪ ਵਿਚ ਆਪਸੀ ਕਲੇਸ਼ ਵਿਚ ਉਲਝ ਗਈ ਹੈ।

'ਆਪ' ਦੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਖ਼ੁਦ ਮੰਨਿਆ ਹੈ ਕਿ ਆਪਸੀ ਫੁੱਟ ਨੇ ਸੂਬੇ ਵਿਚ ਪਾਰਟੀ ਦਾ ਸਭਾ ਤੋਂ ਵੱਧ ਨੁਕਸਾਨ ਕੀਤਾ ਹੈ। ਡਾ. ਗਾਂਧੀ ਨੇ ਇਸ ਮੌਕੇ ਦਾਅਵਾ ਕੀਤਾ ਕਿ ਪਟਿਆਲਾ ਵਿਚ ਸਿਰਫ 59 ਪ੍ਰਤੀਸ਼ਤ ਵੋਟ ਪਈ ਤੇ 41 ਪ੍ਰਤੀਸ਼ਤ ਵੋਟ




ਉਕਤ ਦੋਵਾਂ ਪਾਰਟੀਆਂ ਦੀ ਦਹਿਸ਼ਤ ਕਾਰਨ ਨਹੀਂ ਪਈ ਜੋ 'ਆਪ' ਪਾਰਟੀ ਨੂੰ ਨੁਕਸਾਨ ਹੋਇਆ। ਇਥੇ ਬੂਥਾਂ 'ਤੇ ਕਬਜ਼ੇ ਵੀ ਕੀਤੇ ਗਏ।

ਉਨ੍ਹਾਂ ਤਲਵੰਡੀ ਸਾਬੋ ਜ਼ਿਮਨੀ ਚੋਣ ਦੀ ਗੱਲ ਕਰਦਿਆਂ ਆਖਿਆ ਕਿ ਇੱਥੋਂ ਪਹਿਲਾਂ ਆਪ ਨੇ ਗਾਇਕ ਬਲਕਾਰ ਸਿੰਘ ਸਿੱਧੂ ਨੂੰ ਟਿਕਟ ਦਿੱਤੀ ਸੀ ਤੇ ਬਾਅਦ ਵਿਚ ਉਮੀਦਵਾਰ ਬਦਲਣ 'ਤੇ 'ਆਪ' ਪਾਰਟੀ ਆਪਸੀ ਫੁੱਟ ਦਾ ਸ਼ਿਕਾਰ ਹੋਈ, ਜਿਸ ਦਾ ਸਿੱਧਾ ਫਾਇਦਾ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਹੋਇਆ। ਉਧਰ ਵੱਡੀ ਗਿਣਤੀ ਪਾਰਟੀ ਵਰਕਰ ਇਸ ਹਾਰ ਦੀ ਜ਼ਿੰਮੇਵਾਰੀ ਡਾ. ਧਰਮਵੀਰ ਗਾਂਧੀ 'ਤੇ ਪਾਉਂਦੇ ਹੋਏ ਉਨ੍ਹਾਂ ਦੇ ਅਸਤੀਫੇ ਦੀ ਮੰਗ ਕਰ ਰਹੇ ਹਨ। ਇਨ੍ਹਾਂ ਵਰਕਰਾਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਵਰਕਰਾਂ ਦੀ ਸਲਾਹ ਤੋਂ ਬਿਨਾਂ ਹੀ ਉਮੀਦਵਾਰ ਚੁਣਿਆ ਸੀ। ਹਾਲਾਂਕਿ ਪੰਜਾਬ ਮਾਮਲਿਆਂ ਦੇ ਇੰਚਾਰਜ ਪੱਤਰਕਾਰ ਜਰਨੈਲ ਸਿੰਘ ਨੇ ਕਿਹਾ ਹੈ ਕਿ ਜੋ ਲੋਕ ਡਾ. ਧਰਮਵੀਰ ਗਾਂਧੀ ਨੂੰ ਅਸਤੀਫ਼ਾ ਦੇਣ ਤੇ ਉਨ੍ਹਾਂ ਦਾ ਘਿਰਾਉ ਕਰ ਰਹੇ ਹਨ, ਉਹ ਪਾਰਟੀ ਵਿਚੋਂ ਕੱਢੇ ਹੋਏ ਹਨ। ਦੂਜੇ ਪਾਸੇ ਡਾ. ਗਾਂਧੀ ਦੀ ਵਿਰੋਧਤਾ ਕਰ ਰਹੇ ਆਗੂਆਂ ਨੇ ਕਿਹਾ ਹੈ ਕਿ ਜਰਨੈਲ ਸਿੰਘ ਨੂੰ ਸਾਨੂੰ ਪਾਰਟੀ ਵਿਚੋਂ ਕੱਢਣ ਦਾ ਕੋਈ ਅਧਿਕਾਰ ਨਹੀਂ ਹੈ।

ਇਨ੍ਹਾਂ ਆਗੂਆਂ ਨੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਿਸ਼ੇਸ਼ ਤੌਰ 'ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਵਿਰੁੱਧ ਇਕ ਤਰ੍ਹਾਂ ਨਾਲ ਬਗਾਵਤ ਦਾ ਝੰਡਾ ਬੁਲੰਦ ਕਰਨ ਦਾ ਪ੍ਰੋਗਰਾਮ ਬਣਾ ਲਿਆ ਹੈ। ਪਾਰਟੀ ਨਾਲ ਸਬੰਧਤ ਕਈ ਜ਼ਿਲ੍ਹਿਆਂ ਦੇ ਵਰਕਰਾਂ ਨੇ ਵਿਚਾਰ ਪ੍ਰਗਟ ਕੀਤਾ ਹੈ ਕਿ ਉਕਤ ਦੋ ਜ਼ਿਮਨੀ ਚੋਣਾਂ ਵਿਚ ਪਾਰਟੀ ਦੇ ਦੋਹਾਂ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਣ ਦੀ ਗੱਲ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ।

ਕਈ ਵਰਕਰ ਮਹਿਸੂਸ ਕਰਦੇ ਹਨ ਕਿ ਇਸ ਸਾਲ ਮਈ ਮਹੀਨੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿਚ ਦੇਸ਼ ਭਰ ਵਿਚੋਂ ਪੰਜਾਬ ਹੀ ਇਕੋ ਇਕ ਸੂਬਾ ਸੀ ਜਿਥੇ ਚਾਰ ਸੀਟਾਂ ਜਿੱਤ ਕੇ 'ਆਪ' ਦਾ ਝੰਡਾ ਪਹਿਲੀ ਵਾਰ ਝੁਲਾਇਆ ਗਿਆ ਸੀ। ਇਨ੍ਹਾਂ ਦਾ ਗਿਲਾ ਇਹ ਹੈ ਕਿ ਜਿਥੇ ਦੇਸ਼ ਭਰ ਵਿਚ 'ਆਪ' ਨੂੰ ਬੁਰੀ ਤਰ੍ਹਾਂ ਜਨਤਾ ਨੇ ਰੱਦ ਕਰ ਦਿੱਤਾ ਸੀ ਉਥੇ ਪੰਜਾਬ ਵਿਚ ਚਾਰ ਸੀਟਾਂ ਜਿੱਤਾ ਕੇ ਦੇਸ਼ ਦੀ ਰਾਜਨੀਤੀ ਵਿਚ ਨਵੇਂ ਇਤਿਹਾਸ ਦੀ ਸਿਰਜਨਾ ਕੀਤੀ, ਪਰ ਉਪ ਚੋਣਾਂ ਦੇ ਨਤੀਜਿਆਂ ਨੇ ਸਭ ਕੁਝ ਮਿੱਟੀ ਵਿਚ ਮਿਲਾ ਦਿੱਤਾ।

## ਪੈਸੇ ਦੇ ਜ਼ੋਰ ਜਿੱਤੀਆਂ ਦੋਵੇਂ ਪਾਰਟੀਆਂ: ਗਾਂਧੀ

ਪਟਿਆਲਾ ਤੋਂ 'ਆਪ' ਦੇ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ ਦਾ ਦੋਸ਼ ਹੈ ਕਿ ਅਕਾਲੀ ਦਲ ਤੇ ਕਾਂਗਰਸ ਪਾਰਟੀ ਵਿਚਕਾਰ ਇਹ ਗੁਪਤ ਸਮਝੌਤਾ ਹੋਇਆ ਸੀ ਕਿ ਪਟਿਆਲਾ ਸੀਟ ਕਾਂਗਰਸ ਅਤੇ ਤਲਵੰਡੀ ਸਾਬੋ ਦੀ ਸੀਟ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾਈ ਜਾਵੇ। ਇਹ ਦੋਵੇਂ ਸੀਟਾਂ ਇਨ੍ਹਾਂ ਦੋਹਾਂ ਪਾਰਟੀਆਂ ਲਈ ਵੱਕਾਰ ਦਾ ਸਵਾਲ ਵੀ ਸਨ।

ਲੋਕ ਸਭਾ ਚੋਣਾਂ ਵਿਚ ਪਟਿਆਲਾ ਤੋਂ ਆਪਣੀ ਜਿੱਤ ਦਾ ਕਾਰਨ ਦੱਸਦਿਆਂ ਉਨ੍ਹਾਂ ਕਿਹਾ ਕਿ ਪਟਿਆਲਾ ਲੋਕ ਸਭਾ ਹਲਕਾ ਕਾਫੀ ਲੰਮਾ-ਚੌੜਾ ਸੀ, ਜਿਥੇ ਦੋਵਾਂ ਪਾਰਟੀਆ ਵੱਲੋਂ ਵੋਟਰਾਂ ਨੂੰ ਪੈਸੇ, ਸ਼ਰਾਬ ਤੇ ਹੋਰ ਨਸ਼ੇ ਵੰਡਣਾ ਵੱਸ ਦੀ ਗੱਲ ਨਹੀਂ ਸੀ, ਇਸ ਲਈ ਸਚਾਈ ਦੀ ਜਿੱਤ ਹੋਈ। ਉਨ੍ਹਾਂ ਦਾਅਵਾ ਕੀਤਾ ਕਿ 2017 ਵਿਚ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨੀ ਯਕੀਨੀ ਹੈ। 'ਆਪ' ਪਿੰਡਾਂ, ਸ਼ਹਿਰਾਂ ਤੇ ਪੰਜਾਬ ਪੱਧਰ 'ਤੇ ਮਸਲੇ ਜਿਵੇਂ ਇੰਡਸਟਰੀ ਤੇ ਡਰੱਗਸ ਬਾਰੇ ਵ੍ਹਾਈਟ ਪੇਪਰ ਜਾਰੀ ਕਰੇਗੀ।

# ਸੁੱਚਾ ਸਿੰਘ ਛੋਟੇਪੁਰ ਬਣੇ 'ਆਪ' ਦੇ ਸੂਬਾਈ ਕਨਵੀਨਰ

**ਚੰਡੀਗੜ੍ਹ:** ਸੁੱਚਾ ਸਿੰਘ ਛੋਟੇਪੁਰ ਨੂੰ ਆਮ ਆਦਮੀ ਪਾਰਟੀ ਦਾ ਸੂਬਾਈ ਕਨਵੀਨਰ ਤੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਪਾਰਟੀ ਦੀ ਪ੍ਰਚਾਰ ਕਮੇਟੀ ਦਾ ਮੁਖੀ ਬਣਾਇਆ ਗਿਆ ਹੈ। ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਕੇਂਦਰੀ ਕਮੇਟੀ ਦੀ ਦਿੱਲੀ ਵਿਚ ਹੋਈ ਮੀਟਿੰਗ ਵਿਚ ਇਹ ਫ਼ੈਸਲਾ ਲਿਆ ਗਿਆ।

ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਨਵੀਆਂ ਨਿਯੁਕਤੀਆਂ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸੂਬੇ ਵਿਚ ਪਾਰਟੀ ਦਾ ਜਥੇਬੰਦਕ ਢਾਂਚਾ ਜਲਦੀ ਉਸਾਰਨ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਦੌਰਾਨ ਲੋਕ ਮਸਲਿਆਂ ਨੂੰ ਲੈ ਕੇ ਲੋਕ ਲਹਿਰ ਖੜ੍ਹੀ ਕਰਨ ਤੇ ਰਾਜ ਪੱਧਰੀ ਰੈਲੀ ਕਰਨ ਦਾ ਵੀ ਫ਼ੈਸਲਾ ਕੀਤਾ



ਗਿਆ। ਇਸ ਮੌਕੇ ਜ਼ਿਮਨੀ ਚੋਣਾਂ ਵਿਚ ਆਮ ਆਦਮੀ ਪਾਰਟੀ ਨੂੰ ਮਿਲੀ ਹਾਰ ਬਾਰੇ ਵੀ ਚਰਚਾ ਹੋਈ। ਨਵੇਂ ਬਣੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿਚ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਨਿਭਾਏਗੀ।

ਯਾਦ ਰਹੇ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਹੁਣੇ ਹੋਈਆਂ ਉਪ-ਚੋਣਾਂ ਨੂੰ 'ਆਪ' ਲਈ ਪਰਖ ਦੀ ਘੜੀ ਮੰਨਿਆ ਜਾ ਰਿਹਾ ਸੀ ਪਰ ਪਟਿਆਲਾ ਅਤੇ ਤਲਵੰਡੀ ਵਿਧਾਨ ਸਭਾ ਹਲਕੇ ਵਿਚ ਪਾਰਟੀ ਦੀ ਕਾਰਗੁਜ਼ਾਰੀ ਬੇਹੱਦ ਮਾੜੀ ਰਹੀ। ਦੋਹਾਂ ਹੀ ਹਲਕਿਆਂ ਵਿਚ ਪਾਰਟੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਤੱਕ ਜ਼ਬਤ ਹੋ ਗਈਆਂ। ਪਾਰਟੀ ਵਿਚ ਆਪਸੀ ਕਲੇਸ਼ ਕਾਰਨ ਵੀ ਗੱਡੀ ਲੀਹੋਂ ਲਹਿ ਗਈ ਹੈ। ਹੁਣ ਪਾਰਟੀ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਪਾਰਟੀ ਢਾਂਚੇ ਵੱਲ ਉਚੇਚਾ ਧਿਆਨ ਦੇਣ ਦਾ ਫੈਸਲਾ ਕੀਤਾ ਗਿਆ ਹੈ।

# ਕਾਂਗਰਸ ਰੇਤ-ਬਜਰੀ ਦੇ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਘੇਰਨ ਲਈ ਕਾਹਲੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਸੂਬਾ ਸਰਕਾਰ ਨੂੰ ਰੇਤਾ-ਬਜਰੀ ਦੇ ਮੁੱਦੇ 'ਤੇ ਵਿਧਾਨ ਸਭਾ ਦਾ ਇਕ ਰੋਜ਼ਾ ਵਿਸ਼ੇਸ਼ ਸੈਸ਼ਨ ਸੱਦਣ ਦੀ ਚੁਣੌਤੀ ਦਿੱਤੀ ਹੈ। ਕਾਂਗਰਸ ਨੇ ਇਸ ਦਾ ਸਿੱਧਾ ਪ੍ਰਸਾਰਨ ਕਰਵਾਉਣ ਲਈ ਵੀ ਆਖਿਆ ਹੈ। ਵਿਰੋਧੀ ਧਿਰ ਨੇ ਦੋਸ਼ ਲਾਇਆ ਕਿ ਬਾਦਲ ਸਰਕਾਰ ਰੇਤ-ਬਜਰੀ ਮਾਫ਼ੀਆ ਦੀ ਕਠਪੁਤਲੀ ਹੈ, ਜਿਸ ਕਾਰਨ ਲੋਕਾਂ ਦੀ ਲੁੱਟ ਹੋ ਰਹੀ ਹੈ। ਦੱਸਣਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿਚ ਰੇਤ-ਬਜਰੀ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਹੈ, ਜਿਸ ਦੇ ਸਿੱਟੇ ਵਜੋਂ ਸੂਬੇ ਦੇ ਵਿਕਾਸ ਕਾਰਜ ਠੱਪ ਹੋ ਗਏ ਹਨ।

ਆਮ ਆਦਮੀ ਮਕਾਨ ਬਣਾਉਣ ਤੋਂ ਅਸਮਰੱਥ ਹੋ ਗਿਆ ਹੈ ਤੇ ਉਸਾਰੀ ਦੇ ਕੰਮ ਰੁਕਣ ਨਾਲ ਹਜ਼ਾਰਾਂ ਲੋਕ ਬੇਰੁਜ਼ਗਾਰ ਹੋ ਗਏ ਹਨ। ਪੰਜਾਬ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਦੌਰਾਨ ਵੀ ਰੇਤ-ਬਜਰੀ ਦਾ ਮੁੱਦਾ ਵੋਟਰਾਂ ਵਿਚ ਭਖਿਆ ਰਿਹਾ ਸੀ। ਇਸ ਦੌਰਾਨ ਹਾਕਮ ਧਿਰ ਨੇ ਖੁਦ ਮੰਨਿਆ ਸੀ ਕਿ ਚੋਣਾਂ ਦੌਰਾਨ ਇਸ ਮੁੱਦੇ 'ਤੇ ਵੀ ਉਨ੍ਹਾਂ ਦੀਆਂ ਵੋਟਾਂ ਨੂੰ ਖੋਰਾ ਲੱਗਿਆ ਹੈ। ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਕੁਮਾਰ ਜਾਖੜ ਨੇ ਇਸ ਮੁੱਦੇ 'ਤੇ ਪੰਜਾਬ ਸਰਕਾਰ ਨੂੰ ਪੂਰੀ ਤਰ੍ਹਾਂ ਘੇਰਨ ਦੀ ਤਿਆਰੀ ਕਰ ਲਈ ਹੈ। ਸ੍ਰੀ ਜਾਖੜ ਨੇ ਪੰਜਾਬ ਸਰਕਾਰ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਆਖਿਆ ਕਿ ਇਸ ਮੁੱਦੇ ਉਪਰ ਵਿਧਾਨ ਸਭਾ ਦਾ ਇਕ ਰੋਜ਼ਾ ਵਿਸ਼ੇਸ਼ ਸੈਸ਼ਨ ਸੱਦ ਕੇ ਉਸ ਦਾ ਸਿੱਧਾ ਪ੍ਰਸਾਰਨ ਕਰਵਾਇਆ ਜਾਵੇ, ਤਾਂ ਜੋ ਜਨਤਾ ਨੂੰ ਸਚਾਈ ਦਾ ਪਤਾ ਲੱਗ ਸਕੇ। ਸ੍ਰੀ ਜਾਖੜ ਨੇ ਆਖਿਆ ਉਹ ਵਿਧਾਨ ਸਭਾ ਤੋਂ ਇਲਾਵਾ ਹੋਰ ਕਿਸੇ ਵੀ ਮੰਚ 'ਤੇ ਸਰਕਾਰ ਨਾਲ ਇਸ ਮੁੱਦੇ 'ਤੇ ਬਹਿਸ ਕਰਨ ਲਈ ਤਿਆਰ ਹਨ।

ਸ੍ਰੀ ਜਾਖੜ ਅਨੁਸਾਰ ਕੇਂਦਰ ਸਰਕਾਰ ਨੇ ਕਈ ਸਾਲ ਪਹਿਲਾਂ ਪੰਜਾਬ ਸਰਕਾਰ ਨੂੰ ਪੰਜ ਹੈਕਟੇਅਰ ਤੱਕ ਦੀਆਂ ਖੱਡਾਂ ਨੂੰ ਕਲੀਅਰੈਂਸ ਦੇਣ ਲਈ ਪੰਜਾਬ ਪੱਧਰ ਦੀ ਕਮੇਟੀ ਨੂੰ ਅਧਿਕਾਰ ਦੇ ਦਿੱਤੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ 23 ਮਾਰਚ 2013 ਨੂੰ ਨੋਟੀਫਾਈ ਕੀਤੀ ਮਾਈਨਿੰਗ ਪਾਲਿਸੀ ਦਾ ਹਲਫਨਾਮਾ ਹਾਈਕੋਰਟ ਵਿਚ ਪੇਸ਼ ਨਾ ਕਰਨ ਕਾਰਨ ਅਦਾਲਤ ਨੇ ਮਾਈਨਿੰਗ ਉਪਰ ਪਾਬੰਦੀ ਲਾਈ ਸੀ।

ਇਸ ਤੋਂ ਇਲਾਵਾ ਕੇਂਦਰ ਦੀ ਕਾਂਗਰਸ ਸਰਕਾਰ ਨੇ 24 ਦਸੰਬਰ 2013 ਨੂੰ ਪੰਜਾਬ ਅਤੇ ਹੋਰ ਰਾਜਾਂ ਵਿਚ ਰੇਤ-ਬਜਰੀ ਦੀ ਕਮੀ ਨੂੰ ਮੁੱਖ ਰੱਖਦਿਆਂ 25 ਹੈਕਟੇਅਰ ਤੱਕ ਦੀਆਂ ਖੱਡਾਂ ਨੂੰ ਕਲੀਅਰ ਕਰਨ ਲਈ ਸਟੇਟ ਪੱਧਰੀ ਅਥਾਰਟੀ ਨੂੰ ਅਧਿਕਾਰ ਦਿੱਤੇ ਸਨ। ਜੇਕਰ ਸਰਕਾਰ ਇਸ ਮੁੱਦੇ ਉਪਰ ਜਨਤਾ ਨੂੰ ਰਾਹਤ ਦੇਣ ਪ੍ਰਤੀ ਸੁਹਿਰਦ ਹੁੰਦੀ ਤਾਂ ਇਸ ਕਮੇਟੀ ਰਾਹੀਂ ਇਕ ਮਹੀਨੇ ਵਿਚ ਹੀ ਵੱਡੀਆਂ ਖੱਡਾਂ ਨੂੰ ਕਲੀਅਰ ਕਰਵਾਇਆ ਜਾ ਸਕਦਾ ਸੀ।

# ਪੰਥਕ ਆਗੂ ਭਾਈ ਜੀਤ ਸਿੰਘ ਬੈਣੀਵਾਲ ਸੁਰਗਵਾਸ

**ਸੈਨ ਹੋਜ਼ੇ (ਬਿਊਰੋ):** ਸਿੱਖ ਪੰਥ ਵਿਚ ਜਾਣੀ-ਪਛਾਣੀ ਸ਼ਖਸੀਅਤ ਭਾਈ ਜੀਤ ਸਿੰਘ ਬੈਣੀਵਾਲ ਲੰਘੇ ਸ਼ੁੱਕਰਵਾਰ, 29 ਅਗਸਤ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਹ ਕਰੀਬ 78 ਸਾਲਾਂ ਦੇ ਸਨ ਅਤੇ ਲੰਮਾ ਸਮਾਂ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਧਾਨ ਰਹੇ।

ਭਾਈ ਜੀਤ ਸਿੰਘ ਦਾ ਜਨਮ ਪਿੰਡ 15 ਐਫ ਐਫ ਰਾਜਸਥਾਨ ਵਿਚ ਹੋਇਆ ਸੀ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ ਐਸ ਸੀ ਕਰਕੇ ਉਨ੍ਹਾਂ ਟੀਚਰ ਦੀ ਨੌਕਰੀ ਕੀਤੀ। ਸਾਲ 1977 ਵਿਚ ਉਹ ਪਰਿਵਾਰ ਸਮੇਤ ਅਮਰੀਕਾ ਆ ਗਏ। ਇਥੇ ਉਨ੍ਹਾਂ ਪੰਥਕ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਗੁਰੂ ਘਰਾਂ ਵਿਚ ਸੇਵਾਵਾਂ ਨਿਭਾਉਣੀਆਂ ਸ਼ੁਰੂ ਕੀਤੀਆਂ। 1985 ਵਿਚ ਉਨ੍ਹਾਂ ਆਪਣੇ ਘਰ ਵਿਚੋਂ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਕੀਤੀ। ਫਿਰ ਕਿਰਾਏ 'ਤੇ ਹਾਲ ਲੈ ਕੇ ਅਤੇ ਫਿਰ ਵਾਈਟ ਰੋਡ ਅਤੇ ਕਿਊਬੀ ਰੋਡ 'ਤੇ ਗੁਰਦੁਆਰਾ ਸਾਹਿਬ ਸਥਾਪਤ ਕੀਤਾ। ਉਨ੍ਹਾਂ ਦੀ ਇੱਛਾ ਸੀ ਕਿ ਸੈਨ ਹੋਜ਼ੇ ਵਿਚ ਇੱਕ ਸ਼ਾਨਦਾਰ ਗੁਰਦੁਆਰਾ ਹੋਣਾ ਚਾਹੀਦਾ ਹੈ ਜੋ ਸਿੱਖੀ ਪ੍ਰਚਾਰ ਦਾ ਵੱਡਾ ਕੇਂਦਰ ਹੋਵੇ। ਇਹ ਇੱਛਾ ਉਨ੍ਹਾਂ ਦੀ ਜਿਉਂਦੇ ਜੀਅ ਪੂਰੀ ਹੋਈ। ਜ਼ਿਕਰਯੋਗ ਹੈ ਕਿ 40 ਏਕੜ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਸ਼ਾਨਦਾਰ ਇਮਾਰਤ ਸਥਾਪਤ ਹੋਈ ਹੈ ਜਿਸ ਲਈ ਭਾਈ ਜੀਤ ਸਿੰਘ ਬੈਣੀਵਾਲ ਨੇ ਉਚੇਚੇ ਕਾਰਜ ਕੀਤੇ ਹਨ। ਉਨ੍ਹਾਂ ਦੀ ਇੱਕ ਖਾਸੀਅਤ ਸੀ ਕਿ ਉਹ ਇੱਕੋ ਚੌਕੜੇ ਵਿਚ ਮੱਧ ਤੱਕ ਸਹਿਜ ਪਾਠ ਜਾਂ ਅਖੰਡ ਪਾਠ ਸਾਹਿਬ ਦੀ ਸੇਵਾ ਕਰ ਲੈਂਦੇ ਸਨ।

1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਤੋਂ ਬਾਅਦ ਉਨ੍ਹਾਂ ਮੁਕੰਮਲ ਤੌਰ 'ਤੇ ਪੰਥਕ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਉਹ ਬੱਬਰ ਖਾਲਸਾ ਇੰਟਰਨੈਸ਼ਨਲ ਅਮਰੀਕਾ ਦੇ ਜਥੇਦਾਰ ਬਣੇ।



ਭਾਈ ਜੀਤ ਸਿੰਘ ਬੈਣੀਵਾਲ ਦਾ ਅੰਤਮ ਸੰਸਕਾਰ ਓਕ ਹਿਲ ਫਿਊਨਰਲ ਹੋਮ (300 ਕਰਟਨਰ ਐਵੇਨਿਊ, ਸੈਨ ਹੋਜ਼ੇ) ਵਿਚ ਦੁਪਹਿਰ 12 ਤੋਂ 2:30 ਤੱਕ ਹੋਵੇਗਾ। ਉਪਰੰਤ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜ਼ੇ ਵਿਖੇ ਬਾਅਦ ਦੁਪਹਿਰ 3:30 ਤੋਂ 5:00 ਵਜੇ ਤੱਕ ਹੋਵੇਗੀ। ਪਰਿਵਾਰ ਨਾਲ ਸੰਪਰਕ ਭਾਈ ਜੀਤ ਸਿੰਘ ਦੇ ਸਪੁੱਤਰਾਂ ਰਵਿੰਦਰ ਸਿੰਘ ਫੋਨ: 415-370-9183, ਅਮਰੀਕ ਸਿੰਘ ਫੋਨ: 408-655-9604 ਜਾਂ ਸੁਖਦੇਵ ਸਿੰਘ ਬੈਣੀਵਾਲ ਫੋਨ: 408-421-9463 ਰਾਹੀਂ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦਾ ਭਵਿੱਖ ਹਵਾ ਵਿਚ ਲਟਕਿਆ

**ਅੰਮ੍ਰਿਤਸਰ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰਾਂ ਦੀ ਚੋਣ ਵਾਸਤੇ ਵੋਟਾਂ ਪਈਆਂ ਨੂੰ ਤਿੰਨ ਸਾਲ ਹੋ ਚੁੱਕੇ ਹਨ, ਪਰ ਹੁਣ ਤੱਕ ਜਨਰਲ ਹਾਊਸ ਦਾ ਗਠਨ ਨਹੀਂ ਹੋਇਆ ਹੈ। ਇਸ ਬਾਰੇ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੋਣ ਕਾਰਨ ਇਸ ਜਨਰਲ ਹਾਊਸ ਦਾ ਭਵਿੱਖ ਅਜੇ ਵੀ ਹਵਾ ਵਿਚ ਲਟਕਿਆ ਹੋਇਆ ਹੈ। ਜਨਰਲ ਹਾਊਸ ਦੀ 5 ਸਾਲਾਂ ਦੀ ਮਿਆਦ 'ਚੋਂ 3 ਸਾਲ ਦਾ ਸਮਾਂ ਬੀਤ ਜਾਣ ਮਗਰੋਂ ਚੁਣੇ ਹੋਏ ਮੈਂਬਰ ਨਿਰਾਸ਼ ਮਹਿਸੂਸ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੇ ਮੈਂਬਰਾਂ ਦੀ ਚੋਣ ਸਤੰਬਰ 2011 ਵਿਚ ਹੋਈ ਸੀ ਅਤੇ ਇਸ ਬਾਰੇ ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਸੀ।

ਹਾਊਸ ਦਾ ਗਠਨ ਹੋਣ ਤੋਂ ਪਹਿਲਾਂ ਸਹਿਜਧਾਰੀਆਂ ਨੂੰ ਵੋਟਾਂ ਪਾਉਣ ਦਾ ਹੱਕ ਦੇਣ ਦੇ ਮਾਮਲੇ ਵਿਚ ਅਦਾਲਤ ਵਿਚ ਦਾਇਰ ਕੇਸ ਕਾਰਨ ਹੁਣ ਤੱਕ ਇਸ ਸਦਨ ਦਾ ਗਠਨ ਨਹੀਂ ਹੋ ਸਕਿਆ ਹੈ। ਸਦਨ ਦੇ ਮੈਂਬਰਾਂ ਦੀ ਚੋਣ ਹੋਈ ਨੂੰ ਤਿੰਨ ਵਰ੍ਹੇ ਦਾ ਸਮਾਂ ਬੀਤ ਚੁੱਕਾ ਹੈ, ਪਰ ਅਜੇ ਤੱਕ ਇਨ੍ਹਾਂ ਚੁਣੇ ਹੋਏ ਮੈਂਬਰਾਂ ਨੂੰ ਮੈਂਬਰ ਹੋਣ ਦਾ ਅਖ਼ਤਿਆਰ ਨਹੀਂ ਮਿਲਿਆ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਵਿਚ 170 ਮੈਂਬਰ ਵੋਟਾਂ ਰਾਹੀਂ ਚੁਣੇ ਗਏ ਸਨ ਜਦੋਂਕਿ 15 ਮੈਂਬਰ ਨਾਮਜ਼ਦ ਕੀਤੇ ਗਏ ਸਨ। ਕੁਲ 190 ਮੈਂਬਰਾਂ ਦੇ ਸਦਨ ਵਿਚ ਪੰਜ ਸਿੰਘ ਸਾਹਿਬਾਨ ਵੀ ਸ਼ਾਮਲ ਹਨ। ਮਾਮਲਾ ਅਦਾਲਤ ਵਿਚ ਹੋਣ ਕਾਰਨ ਅਦਾਲਤ ਦੇ ਆਦੇਸ਼ਾਂ 'ਤੇ ਨਵੇਂ ਸਦਨ ਨੂੰ ਮਾਨਤਾ ਨਹੀਂ ਮਿਲੀ ਹੈ ਤੇ 2010 ਵਾਲੀ ਅੰਤ੍ਰਿੰਗ ਕਮੇਟੀ ਨੂੰ ਸਿੱਖ ਸੰਸਥਾ ਦੇ ਨਿਤ ਦਿਨ ਦੇ ਕੰਮ ਚਲਾਉਣ ਦੀ ਹਦਾਇਤ ਕੀਤੀ ਗਈ ਹੈ। ਇਹ ਅੰਤ੍ਰਿੰਗ ਕਮੇਟੀ ਹੀ ਪਿਛਲੇ ਤਿੰਨ ਸਾਲਾਂ ਤੋਂ ਸਿੱਖ ਸੰਸਥਾ ਦੇ ਸਮੁੱਚੇ ਕੰਮਕਾਜ ਚਲਾ ਰਹੀ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਵਿਚ ਸੁਪਰੀਮ ਕੋਰਟ ਨੂੰ ਤੁਰੰਤ ਫੈਸਲਾ ਕਰਨਾ ਚਾਹੀਦਾ ਹੈ ਕਿਉਂਕਿ ਚੁਣੇ ਹੋਏ ਸਦਨ ਦਾ ਤਿੰਨ ਸਾਲ ਦਾ ਸਮਾਂ ਬੀਤ ਚੁੱਕਾ ਹੈ ਪਰ ਚੁਣੇ ਹੋਏ ਮੈਂਬਰਾਂ ਨੂੰ ਅਜੇ ਤੱਕ ਮੈਂਬਰ ਹੋਣ ਦਾ ਮਾਣ ਨਹੀਂ ਮਿਲਿਆ ਹੈ। ਨਵੇਂ ਸਦਨ ਵਿਚ ਕਈ ਅਜਿਹੇ ਮੈਂਬਰ ਹਨ, ਜੋ ਪਹਿਲੀ ਵਾਰ ਸਿੱਖ ਸੰਸਥਾ ਦੇ ਨੁਮਾਇੰਦੇ ਚੁਣੇ ਗਏ ਸਨ। ਉਨ੍ਹਾਂ ਦੇ ਮਨ ਵਿਚ ਰੀਝ ਹੈ ਕਿ ਉਹ ਸਿੱਖ ਸੰਸਥਾ ਦੀ ਬੇਹਤਰੀ ਲਈ ਕੰਮ ਕਰਨ ਤੇ ਪ੍ਰਬੰਧ ਨੂੰ ਵਧੇਰੇ ਸੁਚਾਰੂ ਬਣਾਇਆ ਜਾਵੇ ਪਰ ਉਨ੍ਹਾਂ ਨੂੰ ਹੁਣ ਤੱਕ ਇਹ ਮੌਕਾ ਹੀ ਨਹੀਂ ਮਿਲਿਆ ਹੈ।

ਇਥੇ ਜ਼ਿਕਰਯੋਗ ਹੈ ਕਿ ਭਾਈ ਮਨਜੀਤ ਸਿੰਘ ਅਜਿਹੇ ਮੈਂਬਰ ਹਨ, ਜੋ ਬਿਨਾਂ ਮੁਕਾਬਲਾ ਚੁਣੇ ਗਏ ਸਨ। ਉਨ੍ਹਾਂ ਦੇ ਪਿਤਾ ਦਮਦਮੀ ਟਕਸਾਲ ਦੇ ਮੁਖੀ ਰਹਿ ਚੁੱਕੇ ਹਨ। ਇਸ ਲਈ ਕਿਸੇ ਵੀ ਸਿਆਸੀ ਜਾਂ ਧਾਰਮਿਕ ਧਿਰ ਵੱਲੋਂ ਉਨ੍ਹਾਂ ਦੇ ਖਿਲਾਫ਼ ਕੋਈ ਨੁਮਾਇੰਦਾ ਮੈਦਾਨ ਵਿਚ ਨਹੀਂ ਉਤਾਰਿਆ ਗਿਆ ਸੀ। ਉਨ੍ਹਾਂ ਦੀ ਚੋਣ ਸਰਵ ਸੰਮਤੀ ਨਾਲ ਹੋਈ ਸੀ।

ਸਾਬਕਾ ਜਨਰਲ ਸਕੱਤਰ ਤੇ ਮੌਜੂਦਾ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਖਿਆ ਕਿ ਹੁਣ ਸੱਤਾ ਵਿਚ ਐਨ.ਡੀ.ਏ. ਸਰਕਾਰ ਹੈ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਰਕਾਰ ਕੋਲ ਪਹੁੰਚ ਕਰਕੇ ਸਿੱਖ ਗੁਰਦੁਆਰਾ ਐਕਟ ਵਿਚਲੀਆਂ ਊਣਤਾਈਆਂ ਨੂੰ ਖਤਮ ਕਰਨਾ ਚਾਹੀਦਾ ਹੈ। ਇਨ੍ਹਾਂ ਊਣਤਾਈਆਂ ਨੂੰ ਖਤਮ ਕਰਦਿਆਂ ਸਹਿਜਧਾਰੀਆਂ ਨੂੰ ਵੋਟਾਂ ਪਾਉਣ ਦੇ ਹੱਕ ਨੂੰ ਖਤਮ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਇਸ ਤਰੀਕੇ ਨਾਲ ਨਵੇਂ ਸਦਨ ਦੇ ਕੰਮ ਕਰਨ ਦਾ ਰਾਹ ਵੀ ਪੱਧਰਾ ਹੋ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਸਦਨ ਦੀਆਂ ਚੋਣਾਂ 18 ਸਤੰਬਰ 2011 ਨੂੰ ਹੋਈਆਂ ਸਨ ਤੇ ਇਸ ਦੇ ਨਤੀਜੇ 20 ਸਤੰਬਰ ਨੂੰ ਐਲਾਨੇ ਗਏ ਸਨ। 5 ਦਸੰਬਰ 2011 ਨੂੰ 15 ਮੈਂਬਰ ਨਾਮਜ਼ਦ ਕੀਤੇ ਗਏ ਸਨ ਅਤੇ 20 ਦਸੰਬਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਨੇ ਮੌਜੂਦਾ ਸਦਨ ਦੇ ਭਵਿੱਖ ਨੂੰ ਹਵਾ ਵਿਚ ਲਟਕਾ ਦਿੱਤਾ ਸੀ। ਅਦਾਲਤ ਨੇ 2003 ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਰਾਹੀਂ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਸੀ।

# ਸਿਟੀ ਕੌਂਸਲਰ ਚੋਣ ਲਈ ਉਮੀਦਵਾਰ ਸ਼ਾਹੀ ਦੇ ਹੱਕ 'ਚ ਮੀਟਿੰਗ 7 ਨੂੰ

**ਯੂਨੀਅਨ ਸਿਟੀ (ਬਿਊਰੋ):** ਸਿੱਖ ਭਾਈਚਾਰੇ ਦੇ ਜਾਣੇ-ਪਛਾਣੇ ਪਤਵੰਤੇ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਯੂਨੀਅਨ ਸਿਟੀ ਕੌਂਸਲਰ ਦੀਆਂ ਚੋਣਾਂ ਲੜਨ ਦਾ ਫੈਸਲਾ ਲਿਆ ਹੈ। ਇਸ ਸਬੰਧੀ ਕਿੱਕ ਆਫ਼ ਮੀਟਿੰਗ 7 ਸਤੰਬਰ ਨੂੰ ਯੂਨੀਅਨ ਸਿਟੀ ਦੇ ਰਾਜਾ ਸਵੀਟਸ ਵਿਖੇ 3 ਵਜੇ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਸ. ਸਾਹੀ ਇਸ ਵੇਲੇ ਐਲਾਮੀਡਾ ਕਾਊਂਟੀ ਅਸੈਸਮੈਂਟ ਬੋਰਡ ਅਤੇ ਕਮਿਸ਼ਨਰ ਵਜੋਂ ਨਿਯੁਕਤ ਹਨ। ਉਨ੍ਹਾਂ ਨੇ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਹੋਈ ਹੈ ਅਤੇ ਨਵੀਆਂ ਯੋਜਨਾਵਾਂ ਬਣਾਉਣ ਵਿਚ ਉਨ੍ਹਾਂ ਦੀ ਮੁਹਾਰਤ ਸਮਝੀ ਜਾਂਦੀ ਹੈ।

ਸ. ਸਾਹੀ ਨੇ ਕਿਹਾ ਕਿ ਉਹ ਯੂਨੀਅਨ ਸਿਟੀ ਵਿਚ ਛੋਟੇ ਕਾਰੋਬਾਰਾਂ ਵਿਚ ਵਾਧਾ, ਨਵੀਆਂ ਨੌਕਰੀਆਂ ਅਤੇ ਯੂਨੀਅਨ ਸਿਟੀ ਨੂੰ ਚੰਗਾ ਸ਼ਹਿਰ ਬਣਾਉਣ ਲਈ ਕੰਮ ਕਰਨ ਲਈ ਵਚਨਬੱਧ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਹੜੇ ਲੋਕ ਸਿਟੀਜ਼ਨ ਹਨ, ਉਹ ਸਭ ਤੋਂ ਪਹਿਲਾਂ ਆਪਣੀਆਂ ਵੋਟਾਂ ਬਣਾਉਣ ਅਤੇ ਫਿਰ ਉਸ ਦਾ ਸਹੀ ਇਸਤੇਮਾਲ ਕਰਨ। ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਦੀ ਰਾਜਨੀਤੀ ਵਿਚ ਵਿਸ਼ੇਸ਼ ਰੁਚੀ ਲੈਣ ਤਾਂ ਜੋ ਕਮਿਊਨਿਟੀ ਦੀਆਂ ਜ਼ਰੂਰਤਾਂ ਪਹਿਲ ਦੇ ਆਧਾਰ 'ਤੇ ਰਾਜਨੀਤਕ ਦਬਾਅ ਪਾ ਕੇ ਹੱਲ ਕੀਤੀਆਂ ਜਾਣ। ਸ. ਸ਼ਾਹੀ ਨਾਲ ਸੰਪਰਕ ਫੋਨ: 510-299-7982 ਰਾਹੀਂ ਕੀਤਾ ਜਾ ਸਕਦਾ ਹੈ।

LAW OFFICE OF NIRWAN & ASSOCIATES
SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com
- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



Jagdip S. Nirwan

ਟਰੱਕ ਵਿਕਾਊ ਹੈ

ਫਰਾਈਟਲਾਈਨਰ 10 ਸਪੀਡ, ਡੀਟਰਾਇਡ ਮੋਟਰ, 6 ਲੱਖ ਮੀਲ ਚੱਲਿਆ, ਓਕਲੈਂਡ ਪੋਰਟ ਤੇ ਜੀ.ਐਸ.ਸੀ. ਲਾਜਿਸਟਿਕ ਨਾਲ ਕੰਮ 'ਤੇ ਲੱਗਿਆ ਟਰੱਕ ਵਿਕਾਊ ਹੈ।

ਸੰਪਰਕ ਕਰੋ: ਤਾਰਾ ਸਾਗਰ
ਫੋਨ: 510-453-5779
510-502-6743

Convenience Store For Sale with Real Estate
*in Battle Creek, MI.*
Supermarket Convenience Store with Tobacco Shop, Beer, Wine, Lotto, Frozen food, Apparel and Produce. It also has 10 door freezer & 28 door cooler and much more.
Brand New Store and open parking lots
*Monthly Gross Income:$60800.*
Also, this building is 6700Sq ft.
We are selling because Owner wants to retire.
*Asking Price: 700k+inventory*
Contact: 269-873-3777
e-mail: dilhusawn@gmail.com
36

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.


Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਸ਼ਾ ਵਿਭਾਗ ਦਾ ਉਰਦੂ ਸੈਕਸ਼ਨ ਆਖਰੀ ਸਾਹਾਂ 'ਤੇ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਦਾ ਉਰਦੂ ਸੈਕਸ਼ਨ ਹੁਣ ਆਖਰੀ ਸਾਹਾਂ ਉੱਤੇ ਹੈ ਜਦਕਿ ਸੰਸਕ੍ਰਿਤ ਦਾ ਪੂਰੀ ਤਰ੍ਹਾਂ ਭੋਗ ਪੈ ਚੁੱਕਾ ਹੈ। ਅਜਿਹੀ ਤਰਾਸਦੀ ਵਿਚ ਭਾਸ਼ਾ ਵਿਭਾਗ ਆਪਣੇ ਵਡਮੁੱਲੇ ਮਿਸ਼ਨ ਤੋਂ ਪੂਰੀ ਤਰ੍ਹਾਂ ਥਿੜਕ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਸਰਕਾਰ ਨੇ ਮੁੱਲਵਾਨ ਮੰਨੇ ਜਾਂਦੇ ਇਸ ਅਦਾਰੇ ਨੂੰ ਵਰ੍ਹਿਆਂ ਤੋਂ ਨਜ਼ਰਅੰਦਾਜ਼ ਕੀਤਾ ਹੋਇਆ ਹੈ, ਜਿਸ ਕਾਰਨ ਵਿਭਾਗ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਪੰਜਾਬ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ ਇਸ ਵਿਭਾਗ ਦੀ ਕਦੇ ਪੂਰੀ ਟੌਹਰ ਹੁੰਦੀ ਸੀ ਪਰ ਅੱਜ ਇਹ ਵਿਭਾਗ ਜਿਥੇ ਵੱਡੀਆਂ ਤੋਟਾਂ ਤੇ ਥੁੜ੍ਹਾਂ ਦੀ ਮਾਰ ਝੱਲ ਰਿਹਾ ਹੈ, ਉਥੇ ਹੁਣ ਇਸ ਨੂੰ ਆਪਣੇ ਸੈਕਸ਼ਨਾਂ ਤੋਂ ਵੀ ਵਿਰਵਾ ਹੋਣਾ ਪੈ ਰਿਹਾ ਹੈ।

ਇਸ ਵਿਭਾਗ ਦਾ ਅਤਿ ਮਹੱਤਵਪੂਰਨ ਉਰਦੂ ਸੈਕਸ਼ਨ ਸਿਰਫ ਇਕ ਅਸਾਮੀ ਦੇ ਸਹਾਰੇ ਹੀ ਚੱਲ ਰਿਹਾ ਹੈ। ਇਸ ਵਿਭਾਗ ਵਿਚ ਇਸ ਵੇਲੇ ਰਿਸਰਚ ਅਫਸਰ ਵਜੋਂ ਅਸ਼ਰਫ ਮਹਿਮੂਦ ਨੰਦਨ ਦੀ ਹੀ ਤਾਇਨਾਤੀ ਰਹਿ ਗਈ ਹੈ ਜਦਕਿ ਵਿਭਾਗ ਦੇ ਬਾਕੀ ਅਧਿਕਾਰੀ ਤੇ ਕਰਮਚਾਰੀ ਸੇਵਾ ਮੁਕਤ ਹੋ ਚੁੱਕੇ ਹਨ। ਮਿਲੀ ਜਾਣਕਾਰੀ ਅਨੁਸਾਰ ਵਿਭਾਗ ਵਿਚ ਮਨਜ਼ੂਰਸ਼ੁਦਾ ਕੁੱਲ ਅੱਠ ਅਸਾਮੀਆਂ ਸਨ,




ਜਿਨ੍ਹਾਂ ਵਿਚੋਂ ਦੋ ਖੋਜ ਸਹਾਇਕ ਜਦਕਿ 3-3 ਅਸਾਮੀਆਂ ਕਲੈਰੀਕਲ ਤੇ ਚੌਥਾ ਦਰਜਾ ਕਾਮਿਆਂ ਦੀਆਂ ਸਨ। ਮੌਜੂਦਾ ਸਮੇਂ ਇਨ੍ਹਾਂ ਵਿਚੋਂ ਸੱਤ ਜਣੇ ਸੇਵਾ ਮੁਕਤ ਹੋ ਚੁੱਕੇ ਹਨ ਤੇ ਹੁਣ ਉਰਦੂ ਵਿਭਾਗ ਦਾ ਸਾਰਾ ਬੋਝ ਖੋਜ ਅਫਸਰ ਸਿਰ ਹੀ ਹੈ। ਵਿਭਾਗ ਦੇ ਅਜਿਹੇ ਹਸ਼ਰ ਕਾਰਨ ਇਸ ਦਾ ਸਾਰਾ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।

ਦੱਸਣਯੋਗ ਹੈ ਕਿ ਉਰਦੂ ਵਿਭਾਗ ਵਿਚ ਅਸਿਸਟੈਂਟ ਤੇ ਡਿਪਟੀ ਡਾਇਰੈਕਟਰ ਦੀਆਂ ਅਸਾਮੀਆਂ ਦੀ ਪਿਰਤ ਨਹੀਂ ਸੀ, ਪਰ ਹੁਣ ਇਸ ਵਿਭਾਗ ਦੀਆਂ ਹੇਠਲੀਆਂ ਤਾਇਨਾਤੀਆਂ ਦੀ ਸੇਵਾ ਮੁਕਤੀ ਹੋਣ ਨਾਲ ਉਰਦੂ ਭਾਸ਼ਾ ਦੀ ਖੋਜ ਤੇ ਵਿਕਾਸ ਨੂੰ ਜਿਥੇ ਵੱਡੀ ਢਾਹ ਲੱਗੀ ਹੈ, ਉਥੇ ਇਸ ਦੇ ਰੁਟੀਨ ਦੇ ਕੰਮ ਵੀ ਪੂਰੇ ਨਹੀਂ ਹੋ ਰਹੇ। ਉਰਦੂ ਦਾ ਤਰਜਮਾ ਸਾਰੀਆਂ ਭਾਸ਼ਾਵਾਂ ਲਈ ਸਹਾਇਕ ਮੰਨਿਆ ਜਾਂਦਾ ਹੈ, ਪਰ ਇਸ ਦੀ 'ਮੈਨਪਾਵਰ' ਹੀ ਲੜਖੜਾਈ ਹੋਣ ਕਾਰਨ ਇਸ ਦਾ ਸਹਾਇਕ ਮੰਤਵ ਅਸਲੋਂ ਹੀ ਖਤਮ ਹੋ ਚੁੱਕਾ ਹੈ। ਅਜਿਹੇ ਵਿਚ ਇਸ ਵਿਭਾਗ ਦੀ ਕਮਾਨ ਹੇਠ ਮੈਗਜ਼ੀਨ 'ਪ੍ਰਵਾਜ਼ ਏ ਅਦਬ' ਵੀ ਹੁਣ ਆਖਰੀ ਸਾਹਾਂ ਉੱਤੇ ਹੈ।

ਉਧਰ ਭਾਸ਼ਾ ਵਿਭਾਗ ਦੇ ਸਬ ਸੈਕਸ਼ਨ 'ਸੰਸਕ੍ਰਿਤ' ਦਾ ਵੀ ਭੋਗ ਪੈਣ ਵਾਲਾ ਹੈ। ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ ਚੇਤੰਨ ਸਿੰਘ ਨੇ ਕਿਹਾ ਕਿ ਵਿਭਾਗ ਦੀ ਕੋਸ਼ਿਸ਼ ਹੈ ਕਿ ਖਾਲੀ ਪਏ ਅਹਿਮ ਅਹੁਦਿਆਂ 'ਤੇ ਤੁਰੰਤ ਕੋਈ ਭਰਤੀ ਕੀਤੀ ਜਾਵੇ ਤੇ ਇਸ ਬਾਰੇ ਉੱਚ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ।

## ਮੋਦੀ ਨੇ ਕੌਮਾਂਤਰੀ ਪੱਧਰ 'ਤੇ ਦਿਖਾਏ ਰੰਗ

*(ਸਫਾ ਇਕ ਦੀ ਬਾਕੀ)*

ਉਨ੍ਹਾਂ ਕਿਹਾ ਕਿ ਭਾਰਤ ਪਹਿਲਾਂ ਹੀ ਰੇਲਵੇ ਵਿਚ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਛੋਟ ਦੇ ਚੁੱਕਾ ਹੈ ਤੇ ਰੱਖਿਆ ਤੇ ਬੀਮਾ ਖੇਤਰ ਵਿਚ ਵੀ ਐਫ.ਡੀ.ਆਈ. ਦੀ ਹੱਦ ਵਧਾ ਦਿੱਤੀ ਗਈ ਹੈ। ਉਨ੍ਹਾਂ ਨਿਵੇਸ਼ਕਾਂ ਨੂੰ ਸੱਦਾ ਦਿੱਤਾ ਕਿ ਭਾਰਤ ਵਿਚ ਸਮਾਂ ਬਦਲ ਚੁੱਕਿਆ ਹੈ, ਉਥੇ ਹੁਣ 'ਲਾਲ ਫੀਤਾਸ਼ਾਹੀ' ਬੀਤੇ ਦੀ ਗੱਲ ਹੋ ਚੁੱਕੀ ਹੈ ਤੇ ਨਿਵੇਸ਼ਕਾਂ ਲਈ 'ਲਾਲ ਕਾਲੀਨ' (ਸ਼ਾਹੀ ਸੁਆਗਤ) ਦਾ ਸਮਾਂ ਆ ਚੁੱਕਿਆ ਹੈ। ਇਸ ਲਈ ਉਹ ਖੁੱਲ੍ਹ ਕੇ ਤੇ ਸੌਖੇ ਢੰਗ ਨਾਲ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਜਪਾਨ ਦੇ ਦੌਰੇ ਨੂੰ ਸਫਲ ਕਰਾਰ ਦਿੰਦਿਆਂ ਕਿਹਾ ਕਿ ਦੋਵਾਂ ਮੁਲਕਾਂ ਵਿਚ ਆਪਸੀ ਭਰੋਸਾ ਹੈ ਅਤੇ ਇਹ ਫੈਵੀਕੋਲ ਤੋਂ ਵੀ ਮਜ਼ਬੂਤ ਜੋੜ ਹੈ।

## ਸਜ਼ਾ-ਏ-ਮੌਤ ਦੀਆਂ ਅਪੀਲਾਂ 'ਤੇ ਖੁੱਲ੍ਹੀ ਅਦਾਲਤ 'ਚ ਹੋਵੇ ਸੁਣਵਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਸਜ਼ਾ-ਏ-ਮੌਤ ਦੇ ਦੋਸ਼ੀਆਂ ਵੱਲੋਂ ਅਦਾਲਤ ਦੇ ਫੈਸਲੇ ਤੇ ਸਜ਼ਾ ਖ਼ਿਲਾਫ਼ ਦਾਇਰ ਕੀਤੀ ਜਾਂਦੀ ਰੀਵਿਊ ਅਪੀਲ 'ਤੇ ਘੱਟੋ-ਘੱਟ ਤਿੰਨ ਜੱਜਾਂ ਦੇ ਬੈਂਚ ਵੱਲੋਂ ਖੁੱਲ੍ਹੀ ਅਦਾਲਤ ਵਿਚ ਸੁਣਵਾਈ ਕੀਤੀ ਜਾਣੀ ਚਾਹੀਦੀ ਹੈ ਤੇ ਜਿਨ੍ਹਾਂ ਕੈਦੀਆਂ ਦੀਆਂ ਅਪੀਲਾਂ 'ਤੇ ਪਹਿਲਾਂ ਹੀ ਫੈਸਲਾ ਦਿੱਤਾ ਜਾ ਚੁੱਕਿਆ ਹੈ, ਉਨ੍ਹਾਂ ਨੂੰ ਆਪਣੇ ਕੇਸਾਂ 'ਤੇ ਨਵੇਂ ਸਿਰਿਓਂ ਸੁਣਵਾਈ ਲਈ ਇਕ ਮਹੀਨੇ ਦੀ ਮੋਹਲਤ ਦਿੱਤੀ ਗਈ ਹੈ।

ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਵੱਲੋਂ ਬਹੁਗਿਣਤੀ ਰਾਹੀਂ ਦਿੱਤੇ ਇਸ ਫੈਸਲੇ ਵਿਚ ਕਿਹਾ ਗਿਆ ਹੈ ਕਿ ਸਜ਼ਾ-ਏ-ਮੌਤ ਵਾਲੇ ਅਜਿਹੇ ਕੈਦੀ ਜਿਨ੍ਹਾਂ ਦੀ ਦਰੁਸਤੀ ਪਟੀਸ਼ਨ ਬਾਰੇ ਫੈਸਲਾ ਸੁਣਾਇਆ ਜਾ ਚੁੱਕਿਆ ਹੈ, ਉਹ ਆਪਣੀ ਰੀਵਿਊ ਅਪੀਲ 'ਤੇ ਨਵੇਂ ਸਿਰਿਓਂ ਸੁਣਵਾਈ ਲਈ ਪਹੁੰਚ ਨਹੀਂ ਕਰ ਸਕਦੇ। ਚੀਫ ਜਸਟਿਸ ਆਰ.ਐਮ. ਲੋਧਾ ਸਮੇਤ ਚਾਰ ਜੱਜਾਂ ਨੇ ਰੀਵਿਊ ਪਟੀਸ਼ਨ 'ਤੇ ਖੁੱਲ੍ਹੀ ਅਦਾਲਤ ਵਿਚ ਸੁਣਵਾਈ ਦੇ ਹੱਕ ਵਿਚ ਫੈਸਲਾ ਦਿੱਤਾ ਹੈ ਜਦਕਿ ਜਸਟਿਸ ਚੇਲਾਮੇਸ਼ਵਰ ਨੇ ਇਸ ਬਾਰੇ ਵਿਰੋਧੀ ਮਤ ਜ਼ਾਹਿਰ ਕੀਤਾ ਹੈ। ਸੁਪਰੀਮ ਕੋਰਟ ਨੇ ਲਾਲ ਕਿਲੇ 'ਤੇ ਹਮਲੇ ਦੇ ਕੇਸ ਵਿਚ ਦੋਸ਼ੀ ਮੁਹੰਮਦ ਆਰਿਫ਼ ਤੇ 1993 ਦੇ ਬੰਬਈ ਹਮਲਿਆਂ ਦੇ ਕੇਸ ਦੇ ਦੋਸ਼ੀ ਯਾਕੂਬ ਅਬਦੁਲ ਰਜ਼ਾਕ ਮੈਮਨ ਸਮੇਤ ਸਜ਼ਾ-ਏ-ਮੌਤ ਦੇ ਛੇ ਦੋਸ਼ੀਆਂ ਵੱਲੋਂ ਦਾਇਰ ਪਟੀਸ਼ਨਾਂ 'ਤੇ ਇਹ ਫੈਸਲਾ ਸੁਣਾਇਆ ਹੈ। ਇਨ੍ਹਾਂ ਪਟੀਸ਼ਨਾਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਰੀਵਿਊ ਅਪੀਲਾਂ 'ਤੇ ਫੈਸਲਾ ਖੁੱਲ੍ਹੀ ਅਦਾਲਤ ਵਿਚ ਸੁਣਵਾਇਆ ਜਾਣਾ ਚਾਹੀਦਾ ਹੈ।

## ਅਕਾਲੀ-ਭਾਜਪਾ ਵਿਚਕਾਰ ਕਲੇਸ਼ ਵਧਿਆ

*(ਸਫਾ ਇਕ ਦੀ ਬਾਕੀ)*

ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਜਿਸ ਕਾਰਨ ਦੋਵਾਂ ਧਿਰਾਂ ਵਿਚ ਕਲੇਸ਼ ਕਾਫੀ ਵਧ ਗਿਆ ਸੀ। ਹੁਣ ਤਾਜ਼ਾ ਘਟਨਾ ਵਿਚ ਅਕਾਲੀ ਆਗੂ ਤੇ ਸਾਬਕਾ ਪੁਲਿਸ ਮੁਖੀ ਪੀ.ਐਸ. ਗਿੱਲ ਦਾ ਭਾਜਪਾ ਵਿਚ ਸ਼ਾਮਲ ਹੋਣ ਦਾ ਅਕਾਲੀ ਦਲ ਨੇ ਖੁੱਲ੍ਹ ਕੇ ਵਿਰੋਧ ਕੀਤਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਸੀ ਤੇ ਕਿਹਾ ਕਿ ਦੋਹਾਂ ਪਾਰਟੀਆਂ ਨੂੰ ਇਕ-ਦੂਜੀ ਪਾਰਟੀ ਦੇ ਆਗੂਆਂ ਹਥਿਆਉਣ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਹ ਗਠਜੋੜ ਧਰਮ ਦੀ ਉਲੰਘਣਾ ਹੋਵੇਗੀ। ਇਸ ਸਭ ਨੂੰ ਦੇਖਦੇ ਹੋਏ ਦੋਵਾਂ ਧਿਰ ਦੇ ਆਗੂਆਂ ਨੇ ਕੁਝ ਨਰਮੀ ਦਿਖਾਉਂਦੇ ਹੋਏ ਆਪਸੀ ਸਾਂਝ ਨੂੰ ਲੀਹ 'ਤੇ ਲਿਆਉਣ ਦਾ ਯਤਨ ਵੀ ਕੀਤਾ ਹੈ।

## 84 ਦੇ ਦੋਸ਼ੀਆਂ ਨੂੰ ਜ਼ੈੱਡ ਸੁਰੱਖਿਆ 'ਤੇ ਉਠੇ ਸਵਾਲ

**ਜਲੰਧਰ:** ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਤੇ 'ਆਪ' ਦੇ ਮੁੱਖ ਆਗੂ ਐਚ.ਐਸ. ਫੂਲਕਾ ਨੇ ਭਾਰਤ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਨਵੰਬਰ '84 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ ਦਾ ਸਾਹਮਣਾ ਕਰ ਰਹੇ ਮੁਲਜ਼ਮਾਂ ਨੂੰ ਦਿੱਤੀ ਜ਼ੈੱਡ ਸੁਰੱਖਿਆ ਵਾਪਸ ਲਈ ਜਾਵੇ। ਦੰਗੇ ਭੜਕਾਉਣ ਤੇ ਭੋਲੇ-ਭਾਲੇ ਲੋਕਾਂ ਨੂੰ ਕਤਲ ਕਰਨ ਵਰਗੇ ਗੰਭੀਰ ਅਪਰਾਧਕ ਮਾਮਲਿਆਂ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਸਿਆਸੀ ਨੇਤਾਵਾਂ ਨੂੰ ਉੱਚ ਸੁਰੱਖਿਆ ਦੇਣ ਦਾ ਮਾਮਲਾ ਅੱਜਕਲ੍ਹ ਸੁਰਖੀਆਂ ਬਣਿਆ ਹੋਇਆ ਹੈ।

ਸ. ਫੂਲਕਾ ਨੇ ਪੱਤਰ ਵਿਚ ਲਿਖਿਆ ਹੈ ਕਿ '84 ਦੰਗਿਆਂ ਵਿਚ ਸਿੱਖਾਂ ਦੇ ਕਤਲਾਂ ਲਈ ਜ਼ਿੰਮੇਵਾਰ ਸਮਝੇ ਜਾਂਦੇ ਸਿਆਸੀ ਨੇਤਾਵਾਂ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਨੂੰ 30-40 ਸੁਰੱਖਿਆ ਗਾਰਡ, ਵੱਡੇ ਬੰਗਲੇ ਤੇ ਕਾਰਾਂ ਦਿੱਤੀਆਂ ਗਈਆਂ ਹਨ। ਇਹ ਲੋਕਾਂ ਦੇ ਪੈਸੇ ਨਾਲ ਸ਼ਾਹਾਨਾ ਜ਼ਿੰਦਗੀ ਬਸਰ ਕਰ ਰਹੇ ਹਨ।

## ਇਸਰਾਈਲ ਦੇ ਅਸਲ ਇਰਾਦਿਆਂ ਦੀ ਪੋਲ ਖੁੱਲ੍ਹਣ ਲੱਗੀ

**ਵਾਸ਼ਿੰਗਟਨ:** ਇਸਰਾਈਲ ਵੱਲੋਂ ਫਲਸਤੀਨ ਦੇ ਬੈਥਲਹੈਮ ਦੀ 400 ਹੈਕਟੇਅਰ (988 ਏਕੜ) ਜ਼ਮੀਨ ਨੂੰ ਆਪਣੇ ਵਿਚ ਰਲਾਉਣ ਦੀ ਯੋਜਨਾ ਦਾ ਚਾਰੇ ਪਾਸਿਆਂ ਤੋਂ ਵਿਰੋਧ ਹੋਣ ਲੱਗਾ ਹੈ। ਇਸਰਾਈਲ ਦੇ ਪੱਕੇ ਮਿੱਤਰ ਅਮਰੀਕਾ ਦੇ ਨਾਲ-ਨਾਲ ਸੰਯੁਕਤ ਰਾਸ਼ਟਰ ਤੇ ਮਿਸਰ ਨੇ ਵੀ ਉਸ ਨੂੰ ਆਪਣੀ ਇਸ ਯੋਜਨਾ 'ਤੇ ਨਜ਼ਰਸਾਨੀ ਕਰਨ ਲਈ ਕਿਹਾ ਹੈ। ਇਸਰਾਈਲ ਵੱਲੋਂ ਫਲਸਤੀਨ ਦੀ 400 ਹੈਕਟੇਅਰ ਜ਼ਮੀਨ ਨੂੰ ਆਪਣੀ ਬਣਾਉਣ ਦੀ ਯੋਜਨਾ ਦਾ ਐਲਾਨ ਹੁੰਦਿਆਂ ਹੀ ਫਲਸਤੀਨ ਵੱਲੋਂ ਜ਼ਬਰਦਸਤ ਵਿਰੋਧ ਸ਼ੁਰੂ ਹੋ ਗਿਆ ਹੈ। ਮਾਹਰਾਂ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਇਸ ਨਾਲ ਖਿੱਤੇ ਵਿਚ ਹਿੰਸਾ ਭੜਕ ਸਕਦੀ ਹੈ। ਦੂਜੇ ਪਾਸੇ ਇਸਰਾਈਲੀ ਫੌਜ ਦਾ ਕਹਿਣਾ ਹੈ ਕਿ ਫਲਸਤੀਨ ਦੀ 400 ਹੈਕਟੇਅਰ ਜ਼ਮੀਨ ਖੋਹਣ ਦਾ ਫੈਸਲਾ ਸਿਆਸੀ ਹੈ ਤੇ ਬੀਤੇ ਮਹੀਨੇ ਦੌਰਾਨ ਇਸੇ ਇਲਾਕੇ ਵਿਚ ਤਿੰਨ ਇਸਰਾਈਲੀ ਮੁੰਡਿਆਂ ਦੀ ਹੱਤਿਆ ਹੋਣ ਮਗਰੋਂ ਇਹ ਫੈਸਲਾ ਕੀਤਾ ਗਿਆ ਸੀ।ਇਸ ਫੈਸਲੇ ਤੋਂ ਅਮਰੀਕਾ ਵੀ ਨਾਖੁਸ਼ ਹੈ। ਉਹ ਇਸਰਾਈਲ ਤੇ ਫਲਸਤੀਨ ਵਿਚਾਲੇ ਸ਼ਾਂਤੀ ਸਥਾਪਤ ਕਰਨ ਲਈ ਅਹਿਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ।

## ਇਤਿਹਾਸਕਾਰ ਬਿਪਿਨ ਚੰਦਰ ਦਾ ਦੇਹਾਂਤ

**ਗੁੜਗਾਉਂ:** ਇਤਿਹਾਸਕਾਰ ਬਿਪਿਨ ਚੰਦਰ ਦਾ ਦੇਹਾਂਤ ਹੋ ਗਿਆ ਹੈ। ਉਹ 86 ਵਰ੍ਹਿਆਂ ਦੇ ਸਨ ਤੇ ਕੁਝ ਮਹੀਨਿਆਂ ਤੋਂ ਬਿਮਾਰ ਸਨ। ਉਨ੍ਹਾਂ ਨੇ ਕਈ ਅਹਿਮ ਅਹੁਦਿਆਂ ਉੱਤੇ ਕੰਮ ਕੀਤਾ। ਇਨ੍ਹਾਂ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਇਤਿਹਾਸ ਅਧਿਐਨ ਕੇਂਦਰ ਦੇ ਚੇਅਰਮੈਨ, ਯੂਜੀਸੀ ਦੇ ਮੈਂਬਰ ਤੇ ਨੈਸ਼ਨਲ ਬੁੱਕ ਟਰੱਸਟ (ਐਨ.ਬੀ.ਟੀ.) ਦੇ ਚੇਅਰਮੈਨ ਵਜੋਂ ਨਿਭਾਈਆਂ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਦਾ ਜਨਮ 1928 ਵਿਚ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਵਿਚ ਹੋਇਆ ਸੀ।

## ਹਰਿਆਣਾ ਵਿਚ ਬਾਦਲ ਤੇ ਭਾਜਪਾ ਆਹਮੋ-ਸਾਹਮਣੇ?

*(ਸਫਾ ਇਕ ਦੀ ਬਾਕੀ)*

ਪਰ ਇਸ ਵਾਰ ਲੋਕ ਸਭਾ ਚੋਣਾਂ ਵਿਚ ਰਿਕਾਰਡ ਜਿੱਤ ਮਗਰੋਂ ਭਾਜਪਾ ਦਾ ਰੁਖ ਬਦਲਿਆ ਹੋਇਆ ਹੈ। ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਦਾ ਮੁੱਦਾ ਭਖਿਆ ਹੋਣ ਕਾਰਨ ਵੀ ਭਾਜਪਾ ਇਸ ਨੂੰ ਚੋਣਾਂ ਵਿਚ ਆਪਣੇ ਹਿੱਤ ਵਿਚ ਵਰਤਣਾ ਚਾਹੁੰਦੀ ਹੈ। ਦਰਅਸਲ ਇਹ ਮਾਮਲਾ ਉਸ ਵੇਲੇ ਭਖ ਪਿਆ ਜਦੋਂ ਇਨੈਲੋ ਦੇ ਸੰਸਦ ਮੈਂਬਰ ਦੁਸ਼ਯੰਤ ਚੌਟਾਲਾ ਨੇ ਐਲਾਨ ਕਰ ਦਿੱਤਾ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਨੈਲੋ ਲਈ ਸਟਾਰ ਪ੍ਰਚਾਰਕ ਹੋਣਗੇ।

ਜਲੰਧਰ ਵਿਚ ਉਨ੍ਹਾਂ ਕਿਹਾ ਕਿ ਸ. ਬਾਦਲ ਹਮੇਸ਼ਾ ਹੀ ਉਨ੍ਹਾਂ ਦੀ ਪਾਰਟੀ ਲਈ ਚੋਣ ਪ੍ਰਚਾਰ ਕਰਦੇ ਆ ਰਹੇ ਹਨ ਅਤੇ ਇਸ ਵਾਰ ਉਹ ਸਮੁੱਚੇ ਹਰਿਆਣਾ ਵਿਚ ਪਾਰਟੀ ਉਮੀਦਵਾਰਾਂ ਦੇ ਹੱਕ ਚੋਣ ਪ੍ਰਚਾਰ ਕਰਨਗੇ। ਇਸ ਤੋਂ ਬਾਅਦ ਅਕਾਲੀ ਅਤੇ ਭਾਜਪਾ ਆਗੂਆਂ ਵਿਚਕਾਰ ਕਸ਼ਮਕਸ਼ ਆਰੰਭ ਹੋ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

# ਪਾਕਿਸਤਾਨ ਦੇ ਦੋ ਮਨੀਚੇਂਜਰ ਲਸ਼ਕਰ ਦੇ ਵਿੱਤੀ ਚੈਨਲ ਕਰਾਰ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨ ਆਧਾਰਤ ਮਨੀਚੇਂਜਰ ਨੂੰ ਆਲਮੀ ਦਹਿਸ਼ਤਗਰਦ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਰਾਹੀਂ ਪਾਬੰਦੀਸ਼ੁਦਾ ਦਹਿਸ਼ਤਪਸੰਦ ਲਸ਼ਕਰ-ਏ-ਤੋਇਬਾ ਨੂੰ ਵਿੱਤੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਲਸ਼ਕਰ-ਏ-ਤੋਇਬਾ ਭਾਰਤ ਵਿਚ ਕਈ ਦਹਿਸ਼ਤਗਰਦ ਹਮਲਿਆ ਲਈ ਕਸੂਰਵਾਰ ਮੰਨੀ ਜਾਂਦੀ ਹੈ, ਜਿਸ ਨੇ 2008 ਵਿਚ ਮੁੰਬਈ ਹਮਲਾ ਵੀ ਕੀਤਾ ਸੀ, ਜਿਸ ਵਿਚ 166 ਮੌਤਾਂ ਹੋਈਆਂ ਸਨ। ਅਮਰੀਕੀ ਖਜ਼ਾਨਾ ਵਿਭਾਗ ਨੇ ਮੁਹੰਮਦ ਇਕਬਾਲ ਤੇ ਆਸਮਾ ਮਨੀ ਐਕਸਚੇਂਜਰਾਂ ਨੂੰ ਆਲਮੀ ਦਹਿਸ਼ਤਪਸੰਦਾਂ ਦੀ ਵਿਸ਼ੇਸ਼ ਸੂਚੀ (ਆਈ.ਡੀ.ਜੀ.ਟੀਜ਼.) ਵਿਚ ਸ਼ਾਮਲ ਕਰਕੇ ਲਸ਼ਕਰ-ਏ-ਤੋਇਬਾ ਦੇ ਮਾਲੀ ਤਾਣੇ ਨੂੰ ਨਿਸ਼ਾਨਾ ਬਣਾਇਆ ਹੈ।

ਖਜ਼ਾਨਾ ਵਿਭਾਗ ਨੇ ਆਖਿਆ ਹੈ ਕਿ ਇਕਬਾਲ ਤੇ ਆਸਮਾ ਮਨੀ ਐਕਸਚੇਂਜਰਜ਼ ਲਸ਼ਕਰ-ਏ-ਤੋਇਬਾ ਨੂੰ ਵਿੱਤੀ ਤੇ ਤਕਨੀਕੀ ਮਦਦ ਪਹੁੰਚਾਉਣ ਦੇ ਇਰਾਦੇ ਨਾਲ ਕਾਇਮ ਕੀਤੀਆਂ ਗਈਆਂ ਸਨ। ਆਸਮਾ ਮਨੀ ਐਕਸਚੇਂਜਰਜ਼ ਦੀ ਮਾਲਕੀ ਤੇ ਕੰਟਰੋਲ ਵੀ ਮੁਹੰਮਦ ਇਕਬਾਲ ਕੋਲ ਹੈ। ਦਹਿਸ਼ਤਵਾਦ ਤੇ ਵਿੱਤੀ ਇੰਟੈਲੀਜੈਂਸ ਬਾਰੇ ਅੰਡਰ ਸੈਕਟਰੀ ਡੇਵਿਡ ਐਸ. ਕੋਹੇਕ ਨੇ ਆਖਿਆ ਕਿ ਮੁਹੰਮਦ ਇਕਬਾਲ ਨੇ ਆਪਣੇ ਆਪ ਨੂੰ ਇਕ ਵਿੱਤੀ ਵਿਚੋਲੀਏ ਵਜੋਂ ਪੇਸ਼ ਕਰਕੇ ਲਸ਼ਕਰ-ਏ-ਤੋਇਬਾ ਨੂੰ ਆਪਣੇ ਕਾਰੋਬਾਰ ਰਾਹੀਂ ਲਾਭ ਪਹੁੰਚਾਇਆ। ਇਕਬਾਲ ਲਸ਼ਕਰ ਨਾਲ ਸਬੰਧਤ ਗੈਰ-ਸਰਕਾਰੀ ਜਥੇਬੰਦੀ ਫਲ੍ਹਾ-ਏ-ਇਨਸਾਨੀਅਤ ਫਾਊਂਡੇਸ਼ਨ (ਐਫ.ਆਈ.ਐਫ.) ਦੀ ਗਵਰਨਿੰਗ ਬਾਡੀ ਦਾ ਬਾਨੀ ਮੈਂਬਰ ਹੈ। ਵਿਦੇਸ਼ ਵਿਭਾਗ ਨੇ ਐਫ.ਆਈ.ਐਫ. ਨੂੰ ਨਵੰਬਰ 2010 ਵਿਚ ਲਸ਼ਕਰ-ਏ-ਤੋਇਬਾ ਦੀ ਸਹਾਇਕ ਕਰਾਰ ਦਿੱਤਾ ਸੀ।

# ਚੀਨੀ ਕਮਾਂਡਰ ਨੇ ਪਾਕਿਸਤਾਨ 'ਚ ਪੜ੍ਹਿਆ ਸੀ ਅਤਿਵਾਦ ਦਾ ਪਾਠ

**ਪੇਇਚਿੰਗ:** ਚੀਨ ਦੇ ਮੁਸਲਿਮ ਬਹੁ-ਗਿਣਤੀ ਵਾਲੇ ਸੂਬੇ ਸਿਨਚਿਆਂਗ ਵਿਚ ਵੱਖਰੇ ਰਾਜ ਲਈ ਸਰਗਰਮ ਈਸਟ ਤੁਰਕਿਸਤਾਨ ਇਸਲਾਮਿਕ ਮੂਵਮੈਂਟ ਦੇ ਸਹਿ ਬਾਨੀ ਦਾ ਇਕਬਾਲੀਆ ਬਿਆਨ ਚੀਨੀ ਮੀਡੀਆ ਨੇ ਨਸ਼ਰ ਕੀਤਾ ਹੈ, ਜਿਸ ਵਿਚ ਉਸ ਨੇ ਕਿਹਾ ਕਿ ਉਸ ਨੂੰ ਅਤਿਵਾਦ ਦੀ ਪਾਨ ਪਾਕਿਸਤਾਨ ਵਿਚਲੇ ਇਕ ਮਦਰੱਸੇ ਵਿਚ ਚਾੜ੍ਹੀ ਗਈ ਸੀ। ਸਰਕਾਰੀ ਮਾਲਕੀ ਵਾਲੇ ਅਖਬਾਰ ਚਾਈਨਾ ਡੇਲੀ ਨੇ 41 ਸਾਲਾ ਮੈਮੋਤੁਹਤ ਮਮੈਤਰੋਜ਼ੀ ਦਾ ਇਕਬਾਲੀਆ ਬਿਆਨ ਨਸ਼ਰ ਕੀਤਾ ਹੈ। ਉਹ ਦਹਿਸ਼ਤਗਰਦ ਹਮਲਿਆਂ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ।

ਪਾਕਿਸਤਾਨ ਦੀ ਖੁਫੀਆ ਏਜੰਸੀ ਨੇ ਮਮੈਤਰੋਜ਼ੀ ਨੂੰ ਚੀਨ ਦੇ ਹਵਾਲੇ ਕੀਤਾ ਸੀ ਤੇ ਇਸ ਵੇਲੇ ਉਹ ਸਿਨਚਿਆਂਗ ਦੀ ਇਕ ਨੰਬਰ ਜੇਲ੍ਹ ਵਿਚ ਹੈ। ਉਸ ਦਾ ਜਨਮ ਸਿਨਚਿਆਂਗ ਦੇ ਹੋਤਨ ਕਸਬੇ ਦੇ ਕਿਸਾਨ ਦੇ ਘਰ ਹੋਇਆ ਸੀ। ਮਮੈਤਰੋਜ਼ੀ ਨੇ ਆਖਿਆ ਕਿ ਇਸਲਾਮ ਵਿਚ ਆਪਣੀ ਰੁਚੀ ਕਰਕੇ ਉਹ ਮੱਧ ਏਸ਼ੀਆ ਵਿਚ ਭੌਂਦਾ ਰਿਹਾ ਸੀ। 1992 ਵਿਚ ਉਹ ਪਾਕਿਸਤਾਨ ਵਿਚ ਇਕ ਅਰਬੀ ਸਕੂਲ ਵਿਚ ਦਾਖਲ ਹੋ ਗਿਆ ਜਿਥੇ ਉਸ ਦਾ ਕੱਟੜਪੰਥੀ ਨੌਜਵਾਨਾਂ ਨਾਲ ਮੇਲ-ਜੋਲ ਹੋਇਆ।

ਉਹ ਉਸ ਨੂੰ ਧਾਰਮਿਕ ਕਿਤਾਬਾਂ ਤੇ ਵੀਡੀਓਜ਼ ਦਿੰਦੇ ਰਹਿੰਦੇ ਸਨ। ਉਸ ਨੇ ਆਖਿਆ ਕਿ ਇਹ ਵਿਚਾਰ ਮੇਰੇ ਦਿਮਾਗ ਵਿਚ ਕੀੜੇ ਦੀ ਤਰ੍ਹਾਂ ਘਰ ਕਰ ਗਏ ਤੇ ਵਧਦੇ-ਵਧਦੇ ਉਸ ਦੇ ਤਨ-ਮਨ ਉਤੇ ਪੂਰੀ ਤਰ੍ਹਾਂ ਹਾਵੀ ਹੋ ਗਏ। ਮਮੈਤਰੋਜ਼ੀ ਤੇ ਉਹਦੇ ਜਿਹੇ ਕਈ ਹੋਰ ਨੌਜਵਾਨ ਓਈਗੁਰ ਬਾਗੀ ਧਾਰਮਿਕ ਮੂਲਵਾਦ ਦੇ ਪ੍ਰਭਾਵ ਹੇਠ ਆ ਕੇ ਅਫਗਾਨਿਸਤਾਨ ਚਲੇ ਗਏ ਤੇ ਉਨ੍ਹਾਂ ਇਕ ਕੈਂਪ ਵਿਚ ਹਿੱਸਾ ਲਿਆ, ਜਿਥੇ ਉਨ੍ਹਾਂ ਨੂੰ ਅਤਿਵਾਦੀ ਹਮਲਿਆਂ ਦੀ ਸਿਖਲਾਈ ਦਿੱਤੀ ਗਈ।

ਇਕ ਸਾਲ ਦੀ ਸਿਖਲਾਈ ਤੋਂ ਬਾਅਦ ਮਮੈਤਰੋਜ਼ੀ ਪਾਕਿਸਤਾਨ ਵਾਪਸ ਆ ਗਿਆ ਤੇ ਇੰਟਰਨੈਸ਼ਨਲ ਇਸਲਾਮਿਕ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿਚ ਦਾਖਲਾ ਲੈ ਲਿਆ। ਕੌਮਾਂਤਰੀ ਸਬੰਧਾਂ ਤੇ ਰਾਜਨੀਤੀ ਦੇ ਵਿਸ਼ੇ ਦੀ ਮਾਸਟਰ ਡਿਗਰੀ ਹਾਸਲ ਕਰਦਿਆਂ ਉਹ ਧਾਰਮਿਕ ਕੱਟੜਪੰਥੀ ਦੇ ਪ੍ਰਸਾਰ ਲਈ ਵੀ ਕੰਮ ਕਰਦਾ ਰਿਹਾ। 1997 ਵਿਚ ਉਹ ਦੱਖਣੀ ਸਿਨਚਿਆਂਗ ਦੇ ਕਸ਼ਗਰ ਖਿੱਤੇ ਨਾਲ ਸਬੰਧਤ ਹਸਨ ਮਹਿਧੂਮ ਨੂੰ ਮਿਲਿਆ। ਹਸਨ ਚੀਨ ਦੀਆਂ ਨਸਲੀ ਤੇ ਧਾਰਮਿਕ ਨੀਤੀਆਂ ਦਾ ਕੱਟੜ ਆਲੋਚਕ ਸੀ।


Golden State Realty

Sacramento Office: 9912 Kapalua Ln., Elk Grove, CA 95624

Tel: 916-612-5773

*Courtesy of Sales Manager Traci Lill, Meadows at Galt*

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਵਿਦੇਸ਼ ਉਡਾਰੀ ਮਾਰਨ ਵਾਲੇ ਅਫਸਰਾਂ ਦੇ ਪਰ ਕੁਤਰਨ ਦੀ ਤਿਆਰੀ

## ਪੰਜਾਬ ਸਰਕਾਰ ਵੱਲੋਂ ਦੋ ਕੇਸਾਂ ਦੀ ਜਾਂਚ ਵਿਜੀਲੈਂਸ ਹਵਾਲੇ




**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰ ਕੇ ਵਿਦੇਸ਼ ਡੇਰੇ ਲਾਈ ਬੈਠੇ ਕਰਮਚਾਰੀਆਂ ਖਿਲਾਫ਼ ਸਖਤੀ ਕਰਨ ਦਾ ਫੈਸਲਾ ਲਿਆ ਹੈ। ਮੀਡੀਆ ਵਿਚ ਹੋਈ ਭਾਰੀ ਨੁਕਤਾਚੀਨੀ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੋ ਅਹਿਮ ਮਾਮਲਿਆਂ ਦੀ ਜਾਂਚ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ ਹੈ। ਇਨ੍ਹਾਂ ਵਿਚੋਂ ਇਕ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕਰਨ ਵਾਲੇ ਕਰਮਚਾਰੀਆਂ ਤੇ ਅਫ਼ਸਰਾਂ ਵੱਲੋਂ ਸੇਵਾ ਨਿਯਮਾਂ ਦੀ ਉਲੰਘਣਾ ਕਰਨ ਤੇ ਦੂਜਾ ਸੀਨੀਅਰ ਆਈ.ਪੀ.ਐਸ. ਤੇ ਪੀ.ਪੀ.ਐਸ. ਅਫ਼ਸਰਾਂ ਦੀ ਅੰਮ੍ਰਿਤਸਰ ਸਥਿਤ 'ਸ਼ੇਰਵੁੱਡ ਆਫੀਸਰਜ਼ ਸੁਸਾਇਟੀ' ਨਾਲ ਸਬੰਧਤ ਮਾਮਲਾ ਹੈ। ਮੁੱਖ ਮੰਤਰੀ ਨੇ ਇਨ੍ਹਾਂ ਮਾਮਲਿਆਂ ਦੇ ਮੁੱਢਲੇ ਤੱਥ ਘੋਖਣ ਤੋਂ ਬਾਅਦ ਜਾਂਚ ਦਾ ਕੰਮ ਵਿਜੀਲੈਂਸ ਹਵਾਲੇ ਕੀਤਾ ਹੈ। ਵਿਜੀਲੈਂਸ ਇਸ ਮਾਮਲੇ 'ਤੇ ਵਿਸ਼ੇਸ਼ ਜਾਂਚ ਟੀਮ ਬਣਾਏਗੀ।

ਮਿਲੇ ਦਸਤਾਵੇਜ਼ਾਂ ਮੁਤਾਬਕ ਵੱਖ-ਵੱਖ ਵਿਭਾਗਾਂ ਦੇ 900 ਤੋਂ ਵਧੇਰੇ ਸਰਕਾਰੀ ਕਰਮਚਾਰੀ ਜਿਨ੍ਹਾਂ ਵਿਚ 300 ਦਰਜਾ-1 ਅਫਸ਼ਰ ਹਨ, ਨੇ ਵਿਦੇਸ਼ਾਂ ਵਿਚ ਇਮੀਗਰੇਸ਼ਨ ਜਾਂ ਪੀ.ਆਰ. ਹਾਸਲ ਕੀਤੀ ਹੋਈ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸੇਵਾ ਨਿਯਮਾਂ ਦੀ ਘੋਰ ਉਲੰਘਣਾ ਕਰਕੇ ਵਿਦੇਸ਼ੀ ਮੁਲਕਾਂ ਦਾ ਸਟੇਟਸ ਹਾਸਲ ਕਰਨ ਵਾਲਿਆਂ ਵਿਚ ਕਈ ਆਈ.ਏ.ਐਸ., ਆਈ.ਪੀ.ਐਸ., ਪੀ.ਸੀ.ਐਸ. ਤੇ ਪੀ.ਪੀ.ਐਸ. ਅਫ਼ਸਰ ਵੀ ਸ਼ਾਮਲ ਹਨ। ਰਿਕਾਰਡ ਮੁਤਾਬਕ ਪੀਏਯੂ ਦੇ 122 ਮਾਹਿਰਾਂ ਨੇ ਵਿਦੇਸ਼ਾਂ ਦੇ ਵੀਜ਼ੇ ਦੀ ਸਹੂਲਤ ਲਈ ਹੋਈ ਹੈ। ਇਨ੍ਹਾਂ ਵਿਚ 22 ਪ੍ਰੋਫ਼ੈਸਰ, 38 ਸਹਾਇਕ ਪ੍ਰੋਫ਼ੈਸਰ, 34 ਸਹਾਇਕ ਰਾਈਸ ਬਰੀਡਰ ਤੇ ਤਿੰਨ ਸਹਾਇਕ ਆਰਥਿਕ ਮਾਹਿਰ ਸ਼ਾਮਲ ਹਨ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਮੁਤਾਬਕ ਸ. ਬਾਦਲ ਨੇ ਵਿਜੀਲੈਂਸ ਦੇ ਮੁੱਖ ਡਾਇਰੈਕਟਰ ਸੁਰੇਸ਼ ਅਰੋੜਾ ਨਾਲ ਮੀਟਿੰਗ ਕਰਕੇ ਇਨ੍ਹਾਂ ਮਾਮਲਿਆਂ ਬਾਰੇ ਵਿਚਾਰਾਂ ਕੀਤੀਆਂ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਮੁੱਖ ਸਕੱਤਰ ਐਸ. ਕੇ. ਸੰਧੂ ਤੋਂ ਦੋਹਾਂ ਮਾਮਲਿਆਂ ਦੀ ਮੁੱਢਲੀ ਜਾਂਚ ਕਰਾਈ ਸੀ। ਅਫ਼ਸਰਾਂ ਤੇ ਕਰਮਚਾਰੀਆਂ ਵੱਲੋਂ ਇਮੀਗਰੇਸ਼ਨ ਜਾਂ ਪਰਮਾਨੈਂਟ ਰੈਜ਼ੀਡੈਂਟ ਦਾ ਸਟੇਟਸ ਹਾਸਲ ਕਰਨ ਤੇ ਸ਼ੇਰਵੁੱਡ ਆਫੀਸਰਜ਼ ਸੁਸਾਇਟੀ ਅੰਮ੍ਰਿਤਸਰ ਵਿਰੁੱਧ ਕਰਜ਼ਾ ਵਸੂਲੀ ਟ੍ਰਿਬਿਊਨਲ ਵੱਲੋਂ ਕੀਤੀਆਂ ਸਖ਼ਤ ਟਿੱਪਣੀਆਂ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਜੋ ਵਿਜੀਲੈਂਸ ਵਿਭਾਗ ਦੇ ਪ੍ਰਮੁੱਖ ਸਕੱਤਰ ਵੀ ਹਨ, ਨੂੰ ਇਮੀਗਰੇਸ਼ਨ ਹਾਸਲ ਕਰਨ ਦੇ ਮਾਮਲੇ ਦੀ ਵਿਜੀਲੈਂਸ ਜਾਂਚ ਕਰਵਾਉਣ ਤੇ ਸੂਬਾ ਸਰਕਾਰ ਦੇ ਉਨ੍ਹਾਂ ਸਾਰੇ ਮੁਲਾਜ਼ਮਾਂ ਤੇ ਅਫ਼ਸਰਾਂ ਦੀ ਸ਼ਨਾਖ਼ਤ ਕਰਨ ਦੇ ਨਿਰਦੇਸ਼ ਦਿੱਤੇ ਹਨ ਜਿਨ੍ਹਾਂ ਨੇ ਪੱਕਾ ਰਿਹਾਇਸ਼ੀ ਵੀਜ਼ਾ/ਗਰੀਨ ਕਾਰਡ/ਪਰਵਾਸੀ ਸਟੇਟਸ ਵੱਖ-ਵੱਖ ਦੇਸ਼ਾਂ ਵਿਚ ਪ੍ਰਾਪਤ ਕੀਤਾ ਹੋਇਆ ਹੈ। ਸ. ਬਾਦਲ ਨੇ ਇਸ ਬਾਰੇ ਰਿਪੋਰਟ ਦੋ ਮਹੀਨਿਆਂ ਵਿਚ ਪੇਸ਼ ਕਰਨ ਲਈ ਆਖਿਆ ਹੈ।

ਸਰਕਾਰ ਦਾ ਮੰਨਣਾ ਹੈ ਕਿ ਮੁੱਢਲੇ ਤੌਰ 'ਤੇ ਜੋ ਜਾਣਕਾਰੀ ਇਕੱਤਰ ਕੀਤੀ ਗਈ ਹੈ, ਉਸ ਮੁਤਾਬਕ ਸਰਕਾਰੀ ਮੁਲਾਜ਼ਮਾਂ ਤੇ ਅਫ਼ਸਰਾਂ ਨੇ ਸੇਵਾ ਨਿਯਮਾਂ ਦੇ ਪੱਖ ਤੋਂ ਗੰਭੀਰ ਉਲੰਘਣਾ ਕੀਤੀ ਹੈ। ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ, ਸਮੂਹ ਵਿਭਾਗਾਂ, ਕਾਰਪੋਰੇਸ਼ਨਾਂ, ਬੋਰਡ ਦੇ ਮੁਖੀਆਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਮੁੱਖ ਵਿਜੀਲੈਂਸ ਅਧਿਕਾਰੀ ਨੂੰ ਇਹ ਜਾਂਚ ਮੁਕੰਮਲ ਕਰਵਾਉਣ ਲਈ ਵਿਜੀਲੈਂਸ ਬਿਊਰੋ ਵੱਲੋਂ ਮੰਗੀ ਜਾਣ ਵਾਲੀ ਸੂਚਨਾ ਨਿਰਧਾਰਤ ਸਮੇਂ ਦੇ ਅੰਦਰ ਮੁਹੱਈਆ ਕਰਵਾਈ ਜਾਵੇ। ਮੁੱਖ ਮੰਤਰੀ ਨੇ ਵਿਜੀਲੈਂਸ ਬਿਊਰੋ ਨੂੰ ਸ਼ੇਰਵੁੱਡ ਆਫੀਸਰਜ਼ ਸੁਸਾਇਟੀ ਅੰਮ੍ਰਿਤਸਰ ਦੀ ਜਾਂਚ ਕਰਨ ਦੇ ਹੁਕਮ ਦਿੰਦਿਆਂ, ਸੁਸਾਇਟੀ ਦੀ ਰਜਿਸ਼ਟਰੇਸਨ, ਸੇਵਾਵਾਂ ਤੇ ਜ਼ਾਬਤਾ ਨਿਯਮਾਂ ਦੀ ਉਲਘੰਣਾ, ਗ਼ੈਰ ਸਰਕਾਰੀ ਮੈਂਬਰਾਂ ਤੋਂ ਪੈਸੇ ਇਕੱਠੇ ਕਰਨ ਤੇ ਸਰਕਾਰੀ ਸੇਵਾ ਵਿਚ ਰਹਿੰਦੇ ਹੋਏ ਵਪਾਰਕ ਸਰਗਰਮੀਆਂ ਕਰਨ ਤੇ ਆਪਣੇ ਸਰਕਾਰੀ ਰੁਤਬੇ ਦੀ ਦੁਰਵਰਤੋਂ ਕਰਨ ਬਾਰੇ ਸਾਰੇ ਪੱਖਾਂ ਤੋਂ ਜਾਂਚ ਕਰਨ ਲਈ ਆਖਿਆ ਹੈ। ਸਬੰਧਤ ਵਿਭਾਗਾਂ ਨੂੰ ਜਾਂਚ ਵਿਚ ਸਹਿਯੋਗ ਤੇ ਸਹਾਇਤਾ ਦੇਣ ਦੀ ਹਦਾਇਤ ਦਿੱਤੀ ਹੈ। ਜ਼ਿਕਰਯੋਗ ਹੈ ਕਿ ਡੈਟ ਰਿਕਵਰੀ ਟ੍ਰਿਬਿਊਨਲ ਨੇ ਸੁਸਾਇਟੀ ਦੇ ਬਾਨੀ ਮੈਂਬਰਾਂ ਦੀਆਂ ਸਰਗਰਮੀਆਂ ਉਤੇ ਗੰਭੀਰ ਟਿੱਪਣੀਆਂ ਕੀਤੀਆਂ ਹਨ ਤੇ ਇਨ੍ਹਾਂ ਨੇ ਸੂਬਾ ਸਰਕਾਰ ਨੂੰ ਇਨ੍ਹਾਂ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਆਖਿਆ ਹੈ।

ਸਰਕਾਰ ਦਾ ਦਾਅਵਾ ਹੈ ਕਿ ਅਥਾਰਟੀਜ਼ ਨੂੰ ਪਲਾਟਾਂ ਦੀ ਅਲਾਟਮੈਂਟ ਤੋਂ ਬਿਨ੍ਹਾਂ ਪੈਸੇ ਇਕੱਠੇ ਕਰਨ ਦੀਆਂ ਸ਼ਿਕਾਇਤਾਂ ਵੀ ਪ੍ਰਾਪਤ ਹੋਈਆਂ ਹਨ।

## ਸ਼ਰਾਫਤ ਦਾ ਨਾਜਾਇਜ਼ ਫਾਇਦਾ ਲੈ ਗਏ ਮੁਲਾਜ਼ਮ

**ਚੰਡੀਗੜ੍ਹ**: ਪੰਜਾਬ ਸਰਕਾਰ ਨੇ 12 ਸਾਲ ਪਹਿਲਾਂ ਉਸ ਸਮੇਂ ਦੇ ਹਾਲਾਤ ਮੁਤਾਬਕ ਮੁਲਾਜ਼ਮਾਂ ਦੀ ਬਹੁਤਾਤ ਹੋਣ ਕਾਰਨ ਪੰਜ ਸਾਲਾਂ ਦੀ ਛੁੱਟੀ ਦੇਣ ਦਾ ਫ਼ੈਸਲਾ ਲਿਆ ਸੀ। ਸਾਰੇ ਹੀ ਸਰਕਾਰੀ ਵਿਭਾਗਾਂ ਦੇ ਅਫ਼ਸਰਾਂ ਤੇ ਕਰਮਚਾਰੀਆਂ ਨੇ ਇਸ ਛੁੱਟੀ ਦੀ ਆੜ ਹੇਠ ਗ਼ੈਰਕਾਨੂੰਨੀ ਤੌਰ 'ਤੇ ਵਿਦੇਸ਼ਾਂ ਵਿਚ ਇਮੀਗਰੇਸ਼ਨ, ਗਰੀਨ ਕਾਰਡ ਤੇ ਪੀ.ਆਰ. ਦੀ ਸਹੂਲਤ ਹਾਸਲ ਕੀਤੀ ਹੋਈ ਹੈ। ਪੰਜਾਬ ਸਰਕਾਰ ਵੱਲੋਂ ਇਕ ਮਈ 2002 ਨੂੰ ਜਾਰੀ ਪੱਤਰ ਰਾਹੀਂ ਸਮੂਹ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਪੰਜ ਸਾਲਾ ਸਵੈ ਰੁਜ਼ਗਾਰ ਛੁੱਟੀ ਦੇਣ ਦਾ ਫ਼ੈਸਲਾ ਕਰਦਿਆਂ ਨੌਕਰੀ ਵਿਚ ਕੋਈ ਵਿਘਨ ਨਾ ਪੈਣ ਦੀ ਵੀ ਗਾਰੰਟੀ ਦੇ ਦਿੱਤੀ ਸੀ। ਕੋਈ ਵੀ ਮੁਲਾਜ਼ਮ ਇਕ ਸਾਲ ਦੀ ਸੇਵਾ ਤੋਂ ਬਾਅਦ ਇਸ ਛੁੱਟੀ ਦਾ ਹੱਕਦਾਰ ਹੈ।

ਅਫ਼ਸਰਾਂ ਤੇ ਮੁਲਾਜ਼ਮਾਂ ਨੇ ਇਸ ਤਰ੍ਹਾਂ ਦੀ ਛੁੱਟੀ ਹਾਸਲ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵਿਦੇਸ਼ਾਂ ਵਿਚ ਸੈੱਟ ਕਰ ਦਿੱਤਾ ਜਾਂ ਫਿਰ ਪੰਜਾਬ ਵਿਚ ਕਰੋੜਾਂ ਰੁਪਏ ਦੇ ਬਿਜ਼ਨਸ ਕਾਇਮ ਕਰਕੇ ਮੁੜ ਨੌਕਰੀਆਂ ਜੁਆਇਨ ਕਰ ਲਈਆਂ। ਸਰਕਾਰ ਵੱਲੋਂ ਜਾਰੀ ਇਸ ਪੱਤਰ ਰਾਹੀਂ ਇਸ ਗੱਲ ਦੀ ਗਾਰੰਟੀ ਦਿੱਤੀ ਗਈ ਸੀ ਕਿ ਛੁੱਟੀ ਲੈਣ ਵਾਲੇ ਕਰਮਚਾਰੀ ਜਾਂ ਅਫ਼ਸਰ ਦੀ ਤਰੱਕੀ ਵਿਚ ਕੋਈ ਰੁਕਾਵਟ ਨਹੀਂ ਪਵੇਗੀ। ਇਸ ਤਰ੍ਹਾਂ ਨਾਲ ਛੁੱਟੀ ਲੈ ਕੇ ਮਾਲਾ-ਮਾਲ ਹੋਣ ਵਾਲੇ ਅਫ਼ਸਰਾਂ ਨੇ ਨੌਕਰੀਆਂ ਜੁਆਇਨ ਕਰ ਲਈਆਂ। ਪ੍ਰਸੋਨਲ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਦਾ ਮਕਸਦ ਤਾਂ ਇਹ ਸੀ ਕਿ ਪੰਜ ਸਾਲ ਦੀ ਛੁੱਟੀ ਲੈਣ ਤੋਂ ਬਾਅਦ ਸਬੰਧਤ ਅਫ਼ਸਰ ਸੇਵਾਮੁਕਤੀ ਲੈ ਕੇ ਸਰਕਾਰ ਦੇ ਵਿੱਤੀ ਬੋਝ ਨੂੰ ਘੱਟ ਕਰ ਦੇਵੇਗਾ ਪਰ ਅਜਿਹਾ ਬਹੁਤ ਘੱਟ ਮਾਮਲਿਆਂ ਵਿਚ ਹੋਇਆ।

ਵਿਜੀਲੈਂਸ ਬਿਊਰੋ ਵੱਲੋਂ ਸਾਰੇ ਵਿਭਾਗਾਂ ਤੋਂ ਵਿਦੇਸ਼ ਜਾਣ ਵਾਲੇ ਮੁਲਾਜ਼ਮਾਂ ਬਾਰੇ ਜਾਣਕਾਰੀ ਪਿਛਲੇ ਇਕ ਸਾਲ ਤੋਂ ਮੰਗੀ ਜਾ ਰਹੀ ਹੈ ਪਰ ਕਿਸੇ ਵੀ ਵਿਭਾਗ ਨੇ ਵਿਜੀਲੈਂਸ ਨੂੰ ਇਹ ਜਾਣਕਾਰੀ ਮੁਹੱਈਆ ਨਹੀਂ ਕਰਾਈ। ਅਫ਼ਸਰਾਂ ਤੇ ਮੁਲਾਜ਼ਮਾਂ ਦੀਆਂ ਅਜਿਹੀਆਂ ਗਤੀਵਿਧੀਆਂ ਤੋਂ ਬਾਅਦ ਸਰਕਾਰ ਹਰਕਤ ਵਿਚ ਆਈ ਹੈ। ਸਰਕਾਰ ਵੱਲੋਂ ਹੁਣ ਪੰਜ ਸਾਲਾ ਛੁੱਟੀ ਦੀ ਸਹੂਲਤ ਵਾਪਸ ਲੈਣ ਦਾ ਵੀ ਮਨ ਬਣਾ ਲਿਆ ਗਿਆ ਹੈ।

# ਦਾਦੂਵਾਲ ਵੱਲੋਂ ਹਰਿਆਣਾ ਕਮੇਟੀ ਦੀ ਕਾਰਜਕਾਰਨੀ ਤੋਂ ਅਸਤੀਫ਼ਾ

**ਫ਼ਰੀਦਕੋਟ:** ਅਕਾਲੀ ਸਰਕਾਰ ਦੀਆਂ ਇੱਛਾਵਾਂ ਦੇ ਉਲਟ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਖੁੱਲ੍ਹੀ ਹਮਾਇਤ ਕਰਨ ਵਾਲੇ ਸੰਤ ਬਲਜੀਤ ਸਿਘ ਦਾਦੂਵਾਲ ਨੇ ਕਮੇਟੀ ਦੇ ਕਾਰਜਕਾਰੀ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਤੇ ਨਾਲ ਹੀ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਕਿਸੇ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ ਤੇ ਉਹ ਧਰਮ ਪ੍ਰਚਾਰ ਲਈ ਆਪਣੀ ਮੁਹਿੰਮ ਜਾਰੀ ਰੱਖਣਗੇ। ਆਪਣੇ ਅਸਤੀਫ਼ੇ ਵਿਚ ਉਨ੍ਹਾਂ ਹਰਿਆਣਾ ਕਮੇਟੀ ਦੇ ਮੁੱਖ ਆਗੂ ਜਗਦੀਸ਼ ਸਿੰਘ ਝੀਂਡਾ ਦੇ ਕਾਂਗਰਸ ਦੇ ਹੱਥਾਂ ਵਿਚ ਖੇਡਣ ਦਾ ਦੋਸ਼ ਲਾਇਆ ਹੈ।

ਦੱਸਣਯੋਗ ਹੈ ਕਿ ਬਾਬਾ ਬਲਜੀਤ ਸਿੰਘ ਦਾਦੂਵਾਲ ਪਿਛਲੇ ਕਈ ਦਿਨਾਂ ਤੋਂ ਪੁਲਿਸ ਹਿਰਾਸਤ ਵਿਚ ਹਨ ਤੇ ਉਨ੍ਹਾਂ ਖ਼ਿਲਾਫ਼ ਫਰੀਦਕੋਟ, ਮਾਨਸਾ ਤੇ ਸਮਾਣਾ ਦੀ ਪੁਲਿਸ ਵੱਲੋਂ ਪੁਰਾਣੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਕਰਕੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।

ਪੁਲਿਸ ਹਿਰਾਸਤ ਦੌਰਾਨ ਜਾਂਚ ਏਜੰਸੀਆਂ ਨੇ ਉਨ੍ਹਾਂ ਉਪਰ ਵੱਡੀ ਪੱਧਰ 'ਤੇ ਨਾਜਾਇਜ਼ ਅਸਲਾ ਰੱਖਣ ਵਰਗੇ ਦੋਸ਼ ਵੀ ਲਾਏ ਹਨ ਤੇ ਕੋਈ ਵੀ ਪੰਥਕ ਧਿਰ ਦੋ ਹਫ਼ਤਿਆਂ ਬਾਅਦ ਵੀ ਦਾਦੂਵਾਲ ਦੇ ਹੱਕ ਵਿਚ ਨਹੀਂ ਨਿਤਰੀ ਹੈ। ਇਸੇ ਨੂੰ ਹੀ ਅਸਤੀਫ਼ੇ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਉਧਰ ਬਲਜੀਤ ਸਿੰਘ ਦਾਦੂਵਾਲ ਦੇ ਕਰੀਬੀ ਗੁਰਮੀਤ ਸਿੰਘ ਨੇ ਅਸਤੀਫ਼ੇ ਦੀ ਖ਼ਬਰ ਨੂੰ ਅਫ਼ਵਾਹ ਦੱਸਦਿਆਂ ਕਿਹਾ ਕਿ ਇਹ ਪੰਜਾਬ ਸਰਕਾਰ ਦੀ ਸਾਜ਼ਿਸ਼ ਹੈ ਤੇ ਉਨ੍ਹਾਂ ਤੋਂ ਜ਼ਬਰਦਸਤੀ ਅਸਤੀਫ਼ਾ ਲਿਖਵਾਇਆ ਗਿਆ ਹੈ। ਦਿਲਚਸਪ ਤੱਥ ਇਹ ਹੈ ਕਿ ਦਾਦੂਵਾਲ ਵੱਲੋਂ ਇਹ ਅਸਤੀਫ਼ਾ ਪੁਲਿਸ ਅਧਿਕਾਰੀਆਂ ਨੂੰ ਸੌਂਪਿਆ ਗਿਆ ਹੈ। ਪੁਲਿਸ ਹਿਰਾਸਤ ਵਿਚ ਹੋਣ ਕਾਰਨ ਸੰਤ ਦਾਦੂਵਾਲ ਨਾਲ ਸੰਪਰਕ ਨਹੀਂ ਹੋ ਸਕਿਆ। ਹਰਿਆਣਾ ਕਮੇਟੀ ਦੇ ਮੁਖੀ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਬਾਬਾ ਦਾਦੂਵਾਲ ਦਾ ਅਸਤੀਫ਼ਾ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਾਬਾ ਦਾਦੂਵਾਲ ਨਾਲ ਬਦਸਲੂਕੀ ਕਰ ਰਹੀ ਹੈ ਤੇ ਇਸ ਬਾਰੇ ਉਹ ਪੰਜਾਬ ਦੇ ਗਵਰਨਰ ਨੂੰ ਮਿਲ ਚੁੱਕੇ ਹਨ।

# ਹੁਣ ਪ੍ਰਾਈਵੇਟ ਰਿਐਲਟਰਾਂ ਦੀਆਂ ਪੰਜੇ ਉਂਗਲਾਂ ਘਿਉ ਵਿਚ

**ਚੰਡੀਗੜ੍ਹ:** ਮਾਲੀ ਸੰਕਟ ਵਿਚ ਫਸੀ ਪੰਜਾਬ ਸਰਕਾਰ ਨੂੰ ਜਾਇਦਾਦਾਂ ਗਿਰਵੀ ਰੱਖ ਕੇ ਦੋ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਦਿਵਾਉਣ ਵਾਲੀਆਂ ਸਰਕਾਰੀ ਵਿਕਾਸ ਅਥਾਰਟੀਆਂ ਨੇ ਹੁਣ ਰਿਐਲਟਰਾਂ ਨੂੰ ਤਾਰਨ ਦਾ ਬੀੜਾ ਚੁੱਕਿਆ ਹੈ। ਪੰਜਾਬ ਮੰਤਰੀ ਮੰਡਲ ਦੀ ਬੈਠਕ ਦੌਰਾਨ ਜ਼ਮੀਨ ਵਰਤਣ ਦੀ ਫੀਸ (ਸੀ.ਐਲ.ਯੂ.) ਲਾਇਸੈਂਸ ਫੀਸ ਤੇ ਬਾਹਰੀ ਵਿਕਾਸ ਫੀਸ (ਈ.ਡੀ.ਸੀ.) ਲਈ ਪੁੱਡਾ ਵੱਲੋਂ ਰਿਅਲ ਅਸਟੇਟ ਡਿਵੈਲਪਰਾਂ ਨੂੰ ਮਾਲੀ ਮਦਦ ਦੇਣ ਦੇ ਫੈਸਲੇ 'ਤੇ ਮੋਹਰ ਲਾਈ ਗਈ। ਉਂਜ ਇਹ ਮੰਤਰੀ ਮੰਡਲ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਸੀ ਪਰ ਹਾਊਸਿੰਗ ਵਿਭਾਗ ਦੇ ਕੈਬਨਿਟ ਦੀ ਪ੍ਰਵਾਨਗੀ ਲਈ ਇਸ ਨੂੰ ਪੇਸ਼ ਕਰ ਦਿੱਤਾ ਸੀ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਜਿਨ੍ਹਾਂ ਕੋਲ ਹਾਊਸਿੰਗ ਦਾ ਵਿਭਾਗ ਵੀ ਹੈ, ਨੇ ਮੰਤਰੀ ਮੰਡਲ ਨੂੰ ਦੱਸਿਆ ਕਿ ਘੱਟੋ-ਘੱਟ ਛੇ ਡਿਵੈਲਪਰ ਇਕ ਮੁਹਾਲੀ, ਚਾਰ ਅੰਮ੍ਰਿਤਸਰ ਤੇ ਇਕ ਬਠਿੰਡਾ ਵਿਚ ਈ.ਡੀ.ਸੀ., ਸੀ.ਐਲ.ਯੂ., ਸਮਾਜਕ ਬੁਨਿਆਦੀ ਢਾਂਚਾ ਫੰਡ ਤੇ ਸ਼ਹਿਰੀ ਵਿਕਾਸ ਫੰਡ ਦੇਣ ਦੇ ਅਸਮਰੱਥ ਹਨ। ਇਸ ਲਈ ਸਰਕਾਰ ਨੂੰ ਜ਼ਮੀਨ ਮਾਲਕਾਂ ਦੇ ਭਾਈਵਾਲ ਬਣਨ ਦੀ ਨੀਤੀ ਵਿਚ ਸੋਧ ਕਰਨੀ ਦੀ ਲੋੜ ਹੈ। ਸੋਧੀ




ਗਈ ਨੀਤੀ ਤਹਿਤ ਪੁੱਡਾ, ਏ.ਡੀ.ਏ. ਤੇ ਬੀ.ਡੀ.ਏ. ਡਿਵੈਲਪਰਾਂ ਨੂੰ ਮੁਸੀਬਤ ਵਿਚੋਂ ਕੱਢਣ ਲਈ ਕਰਜ਼ੇ ਦੇ ਸਕਦੇ ਹਨ ਜਾਂ ਚਾਰਜਿਸ ਭਰਨ ਲਈ ਬੈਂਕਾਂ ਤੋਂ ਕਰਜ਼ੇ ਦਿਵਾਉਣ ਦਾ ਪ੍ਰਬੰਧ ਕਰ ਸਕਦੇ ਹਨ।

ਨੀਤੀ ਵਿਚ ਸੋਧ ਦਾ ਇਹ ਤਰਕ ਦਿੱਤਾ ਗਿਆ ਕਿ ਪੁੱਡਾ ਨੇ ਜਦੋਂ ਡਿਵੈਲਪਰਾਂ ਲਈ ਵੱਖ-ਵੱਖ ਬੈਂਕਾਂ ਕੋਲ ਪਹੁੰਚ ਕੀਤੀ ਤਾਂ ਬੈਂਕਾਂ ਨੇ ਇਹ ਕਹਿੰਦਿਆਂ ਕਰਜ਼ਾ ਦੇਣ ਤੋਂ ਇਨਕਾਰ ਕੀਤਾ ਕਿ ਉਹ ਪੁੱਡਾ ਨੂੰ ਛੱਡ ਕੇ ਕਿਸੇ ਹੋਰ ਨੂੰ ਕਰਜ਼ਾ ਨਹੀਂ ਦੇ ਸਕਦੇ। ਨਤੀਜੇ ਵਜੋਂ ਪੰਜਾਬ ਕੈਬਨਿਟ ਨੇ ਉਕਤ ਫੀਸਾਂ ਦਾ ਭੁਗਤਾਨ ਸ਼ਹਿਰੀ ਵਿਕਾਸ ਅਥਾਰਟੀਆਂ ਨੂੰ ਕਰਨ ਦੀ ਪ੍ਰਵਾਨਗੀ ਦੇ ਦਿੱਤੀ।

ਜ਼ਮੀਨ ਮਾਲਕਾਂ ਨੂੰ ਦੁੱਗਣੀ ਕੀਮਤ ਦੀ ਜ਼ਮੀਨ ਗਹਿਣੇ ਰੱਖਣੀ ਪਏਗੀ ਤੇ ਇਸ ਦੀ ਕੀਮਤ ਕੁਲੈਕਟਰ ਰੇਟ ਅਨੁਸਾਰ ਅਥਾਰਟੀਆਂ ਤੋਂ ਮਿਲਣ ਵਾਲੇ ਕਰਜ਼ੇ ਦੀ ਰਕਮ 'ਤੇ 12 ਫੀਸਦੀ ਸਾਲਾਨਾ ਦੀ ਅਦਾਇਗੀ ਕਰਨੀ ਪਏਗੀ।

# ਉਮੀਦਾਂ 'ਤੇ ਖਰਾ ਨਾ ਉਤਰਿਆ 'ਪ੍ਰੋਗਰੈਸਿਵ ਪੰਜਾਬ' ਨਿਵੇਸ਼ ਸੰਮੇਲਨ

## ਸੰਮੇਲਨ ਵਿਚ ਹੋਇਆ ਕੋਈ ਵੀ ਸਮਝੌਤਾ ਸਿਰੇ ਨਾ ਲੱਗਾ




**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਿਛਲੇ ਵਰ੍ਹੇ ਕਰਵਾਇਆ ਗਿਆ 'ਪ੍ਰੋਗਰੈਸਿਵ ਪੰਜਾਬ' ਨਿਵੇਸ਼ ਸੰਮੇਲਨ ਦਾਅਵਿਆਂ ਤੇ ਵਾਅਦਿਆਂ ਤੱਕ ਹੀ ਸੀਮਤ ਰਿਹਾ ਹੈ। ਸਰਕਾਰ ਨੂੰ ਭਾਵੇਂ ਇਸ ਸੰਮੇਲਨ ਵਿਚ ਬੜੇ ਭਰੋਸੇ ਮਿਲੇ ਸਨ ਪਰ ਅਮਲੀ ਰੂਪ ਵਿਚ ਸਰਕਾਰ ਦੀਆਂ ਉਮੀਦਾਂ 'ਤੇ ਕੋਈ ਵੀ ਖਰਾ ਨਾ ਉੱਤਰਿਆ। ਸੂਬਾ ਸਰਕਾਰ ਭਾਵੇਂ ਪ੍ਰਾਜੈਕਟ ਵੱਡੇ ਹੋਣ ਕਾਰਨ ਹੋਰ ਸਮਾਂ ਲੱਗਣ ਦੀ ਗੱਲ ਆਖ ਰਹੀ ਹੈ ਪਰ ਇਸ ਬਾਰੇ ਸੂਚਨਾ ਅਧਿਕਾਰ ਤਹਿਤ ਪ੍ਰਾਪਤ ਹੋਏ ਅੰਕੜੇ ਬੜੀ ਮਾਯੂਸੀ ਭਰੀ ਤਸਵੀਰ ਪੇਸ਼ ਕਰ ਰਹੇ ਹਨ। ਦਸੰਬਰ 2013 ਵਿਚ ਪੰਜਾਬ ਨਿਵੇਸ਼ ਸੰਮੇਲਨ ਤੇ ਫਰਵਰੀ 2014 ਦੀ ਖੇਤੀਬਾੜੀ ਸੰਮੇਲਨ ਬਾਰੇ ਪੰਜਾਬ ਸਰਕਾਰ ਦੇ ਹੀ ਨਿਵੇਸ਼ ਬਿਊਰੋ ਵੱਲੋਂ ਆਰ.ਟੀ.ਆਈ. ਵਿਚ ਦਿੱਤੀ ਜਾਣਕਾਰੀ ਇਹ ਸੰਕੇਤ ਦੇ ਰਹੀ ਹੈ ਕਿ ਸੂਬਾ ਸਰਕਾਰ ਵੱਲੋਂ ਜ਼ੋਰ ਸ਼ੋਰ ਨਾਲ ਕਰਵਾਏ ਨਿਵੇਸ਼ ਸੰਮੇਲਨ ਨੂੰ ਹਾਲੇ ਤੱਕ ਬੂਰ ਨਹੀਂ ਪਿਆ ਹੈ।


ਨਿਵੇਸ਼ ਬਿਊਰੋ ਭਾਗ ਤੋਂ ਆਰ.ਟੀ.ਆਈ. ਰਾਹੀਂ ਮਿਲੇ ਜਵਾਬ ਮੁਤਾਬਕ ਸੰਮੇਲਨ ਦੌਰਾਨ ਕੁੱਲ 131 ਸਮਝੌਤਿਆਂ 'ਤੇ ਦਸਤਖ਼ਤ ਹੋਏ ਸਨ, ਜਿਨ੍ਹਾਂ ਵਿਚੋਂ ਖੇਤੀਬਾੜੀ ਸੰਮੇਲਨ ਨਾਲ ਸਿਰਫ਼ 10 ਜੁੜੇ ਹੋਏ ਸਨ ਤੇ ਸੂਬੇ ਦਾ ਨਿਵੇਸ਼ ਬਿਊਰੋ ਇਨ੍ਹਾਂ 10 ਸਮਝੌਤਿਆਂ ਵਿਚੋਂ ਕਿਸੇ ਦੀ ਵੀ ਸਟੇਟਸ ਰਿਪੋਰਟ ਦੇਣ ਵਿਚ ਅਸਫਲ ਰਿਹਾ ਹੈ, ਜਦਕਿ 131 ਸਮਝੌਤਿਆਂ ਵਿਚੋਂ ਸਿਰਫ਼ 41 ਸਮਝੌਤਿਆਂ ਦੇ ਸਟੇਟਸ ਦਿੱਤੇ ਗਏ ਹਨ ਤੇ ਉਹ ਵੀ ਸਪਸ਼ਟ ਨਹੀਂ ਹਨ ਤੇ ਬਾਕੀ ਦੇ 90 ਸਮਝੌਤਿਆਂ ਦੇ ਭਵਿੱਖ ਬਾਰੇ ਬਿਊਰੋ ਵੱਲੋਂ ਕੁਝ ਨਹੀਂ ਦੱਸਿਆ ਗਿਆ। 41 ਸਮਝੌਤਿਆਂ ਵਿਚੋਂ ਵੀ 22 ਸਮਝੌਤਿਆਂ ਦੀ ਸਟੇਟਸ ਰਿਪੋਰਟ ਵਿਚ 'ਇਨ ਕਮਿਊਨੀਕੇਸ਼ਨ ਵਿਦ ਬਿਊਰੋ' ਤੇ ਬਾਕੀ 20 ਦੇ ਮਾਮਲਿਆਂ ਵਿਚ 'ਕੇਸ ਇਨ ਪ੍ਰੋਸੈੱਸ ਵਿਦ ਬਿਊਰੋ' ਕਿਹਾ ਗਿਆ ਹੈ।

ਰੀਅਲ ਅਸਟੇਟ ਕੰਪਨੀ ਓਮੈਕਸ ਜਿਸ ਨੇ ਹਾਊਸਿੰਗ ਸੈਕਟਰ ਵਿਚ 5350 ਕਰੋੜ ਰੁਪਏ ਦੇ ਨਿਵੇਸ਼ ਦਾ ਪ੍ਰਸਤਾਵ ਰੱਖਿਆ, ਦਾ ਸਟੇਟਸ 'ਕੇਸ ਰਿਸੀਵਿਡ ਐਟ ਬਿਊਰੋ ਐਂਡ ਕਲੋਜ਼ਡ' ਦਿੱਤਾ ਗਿਆ ਹੈ। ਇਸੇ ਤਰ੍ਹਾਂ ਐਗਰੀ ਤੇ ਫੂਡ ਪ੍ਰੋਸੈਸਿੰਗ ਕੰਪਨੀ ਦੇ ਮਾਮਲੇ ਵਿਚ ਜਿਸ ਨੇ 50 ਕਰੋੜ ਰੁਪਏ ਦਾ ਨਿਵੇਸ਼ ਕਰਨ ਦੀ ਇੱਛਾ ਪ੍ਰਗਟਾਈ ਸੀ, ਇਕ ਹੋਰ ਮਾਮਲੇ ਵਿਚ ਸਟੇਟਸ ਦਿੱਤਾ ਗਿਆ ਹੈ 'ਕੇਸ ਰਿਸੀਵਿਡ ਐਟ ਬਿਊਰੋ ਐਂਡ ਵਿਦ ਡਰਾਅਨ' ਦੱਸਿਆ ਗਿਆ ਤੇ ਇਹ ਰਕਮ ਸਿਰਫ਼ 30 ਕਰੋੜ ਰੁਪਏ ਦੀ ਹੈ।

ਰਿਪੋਰਟ ਮੁਤਾਬਕ ਸਰਕਾਰ ਨੇ ਸਿਰਫ਼ ਦੋ ਕੰਪਨੀਆਂ ਦੇ ਮਾਮਲਿਆਂ ਵਿਚ ਜ਼ਮੀਨ ਜਾਰੀ ਕੀਤੇ ਜਾਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੇ ਹੋਏ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਪ੍ਰਦੇਸ਼ ਕਾਂਗਰਸ ਕਮੇਟੀ ਦੇ ਆਰ.ਟੀ.ਆਈ ਸੈੱਲ ਦੇ ਮੁਖੀ ਡਾ. ਜਸਦੀਪਕ ਸਿੰਘ ਨੂੰ ਆਰ.ਟੀ.ਆਈ ਹੇਠ ਮਿਲੇ ਜਵਾਬ ਤੋਂ ਸਪੱਸ਼ਟ ਹੁੰਦਾ ਹੈ ਕਿ ਦਸੰਬਰ 2013 ਦੀ ਪੰਜਾਬ ਇਨਵੈਸਟਰਜ਼ ਸਮਿਟ ਤੇ ਫਰਵਰੀ 2014 ਦੀ ਐਗਰੀਕਲਚਰ ਸਮਿਟ ਇਕ ਧੋਖਾ ਸੀ, ਜਿਸ ਦੇ ਤਹਿਤ ਹੋਇਆ ਕੋਈ ਵੀ ਸਮਝੌਤਾ ਹਾਲੇ ਲਾਗੂ ਨਹੀਂ ਹੋਇਆ। ਇਸ ਬਾਰੇ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕੌਮੀ ਮਾਮਲਿਆਂ ਦੇ ਸਲਾਹਕਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ਼੍ਰੀ ਹਰਚਰਨ ਬੈਂਸ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਵੱਡੇ ਸਮਝੌਤਿਆਂ ਨੂੰ ਸਿਰੇ ਚੜਾਉਣ ਤੇ ਪ੍ਰੋਜੈਕਟ ਸ਼ੁਰੂ ਕਰਨ ਲਈ ਸਮਾਂ ਤਾਂ ਲੱਗਦਾ ਹੀ ਹੈ ਤੇ ਇਸ ਬਾਰੇ ਕਾਰਵਾਈ ਅਮਲ ਵਿਚ ਹੈ। ਉਨ੍ਹਾਂ ਕਿਹਾ ਕਿ ਨਿਵੇਸ਼ ਸੰਮੇਲਨ ਵਿਚ ਹੋਏ ਸਾਰੇ ਸਮਝੌਤੇ ਸਿਰੇ ਚੜ੍ਹਨਗੇ ਪਰ ਵੱਡੇ ਪ੍ਰਾਜੈਕਟ ਹੋਣ ਕਾਰਨ ਥੋੜ੍ਹਾ ਸਮਾਂ ਜ਼ਰੂਰ ਲੱਗ ਸਕਦਾ ਹੈ।

# ਕਾਰਪੋਰੇਸ਼ਨ ਬੈਂਕ ਵੱਲੋਂ ਮੁੱਖ ਸੰਸਦੀ ਸਕੱਤਰ ਸਿੰਗਲਾ ਦੀ ਸੰਪਤੀ ਜ਼ਬਤ

**ਬਠਿੰਡਾ:** ਕਾਰਪੋਰੇਸ਼ਨ ਬੈਂਕ ਲੁਧਿਆਣਾ ਨੇ ਕਰੋੜਾਂ ਰੁਪਏ ਦਾ ਕਰਜ਼ਾ ਨਾ ਮੋੜਨ ਬਾਰੇ ਮੁੱਖ ਸੰਸਦੀ ਸਕੱਤਰ (ਆਬਕਾਰੀ) ਸਰੂਪ ਚੰਦ ਸਿੰਗਲਾ ਤੇ ਉਨ੍ਹਾਂ ਦੇ ਹਿੱਸੇਦਾਰਾਂ ਦੀ ਕਰੋੜਾਂ ਰੁਪਏ ਦੀ ਸੰਪਤੀ ਜ਼ਬਤ ਕਰ ਲਈ ਹੈ। ਮੁਹਾਲੀ ਦੀ ਮੈਸਰਜ਼ ਜ਼ੈਟਰਾ ਟਰੇਡਰਜ਼ ਪ੍ਰਾਈਵੇਟ ਲਿਮਟਿਡ ਵੱਲੋਂ ਕਾਰਪੋਰੇਸ਼ਨ ਬੈਂਕ ਤੋਂ ਚਾਰ ਕਰੋੜ ਰੁਪਏ ਦਾ ਕਰਜ਼ਾ (ਕੈਸ਼ ਕਰੈਡਿਟ ਲਿਮਟ) ਲਿਆ ਗਿਆ ਸੀ। ਇਸ ਕੰਪਨੀ ਨੇ ਗਰੰਟਰ ਵਜੋਂ ਸ੍ਰੀ ਸਿੰਗਲਾ ਤੇ ਉਨ੍ਹਾਂ ਦੇ ਕਰੀਬੀਆਂ ਦੀ 6.91 ਕਰੋੜ ਦੀ ਸੰਪਤੀ ਗਿਰਵੀ ਰੱਖੀ ਸੀ। ਕਾਰਪੋਰੇਸ਼ਨ ਬੈਂਕ ਨੇ ਹੁਣ ਮੈਸਰਜ਼ ਜ਼ੈਟਰਾ ਟਰੇਡਰਜ਼ ਨੂੰ ਡਿਫਾਲਟਰ ਐਲਾਨ ਕੇ ਬਠਿੰਡਾ ਵਿਚਲੀ ਸੰਪਤੀ ਨੂੰ ਸੰਕੇਤਕ ਤੌਰ 'ਤੇ ਜ਼ਬਤ ਕਰ ਲਿਆ ਹੈ।



ਜ਼ੈਟਰਾ ਟਰੇਡਰਜ਼ ਦੇ ਡਾਇਰੈਕਟਰ ਪਰਮਜੀਤ ਸਿੰਘ ਬਰਾੜ ਤੇ ਮਨਦੀਪ ਸਿੰਘ ਭੁੱਲਰ ਹਨ। ਡਾਇਰੈਕਟਰ ਪਰਮਜੀਤ ਸਿੰਘ ਬਰਾੜ ਸ੍ਰੀ ਸਿੰਗਲਾ ਦੇ ਕਾਰੋਬਾਰੀ ਹਿੱਸੇਦਾਰ ਇੰਦਰਜੀਤ ਸਿੰਘ ਬਰਾੜ ਦਾ ਭਰਾ ਹੈ। ਕਾਰਪੋਰੇਸ਼ਨ ਬੈਂਕ ਨੇ ਜ਼ਬਤ ਕੀਤੀ ਸੰਪਤੀ ਨੂੰ ਵੇਚਣ ਲਈ ਤਿਆਰੀ ਵਿੱਢ ਲਈ ਹੈ। ਮੈਸਰਜ਼ ਜ਼ੈਟਰਾ ਟਰੇਡਰਜ਼ ਵੱਲ ਇਸ ਵੇਲੇ 6.22 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਕਾਰਪੋਰੇਸ਼ਨ ਬੈਂਕ ਨੇ ਸਿੰਗਲਾ ਪਰਿਵਾਰ ਤੇ ਹਿੱਸੇਦਾਰਾਂ ਦੀ ਸੰਪਤੀ ਦਾ ਸੰਕੇਤਕ ਕਬਜ਼ਾ ਲੈ ਕੇ ਨੋਟਿਸ 26 ਅਗਸਤ ਨੂੰ ਜਾਰੀ ਕਰ ਦਿੱਤਾ। ਕਾਰਪੋਰੇਸ਼ਨ ਬੈਂਕ ਲੁਧਿਆਣਾ ਦੇ ਮੈਨੇਜਰ ਸੁਧੀਰ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੇ ਕਰਜ਼ਾ ਨਾ ਮੋੜਨ ਕਰਕੇ ਤਿੰਨ ਸੰਪਤੀਆਂ ਦਾ ਕਬਜ਼ਾ ਲਿਆ ਹੈ। ਇਹ ਸੰਪਤੀ ਹੁਣ ਵੇਚੀ ਜਾਵੇਗੀ।

ਮਿਲੇ ਵੇਰਵਿਆਂ ਅਨੁਸਾਰ ਕਾਰਪੋਰੇਸ਼ਨ ਬੈਂਕ ਲੁਧਿਆਣਾ ਨੇ ਪੰਜ ਮਈ 2014 ਨੂੰ ਮੈਸਰਜ਼ ਜ਼ੈਟਰਾ ਨੂੰ ਆਖਰੀ ਨੋਟਿਸ ਜਾਰੀ ਕੀਤਾ ਸੀ ਤੇ 60 ਦਿਨਾਂ ਅੰਦਰ ਕਰਜ਼ਾ ਮੋੜਨ ਦੀ ਹਦਾਇਤ ਕੀਤੀ ਸੀ ਪਰ ਕੰਪਨੀ ਕਰਜ਼ਾ ਨਹੀਂ ਮੋੜ ਸਕੀ। ਇਸ ਪ੍ਰਾਈਵੇਟ ਕੰਪਨੀ ਵੱਲੋਂ ਲਈ ਕੈਸ਼ ਕਰੈਡਿਟ ਲਿਮਟ ਵਿਚ ਸਰੂਪ ਚੰਦ ਸਿੰਗਲਾ, ਉਨ੍ਹਾਂ ਦੇ ਵੱਡੇ ਭਰਾ ਗਿਰਧਾਰੀ ਲਾਲ ਸਿੰਗਲਾ, ਭਤੀਜਾ ਰਾਕੇਸ਼ ਸਿੰਗਲਾ, ਕਾਰੋਬਾਰੀ ਹਿੱਸੇਦਾਰ ਇੰਦਰਜੀਤ ਸਿੰਘ ਬਰਾੜ ਤੇ ਪ੍ਰਿਤਪਾਲ ਸਿੰਘ ਗਰੰਟਰ ਹਨ। ਉਨ੍ਹਾਂ ਨੇ ਆਪਣੀ ਸੰਪਤੀ ਬੈਂਕ ਕੋਲ ਰੱਖੀ ਸੀ। ਬੈਂਕ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਬਠਿੰਡਾ ਵਿਚਲੀਆਂ ਇਨ੍ਹਾਂ ਤਿੰਨ ਸੰਪਤੀਆਂ ਬਾਰੇ ਕੋਈ ਲੈਣ ਦੇਣ ਨਾ ਕਰਨ ਕਿਉਂਕਿ ਇਹ ਸੰਪਤੀਆਂ ਹੁਣ ਬੈਂਕ ਦੇ ਕਬਜ਼ੇ ਹੇਠ ਹਨ। ਇਨ੍ਹਾਂ ਹਿੱਸੇਦਾਰਾਂ ਵੱਲੋਂ ਬੀਬੀ ਵਾਲਾ ਰੋਡ ਵਾਲੇ ਪਲਾਟ ਦੀ ਕੀਮਤ 1.04 ਕਰੋੜ ਰੁਪਏ, ਗਿਆਨੀ ਜ਼ੈਲ ਸਿੰਘ ਕਾਲਜ ਦੇ ਸਾਹਮਣੇ ਵਾਲੇ ਪਲਾਟ ਦੀ ਕੀਮਤ 2.44 ਕਰੋੜ ਰੁਪਏ ਤੇ ਬਰਨਾਲਾ ਬਾਈਪਾਸ ਵਾਲੇ ਪਲਾਟ ਦੀ ਕੀਮਤ 3.43 ਕਰੋੜ ਰੁਪਏ ਦਿਖਾਈ ਗਈ ਹੈ।

ਸਰੂਪ ਚੰਦ ਸਿੰਗਲਾ ਨੇ ਬੈਂਕ ਕੋਲ ਆਪਣੇ ਬੀਬੀ ਵਾਲਾ ਰੋਡ ਸਥਿਤ 300 ਗਜ਼ ਪਲਾਟ ਦੀ ਮਾਰਕੀਟ ਕੀਮਤ 1.04 ਕਰੋੜ ਰੁਪਏ ਦਿਖਾਈ ਹੈ, ਜਦੋਂਕਿ ਉਨ੍ਹਾਂ ਨੇ ਚੋਣ ਕਮਿਸ਼ਨ ਕੋਲ ਸੰਪਤੀ ਦੇ ਦਿੱਤੇ ਹਲਫ਼ੀਆ ਬਿਆਨ ਵਿੱਚ ਪਲਾਟ ਦੀ ਕੀਮਤ 13.50 ਲੱਖ ਰੁਪਏ ਦਿਖਾਈ ਹੈ। ਸੂਤਰਾਂ ਅਨੁਸਾਰ ਭਾਵੇਂ ਬਾਜ਼ਾਰ ਵਿਚ ਕਾਫ਼ੀ ਮੰਦੀ ਹੈ ਪਰ ਸ੍ਰੀ ਸਿੰਗਲਾ ਦੇ ਪਲਾਟ 'ਤੇ ਇਸ ਮੰਦੀ ਦਾ ਕੋਈ ਅਸਰ ਨਹੀਂ ਹੈ।


## ਹੈਲਪਰ ਦੀ ਲੋੜ ਹੈ

ਬੇਕਰਸਫੀਲਡ ਕੈਲੀਫੋਰਨੀਆਂ ਵਿਖੇ
ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ
ਲੇਡੀਜ਼ ਅਤੇ ਪੁਰਸ਼ ਦੀ ਅਤੇ ਸਟੋਰ ਲਈ
ਕੈਸ਼ੀਅਰ ਦੀ ਲੋੜ ਹੈ ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ
661-364-0341


# ਰੂਸ ਤੇ ਚੀਨ ਤੋਂ ਅਮਰੀਕਾ ਨੂੰ ਕੋਈ ਖਤਰਾ ਨਹੀਂ: ਓਬਾਮਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸੰਸਾਰ ਵਿਚ ਮੁਲਕ ਦੀ ਆਗੂ ਵਾਲੀ ਪੁਜ਼ੀਸ਼ਨ ਦੀ ਅਹਿਮੀਅਤ ਉਤੇ ਜ਼ੋਰ ਦਿੰਦਿਆਂ ਕਿਹਾ ਹੈ ਕਿ ਦੁਨੀਆਂ ਨੂੰ ਅਮਰੀਕੀ ਅਗਵਾਈ ਦੀ ਅੱਜ ਜਿੰਨੀ ਲੋੜ ਪਹਿਲਾਂ ਕਦੇ ਵੀ ਨਹੀਂ ਸੀ। ਉਨ੍ਹਾਂ ਨਾਲ ਹੀ ਕਿਹਾ ਕਿ ਅਮਰੀਕਾ ਦੇ ਇਸ ਰੁਤਬੇ ਨੂੰ ਰੂਸ ਜਾਂ ਚੀਨ ਵਰਗੇ ਮੁਲਕਾਂ ਤੋਂ ਕੋਈ ਖਤਰਾ ਨਹੀਂ ਹੈ। ਉਹ ਨਿਊਯਾਰਕ ਵਿਚ ਆਪਣੀ ਡੈਮੋਕਰੇਟਿਕ ਪਾਰਟੀ ਲਈ ਫੰਡ ਜੁਟਾਉਣ ਵਾਸਤੇ ਹੋਏ ਇਕ ਸਮਾਗਮ ਵਿਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ "ਦੁਨੀਆਂ ਹਮੇਸ਼ਾ ਹੀ ਘੜਮੱਸ ਵਾਲੀ ਰਹੀ ਹੈ ਪਰ ਹੁਣ ਸਾਨੂੰ ਇਹ ਘੜਮੱਸ ਸੋਸ਼ਲ ਮੀਡੀਆ ਕਰਕੇ ਜ਼ਿਆਦਾ ਦਿਖਾਈ ਦਿੰਦਾ ਹੈ ਤੇ ਅਸੀਂ ਅੱਜ ਆਮ ਲੋਕਾਂ ਨੂੰ ਪੇਸ਼ ਦੁਖ-ਤਕਲੀਫਾਂ ਬਾਰੇ ਜ਼ਿਆਦਾ ਤਫਸੀਲ ਨਾਲ ਜਾਣ ਸਕਦੇ ਹਾਂ।"



ਉਨ੍ਹਾਂ ਕਿਹਾ ਕਿ "ਚੰਗੀ ਗੱਲ ਹੈ ਕਿ ਦੁਨੀਆਂ ਲਈ ਅਮਰੀਕੀ ਲੀਡਰਸ਼ਿਪ ਦੀ ਅੱਜ ਜਿੰਨੀ ਲੋੜ ਪਹਿਲਾਂ ਕਦੇ ਨਹੀਂ ਸੀ ਤੇ ਇਸ ਦਾ ਇਸ ਬਾਰੇ ਬਾਹਰੋਂ ਕੋਈ ਮੁਕਾਬਲਾ ਨਹੀਂ ਹੈ। ਰੂਸ ਤੇ ਚੀਨ ਤਾਂ ਅਮਰੀਕਾ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚਦੇ। ਉਨ੍ਹਾਂ ਕਿਹਾ ਕਿ "ਸਾਨੂੰ ਤਾਂ ਨਹੀਂ ਪਤਾ, ਪਰ ਲੋਕ ਕਈ ਵਾਰ ਕਹਿੰਦੇ ਹਨ ਕਿ ਚੀਨ ਅੱਗੇ ਵਧ ਰਿਹਾ ਹੈ ਪਰ ਤੁਸੀਂ ਜੇਕਰ ਧਿਆਨ ਨਾਲ ਦੇਖੋ ਤਾਂ ਅਸੀਂ ਉਸ ਤੋਂ ਕਿਤੇ ਅੱਗੇ ਹਾਂ। ਕੁਝ ਲੋਕ ਕਹਿੰਦੇ ਹਨ ਕਿ ਰੂਸ ਇਨ੍ਹੀਂ ਦਿਨੀਂ ਕਾਫੀ ਹਮਲਾਵਰ ਹੋ ਗਿਆ ਹੈ ਪਰ ਜਿਸ ਤਰ੍ਹਾਂ (ਵਿਦੇਸ਼ਾਂ ਤੋਂ) ਲੋਕਾਂ ਦੀਆਂ ਅਮਰੀਕਾ ਆਉਣ ਲਈ ਕਤਾਰਾਂ ਲੱਗੀਆਂ ਹੋਈਆਂ ਹਨ, ਕੀ ਰੂਸ ਲਈ ਵੀ ਹਨ।

ਉਨ੍ਹਾਂ ਮੰਨਿਆ ਕਿ ਮੱਧ ਪੂਰਬੀ ਖਿੱਤਾ ਇਕ ਚੁਣੌਤੀ ਬਣਿਆ ਹੋਇਆ ਹੈ ਪਰ ਇਹ ਚੁਣੌਤੀ ਸਰਦ ਜੰਗ ਜਾਂ ਸੰਸਾਰ ਜੰਗ ਵਰਗੀ ਨਹੀਂ ਹੈ। "ਮੱਧ ਪੂਰਬ ਤੋਂ ਪੇਸ਼ ਚੁਣੌਤੀ ਕੁਝ ਸਮੇਂ ਲਈ ਹੀ ਹੈ। ਸਾਡੇ ਕੋਲ ਆਪਣੀਆਂ ਕਦਰਾਂ-ਕੀਮਤਾਂ, ਸਾਡੀ ਲੀਡਰਸ਼ਿਪ, ਸਾਡੀ ਫੌਜ ਦੀ ਤਾਕਤ ਤੇ ਨਾਲ ਹੀ ਸਫਾਰਤੀ ਤਾਕਤ ਹੈ ਤੇ ਨਾਲ ਹੀ ਸੱਭਿਆਚਾਰ ਦੀ ਅਜਿਹੀ ਤਾਕਤ ਹੈ ਜਿਹੜੀ ਸਾਨੂੰ ਪਹਿਲਾਂ ਵਾਂਗ ਹੀ ਇਸ ਚੁਣੌਤੀ ਭਰੇ ਸਮੇਂ ਵਿਚੋਂ ਵੀ ਕੱਢ ਲੈ ਜਾਵੇਗੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੂਰਬ ਮਨਾਇਆ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਇਲਾਕੇ ਦੀਆਂ ਸੰਗਤਾਂ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਪ੍ਰਕਾਸ਼ ਪੁਰਬ ਸਬੰਧੀ ਸਜੇ ਦੀਵਾਨ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ ਭਾਈ ਅਤਰ ਸਿੰਘ (ਸਾਬਕਾ ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ) ਭਾਈ ਜੋਗਿੰਦਰ ਸਿੰਘ ਦਿੱਲੀ ਵਾਲੇ, ਭਾਈ ਨਿਰਮਲ ਸਿੰਘ ਅਤੇ ਭਾਈ ਅਮਰਜੀਤ ਸਿੰਘ ਰਾਜੂ ਨੇ ਇਲਾਹੀ ਬਾਣੀ ਦਾ ਮਨੋਹਰ ਕੀਰਤਨ ਕਰਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਅਰਦਾਸ ਉਪਰੰਤ ਪਹਿਲੇ ਦਿਨ ਖਾਲਸਾ ਸਕੂਲ ਦੀ ਸ਼ੁਰੂਆਤ ਕੀਤੀ ਗਈ। ਬੱਚਿਆਂ ਨੂੰ ਸਨੈਕਸ, ਜੂਸ ਤੇ ਪੀਜ਼ਾ ਦਿੱਤਾ ਗਿਆ


## Are You Tired Of All Treatments?
Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

Homeopathic natural medicines supply


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**





## ਸ਼ਹੀਦ ਊਧਮ ਸਿੰਘ ਦੀ ਯਾਦ 'ਚ ਸਮਾਗਮ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਨਕ ਇਕਾਈ ਵਲੋਂ ਸ. ਚਰਨ ਸਿੰਘ ਜੱਜ ਦੇ ਉਦਮ ਹੇਠ ਸ਼ਹੀਦ ਊਧਮ ਸਿੰਘ ਦੀ ਯਾਦ 'ਚ ਇਸ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਸਭਾ ਦੇ ਸਕੱਤਰ ਜਸਵੰਤ ਸ਼ੀਮਾਰ ਨੇ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਦਲਬੀਰ ਨਿੱਜਰ, ਹਰਬੰਸ ਜਗਿਆਸੂ, ਚਰਨ ਸਿੰਘ ਜੱਜ, ਸੁਖਵਿੰਦਰ ਕੰਬੋਜ, ਪ੍ਰਗਟ ਸਿੰਘ ਹੁੰਦਲ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਹਾਜ਼ਰ ਕਵੀ ਜਨਾਂ ਨੇ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਕਵਿਤਾ ਅਤੇ ਗੀਤ ਪੇਸ਼ ਕੀਤੇ। ਅੰਮ੍ਰਿਤਪਾਲ ਸਿੰਘ ਗਿੱਲ, ਸੁਖਵਿੰਦਰ ਕੰਬੋਜ, ਜਸਵੰਤ ਸ਼ੀਮਾਰ, ਦਿਲ ਨਿੱਜਰ, ਇੰਦਰਜੀਤ ਗਰੇਵਾਲ, ਜੋਤੀ ਸਿੰਘ, ਜੀਵਨ ਰੱਤੂ, ਗੋਗੀ ਸੰਧੂ, ਕਮਲਦੇਵ ਪਾਲ, ਮਹਿੰਦਰ ਘੱਗ, ਕਮਲ ਬੰਗਾ, ਹਰਬੰਸ ਜਗਿਆਸੂ, ਰਾਠੇਸ਼ਵਰ ਸੂਰਾਪੁਰੀ, ਦਵਿੰਦਰ ਕੌਰ, ਦਲਜੀਤ ਸੂਦ, ਪ੍ਰੋ. ਹਰਪਾਲ ਸਿੰਘ, ਮਾਸਟਰ ਮੁਖਤਿਆਰ ਸਿੰਘ, ਹਰਚਰਨ ਸਿੰਘ, ਸੁਖਦੇਵ ਸਿੰਘ, ਮਹਿੰਦਰਜੀਤ ਬਾਜਵਾ, ਮਨਜੀਤ ਸੇਖੋਂ, ਪਰਮਿੰਦਰ ਰਾਏ, ਧਾਮੀ, ਤਾਰਾ ਸਾਗਰ, ਅਸ਼ੋਕ ਟਾਂਗਰੀ, ਕੁੰਦਨਪਾਲ ਸਮੇਤ ਹੋਰਾਂ ਨੇ ਆਪਣੀਆ ਰਚਨਾਵਾਂ ਪੜ੍ਹੀਆਂ।

# ਸੁਖਬੀਰ ਦੇ ਸੁਪਨਮਈ ਪ੍ਰੋਜੈਕਟ ਨੀਂਹ ਪੱਥਰਾਂ ਹੇਠ ਦੱਬੇ ਰਹਿ ਗਏ

## ਪੌਡ ਪ੍ਰਣਾਲੀ ਸਣੇ ਕਈ ਯੋਜਨਾਵਾਂ ਬਾਰੇ ਸਰਕਾਰ ਚੁੱਪ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਗੁਰੂ ਨਗਰੀ ਵਿਚ ਰੱਖੇ ਗਏ ਜ਼ਿਆਦਾਤਰ ਪ੍ਰੋਜੈਕਟਾਂ ਦੇ ਨੀਂਹ ਪੱਥਰ ਹਵਾ ਵਿਚ ਹੀ ਲਟਕ ਰਹੇ ਹਨ। ਸ਼ਹਿਰ ਵਿਚ ਆਧੁਨਿਕ ਖੇਡ ਕੰਪਲੈਕਸ ਸਥਾਪਤ ਕਰਨ, ਫੂਡ ਸਟਰੀਟ ਸਥਾਪਤ ਕਰਨ ਤੇ ਸ਼ਹਿਰ ਵਿਚ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਯੋਜਨਾ ਬਾਰੇ ਸਰਕਾਰ ਨੇ ਚੁੱਪ ਧਾਰ ਲਈ ਹੈ।

ਇਸ ਤੋਂ ਇਲਾਵਾ ਸ਼ਹਿਰ ਵਿਚ ਆਉਣ ਵਾਲੇ ਯਾਤਰੂਆਂ ਤੇ ਸ਼ਰਧਾਲੂਆਂ ਨੂੰ ਰੇਲਵੇ ਸਟੇਸ਼ਨ ਤੇ ਬੱਸ ਅੱਡੇ ਤੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਲਿਆਉਣ ਤੇ ਛੱਡਣ ਲਈ ਸਥਾਪਤ ਕੀਤੇ ਜਾਣ ਵਾਲੀ ਪ੍ਰਸਤਾਵਿਤ ਪੌਡ ਪ੍ਰਣਾਲੀ ਯੋਜਨਾ ਤਕਰੀਬਨ ਖਤਮ ਹੋਣ ਕੰਢੇ ਹੈ। ਇਸ ਯੋਜਨਾ ਦਾ ਨੀਂਹ ਪੱਥਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਨਵੰਬਰ 2011 ਵਿਚ ਬੜੀ ਸ਼ਾਨੋ ਸ਼ੌਕਤ ਨਾਲ ਰੱਖਿਆ ਗਿਆ ਸੀ।

ਇਸ ਯੋਜਨਾ ਤਹਿਤ ਲੰਡਨ ਦੇ ਹੀਥਰੋ ਹਵਾਈ ਅੱਡੇ ਵਾਂਗ ਅੰਮ੍ਰਿਤਸਰ ਵਿਖੇ ਵੀ ਚੁੰਬਕੀ ਪੌਡ ਚਲਾਉਣ ਦੀ ਯੋਜਨਾ ਸੀ, ਜੋ ਰੇਲਵੇ ਸਟੇਸ਼ਨ



ਤੇ ਬੱਸ ਅੱਡੇ ਤੋਂ 20 ਫੁੱਟ ਦੀ ਉਚਾਈ 'ਤੇ ਥੰਮਾਂ ਉਪਰ ਚੱਲਣੇ ਸਨ। ਯੋਜਨਾ ਤਹਿਤ ਥੰਮਾਂ ਦੀ ਉਸਾਰੀ ਕਰਨ ਤੇ ਲੋੜੀਂਦੇ ਢਾਂਚੇ ਦੀ ਸਥਾਪਤੀ ਲਈ ਇਕੋ-ਇਕ ਕੰਪਨੀ ਵੱਲੋਂ ਟੈਂਡਰ ਭਰੇ ਗਏ ਸਨ। ਇਸ ਕੰਪਨੀ ਨੂੰ ਸਰਕਾਰ ਵੱਲੋਂ ਕੋਈ ਹੁੰਗਾਰਾ ਨਾ ਮਿਲਣ ਕਾਰਨ ਉਸ ਨੇ ਇਹ ਟੈਂਡਰ ਵਾਪਸ ਲੈ ਲਏ ਹਨ, ਜਿਸ ਤੋਂ ਸਪੱਸ਼ਟ ਹੈ ਕਿ ਸਰਕਾਰ ਦਾ ਹੁਣ ਪੌਡ ਪ੍ਰਣਾਲੀ ਨੂੰ ਚਲਾਉਣ ਦਾ ਕੋਈ ਇਰਾਦਾ ਨਹੀਂ ਹੈ।

ਸਰਕਾਰ ਵੱਲੋਂ ਬੱਸ ਰੈਪਿਡ ਟਰਾਂਸਪੋਰਟ ਪ੍ਰਣਾਲੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਲਈ ਸ਼ਹਿਰ ਵਿਚ ਦਰੱਖ਼ਤਾਂ ਦੀ ਕਟਾਈ ਕਰਕੇ ਵਿਸ਼ੇਸ਼ ਸੜਕ ਉਸਾਰੀ ਜਾ ਰਹੀ ਹੈ। ਪੌਡ ਪ੍ਰਣਾਲੀ ਯੋਜਨਾ ਬਾਰੇ ਜਦੋਂ ਸਬੰਧਤ ਵਿਭਾਗਾਂ ਦੇ ਕੁਝ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਫਿਲਹਾਲ ਇਹ ਯੋਜਨਾ ਠੰਢੇ ਬਸਤੇ ਵਿਚ ਹੈ ਤੇ ਸਰਕਾਰ ਵੱਲੋਂ ਇਸ ਦੀ ਉਸਾਰੀ ਬਾਰੇ ਕੋਈ ਹਰੀ ਝੰਡੀ ਨਹੀਂ ਮਿਲੀ ਹੈ। ਇਨ੍ਹਾਂ ਵਿਭਾਗਾਂ ਵਿਚ ਪੰਜਾਬ ਮੁੱਢਲਾ ਢਾਂਚਾ ਵਿਕਾਸ ਬੋਰਡ ਤੇ ਪੰਜਾਬ ਮਿਊਂਸਪਲ ਮੁੱਢਲਾ ਢਾਂਚਾ ਵਿਕਾਸ ਕੰਪਨੀ ਸ਼ਾਮਲ ਹੈ।

ਇਸ ਬਾਰੇ ਮੁੱਢਲਾ ਢਾਂਚਾ ਸਥਾਪਤ ਕਰਨ ਲਈ ਅਲਟਰਾ ਫੇਅਰ ਵੂਡ ਪ੍ਰਾਈਵੇਟ ਕੰਪਨੀ ਵੱਲੋਂ ਦੋ ਵਾਰ ਟੈਂਡਰ ਭਰੇ ਗਏ ਹਨ ਤੇ ਦੋਵੇਂ ਵਾਰ ਹੀ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ।

ਇਹ ਯੋਜਨਾ ਤਕਰੀਬਨ 198 ਕਰੋੜ ਰੁਪਏ ਦੀ ਸੀ, ਜਿਸ ਤਹਿਤ ਬੀ.ਓ.ਟੀ. ਆਧਾਰ 'ਤੇ ਇਸ ਪ੍ਰਸਾਵਿਤ ਯੋਜਨਾ ਨੂੰ ਅਮਲ ਵਿਚ ਲਿਆਂਦਾ ਜਾਣਾ ਸੀ। ਜਦੋਂ ਯੋਜਨਾ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਤਾਂ ਉਸ ਵੇਲੇ ਸਥਾਨਕ ਹਾਲ ਬਾਜ਼ਾਰ ਦੇ ਵਪਾਰੀਆਂ ਨੇ ਕਾਫੀ ਰੌਲਾ ਰੱਪਾ ਪਾਇਆ ਸੀ ਤੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਦਾ ਵਪਾਰ ਪ੍ਰਭਾਵਿਤ ਹੋਵੇਗਾ, ਜਿਸ ਕਾਰਨ ਸਰਕਾਰ ਵੱਲੋਂ ਇਸ ਦਾ ਰੂਟ ਬਦਲ ਦਿੱਤਾ ਗਿਆ ਸੀ ਪਰ ਪਿਛਲੇ ਦੋ ਸਾਲਾਂ ਤੋਂ ਇਸ ਯੋਜਨਾ ਉਤੇ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ ਹੈ।

ਸ਼ਹਿਰ ਵਿਚ ਆਧੁਨਿਕ ਖੇਡ ਕੰਪਲੈਕਸ ਸਥਾਪਤ ਕਰਨ, ਫੂਡ ਸਟਰੀਟ ਸਥਾਪਤ ਕਰਨ ਤੇ ਸ਼ਹਿਰ ਵਿਚ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੀ ਯੋਜਨਾ ਵੀ ਹੁਣ ਤੱਕ ਹਵਾ ਵਿਚ ਲਟਕ ਰਹੀ ਹੈ।

## ਤਸਕਰੀ ਕੇਸ ਵਿਚ ਜੋਗਿੰਦਰਪਾਲ ਜੈਨ ਹਾਈ ਕੋਰਟ ਵਿਚੋਂ ਵੀ ਬਰੀ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਅਕਾਲੀ ਦਲ ਦੇ ਮੋਗਾ ਤੋਂ ਵਿਧਾਇਕ ਜੋਗਿੰਦਰ ਪਾਲ ਜੈਨ 'ਤੇ 16 ਲੱਖ ਦੀ ਵਿਦੇਸ਼ੀ ਕਰੰਸੀ ਦੀ ਤਸਕਰੀ ਦੇ ਮਾਮਲੇ ਵਿਚ 2006 ਵਿਚ ਟਰਾਇਲ ਕੋਰਟ ਵੱਲੋਂ ਦੋਸ਼ਮੁਕਤ ਕਰਨ ਦੇ ਸੁਣਾਏ ਫੈਸਲੇ ਨੂੰ ਬਰਕਰਾਰ ਰੱਖਿਆ ਹੈ।

ਜਸਟਿਸ ਐਸ. ਮੁਰਲੀਧਰ ਨੇ 23 ਸਫ਼ਿਆਂ ਦੇ ਫੈਸਲੇ ਵਿਚ ਕਿਹਾ ਕਿ ਕਸਟਮ ਵਿਭਾਗ ਜੈਨ 'ਤੇ ਲੱਗੇ ਦੋਸ਼ਾਂ ਨੂੰ ਸਾਬਤ ਕਰਨ ਵਿਚ ਨਾਕਾਮ ਰਿਹਾ ਹੈ ਜਿਸ ਕਰਕੇ ਸਰਕਾਰ ਵੱਲੋਂ ਪਾਈ ਇਹ ਅਪੀਲ ਖਾਰਜ ਕੀਤੀ ਜਾਂਦੀ ਹੈ। ਫੈਸਲੇ ਵਿਚ ਜੱਜ ਨੇ ਕਿਹਾ ਕਿ ਇਸ ਕੇਸ ਵਿਚ ਕਈ ਅਜਿਹੇ ਤੱਥ ਤੇ ਸੁਆਲ ਹਨ, ਜਿਨ੍ਹਾਂ ਬਾਰੇ ਕੁਝ ਵੀ ਸਪਸ਼ਟ ਨਹੀਂ। ਲਿਹਾਜ਼ਾ ਕੋਰਟ ਇਸੇ ਆਧਾਰ 'ਤੇ ਹੇਠਲੀ ਅਦਾਲਤ (ਟਰਾਇਲ ਕੋਰਟ) ਵੱਲੋਂ ਦਿੱਤੇ ਤਰਕ ਤੇ ਨਤੀਜੇ ਨਾਲ ਸਹਿਮਤ ਹੈ।

ਗੌਰਤਲਬ ਹੈ ਕਿ ਮੋਗਾ ਤੋਂ ਵਿਧਾਇਕ ਜੋਗਿੰਦਰਪਾਲ ਜੈਨ ਨੂੰ ਜੋ ਉਦੋਂ ਕਾਰੋਬਾਰੀ ਸਨ, ਨੂੰ ਜਨਵਰੀ 1988 ਵਿਚ ਵਿਦੇਸ਼ੀ ਕਰੰਸੀ ਦੀ ਤਸਕਰੀ ਮਾਮਲੇ ਵਿਚ ਦਿੱਲੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਜੈਨ ਨੇ ਉਦੋਂ ਕਿਹਾ ਸੀ ਕਿ ਜਿਸ ਸਾਮਾਨ ਵਿਚੋਂ ਕਰੰਸੀ ਮਿਲੀ ਹੈ, ਉਹ ਅਸਲ ਵਿਚ ਉਸ ਦੇ ਸਾਥੀ ਮਨੋਹਰ ਲਾਲ ਗਰੋਵਰ ਦਾ ਸੀ ਜੋ ਉਸ ਨਾਲ ਦਿੱਲੀ ਤੋਂ ਹਾਂਗਕਾਂਗ ਜਾ ਰਿਹਾ ਸੀ।

ਉਦੋਂ ਜੈਨ ਨੂੰ ਜਾਅਲੀ ਪਾਸਪੋਰਟ 'ਤੇ ਸਫ਼ਰ ਕਰਨ ਦਾ ਦੋਸ਼ੀ ਪਾਇਆ ਗਿਆ ਸੀ ਜਿਸ ਲਈ ਉਸ ਨੂੰ ਸਜ਼ਾ ਵੀ ਹੋਈ ਸੀ, ਪਰ ਜੁਰਮ ਕਬੂਲਣ ਕਰਕੇ ਉਸ ਨੂੰ ਪ੍ਰੋਬੇਸ਼ਨ 'ਤੇ ਛੱਡ ਦਿੱਤਾ ਗਿਆ ਸੀ।

## 'ਮ੍ਰਿਤਕ' ਆਸ਼ੂਤੋਸ਼ ਨੂੰ ਜ਼ੈੱਡ ਸੁਰੱਖਿਆ!

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਆਸ਼ੂਤੋਸ਼ ਮਹਾਰਾਜ ਜਿਸ ਨੂੰ ਸੱਤ ਮਹੀਨੇ ਪਹਿਲਾਂ ਮ੍ਰਿਤ ਐਲਾਨ ਦਿੱਤਾ ਗਿਆ ਸੀ, ਨੂੰ ਅਜੇ ਵੀ ਜ਼ੈੱਡ ਸੁਰੱਖਿਆ ਦਿੱਤੀ ਹੋਈ ਹੈ। ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਧਿਆਨ ਵਿਚ ਲਿਆਂਦਾ ਗਿਆ ਹੈ। ਬਾਬੇ ਦੀ ਮ੍ਰਿਤ ਦੇਹ ਤੋਂ ਸੁਰੱਖਿਆ ਕਵਰ ਹਟਾਉਣ ਲਈ ਪਾਈ ਗਈ ਜਨਹਿਤ ਪਟੀਸ਼ਨ 'ਤੇ ਸੁਣਵਾਈ ਤੋਂ ਬਾਅਦ ਹਾਈ ਕੋਰਟ ਦੇ ਇਕ ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਤੇ ਹੋਰਨਾਂ ਧਿਰਾਂ ਨੂੰ 11 ਸਤੰਬਰ ਲਈ ਨੋਟਿਸ ਜਾਰੀ ਕੀਤੇ ਗਏ ਹਨ।

ਸਰਕਾਰ ਵੱਲੋਂ ਐਡੀਸ਼ਨਲ ਐਡਵੋਕੇਟ ਜਨਰਲ ਮੁਨੀਸ਼ਾ ਗਾਂਧੀ ਨੇ ਨੋਟਿਸ ਹਾਸਲ ਕੀਤਾ। ਕਾਰਜਕਾਰੀ ਚੀਫ ਜਸਟਿਸ ਆਸ਼ੂਤੋਸ਼ ਮੋਹਿਤਾ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ 'ਤੇ ਆਧਾਰਤ ਡਿਵੀਜ਼ਨ ਬੈਂਚ ਕੋਲ ਪੇਸ਼ ਕੀਤੀ ਆਪਣੀ ਪਟੀਸ਼ਨ ਵਿਚ ਦਿਲਬਾਗ ਸਿੰਘ ਨੇ ਜ਼ਿਕਰ ਕੀਤਾ ਸੀ ਕਿ ਦਿਵਿਆ ਜਯੋਤੀ ਜਾਗ੍ਰਿਤੀ ਸੰਗਠਨ ਨੂਰਮਹਿਲ ਦੇ ਮੁਖੀ ਆਸ਼ੂਤੋਸ਼ ਮਹਾਰਾਜ ਨੂੰ ਸਰੀਰਕ ਤੌਰ 'ਤੇ ਮ੍ਰਿਤ ਐਲਾਨਿਆ ਸੱਤ ਮਹੀਨੇ ਹੋ ਚੁੱਕੇ ਹਨ ਪਰ ਉਸ ਨੂੰ ਅਜੇ ਵੀ ਜ਼ੈੱਡ ਸੁਰੱਖਿਆ ਮਿਲੀ ਹੋਈ ਹੈ। ਪਟੀਸ਼ਨਰ ਦੇ ਵਕੀਲ ਨੇ ਬੇਨਤੀ ਕੀਤੀ ਕਿ ਸੂਬਾ ਸਰਕਾਰ ਨੂੰ ਇਹ ਸੁਰੱਖਿਆ ਕਵਰ ਵਾਪਸ ਲੈਣ ਦੀ ਹਦਾਇਤ ਕੀਤੀ ਜਾਵੇ।



ਇਸ ਤੋਂ ਪਹਿਲਾਂ ਹਾਈ ਕੋਰਟ ਦੇ ਜਸਟਿਸ ਕੇ. ਕਾਨਨ ਦੇ ਇਕਹਿਰੇ ਬੈਂਚ ਨੇ ਆਸ਼ੂਤੋਸ਼ ਮਹਾਰਾਜ ਦੀ ਮ੍ਰਿਤ ਦੇਹ ਨੂੰ ਫਰੀਜ਼ਰ ਵਿਚ ਰੱਖੇ ਜਾਣ 'ਤੇ ਪੰਜਾਬ ਸਰਕਾਰ ਦੀ ਖਿਚਾਈ ਕਰਦਿਆਂ ਇਸ ਨੂੰ ਸ਼ਰਮਨਾਕ ਵਾਕਿਆ ਕਰਾਰ ਦਿੱਤਾ ਸੀ।

ਦਲੀਪ ਕੁਮਾਰ ਝਾਅ ਜੋ ਆਪਣੇ ਆਪ ਨੂੰ ਆਸ਼ੂਤੋਸ਼ ਮਹਾਰਾਜ ਦਾ ਪੁੱਤਰ ਦੱਸਦਾ ਹੈ, ਵੱਲੋਂ ਆਪਣੇ ਪਿਤਾ ਦੀ ਮ੍ਰਿਤਕ ਦੇਹ ਦੀਆਂ ਅੰਤਿਮ ਰਸਮਾਂ ਨਿਭਾਉਣ ਦੀ ਆਗਿਆ ਲਈ ਪਟੀਸ਼ਨ ਦਾਇਰ ਕੀਤੀ ਗਈ ਸੀ। ਅਦਾਲਤ ਨੇ ਆਖਿਆ ਸੀ ਕਿ ਆਸ਼ੂਤੋਸ਼ ਦੇ ਸਮਾਧੀ ਵਿਚ ਲੀਨ ਹੋਣ ਦੀ ਗੱਲ ਵਿਅਰਥ ਹੈ ਤੇ ਲਾਸ਼ ਨੂੰ ਇਵੇਂ ਨਹੀਂ ਰੱਖਿਆ ਜਾ ਸਕਦਾ। ਜੱਜ ਨੇ ਕਿਹਾ ਕਿ ਪੰਜਾਬ ਨੇ ਇਸ ਮਾਮਲੇ ਵਿਚ ਆਪਣੀ ਨਾਕਾਮੀ ਸਿੱਧ ਕੀਤੀ ਹੈ।

# ਪੰਜਾਬ ਦੀਆਂ ਜੇਲ੍ਹਾਂ ਨੂੰ ਉਧਾਰ ਮਿਲਣਾ ਹੋਇਆ ਬੰਦ

## ਕਰੋੜਾਂ ਰੁਪਏ ਦੀਆਂ ਦੇਣਦਾਰੀਆਂ ਅੜੀਆਂ

**ਬਠਿੰਡਾ:** ਪੰਜਾਬ ਦੀਆਂ ਜੇਲ੍ਹਾਂ ਨੂੰ ਉਧਾਰ ਮਿਲਣਾ ਬੰਦ ਹੋ ਗਿਆ ਹੈ ਕਿਉਂਕਿ ਜੇਲ੍ਹ ਪ੍ਰਬੰਧਕਾਂ ਨੇ ਫਰਮਾਂ ਤੋਂ ਸਾਮਾਨ ਤਾਂ ਖਰੀਦ ਲਿਆ ਪਰ ਅਦਾਇਗੀ ਕੀਤੀ ਨਹੀਂ। ਜੇਲ੍ਹ ਪ੍ਰਬੰਧਕ ਸਰਕਾਰ ਨੂੰ ਪੱਤਰ ਭੇਜ ਕੇ ਥੱਕ ਗਏ ਹਨ ਪਰ ਸਰਕਾਰ ਨੇ ਬਕਾਏ ਤਾਰਨ ਵਾਸਤੇ ਕੋਈ ਪੈਸਾ ਨਹੀਂ ਦਿੱਤਾ ਹੈ। ਇਸ ਕਾਰਨ ਜੇਲ੍ਹਾਂ ਸਿਰ ਕਰੋੜਾਂ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ ਤੇ ਹੁਣ ਕਈ ਜੇਲ੍ਹਾਂ ਨੂੰ ਤਾਂ ਕੋਈ ਉਧਾਰ ਸਾਮਾਨ ਦੇਣ ਨੂੰ ਵੀ ਤਿਆਰ ਨਹੀਂ ਹੈ। ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਵੇਰਵਿਆਂ ਮੁਤਾਬਕ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਨੂੰ ਹੁਣ ਫਰਮਾਂ ਨੇ ਉਧਾਰ ਸਾਮਾਨ ਦੇਣ ਤੋਂ ਟਾਲਮਟੋਲ ਸ਼ੁਰੂ ਕਰ ਦਿੱਤੀ ਹੈ।

ਨਾਭਾ ਦੀ ਰਜਿੰਦਰਾ ਗੈਸ ਏਜੰਸੀ ਨੇ ਤਾਂ ਉਧਾਰ ਦੇਣ ਤੋਂ ਟਾਲਾ ਵੱਟ ਲਿਆ ਹੈ। ਇਸ ਜੇਲ੍ਹ ਨੇ ਤਕਰੀਬਨ 63 ਲੱਖ ਰੁਪਏ ਦਾ ਉਧਾਰ ਸਾਮਾਨ ਚੁੱਕਿਆ ਹੋਇਆ ਹੈ ਤੇ ਤਕਰੀਬਨ 2011 ਤੋਂ ਕਈ ਫਰਮਾਂ ਦੇ ਬਕਾਏ ਦੇਣੇ ਹਨ। ਇਸ ਜੇਲ੍ਹ ਨੇ ਗੈਸ ਏਜੰਸੀਆਂ ਤੋਂ 7.07 ਲੱਖ ਰੁਪਏ ਦੀ ਗੈਸ ਉਧਾਰੀ ਲੈ ਕੇ ਵਰਤ ਲਈ ਹੈ ਪਰ ਜੇਲ੍ਹ ਪ੍ਰਬੰਧਕਾਂ ਕੋਲ ਬਜਟ ਨਹੀਂ ਹੈ। ਢਾਈ ਲੱਖ ਰੁਪਏ ਲੋਕਲ ਦੁਕਾਨਦਾਰਾਂ ਦੇ ਦੇਣੇ ਹਨ।

ਨਵੀਂ ਜੇਲ੍ਹ ਨੇ ਖੁੱਲ੍ਹੀ ਜੇਲ੍ਹ ਨਾਭਾ ਦੇ 36.90 ਲੱਖ ਰੁਪਏ ਤੇ ਕੇਂਦਰੀ ਜੇਲ੍ਹ ਪਟਿਆਲਾ ਦੇ 17.48 ਲੱਖ ਰੁਪਏ ਦੇਣੇ ਹਨ। ਨਾਭਾ ਦੀ ਖੁੱਲ੍ਹੀ ਖੇਤੀਬਾੜੀ ਜੇਲ੍ਹ ਨੇ 15 ਫਰਮਾਂ ਦੇ 23.24 ਲੱਖ ਰੁਪਏ ਦੇ ਬਕਾਏ ਦੇਣੇ ਹਨ। ਖੁੱਲ੍ਹੀ ਖੇਤੀਬਾੜੀ ਜੇਲ੍ਹ ਤੋਂ ਬੋੜਾ ਕਲਾਂ ਦੇ ਸਤਨਾਮ ਸਿੰਘ ਤੇ ਮਨਜੀਤ ਸਿੰਘ ਨੇ 4.44 ਲੱਖ ਰੁਪਏ ਲੈਣੇ ਹਨ ਤੇ ਇਸੇ ਤਰ੍ਹਾਂ ਪਾਲ ਖਾਦ ਸਟੋਰ ਦੇ 1.80 ਲੱਖ ਰੁਪਏ ਦੇ ਬਕਾਏ ਖੜ੍ਹੇ ਹਨ। ਜੁਨੇਜਾ ਪੈਟਰੋਲ ਪੰਪ ਬੋੜਾ ਕਲਾਂ ਨੇ ਵੀ ਇਸ ਜੇਲ੍ਹ ਤੋਂ 1.12 ਲੱਖ ਰੁਪਏ ਦੇ ਬਕਾਏ ਲੈਣੇ ਹਨ। ਇਸ ਜੇਲ੍ਹ ਦੇ ਪ੍ਰਬੰਧਕਾਂ ਵੱਲੋਂ 16 ਜੂਨ 2013 ਤੋਂ ਹੁਣ ਤੱਕ ਅੱਧੀ ਦਰਜਨ ਪੱਤਰ ਡੀ.ਜੀ.ਪੀ (ਜੇਲ੍ਹਾਂ) ਨੂੰ ਭੇਜੇ ਗਏ ਹਨ ਪਰ ਕੋਈ ਪੈਸਾ ਨਹੀਂ ਮਿਲਿਆ ਹੈ। ਸਭ ਤੋਂ ਵੱਡੀ ਦੇਣਦਾਰੀ ਕੇਂਦਰੀ ਜੇਲ੍ਹ ਅੰਮ੍ਰਿਤਸਰ ਦੀ ਹੈ ਜਿਸ ਨੇ ਤਕਰੀਬਨ 35 ਫਰਮਾਂ ਦੇ 2.41 ਕਰੋੜ ਰੁਪਏ ਦੇਣੇ ਹਨ, ਜਿਸ ਵਿਚ 12 ਮੈਡੀਕਲ ਫਰਮਾਂ ਦੇ 27.74 ਲੱਖ ਰੁਪਏ ਸ਼ਾਮਲ ਹਨ।

ਸੂਤਰਾਂ ਨੇ ਦੱਸਿਆ ਕਿ ਪੁਰਾਣੇ ਬਕਾਏ ਕਲੀਅਰ ਨਾ ਕੀਤੇ ਜਾਣ ਕਰਕੇ ਕਈ ਫਰਮਾਂ ਨੇ ਜੇਲ੍ਹ ਨੂੰ ਹੋਰ ਸਾਮਾਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਧੂਰੀ ਦੀ ਫਰਮ ਅਮਰ ਟਰੇਡਰਜ਼ ਦੀ 68,800 ਰੁਪਏ ਦੀ ਰਕਮ ਤੇ ਲੁਧਿਆਣਾ ਦੀ ਖੱਪਲ ਇੰਡਸਟਰੀਜ਼ ਦੇ 1.35 ਲੱਖ ਰੁਪਏ ਦੀ ਅਦਾਇਗੀ ਦੋ ਵਰ੍ਹਿਆਂ ਤੋਂ ਨਹੀਂ ਕੀਤੀ ਗਈ ਹੈ। ਲੋਕਲ ਦੁਕਾਨਦਾਰਾਂ ਦੇ 1.20 ਲੱਖ ਰੁਪਏ ਦੇ ਬਕਾਏ ਵੀ ਖੜ੍ਹੇ ਹਨ। ਬਠਿੰਡਾ ਜੇਲ੍ਹ ਨੇ ਤਾਂ ਥੋੜ੍ਹਾ ਸਮਾਂ ਪਹਿਲਾਂ ਹੀ ਬਕਾਏ ਕਲੀਅਰ ਕੀਤੇ ਹਨ। ਜੇਲ੍ਹ ਦੇ ਡਿਪਟੀ ਸੁਪਰਡੈਂਟ ਮਨਜੀਤ ਸਿੰਘ ਨੇ ਦੱਸਿਆ ਕਿ ਹੁਣ ਸਾਰੇ ਬਕਾਏ ਦੇ ਦਿੱਤੇ ਗਏ ਹਨ ਤੇ ਕੋਈ ਦੇਣਦਾਰੀ ਨਹੀਂ ਹੈ।

ਸਰਕਾਰ ਦੀ ਮਾਲੀ ਹਾਲਤ ਪਤਲੀ ਹੋਣ ਕਰਕੇ ਕੈਦੀਆਂ ਦੀ ਕਿਰਤ ਕਮਾਈ ਦੀ ਅਦਾਇਗੀ ਵੀ ਨਹੀਂ ਹੋ ਸਕੀ ਹੈ। ਪੈਸਕੋ ਦੇ ਮੁਲਾਜ਼ਮਾਂ ਨੂੰ ਵੀ 26.14 ਲੱਖ ਰੁਪਏ ਦੀ ਤਨਖਾਹ ਦੀ ਅਦਾਇਗੀ ਨਹੀਂ ਕੀਤੀ ਗਈ ਹੈ। ਕੇਂਦਰੀ ਜੇਲ੍ਹ ਪਟਿਆਲਾ ਵੱਲ ਡੇਢ ਦਰਜਨ ਫਰਮਾਂ ਦੇ 17.64 ਲੱਖ ਰੁਪਏ ਦੇ ਬਕਾਏ ਸਾਲ 2012 ਤੋਂ ਖੜ੍ਹੇ ਹਨ। ਸਰਕਾਰੀ ਸੂਚਨਾ ਮੁਤਾਬਕ ਅੰਮ੍ਰਿਤਸਰ ਜੇਲ੍ਹ ਨੇ ਤਾਂ ਮ੍ਰਿਤਕ ਬੰਦੀਆਂ ਦੇ ਪੋਸਟਮਾਰਟਮ 'ਤੇ ਆਈ 45,198 ਰੁਪਏ ਦੇ ਖਰਚ ਦੀ ਅਦਾਇਗੀ ਵੀ ਹਾਲੇ ਤੱਕ ਨਹੀਂ ਕੀਤੀ ਹੈ। ਪਾਕਿ ਇਨਟਰਨੀ ਦਾ 67,400 ਰੁਪਏ ਦਾ ਮੁਆਵਜ਼ਾ ਵੀ ਖੜ੍ਹਾ ਹੈ। ਗਾਰਦ ਦੀਆਂ ਵਰਦੀਆਂ ਦੀ ਸਵਾ ਦੋ ਲੱਖ ਰੁਪਏ ਦੀ ਰਕਮ ਵੀ ਹਾਲੇ ਜੇਲ੍ਹ ਸਿਰ ਖੜ੍ਹੀ ਹੈ।

ਫਿਰੋਜ਼ਪੁਰ ਜੇਲ੍ਹ ਵੱਲ ਫਰਮਾਂ ਦੇ 21.77 ਲੱਖ ਰੁਪਏ ਬਕਾਇਆ ਖੜ੍ਹੇ ਹਨ। ਜੇਲ੍ਹ ਸੁਪਰਡੈਂਟ ਸੁਰਿੰਦਰ ਸਿੰਘ ਸੈਣੀ ਨੇ ਦੱਸਿਆ ਕਿ ਕੁਝ ਬਕਾਏ ਕਲੀਅਰ ਕਰਨ ਵਾਸਤੇ ਬਜਟ ਆ ਗਿਆ ਹੈ ਤੇ ਖਜ਼ਾਨੇ ਵਿਚੋਂ ਕਢਵਾਉਣ ਵਾਲਾ ਹੈ। ਸੰਗਰੂਰ ਜੇਲ੍ਹ ਨੇ ਅੰਬਾਲਾ ਦੀ ਵੀ.ਐਸ.ਐਮ. ਇੰਡਸਟਰੀਜ਼ ਦੇ 70,600 ਰੁਪਏ ਤੇ ਲੁਧਿਆਣਾ ਦੀ ਕਮਲ ਇੰਡਸਟਰੀਜ਼ ਦੇ 61,734 ਰੁਪਏ ਦੇ ਬਿੱਲ ਹਾਲੇ ਤੱਕ ਕਲੀਅਰ ਨਹੀਂ ਕੀਤੇ ਹਨ।

ਇਸੇ ਤਰ੍ਹਾਂ ਹੀ ਲੁਧਿਆਣਾ ਦੀ ਬੋਰਸਟਲ ਜੇਲ੍ਹ ਨੇ ਪ੍ਰਾਈਵੇਟ ਅਦਾਰਿਆਂ ਦੇ 8.80 ਲੱਖ ਰੁਪਏ ਦੇਣੇ ਹਨ। ਇਸ ਜੇਲ੍ਹ ਨੇ ਕਮਲ ਇੰਡਸਟਰੀਜ਼ ਦੇ 2.90 ਲੱਖ ਰੁਪਏ, ਅੰਬਾਲਾ ਦੀ ਵੀ.ਐਸ.ਐਮ ਦੇ 1.41 ਲੱਖ ਰੁਪਏ ਤੇ ਗੁਹਾਣਾ ਦੀ ਗੁਪਤਾ ਟੈਕਸਟਾਈਲ ਦੇ 4.40 ਲੱਖ ਰੁਪਏ ਦੇ ਬਕਾਏ ਹਾਲੇ ਤੱਕ ਤਾਰੇ ਨਹੀਂ ਹਨ। ਇਸ ਜੇਲ੍ਹ ਦੇ ਪ੍ਰਬੰਧਕਾਂ ਨੇ ਬਕਾਏ ਕਲੀਅਰ ਕਰਨ ਵਾਸਤੇ ਜੇਲ੍ਹ ਵਿਭਾਗ ਨੂੰ ਸੱਤ ਜੁਲਾਈ 2011 ਤੋਂ ਹੁਣ ਤੱਕ 10 ਪੱਤਰ ਭੇਜੇ ਹਨ ਪਰ ਜੇਲ੍ਹ ਨੂੰ ਕੋਈ ਪੈਸਾ ਨਹੀਂ ਮਿਲਿਆ ਹੈ।

### ਇਕ-ਦੂਜੀ ਜੇਲ੍ਹ ਤੋਂ ਉਧਾਰ ਲੈ ਕੇ ਚਲਾਇਆ ਜਾ ਰਿਹਾ ਹੈ ਕੰਮ

ਜ਼ਿਆਦਾਤਰ ਜੇਲ੍ਹਾਂ ਦਾ ਕੰਮ ਇਕ-ਦੂਜੇ ਤੋਂ ਉਧਾਰ ਲੈ ਕੇ ਚਲਾਇਆ ਜਾ ਰਿਹਾ ਹੈ। ਬਰਨਾਲਾ ਦੀ ਸਬ-ਜੇਲ੍ਹ ਸਿਰ ਬਠਿੰਡਾ ਜੇਲ੍ਹ ਦੀ 8.98 ਲੱਖ ਰੁਪਏ, ਖੁੱਲ੍ਹੀ ਖੇਤੀ ਜੇਲ੍ਹ ਨਾਭਾ ਦੀ 95.91 ਲੱਖ, ਸੰਗਰੂਰ ਜੇਲ੍ਹ ਦੀ 1.82 ਲੱਖ ਰੁਪਏ ਦੀ ਦੇਣਦਾਰੀ ਹੈ। ਕਾਫੀ ਬਕਾਏ ਤਾਂ ਸਾਲ 2002 ਤੋਂ ਖੜ੍ਹੇ ਹਨ। ਇਹੀ ਹਾਲ ਪੰਜਾਬ ਦੀਆਂ ਬਾਕੀ ਜੇਲ੍ਹਾਂ ਦਾ ਹੈ।

ਵੱਡੀ ਦਿੱਕਤ ਜੇਲ੍ਹ ਪ੍ਰਬੰਧਕਾਂ ਨੂੰ ਆਉਂਦੀ ਹੈ ਜਿਨ੍ਹਾਂ ਨੂੰ ਐਮਰਜੈਂਸੀ ਵੇਲੇ ਸਥਾਨਕ ਮਾਰਕੀਟ ਵਿਚੋਂ ਉਧਾਰ ਚੁੱਕਣਾ ਪੈਂਦਾ ਹੈ। ਆਈ.ਜੀ. ਜੇਲ੍ਹਾਂ ਜਗਜੀਤ ਸਿੰਘ ਦਾ ਕਹਿਣਾ ਹੈ ਕਿ ਜੇਲ੍ਹਾਂ ਵੱਲੋਂ ਬਕਾਏ ਕਲੀਅਰ ਕਰਨ ਵਾਸਤੇ ਬਜਟ ਮੰਗਿਆ ਜਾਂਦਾ ਹੈ ਤੇ ਸਮੇਂ-ਸਮੇਂ 'ਤੇ ਭੇਜ ਵੀ ਦਿੱਤਾ ਜਾਂਦਾ ਹੈ।

ਜੇਲ੍ਹ ਮੰਤਰੀ ਸੋਹਣ ਸਿੰਘ ਠੰਡਲ ਦਾ ਕਹਿਣਾ ਹੈ ਕਿ ਜਦੋਂ ਵੀ ਹਰ ਮਹੀਨੇ ਜੇਲ੍ਹਾਂ ਤੋਂ ਬਿੱਲ ਆਉਂਦੇ ਹਨ, ਉਹ ਨਾਲ ਦੀ ਨਾਲ ਰਕਮ ਭੇਜ ਦਿੰਦੇ ਹਨ। ਉਨ੍ਹਾਂ ਆਖਿਆ ਕਿ ਜੇਲ੍ਹਾਂ ਦੀਆਂ ਸਥਾਨਕ ਦੇਣਦਾਰੀਆਂ ਕਲੀਅਰ ਕਰਨ ਵਾਸਤੇ ਉਨ੍ਹਾਂ ਨੇ ਦੋ ਕਿਸ਼ਤਾਂ ਵਿਚ 1.20 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਹੈ। ਜੋ ਪੁਰਾਣੇ ਬਕਾਏ ਹਨ, ਉਹ ਧਿਆਨ ਵਿਚ ਨਹੀਂ ਹਨ।

## ਆਈ.ਜੀ. ਗੌਤਮ ਚੀਮਾ ਖ਼ਿਲਾਫ਼ ਛੇੜਛਾੜ ਦਾ ਕੇਸ ਦਰਜ

**ਮੁਹਾਲੀ:** ਇਕ ਮੁਲਜ਼ਮ ਨੂੰ ਅਗਵਾ ਕਰਨ, ਕੁੱਟਮਾਰ ਤੇ ਹੋਰ ਕਈ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲਿਸ ਦੇ ਆਈ.ਜੀ. (ਆਈ.ਟੀ.) ਗੌਤਮ ਚੀਮਾ ਤੇ ਮੁਅੱਤਲ ਡਿਫੈਂਸ ਅਸਟੇਟ ਅਫਸਰ ਅਜੈ ਚੌਧਰੀ ਖ਼ਿਲਾਫ਼ ਮੁਹਾਲੀ ਪੁਲਿਸ ਨੇ ਛੇੜਛਾੜ ਦਾ ਵੱਖਰਾ ਕੇਸ ਦਰਜ ਕਰ ਲਿਆ ਹੈ। ਇਸ ਗੱਲ ਦਾ ਖ਼ੁਲਾਸਾ ਜ਼ਿਲ੍ਹੇ ਦੇ ਐਸ.ਐਸ.ਪੀ. ਇੰਦਰਮੋਹਨ ਸਿੰਘ ਭੱਟੀ ਨੇ ਕੀਤਾ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਹੀ ਚੀਮਾ ਤੇ ਹੋਰਨਾਂ ਵਿਰੁੱਧ ਫੇਜ਼-1 ਥਾਣੇ ਵਿਚ ਇਕ ਕੇਸ ਦਰਜ ਕੀਤਾ ਗਿਆ ਸੀ।

ਉਧਰ, ਆਈ.ਜੀ. ਤੇ ਹੋਰਨਾਂ ਖ਼ਿਲਾਫ਼ ਦਰਜ ਐਫ਼.ਆਈ.ਆਰ. ਵਿਚ ਜਾਂਚ ਅਧਿਕਾਰੀ ਏ.ਐਸ.ਆਈ. ਦਿਲਬਾਗ ਸਿੰਘ ਨੇ ਆਪਣੇ ਬਿਆਨਾਂ ਵਿਚ ਸਪਸ਼ਟ ਆਖਿਆ ਹੈ ਕਿ ਕੁਝ ਦਿਨ ਪਹਿਲਾਂ ਆਈ.ਜੀ. ਚੀਮਾ ਫੇਜ਼-1 ਥਾਣੇ ਵਿਚੋਂ ਜ਼ਬਰਦਸਤੀ ਗੁਲਾਟੀ ਨੂੰ ਅਗਵਾ ਕਰਕੇ ਲੈ ਗਏ ਸੀ। ਉਸ ਨੇ ਸਰਕਾਰੀ ਗੱਡੀ ਵਿਚ ਪੁਲਿਸ ਅਧਿਕਾਰੀ ਦਾ ਪਿੱਛਾ ਕੀਤਾ ਤੇ ਮੈਕਸ ਹਸਪਤਾਲ ਵਿਚੋਂ ਗੁਲਾਟੀ ਨੂੰ ਛੁਡਾ ਕੇ ਵਾਪਸ ਲਿਆਂਦਾ ਗਿਆ ਸੀ।

ਜ਼ਿਕਰਯੋਗ ਹੈ ਕਿ ਮੁਹਾਲੀ ਵਿਚ ਪ੍ਰੈਸ ਕਾਨਫਰੰਸ ਦੌਰਾਨ ਕ੍ਰਿਸਪੀ ਖਹਿਰਾ ਤੇ ਸੁਮੇਧ ਗੁਲਾਟੀ ਦੀ ਪਤਨੀ ਮਨਿੰਦਰ ਕੌਰ ਨੇ ਆਈ.ਜੀ. ਗੌਤਮ ਚੀਮਾ ਤੇ ਮੁਅੱਤਲ ਡਿਫੈਂਸ ਅਸਟੇਟ ਅਫ਼ਸਰ ਅਜੈ ਚੌਧਰੀ ਖ਼ਿਲਾਫ਼ ਜਿਸਮਾਨੀ ਛੇੜਛਾੜ ਦਾ ਵੱਖਰਾ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਪੁਲਿਸ ਨੇ ਚੀਮਾ ਤੇ ਚੌਧਰੀ ਦੇ ਖ਼ਿਲਾਫ਼ ਸਿਰਫ ਖਾਨਾਪੂਰਤੀ ਕਰਨ ਲਈ ਕੇਸ ਦਰਜ ਕੀਤਾ ਹੈ ਕਿਉਂਕਿ ਅਜੇ ਤਾਈਂ ਦੋਵਾਂ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

## ਕੈਪਟਨ ਅੱਛਰ ਸਿੰਘ ਦਾ ਦਿਹਾਂਤ

**ਫਰਿਜ਼ਨੋ (ਬਿਊਰੋ):** ਕੈਪਟਨ ਅੱਛਰ ਸਿੰਘ 28 ਅਗਸਤ ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਕੇ ਪਰਲੋਕ ਸਿਧਾਰ ਗਏ ਹਨ। ਉਹ 86 ਸਾਲ ਦੀ ਲੰਬੀ ਉਮਰ ਭੋਗ ਕੇ ਸ਼ਾਂਤ ਚਿੱਤ, ਅਟੰਕ ਅਤੇ ਅਡੋਲ, ਪੂਰੇ ਹੋਸ਼ੋ ਹਵਾਸ ਨਾਲ ਰੁਖ਼ਸਤ ਹੋਏ। ਉਹ ਆਪਣੇ ਪਿਛੇ ਭਰਿਆ ਪਰਿਵਾਰ ਛੱਡ ਗਏ ਹਨ। ਉਹ ਡਾ. ਗੁਰੂਮੇਲ ਸਿੱਧੂ ਦੇ ਸਹੁਰਾ ਸਾਹਿਬ ਸਨ। ਉਹ 1986 ਵਿਚ ਫਰਿਜ਼ਨੋ ਆਏ ਸਨ ਅਤੇ ਕਾਫੀ ਸਮਾਂ 'ਇੰਡੀਕਾ ਸਟੋਰ' ਚਲਾਉਂਦੇ ਰਹੇ।

ਕੈਪਟਨ ਅੱਛਰ ਸਿੰਘ ਦਾ ਅੰਤਮ ਸੰਸਕਾਰ 6 ਸਤੰਬਰ ਨੂੰ ਸਵੇਰੇ 11 ਤੋਂ ਦੁਪਹਿਰ ਇਕ ਵਜੇ ਦਰਮਿਆਨ ਸ਼ਾਂਤ ਭਵਨ ਵਿਖੇ ਕੀਤਾ ਜਾਵੇਗਾ ਜੋ ਹਾਈਵੇ 99 ਉਤੇ ਹੈ। ਉਪਰੰਤ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ ਵਿਛੜੀ ਰੂਹ ਲਈ ਅੰਤਮ ਅਰਦਾਸ ਕੀਤੀ ਜਾਵੇਗੀ।

ਪਰਿਵਾਰਕ ਸੂਤਰਾਂ ਅਨੁਸਾਰ ਸੌਣ ਤੋਂ ਪਹਿਲਾਂ ਉਨ੍ਹਾਂ ਨੇ ਰਾਤ ਦੇ 12 ਕੁ ਵਜੇ ਤਕ ਪਰਿਵਾਰ ਨਾਲ ਸੁਖਾਵੀਆਂ ਗੱਲਾਂ ਕੀਤੀਆਂ ਅਤੇ ਅੰਮ੍ਰਿਤ ਵੇਲੇ ਇਸ ਸੰਸਾਰ ਨੂੰ ਰੁਖ਼ਸਤ ਆਖੀ। ਉਨ੍ਹਾਂ ਦਾ ਜਨਮ 30 ਮਈ 1928 ਨੂੰ ਬ੍ਰਿਟਿਸ਼ ਰਾਜ ਵਿਚ ਪਿੰਡ ਗਲਾਲੀਪੁਰ, ਚੱਕ ਨੰ. 72 ਵਿਚ ਲਾਇਲਪੁਰ ਦੇ ਲਾਗੇ ਹੋਇਆ ਜੋ ਹੁਣ ਪਾਕਿਸਤਾਨ ਦਾ ਹਿਸਾ ਹੈ। ਉਨ੍ਹਾਂ ਨੇ 1946 ਵਿਚ ਇਕ ਸਿਪਾਹੀ ਵਜੋਂ ਫੌਜ ਦੀ ਨੌਕਰੀ ਸ਼ੁਰੂ ਕੀਤੀ। ਭਰੋਸੇਯੋਗ ਸਿਪਾਹੀ ਹੋਣ ਦੇ ਨਾਤੇ 1947 ਦੌਰਾਨ ਕੁਝ ਮਹੀਨੇ ਲਾਰਡ ਮਾਊਂਟ ਵੈਟਨ ਦੇ ਨਿਜੀ ਗਾਰਡ ਰਹੇ। ਉਹ 1962 ਵਿਚ ਨੇਫਾ ਬਾਰਡਰ 'ਤੇ ਤਾਇਨਾਤ ਰਹੇ, 1965 ਵਿਚ ਬਾਘਾ ਬਾਰਡਰ 'ਤੇ ਲੜੇ ਅਤੇ 1971 ਵਿਚ ਉਨ੍ਹਾਂ ਨੂੰ ਜਨਰਲ ਸੁਬੇਗ ਸਿੰਘ ਦੀ



ਨਿਗਰਾਨੀ ਹੇਠ ਖੁਫੀਆ ਫੌਜ ਦੇ ਦਸਤੇ 'ਮੁਕਤੀ ਬਾਨੀ' ਵਿਚ ਸ਼ਾਮਿਲ ਕੀਤਾ ਗਿਆ। ਇਸ ਦਸਤੇ ਦਾ ਕੰਮ ਬੰਗਲਾ ਦੇਸ਼ ਦੇ ਸਿਪਾਹੀਆਂ ਨੂੰ ਪਾਕਿਸਤਾਨ ਵਿਰੁਧ ਲੜਨ ਲਈ ਤਿਆਰ ਕਰਨਾ ਸੀ। ਸੇਵਾਵਾਂ ਨੂੰ ਮੁੱਖ ਰਖਦਿਆਂ ਸ. ਅੱਛਰ ਸਿੰਘ ਨੂੰ ਕੈਪਟਨ ਦਾ ਖਿਤਾਬ ਦਿੱਤਾ ਗਿਆ ਅਤੇ ਉਹ ਇਸ ਅਹੁਦੇ ਤੋਂ 1974 ਵਿਚ ਸੇਵਾ ਮੁਕਤ ਹੋਏ।

# ਕੇਂਦਰੀ ਸਕੀਮਾਂ ਦੀ ਸਿੱਧੀ ਅਦਾਇਗੀ ਨਾਲ ਪੰਜਾਬ ਸਰਕਾਰ ਦੇ ਵਾਰੇ-ਨਿਆਰੇ

## ਕੇਂਦਰੀ ਸਕੀਮਾਂ ਲਈ ਪੰਜਾਬ ਸਰਕਾਰ ਨੂੰ ਮਿਲਣੇ 662 ਕਰੋੜ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਕੇਂਦਰ ਦੀ ਸਹਾਇਤਾ ਪ੍ਰਾਪਤ ਵੱਖ-ਵੱਖ ਸਕੀਮਾਂ (ਸੀ.ਐਸ.ਐਸ.) ਲਈ ਸਿੱਧਾ ਪੈਸਾ ਦੇਣ ਵਾਲਾ ਫਾਰਮੂਲਾ ਰਾਸ ਆਉਣ ਲੱਗਾ ਹੈ। ਕੇਂਦਰ ਵੱਲੋਂ ਧਨ ਦੇਣ ਦੇ ਢੰਗ ਵਿਚ ਤਬਦੀਲੀ ਨਾਲ ਸੂਬਾ ਸਰਕਾਰ ਇਨ੍ਹਾਂ ਸਕੀਮਾਂ ਦਾ ਪੈਸਾ ਹੁਣ ਸੌਖ ਨਾਲ ਹੋਰ ਕੰਮਾਂ ਵਿਚ ਖਰਚ ਕਰ ਰਹੀ ਹੈ।

ਪਿਛਲੇ ਸਾਲ ਕੌਮੀ ਵਿਕਾਸ ਕੌਂਸਲ (ਐਨ.ਡੀ.ਸੀ.) ਨੇ ਸਿਫਾਰਸ਼ ਕੀਤੀ ਸੀ ਕਿ ਸੀ.ਐਸ.ਐਸ. ਰਾਹੀਂ ਰਾਜਾਂ ਨੂੰ ਦਿੱਤਾ ਜਾਂਦਾ ਧਨ ਸਿੱਧਾ ਉੱਕੇ-ਪੁੱਕੇ ਰੂਪ ਵਿਚ ਸੂਬਾ ਸਰਕਾਰ ਨੂੰ ਦਿੱਤਾ ਜਾਵੇ, ਨਾ ਕਿ ਵੱਖੋ-ਵੱਖਰੇ ਤੌਰ 'ਤੇ ਹਰੇਕ (ਸਕੀਮ ਲਾਗੂ ਕਰਨ ਵਾਲੇ ਵਿਭਾਗ) ਵਿਭਾਗ ਨੂੰ ਫੰਡ ਨਾ ਦਿੱਤਾ ਜਾਵੇ। ਅਜਿਹਾ ਇਸ ਕਰਕੇ ਕੀਤਾ ਗਿਆ ਸੀ ਕਿਉਂਕਿ ਵੱਖ-ਵੱਖ ਸਰਕਾਰਾਂ ਸਮੇਤ ਪੰਜਾਬ ਦੇ, ਇਹ ਦਲੀਲ ਦਿੰਦੀਆਂ ਸਨ ਕਿ ਸੂਬਿਆਂ ਨੂੰ ਆਮ ਕੇਂਦਰੀ ਇਮਦਾਦ ਹੌਲੀ-ਹੌਲੀ ਘੱਟ ਰਹੀ ਹੈ।

ਸਿੱਟੇ ਵਜੋਂ ਸੀ.ਐਸ.ਐਸ. ਤਹਿਤ ਆਉਣ ਵਾਲਾ ਧਨ ਹੁਣ ਉੱਕੇ-ਪੁੱਕੇ ਰੂਪ ਵਿਚ ਇਕੱਠਾ ਪੰਜਾਬ ਸਰਕਾਰ ਨੂੰ ਮਿਲ ਰਿਹਾ ਹੈ, ਸੋ ਬਹੁਤੀਆਂ ਸਕੀਮਾਂ, ਖਾਸਕਰ ਖੇਤੀ ਸੈਕਟਰ ਦੀਆਂ ਸਕੀਮਾਂ ਹੁਣ ਦਮ ਤੋੜ ਰਹੀਆਂ ਹਨ।

ਖੇਤੀ ਵਿਭਾਗ ਦੇ ਅਧਿਕਾਰੀਆਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਖੇਤੀ ਸੈਕਟਰ ਵਿਚ ਵੱਖ-ਵੱਖ ਸੀ.ਐਸ.ਐਸ. ਤਹਿਤ ਆਏ ਧਨ ਦਾ ਵਿੱਤ ਵਿਭਾਗ ਨੇ ਮਸਾਂ ਚੌਥਾ ਹਿੱਸਾ ਹੀ ਜਾਰੀ ਕੀਤਾ ਹੈ। ਇਸ ਕਰਕੇ ਸੈਂਕੜੇ ਕਿਸਾਨਾਂ ਤੇ ਬਾਗਬਾਨਾਂ ਨੂੰ ਇਨ੍ਹਾਂ ਸਕੀਮਾਂ ਜਿਵੇਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਨੈਸ਼ਨਲ ਹਾਰਟੀਕਲਚਰ ਮਿਸ਼ਨ ਤੇ ਕੌਮੀ ਖੁਰਾਕ ਸੁਰੱਖਿਆ ਐਕਟ ਤੇ ਹੋਰ ਅਧੀਨ ਸਬਸਿਡੀ ਨਹੀਂ ਮਿਲੀ।

ਸਰਕਾਰੀ ਸੂਤਰਾਂ ਅਨੁਸਾਰ ਵੱਖ-ਵੱਖ ਕੇਂਦਰੀ ਸਕੀਮਾਂ ਅਧੀਨ ਸਰਕਾਰ ਨੂੰ 662 ਕਰੋੜ ਰੁਪਏ ਇਕੱਠੇ ਮਿਲਣੇ ਹਨ। ਇਸ ਵਿਚੋਂ 35 ਫੀਸਦੀ ਰਕਮ ਰਾਸ਼ਟਰੀ ਕ੍ਰਿਸ਼ੀ ਯੋਜਨਾ ਵਿਚ ਤੇ 35 ਫੀਸਦੀ ਬੁਨਿਆਦੀ ਢਾਂਚੇ ਦੇ ਪ੍ਰਬੰਧਨ ਤੇ ਵਿਸਥਾਰ ਵਿਚ ਤੇ 20 ਫੀਸਦੀ ਤੇਲ ਬੀਜਾਂ ਤੇ ਦਾਲਾਂ ਲਈ ਰਾਖਵੀਂ ਹੈ। ਹੁਣ ਤੱਕ ਸਰਕਾਰ ਨੂੰ 200 ਕਰੋੜ ਰੁਪਏ ਮਿਲ ਚੁੱਕੇ ਹਨ।

ਵਿੱਤ ਵਿਭਾਗ ਸਕੀਮਾਂ ਦਾ ਪੈਸਾ ਹੋਰ ਪਾਸੇ ਖਰਚੇ ਜਾਣ ਦੀਆਂ ਰਿਪੋਰਟਾਂ ਤੋਂ ਇਨਕਾਰ ਕਰ ਰਿਹਾ ਹੈ। ਨਾਲ ਹੀ ਉਹ ਮੰਨਦੇ ਹਨ ਕਿ ਇਸ ਵੇਲੇ ਸੂਬਾ ਸਰਕਾਰ ਦੇ ਖਜ਼ਾਨੇ ਵਿਚ ਕੋਈ ਵਾਧੂ ਪੈਸਾ ਨਹੀਂ ਹੈ। ਇਕ ਅਧਿਕਾਰੀ ਅਨੁਸਾਰ ਕੁਝ ਕੇਂਦਰੀ ਸਕੀਮਾਂ ਅਧੀਨ ਰਕਮ ਅਗਸਤ ਵਿਚ ਹੀ ਮਿਲੀ ਹੈ ਤੇ ਇਹ ਖੇਤੀ ਵਿਭਾਗ ਨੂੰ ਛੇਤੀ ਹੀ ਵੰਡ ਦਿੱਤੀ ਜਾਵੇਗੀ। ਯਾਦ ਰਹੇ ਕਿ ਕੇਂਦਰੀ ਸਕੀਮਾਂ ਦਾ ਪੈਸਾ ਨਾ ਖਰਚਣ ਕਰ ਕੇ ਕੇਂਦਰੀ ਗ੍ਰਾਂਟ ਕਈ ਵਾਰ ਖਤਮ ਹੋ ਜਾਂਦੀ ਰਹੀ ਹੈ ਅਤੇ ਇਸ ਕਰ ਕੇ ਪੰਜਾਬ ਸਰਕਾਰ ਦੀ ਤਿੱਖੀ ਅਲੋਚਨਾ ਹੁੰਦੀ ਰਹੀ ਹੈ।

## ਮਾਣਹਾਨੀ ਕੇਸ ਵਿਚ ਸ਼ੀਲਾ ਦੀਕਸ਼ਿਤ ਨੂੰ ਜੁਰਮਾਨਾ

**ਨਵੀਂ ਦਿੱਲੀ:** ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਮਾਣਹਾਨੀ ਕੇਸ ਵਿਚ ਅਦਾਲਤ ਵਿਚ ਪੇਸ਼ ਨਾ ਹੋਣ ਕਰਕੇ ਤਿੰਨ ਲੱਖ ਰੁਪਏ ਜੁਰਮਾਨਾ ਠੋਕਿਆ ਗਿਆ ਹੈ। ਭਾਜਪਾ ਆਗੂ ਵਿਜੇਂਦਰ ਗੁਪਤਾ ਵੱਲੋਂ ਕੀਤੇ ਗਏ ਇਸ ਕੇਸ ਵਿਚ ਸ੍ਰੀਮਤੀ ਦੀਕਸ਼ਤ ਨੂੰ ਦੂਜੀ ਵਾਰ ਜੁਰਮਾਨਾ ਕੀਤਾ ਗਿਆ ਹੈ। ਪਹਿਲਾਂ ਵੀ ਤਰੀਕ 'ਤੇ ਗੈਰਹਾਜ਼ਰ ਰਹਿਣ ਕਾਰਨ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਭਰਨਾ ਪਿਆ ਸੀ।

ਸ੍ਰੀਮਤੀ ਦੀਕਸ਼ਿਤ 'ਤੇ ਜੁਰਮਾਨਾ ਲਾਉਂਦਿਆਂ ਮੈਟਰੋਪਾਲਿਟਨ ਮੈਜਿਸਟਰੇਟ ਨੇਹਾ ਨੇ ਨਿਰਦੇਸ਼ ਦਿੱਤੇ ਕਿ 3 ਲੱਖ ਰੁਪਏ ਦੀ ਰਕਮ 'ਚੋਂ 2 ਲੱਖ ਦਿੱਲੀ ਸਟੇਟ ਲੀਗਲ ਸਰਵਿਸਿਜ਼ ਅਥਾਰਟੀ ਕੋਲ ਜਮ੍ਹਾਂ ਕਰਵਾਏ ਜਾਣ ਜਦਕਿ ਇਕ ਲੱਖ ਰੁਪਏ ਵਿਜੇਂਦਰ ਗੁਪਤਾ ਨੂੰ ਦਿੱਤੇ ਜਾਣ। ਅਦਾਲਤ ਦੇ ਹੁਣ ਸ਼ੀਲਾ ਦੀਕਸ਼ਤ ਨੂੰ 20 ਦਸੰਬਰ ਨੂੰ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।


## Matrimonial

### ਕੰਨਿਆ ਦੀ ਲੋੜ

ਜੱਟ ਸਿੱਖ ਮੱਲ੍ਹੀ, ਚੰਗੇ ਪੜ੍ਹੇ-ਲਿਖੇ ਪਰਿਵਾਰ (ਦੁਆਬਾ), ਆਪਣਾ ਕਾਰੋਬਾਰ ਅਤੇ ਚੰਗੀ ਜ਼ਮੀਨ-ਜਾਇਦਾਦ ਵਾਲੇ ਮਾਪਿਆਂ ਦੇ ਇੰਡੀਆ ਰਹਿੰਦੇ ਕਲੀਨ ਸ਼ੇਵ 25 ਸਾਲ, 5'-10", ਬੀ.ਈ. (ਇਲੈਕਟ੍ਰਿਕ) ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ, ਚੰਗੀ ਪੜ੍ਹੀ ਲਿਖੀ, ਲੰਮੀ, ਖੂਬਸੂਰਤ ਜੱਟ ਸਿੱਖ ਲੜਕੀ ਦੀ ਲੋੜ ਹੈ। ਸ਼ਾਦੀ ਬਿਨਾ ਦਹੇਜ, ਦੁਆਬੇ ਨੂੰ ਪਹਿਲ, ਮੈਰਿਜ ਬਿਊਰੋ ਮੁਆਫ ਕਰਨ। ਸੰਪਰਕ ਕਰੋ, ਫੋਨ: 718-810-1295 ਜਾਂ 718-468-0936 35 to 38

ਜੱਟ ਸਿੱਖ, ਗਰੈਜੂਏਟ, ਅਮਰੀਕੀ ਸਿਟੀਜ਼ਨ, ਵੈਲ ਸੈਟਲਡ, ਸੁਨੱਖੇ, 24 ਸਾਲ, 5'-10", ਚੰਗੀ ਕੰਪਨੀ ਵਿਚ ਕੰਮ ਕਰਦੇ ਲੜਕੇ ਲਈ ਅੰਡਰ-ਗਰੈਜੂਏਟ 22 ਤੋਂ 25 ਸਾਲ ਉਮਰ ਦੀ ਅਮਰੀਕਾ ਰਹਿੰਦੀ ਲੜਕੀ ਦੀ ਲੋੜ ਹੈ। ਤਸਵੀਰ ਅਤੇ ਵੇਰਵਾ ਭੇਜੋ, ਈਮੇਲ: kang929@hotmail.com, ਫੋਨ: 60834-76548 35 to 38

### ਵਰ ਦੀ ਲੋੜ

ਚੰਗੇ ਪੜ੍ਹੇ-ਲਿਖੇ ਅਰੋੜਾ ਪਰਿਵਾਰ ਦੀ ਗੁਰਸਿੱਖ, ਉਮਰ 29 ਸਾਲ, ਕੱਦ 5'-5" ਲੜਕੀ ਲਈ ਇੰਡੀਆ ਜਾਂ ਅਮੈਰਿਕਾ ਰਹਿੰਦੇ ਪੇਸ਼ੇਵਰ, ਵੈਸ਼ਨੋ, ਸੋਫੀ, ਪੂਰਨ ਸਿੱਖ ਲੜਕੇ ਦੀ ਲੋੜ ਹੈ। ਵੇਰਵਾ ਤੇ ਫੋਟੋ ਭੇਜੋ, ਈਮੇਲ: singhj19@hotmail.com ਜਾਂ ਸੰਪਰਕ ਕਰੋ 843-270-4264 34-37

ਪੰਜਾਬ ਵਿਚ ਰਹਿੰਦੀ ਜੱਟ ਸਿੱਖ ਲੜਕੀ ਉਮਰ 24 ਸਾਲ, ਕੱਦ 5'-7", ਬੀ ਐਸ ਸੀ ਨਰਸਿੰਗ ਲਈ ਯੂ ਐਸ ਸਿਟੀਜ਼ਨ ਪਰਿਵਾਰਕ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਈਮੇਲ: panjabiversa@gmail.com 33-38



## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com



## SUPER TRAVEL

847-676-9090, 773-465-5566
E-mail: supertravel2003@yahoo.com
*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250



## 40 ਟਰੱਕ ਰਿਪੇਅਰ-ਓਕਲਹੋਮਾ

# ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ: 832-512-7172**



FARMERS INSURANCE GROUP
Symbol of Superior Service

FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਸਤੰਬਰ 2014*

## ਮੋਦੀ ਦੀ ਅਸਲ ਮੁਹਿੰਮ

ਨਰੇਂਦਰ ਮੋਦੀ ਸਰਕਾਰ ਦੇ 100 ਦਿਨਾਂ ਨੂੰ ਕਾਮਯਾਬੀ ਦੇ ਦਿਨ ਅਤੇ ਕੁਸ਼ਲ ਸਰਕਾਰ ਵਜੋਂ ਸਾਬਤ ਕਰਨ ਲਈ ਹਿੰਦੂਤਵੀ ਤਾਕਤਾਂ ਦਾ ਟਿੱਲ ਲੱਗਿਆ ਪਿਆ ਹੈ। ਇਸ ਮਾਮਲੇ ਵਿਚ ਮੀਡੀਆ ਵੀ ਪਿਛੇ ਨਹੀਂ ਰਿਹਾ। ਅਖਬਾਰਾਂ ਦੇ ਸਫਿਆਂ ਦੇ ਸਫੇ ਮੋਦੀ ਬਾਰੇ ਭਰੇ ਮਿਲਦੇ ਹਨ। ਟੀ.ਵੀ. ਚੈਨਲਾਂ ਵੱਲੋਂ ਵਿਸ਼ੇਸ਼ ਪ੍ਰੋਗਰਾਮ ਨਸ਼ਰ ਕੀਤੇ ਜਾ ਰਹੇ ਹਨ। ਚੋਣਾਂ ਦੌਰਾਨ ਵੀ ਮੀਡੀਆ ਦੇ ਵੱਡੇ ਹਿੱਸੇ ਨੇ ਮਿਥ ਕੇ ਮੋਦੀ ਦੇ ਹੱਕ ਵਿਚ ਹਵਾ ਬਣਾਉਣ ਵਿਚ ਯੋਗਦਾਨ ਪਾਇਆ ਸੀ। ਕਾਰਪੋਰੇਟ ਲਾਣਾ ਤਾਂ ਪਹਿਲਾਂ ਹੀ ਮੋਦੀ ਦੇ ਨਾਲ ਹੈ। ਇਸ ਲਾਣੇ ਨੂੰ ਸਿਰਫ ਤੇ ਸਿਰਫ ਆਪਣੇ ਕਾਰੋਬਾਰ ਨਾਲ ਹੀ ਸਰੋਕਾਰ ਹੈ ਅਤੇ ਇਨ੍ਹਾਂ ਸਰੋਕਾਰਾਂ ਲਈ ਮੋਦੀ ਵਧੀਆ ਸਹੂਲਤਾਂ ਮੁਹੱਈਆ ਕਰਵਾ ਰਿਹਾ ਹੈ। ਉਂਜ ਕੋਈ ਵੀ ਇਹ ਦੱਸਣ ਵਿਚ ਨਾਕਾਮ ਰਿਹਾ ਹੈ ਕਿ ਮੋਦੀ ਸਰਕਾਰ ਨੇ ਪਿਛਲੀ ਮਨਮੋਹਨ ਸਿੰਘ ਸਰਕਾਰ ਨਾਲੋਂ ਐਸਾ ਕਿਹੜਾ ਵੱਖਰਾ ਤੀਰ ਮਾਰਿਆ ਹੈ ਜੋ ਆਮ ਲੋਕਾਂ ਨੂੰ ਨਜ਼ਰ ਹੀ ਨਹੀਂ ਆ ਰਿਹਾ। ਹਾਂ, ਅਜਿਹੀਆਂ ਬਥੇਰੀਆਂ ਗੱਲਾਂ/ਘਟਨਾਵਾਂ ਜ਼ਰੂਰ ਸਾਹਮਣੇ ਆਈਆਂ ਹਨ ਜਿਨ੍ਹਾਂ ਤੋਂ ਜ਼ਾਹਿਰ ਹੋ ਗਿਆ ਹੈ ਕਿ ਮੋਦੀ ਸਰਕਾਰ ਕਿਸ ਤਰ੍ਹਾਂ ਫਿਰਕੂ ਪਾੜਾ ਵਧਾਉਣ ਵਾਲੀ ਮਸ਼ੀਨਰੀ ਨੂੰ ਵਾਹਵਾ ਤੇਲ ਦੇ ਰਹੀ ਹੈ। ਸਭ ਤੋਂ ਪਹਿਲਾਂ ਤਾਂ ਬਤੌਰ ਪ੍ਰਧਾਨ ਮੰਤਰੀ, ਆਰ.ਐਸ.ਐਸ. ਆਗੂਆਂ ਨਾਲ ਕੀਤੀ ਭੋਜ-ਮੀਟਿੰਗ ਨੇ ਹੀ ਕਾਫੀ ਕੁਝ ਸਪਸ਼ਟ ਕਰ ਦਿੱਤਾ ਸੀ। ਉਸ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀ ਕਮਾਨ ਅਮਿਤ ਸ਼ਾਹ ਵਰਗੇ ਬੰਦੇ ਨੂੰ ਸੌਂਪ ਕੇ ਸਾਫ ਕਰ ਦਿੱਤਾ ਗਿਆ ਕਿ ਸਰਕਾਰ ਅਤੇ ਪਾਰਟੀ ਦਾ ਰੁਖ ਆਉਣ ਵਾਲੇ ਸਮੇਂ ਵਿਚ ਕਿਸ ਤਰ੍ਹਾਂ ਦਾ ਹੋਵੇਗਾ। ਇਸ ਦੇ ਨਾਲ ਹੀ ਆਰ.ਐਸ.ਐਸ. ਨੇ ਅਜਿਹਾ ਤਿੱਖਾ ਅਤੇ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ ਕਿ ਹੁਣ ਕੋਈ ਸ਼ੱਕ ਨਹੀਂ ਰਹਿ ਗਿਆ ਕਿ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਆਉਣ ਵਾਲੇ ਦਿਨਾਂ ਵਿਚ ਲੋਕਾਂ ਨੂੰ ਕਿਸ ਤਰ੍ਹਾਂ ਦੇ 'ਅੱਛੇ ਦਿਨਾਂ' ਦੇ ਸਪੁਰਦ ਕਰਨਾ ਹੈ।

ਦਰਅਸਲ ਇਹ ਤਾਕਤਾਂ ਪਿਛਲੇ ਕਈ ਦਹਾਕਿਆਂ ਤੋਂ ਆਪਣੇ ਏਜੰਡੇ ਦੇ ਹਿਸਾਬ ਨਾਲ ਤਿਆਰੀ ਵਿਚ ਜੁਟੀਆਂ ਹੋਈਆਂ ਸਨ। ਇਸ ਬਾਰੇ ਸੂਹ ਇਨ੍ਹਾਂ ਤਾਕਤਾਂ ਨਾਲ ਸਬੰਧਤ ਸੰਸਥਾਵਾਂ, ਜਥੇਬੰਦੀਆਂ ਅਤੇ ਬੰਦਿਆਂ ਤੋਂ ਵੀ ਮਿਲ ਜਾਂਦੀ ਹੈ। ਚੁੱਪ-ਚੁਪੀਤੇ ਆਪਣੀ ਧੁਨ ਵਿਚ ਲੱਗੇ ਰਹਿਣਾ ਇਨ੍ਹਾਂ ਤਾਕਤਾਂ ਦੀ ਖਾਸੀਅਤ ਹੈ ਅਤੇ ਜਦੋਂ ਕੋਈ ਮੌਕਾ ਬਣਦਾ ਹੈ ਤਾਂ ਇਹ ਪੂਰੇ ਜ਼ੋਰ-ਸ਼ੋਰ ਨਾਲ ਸਾਹਮਣੇ ਪ੍ਰਗਟ ਹੋ ਜਾਂਦੀਆਂ ਹਨ। ਪੰਜਾਬ ਵਿਚ ਬਜਰੰਗ ਦਲੀਏ 'ਰਾਸ਼ਟਰੀ ਸਿੱਖ ਸੰਗਤ' ਦੀ ਅਗਵਾਈ ਹੇਠ ਚਿਰਾਂ ਤੋਂ ਆਪਣੇ ਪਾਠੀ ਤਿਆਰ ਕਰ ਰਹੇ ਹਨ। ਇਸ ਬਾਰੇ ਇਨ੍ਹਾਂ ਨੇ ਕਿਸੇ ਨੂੰ ਭਿਣਕ ਤੱਕ ਨਹੀਂ ਪੈਣ ਦਿੱਤੀ। ਆਉਣ ਵਾਲੇ ਵਕਤ ਦੌਰਾਨ ਇਨ੍ਹਾਂ ਪਾਠੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਕਿਸ ਤਰ੍ਹਾਂ ਵਿਆਖਿਆ ਕਰਨੀ ਹੈ, ਕਿਸੇ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਆਪਣੀਆਂ ਸਿਆਸੀ ਲੋੜਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਅੱਜ ਕੱਲ੍ਹ ਦੇ ਕਰਤਾ-ਧਰਤਾ ਇਨ੍ਹਾਂ ਤਾਕਤਾਂ ਲਈ ਅੱਖਾਂ ਵਿਛਾਈ ਖੜ੍ਹੇ ਨਜ਼ਰ ਆ ਰਹੇ ਹਨ। ਇਹੀ ਨਹੀਂ, ਇਹ ਤਾਕਤਾਂ ਬਹੁਤ ਵੱਡੇ ਪੱਧਰ 'ਤੇ ਆਪਣੀ ਸੋਚ ਦਾ ਘੇਰਾ ਵਗਲ ਰਹੀਆਂ ਹਨ। ਇਸ ਘੇਰੇ ਵਿਚ ਗੁਆਂਢੀ ਮੁਲਕ ਪਾਕਿਸਤਾਨ ਨੂੰ ਵੀ ਰੱਖਿਆ ਗਿਆ ਹੈ। ਪ੍ਰਧਾਨ ਮੰਤਰੀ ਦੀ ਕੁਰਸੀ ਵੱਲ ਪੈਰ ਵਧਾਉਣ ਸਾਰ ਹੀ ਨਰੇਂਦਰ ਮੋਦੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਕਸੂਤੀ ਹਾਲਤ ਵਿਚ ਫਸਾ ਦਿੱਤਾ ਸੀ। ਆਪਣੇ ਦੇਸ਼ ਦੀ ਸਿਆਸਤ ਕਾਰਨ ਕਮਜ਼ੋਰ ਪੈ ਰਹੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਮੋਦੀ ਦੇ ਹਲਫਦਾਰੀ ਸਮਾਗਮ ਵਿਚ ਆਉਣਾ ਪਿਆ। ਮਗਰੋਂ ਨਿੱਕੀ ਜਿਹੀ ਗੱਲ ਨੂੰ ਬਹਾਨਾ ਬਣਾ ਕੇ ਦੋਹਾਂ ਦੇਸ਼ਾਂ ਵਿਚਕਾਰ ਚਿਰਾਂ ਪਿਛੋਂ ਹੋ ਰਹੀ ਦੁਵੱਲੀ ਗੱਲਬਾਤ ਮੁਲਤਵੀ ਕਰ ਦਿੱਤੀ ਗਈ। ਇਸ ਤਰ੍ਹਾਂ ਦੇ ਜਲਵੇ ਅਚਾਨਕ ਨਹੀਂ ਹੋ ਰਹੇ, ਸਗੋਂ ਇਹ ਇਨ੍ਹਾਂ ਤਾਕਤਾਂ ਦੇ ਏਜੰਡੇ ਦਾ ਬਾਕਾਇਦਾ ਹਿੱਸਾ ਹਨ ਜਿਸ ਤਹਿਤ ਸਭ ਕੁਝ ਸੋਚ-ਸਮਝ ਕੇ ਹੀ ਅਗਲੇ ਕਦਮ ਉਠਾਏ ਜਾ ਰਹੇ ਹਨ।

ਹੁਣ ਸਵਾਲ ਇਹ ਹੈ ਕਿ ਇਨ੍ਹਾਂ ਤਾਕਤਾਂ ਦਾ ਟਾਕਰਾ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ? ਇਸ ਸਵਾਲ ਤੋਂ ਪਹਿਲਾਂ ਵਿਚਾਰਨ ਵਾਲਾ ਤੱਥ ਇਹ ਹੈ ਕਿ ਇਨ੍ਹਾਂ ਤਾਕਤਾਂ ਦਾ ਸਿੱਧਾ ਨਿਸ਼ਾਨਾ ਭਾਰਤ ਵਿਚ ਵੱਸਦੇ ਘੱਟ-ਗਿਣਤੀ ਫਿਰਕੇ ਹਨ। ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਸਾਫ ਹੀ ਕਹਿ ਦਿੱਤਾ ਹੈ ਕਿ ਭਾਰਤ/ਹਿੰਦੁਸਤਾਨ ਵਿਚ ਵੱਸਣ ਵਾਲਾ ਹਰ ਬਾਸ਼ਿੰਦਾ ਹਿੰਦੂ ਹੈ। ਹਰ ਭਾਰਤੀ ਦੀ ਪਛਾਣ ਹਿੰਦੂ ਹੈ। ਇਸੇ ਨੂੰ ਆਧਾਰ ਬਣਾ ਕੇ ਉਹ ਹਿੰਦੂਤਵ ਦੀ ਵਿਆਖਿਆ ਕਰਦੇ ਹਨ। ਇਹ ਵਿਆਖਿਆ ਨਿਰੋਲ ਆਰ.ਐਸ.ਐਸ. ਦੀ ਹੈ। ਸਭ ਨੂੰ ਯਾਦ ਹੈ ਕਿ ਅਮਰੀਕਾ ਦੀ ਧਰਤੀ ਉਤੇ ਪੁੱਜੇ ਪੰਜਾਬੀ ਜਦੋਂ ਰੋਜ਼-ਮੱਰਾ ਦੀ ਜ਼ਿੰਦਗੀ ਨਾਲ ਦੋ-ਦੋ ਹੱਥ ਕਰ ਰਹੇ ਸਨ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਆਪਣੇ ਹਿੰਦੀ ਹੋਣ ਦੀ ਪਛਾਣ ਹੀ ਪੀਡੀ ਕੀਤੀ ਸੀ। ਉਨ੍ਹਾਂ ਉਸ ਵੇਲੇ ਜਦੋਂ ਖੁਦ ਨੂੰ ਹਿੰਦੀ ਆਖਿਆ ਸੀ ਤਾਂ ਉਨ੍ਹਾਂ ਦੇ ਸਾਹਮਣੇ ਸਮੁੱਚੇ ਹਿੰਦੁਸਤਾਨ ਦੇ ਨੈਣ-ਨਕਸ਼ ਸਨ, ਕੋਈ ਇਕ ਧਰਮ ਜਾਂ ਨਸਲ ਨਹੀਂ। ਉਂਜ ਵੀ ਇਨ੍ਹਾਂ ਪੰਜਾਬੀਆਂ ਦਾ ਕੌਮਾਂਤਰੀਵਾਦ ਕਾਬਲੇ-ਗੌਰ ਹੈ। ਪਿਛੋਂ ਇਹ ਪੰਜਾਬੀ, ਗਦਰੀਆਂ ਵਜੋਂ ਮਸ਼ਹੂਰ ਹੋਏ ਅਤੇ ਇਨ੍ਹਾਂ ਦੇ ਕਿੱਸੇ ਅੱਜ ਹਰ ਜੁਝਾਰੂ ਸ਼ਖਸ ਦੀ ਜ਼ੁਬਾਨ 'ਤੇ ਹਨ। ਇਨ੍ਹਾਂ ਗਦਰੀਆਂ ਨੇ ਇਕ ਸਦੀ ਪਹਿਲਾਂ ਉਸ ਸਾਮਰਾਜ ਨਾਲ ਟੱਕਰ ਲੈਣ ਬਾਰੇ ਸੋਚਿਆ ਸੀ ਅਤੇ ਇਸ ਸੋਚ ਉਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਦੇ ਵਿਸ਼ਾਲ ਰਾਜ ਬਾਰੇ ਮਸ਼ਹੂਰ ਸੀ ਕਿ 'ਇਸ ਰਾਜ ਵਿਚ ਤਾਂ ਸੂਰਜ ਵੀ ਨਹੀਂ ਛੁਪਦਾ।' ਗਦਰੀਆਂ ਦੀ ਕੌਮਾਂਤਰੀਵਾਦ ਵਾਲੀ ਇਹ ਪਹੁੰਚ ਹੁਣ ਵੀ ਹਿੰਦੂਤਵੀ ਤਾਕਤਾਂ ਨਾਲ ਲੜਾਈ ਦਾ ਮੁੱਢ ਬਣ ਸਕਦੀ ਹੈ। ਅੱਜ ਗਦਰੀਆਂ ਵਾਂਗ ਇਕਸੁਰ ਤੇ ਇਕਜੁਟ ਲਾਮਬੰਦੀ ਦੀ ਲੋੜ ਹੈ ਤਾਂ ਕਿ ਸਿਰ ਉਤੇ ਚੜ੍ਹੀ ਆ ਰਹੀ ਭਾਰੂ ਧਿਰ, ਮੁਲਕ ਦੇ ਲੋਕਾਂ ਨੂੰ ਨਸਲ, ਜਾਤ, ਧਰਮ ਤੇ ਹੋਰ ਵਖਰੇਵਿਆਂ ਦੇ ਨਾਂ ਉਤੇ ਪਾੜ ਨਾ ਸਕੇ। ਉਂਜ ਵੀ ਇਤਿਹਾਸ ਨੇ ਦਰਸਾ ਦਿੱਤਾ ਹੈ ਕਿ ਅਜਿਹੀਆਂ ਲੜਾਈਆਂ ਇਕੱਲਿਆਂ ਜਿੱਤੀਆਂ ਨਹੀਂ ਜਾ ਸਕਦੀਆਂ। ਇਸ ਲੜਾਈ ਲਈ ਇਕੱਲੇ-ਇਕੱਲੇ ਹੱਥ ਦੀ ਹਮਾਇਤ ਦਰਕਾਰ ਹੈ। ਇਸ ਤੋਂ ਬਿਨਾਂ ਹੁਣ ਕੋਈ ਚਾਰਾ ਨਹੀਂ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪਰਵਾਸੀਆਂ ਦੀ ਰੀਝ?*

ਕਰਕੇ ਮਿਹਨਤਾਂ ਜੋੜਦੇ ਚਾਰ ਛਿੱਲੜ, ਸਖਤ ਕਾਇਦੇ ਕਾਨੂੰਨ ਵਿਚ ਰਹਿੰਦਿਆਂ ਜੀ।
ਚਰਚਾ ਦੇਸ਼ ਦੇ ਹਾਲ ਦੀ ਰਹਿਣ ਕਰਦੇ, ਜਿਥੇ ਕਿਤੇ ਵੀ ਆਪਸ 'ਚ ਬਹਿੰਦਿਆਂ ਜੀ।
ਉਮਰ ਲੰਘਦੀ ਦੁੱਖਾਂ 'ਚ ਪਿਛਲਿਆਂ ਦੀ, ਜ਼ੁਲਮੋ-ਸਿਤਮ ਸਰਕਾਰ ਦੇ ਸਹਿੰਦਿਆਂ ਜੀ।
ਹਰ ਨਾਬਰ ਦੀ ਢਾਲ ਬਣ ਜਾਣ ਛੇਤੀ, ਖਿਝਕੇ ਨਾਲ 'ਸਥਾਪਤੀ' ਖਹਿੰਦਿਆਂ ਜੀ।
ਸਿਸਟਮ ਚਾਹੁੰਦੇ ਨੇ ਦੇਸ਼ ਦਾ 'ਬਾਹਰ' ਜੈਸਾ, ਜੜ੍ਹ ਵੱਢਣੀ ਚਾਹੁਣ ਉਦਾਸੀਆਂ ਦੀ।
ਲਾ ਦਿੰਦੇ ਨੇ ਚੋਣਾਂ ਵਿਚ ਟਿੱਲ ਪੂਰਾ, ਪੂਰੀ ਰੀਝ ਨਾ ਹੋਵੇ ਪਰਵਾਸੀਆਂ ਦੀ!

# ਹਿੰਦੂ ਤੇ ਹਿੰਦੁਸਤਾਨੀ ਦੇ ਅਰਥ

***ਭਾਜਪਾ ਆਗੂ ਤੇ ਆਰ.ਐਸ.ਐਸ. ਦੇ ਪੁਰਾਣੇ ਪ੍ਰਚਾਰਕ ਨਰੇਂਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਹਿੰਦੂਤਵੀ ਸੋਚ ਨੂੰ ਸਮਰਪਿਤ ਜਥੇਬੰਦੀ ਆਰ.ਐਸ.ਐਸ. ਦੇ ਹੌਸਲੇ ਬੁਲੰਦ ਹਨ। ਇਸ ਦਾ ਪ੍ਰਚਾਰ ਤੰਤਰ ਤਾਂ ਪਹਿਲਾਂ ਹੀ ਬੜੇ ਜਥੇਬੰਦ ਰੂਪ ਵਿਚ ਕਾਰਗਰ ਢੰਗ-ਤਰੀਕਿਆਂ ਨਾਲ ਚਲਾਇਆ ਜਾਂਦਾ ਰਿਹਾ ਹੈ, ਹੁਣ ਇਸ ਪ੍ਰਚਾਰ ਤੰਤਰ ਵਿਚ ਤੇਜ਼ੀ ਆ ਗਈ ਹੈ। ਸਰਕਾਰ ਵੱਲੋਂ ਇਸ ਨੂੰ ਪੂਰੀ ਖੁੱਲ੍ਹ ਮਿਲੀ ਹੋਈ ਹੈ। ਪੈਸੇ ਦੀ ਇਸ ਕੋਲ ਪਹਿਲਾਂ ਹੀ ਕੋਈ ਤੋਟ ਨਹੀਂ ਸੀ। ਹੁਣ ਸਗੋਂ ਇਸ ਨੇ ਪਹਿਲਾਂ ਨਾਲੋਂ ਕਿਤੇ ਵਧੇਰੇ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ। ਪਿੱਛੇ ਜਿਹੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਸਾਰੇ ਹਿੰਦੁਸਤਾਨੀਆਂ ਨੂੰ ਹਿੰਦੂ ਆਖ ਦਿੱਤਾ। ਇਸ ਮਸਲੇ ਬਾਰੇ ਸ. ਮਹੀਪ ਸਿੰਘ ਨੇ ਖਾਸ ਟਿੱਪਣੀ ਕੀਤੀ ਹੈ ਜੋ ਇਥੇ ਛਾਪੀ ਜਾ ਰਹੀ ਹੈ। -ਸੰਪਾਦਕ***

ਡਾ. ਮਹੀਪ ਸਿੰਘ
ਫੋਨ: 91-93139-32888

ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਸਰ ਸੰਘ ਚਾਲਕ ਮੋਹਨ ਭਾਗਵਤ ਨੇ ਹਿੰਦੂ ਸ਼ਬਦ ਦੀ ਪਰਿਭਾਸ਼ਾ ਕਰਦੇ ਹੋਏ ਜਿਹੜੀ ਗੱਲ ਕਹੀ ਸੀ, ਉਸ ਨਾਲ ਮੁੜ ਇਹ ਚਰਚਾ ਛਿੜ ਗਈ ਹੈ ਕਿ ਹਿੰਦੂ ਸ਼ਬਦ ਰਾਸ਼ਟਰੀਅਤਾ ਨੂੰ ਪ੍ਰਗਟ ਕਰਨ ਵਾਲਾ ਸ਼ਬਦ ਹੈ; ਜਿਵੇਂ ਜਰਮਨ ਜਾਂ ਜਾਪਾਨੀ ਹੋਣਾ, ਫਰਾਂਸੀਸੀ ਜਾਂ ਯਹੂਦੀ ਹੋਣਾ ਹੈ। ਸ੍ਰੀ ਭਾਗਵਤ ਦਾ ਕਹਿਣਾ ਹੈ ਕਿ ਹਿੰਦੂ ਹੋਣਾ ਰਾਸ਼ਟਰੀਅਤਾ ਦਾ ਸੂਚਕ ਸ਼ਬਦ ਹੈ, ਜਿਵੇਂ ਇੰਗਲੈਂਡ ਦਾ ਰਹਿਣ ਵਾਲਾ ਇੰਗਲਿਸ਼ ਹੈ, ਅਮਰੀਕਾ ਦਾ ਰਹਿਣ ਵਾਲਾ ਅਮਰੀਕੀ ਹੈ, ਜਾਪਾਨ ਦਾ ਬੰਦਾ ਜਾਪਾਨੀ ਹੈ, ਉਵੇਂ ਹੀ ਹਿੰਦੁਸਤਾਨ ਦਾ ਹਰ ਰਹਿਣ ਵਾਲਾ ਹਿੰਦੂ ਹੈ।

ਮੋਹਨ ਭਾਗਵਤ ਜਿਸ ਜਥੇਬੰਦੀ ਦੇ ਪ੍ਰਧਾਨ ਹਨ, ਉਹ ਆਪਣੇ ਜਨਮ ਤੋਂ ਹੀ ਮੰਨਦੀ ਹੈ ਕਿ ਹਿੰਦੂ, ਰਾਸ਼ਟਰੀਅਤਾ ਪ੍ਰਗਟਾਉਣ ਵਾਲਾ ਸ਼ਬਦ ਹੈ। ਭਾਰਤ ਦੇਸ਼ ਇਕ ਹਿੰਦੂ ਰਾਸ਼ਟਰ ਹੈ, ਹਿੰਦੂ ਹੋਣਾ ਹੀ ਰਾਸ਼ਟਰੀ ਹੋਣਾ ਹੈ।

ਸੁਆਮੀ ਵਿਵੇਕਾਨੰਦ ਨੇ 19ਵੀਂ ਸਦੀ ਦੇ ਅੰਤ ਵਿਚ ਸ਼ਿਕਾਗੋ (ਅਮਰੀਕਾ) ਵਿਚ ਹੋਈ ਵਿਸ਼ਵ ਧਰਮ ਸੰਸਦ ਵਿਚ ਹਿੰਦੂ ਧਰਮ ਦੀ ਪ੍ਰਤੀਨਿਧਤਾ ਕੀਤੀ ਸੀ ਅਤੇ ਇਸ ਨੂੰ ਵੇਦਾਂ ਤੋਂ ਸ਼ੁਰੂ ਹੋਇਆ ਹਿੰਦੂ ਧਰਮ ਕਿਹਾ ਸੀ। ਉਨ੍ਹਾਂ ਨੇ ਹਿੰਦੂ ਸ਼ਬਦ ਦੀ ਉਸੇ ਅਰਥ ਵਿਚ ਵਿਆਖਿਆ ਕੀਤੀ ਸੀ ਜਿਸ ਅਰਥ ਵਿਚ ਇਹ ਅੱਜ ਵਰਤਿਆ ਜਾਂਦਾ ਹੈ। ਉਸ ਸਭਾ ਵਿਚ ਉਨ੍ਹਾਂ ਨੇ ਬੜੇ ਫ਼ਖਰ ਨਾਲ ਕਿਹਾ ਸੀ, 'ਮੈਨੂੰ ਇਕ ਅਜਿਹੇ ਧਰਮ ਦਾ ਅਨੁਯਾਈ ਹੋਣ ਦਾ ਮਾਣ ਹੈ ਜਿਸ ਵਿਚ ਸਹਿਣਸ਼ੀਲਤਾ ਹੈ ਅਤੇ ਸਾਰੇ ਵਿਸ਼ਵ ਦੇ ਲੋਕਾਂ ਨੂੰ ਆਪਣੇ ਭਰਾ ਮੰਨਣ ਦੀ ਮਾਨਤਾ ਹੈ।' ਉਨ੍ਹਾਂ ਨੇ ਹਿੰਦੂਵਾਦ ਨੂੰ ਧਰਮ ਮੰਨ ਕੇ ਸੰਸਾਰ ਦੇ ਦੋ ਵੱਡੇ ਧਰਮਾਂ- ਈਸਾਈਅਤ ਅਤੇ ਇਸਲਾਮ ਦੀ ਤੁਲਨਾ ਕੀਤੀ ਸੀ।

ਡਾ. ਕੇਸ਼ਵ ਬਲੀ ਰਾਮ ਹੈਡਗੇਵਾਰ ਨੇ ਸੰਨ 1925 ਵਿਚ ਨਾਗਪੁਰ ਵਿਚ ਆਰ.ਐਸ.ਐਸ. ਦੀ ਨੀਂਹ ਰੱਖੀ ਸੀ। ਸੰਘ ਦਾ ਸੋਇਮ ਸੇਵਕ ਬਣਨ ਲਈ ਬੰਦੇ ਨੂੰ ਇਕ ਸਹੁੰ ਚੁੱਕਣੀ ਪੈਂਦੀ ਸੀ- 'ਸਰਬ-ਸ਼ਕਤੀਮਾਨ ਪਰਮੇਸ਼ਵਰ ਅਤੇ ਆਪਣੇ ਪੁਰਵਜਾਂ ਨੂੰ ਯਾਦ ਕਰਦੇ ਹੋਏ ਮੈਂ ਸਹੁੰ ਚੁੱਕਦਾ ਹਾਂ ਕਿ ਪਵਿੱਤਰ ਹਿੰਦੂ ਧਰਮ, ਹਿੰਦੂ ਸੰਸਕ੍ਰਿਤੀ ਦੀ ਰੱਖਿਆ ਕਰਨ ਲਈ ਅਤੇ ਹਿੰਦੂ ਰਾਸ਼ਟਰ ਨੂੰ ਆਜ਼ਾਦ ਕਰਾਉਣ ਲਈ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਹਿੱਸਾ ਬਣ ਰਿਹਾ ਹਾਂ। ਸੰਘ ਦਾ ਕੰਮ ਮੈਂ ਇਮਾਨਦਾਰੀ, ਨਿਰਸੁਆਰਥ ਬੁੱਧੀ, ਤਨ, ਮਨ ਅਤੇ ਧਨ ਨਾਲ ਕਰਾਂਗਾ ਅਤੇ ਇਸ ਵਰਤ ਨੂੰ ਮੈਂ ਸਾਰਾ ਜੀਵਨ ਪੂਰੀ ਨਿਸ਼ਠਾ ਦੇ ਨਾਲ ਨਿਭਾਵਾਂਗਾ।' ਇਸ ਸਹੁੰ ਵਿਚ ਹਿੰਦੂ ਧਰਮ ਅਤੇ ਹਿੰਦੂ ਸੰਸਕ੍ਰਿਤੀ ਦੇ ਨਾਲ ਹੀ ਹਿੰਦੂ ਰਾਸ਼ਟਰ ਨੂੰ ਆਜ਼ਾਦ ਕਰਾਉਣ ਦੀ ਗੱਲ ਕਹੀ ਗਈ ਸੀ। 15 ਅਗਸਤ ਨੂੰ ਦੇਸ਼ ਆਜ਼ਾਦ ਹੋ ਗਿਆ। ਜੇ ਹਿੰਦੂ ਹੋਣਾ ਹੀ ਰਾਸ਼ਟਰੀ ਹੋਣਾ ਹੈ ਤਾਂ ਹਿੰਦੂ ਰਾਸ਼ਟਰ ਨੂੰ ਆਜ਼ਾਦ ਕਰਾਉਣ ਦਾ ਸੰਕਲਪ ਤਾਂ ਪੂਰਾ ਹੋ ਗਿਆ, ਪਰ ਸੰਘ ਅਜੇ ਵੀ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨ ਦੇ ਨਿਸ਼ਚੈ ਨੂੰ ਦੁਹਰਾਉਂਦਾ ਰਹਿੰਦਾ ਹੈ। ਕੀ ਇਸ ਦਾ ਅਰਥ ਇਹ ਹੈ ਕਿ ਭਾਰਤ ਰਾਸ਼ਟਰ ਤਾਂ ਆਜ਼ਾਦ ਹੋ ਗਿਆ ਹੈ, ਪਰ ਹਿੰਦੂ ਰਾਸ਼ਟਰ ਆਜ਼ਾਦ ਨਹੀਂ ਹੈ।

ਆਰ.ਐਸ.ਐਸ. ਦੀ ਸਥਾਪਨਾ ਦੇ ਕੁਝ ਚਿਰ ਪਿੱਛੋਂ (1931 ਵਿਚ) ਅਲਾਹਾਬਾਦ ਵਿਚ ਮੁਸਲਿਮ ਲੀਗ ਦਾ ਸਾਲਾਨਾ ਜਲਸਾ ਹੋਇਆ ਸੀ ਜਿਸ ਦੀ ਪ੍ਰਧਾਨਗੀ ਡਾ. ਮੁਹੰਮਦ ਇਕਬਾਲ ਨੇ ਕੀਤੀ ਸੀ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਇਥੇ ਇਕ ਹਿੰਦੂ ਭਾਰਤ ਹੈ ਅਤੇ ਇਕ ਮੁਸਲਿਮ ਭਾਰਤ ਹੈ। ਇਸੇ ਮਾਨਤਾ ਉਤੇ ਮੁਹੰਮਦ ਅਲੀ ਜਿਨਾਹ ਨੇ ਦੋ ਰਾਸ਼ਟਰਾਂ ਦੇ ਸਿਧਾਂਤ ਦਾ ਵਿਚਾਰ ਅੱਗੇ ਵਧਾਇਆ ਅਤੇ ਦੇਸ਼ ਵੰਡਿਆ ਗਿਆ। ਪਾਕਿਸਤਾਨ ਨੇ ਆਪਣੇ ਆਪ ਨੂੰ ਇਸਲਾਮੀ ਰਾਸ਼ਟਰ ਐਲਾਨਿਆ, ਪਰ ਭਾਰਤ ਨੇ ਆਪਣੇ ਆਪ ਨੂੰ ਹਿੰਦੂ ਰਾਸ਼ਟਰ ਨਹੀਂ ਕਿਹਾ। ਆਜ਼ਾਦ ਭਾਰਤ ਦਾ ਜਿਹੜਾ ਸੰਵਿਧਾਨ ਬਣਿਆ, ਉਸ ਵਿਚ ਇਸ ਦੇਸ਼ ਵਿਚ ਵਸਣ ਵਾਲੇ ਸਾਰੇ ਸ਼ਹਿਰੀਆਂ ਨੂੰ ਉਨ੍ਹਾਂ ਦਾ ਧਰਮ, ਮਜ਼ਹਬ, ਪੰਥ, ਜਾਤੀ, ਨਸਲ, ਲਿੰਗ ਕੁਝ ਵੀ ਹੋਵੇ, ਬਰਾਬਰ ਦੇ ਅਧਿਕਾਰ ਦਿੱਤੇ ਗਏ।

ਅਜੋਕੇ ਸੰਸਾਰ ਵਿਚ ਰਾਸ਼ਟਰੀਅਤਾ ਦਾ ਵਿਚਾਰ ਲਗਾਤਾਰ ਬਦਲਿਆ ਹੈ। ਕੁਝ ਇਸਲਾਮੀ ਦੇਸ਼ਾਂ ਨੂੰ ਛੱਡ ਕੇ ਅੱਜ ਸੰਸਾਰ ਵਿਚ ਬਹੁਤੇ ਦੇਸ਼ ਬਹੁ-ਧਰਮੀ ਹਨ ਅਤੇ ਸਾਰੇ ਧਰਮ ਬਹੁ-ਦੇਸ਼ੀ ਹੋ ਗਏ ਹਨ। ਹਿੰਦੂ ਧਰਮ ਨੂੰ ਮੰਨਣ ਵਾਲੇ ਵੱਡੀ ਗਿਣਤੀ ਵਿਚ ਉਨ੍ਹਾਂ ਦੇਸ਼ਾਂ ਵਿਚ ਰਹਿੰਦੇ ਹਨ, ਜਿਥੇ ਈਸਾਈ ਧਰਮ ਨੂੰ ਮੰਨਣ ਵਾਲੇ ਬਹੁ-ਗਿਣਤੀ ਵਿਚ ਹਨ। ਇੰਡੋਨੇਸ਼ੀਆ ਜਿਹੇ ਬਹੁ-ਗਿਣਤੀ ਮੁਸਲਿਮ ਦੇਸ਼ ਵਿਚ ਵੱਡੀ ਗਿਣਤੀ ਵਿਚ ਹਿੰਦੂ ਰਹਿੰਦੇ ਹਨ। ਉਹ ਧਰਮ ਦੇ ਨਜ਼ਰੀਏ ਨਾਲ ਹਿੰਦੂ ਹਨ, ਪਰ ਰਾਸ਼ਟਰੀਅਤਾ ਦੇ ਨਜ਼ਰੀਏ ਨਾਲ ਇੰਡੋਨੇਸ਼ੀਆਈ ਹਨ।

> ***ਭਾਰਤ ਦਾ ਸੰਵਿਧਾਨ ਹਿੰਦੂ ਲਫ਼ਜ਼ ਨੂੰ ਧਰਮ ਦੇ ਰੂਪ ਵਿਚ ਵੇਖਦਾ ਹੈ। ਇਸ ਲਈ ਹਿੰਦੂ ਸਿਵਲ ਕੋਡ ਮੁਸਲਮਾਨਾਂ, ਈਸਾਈਆਂ, ਪਾਰਸੀਆਂ ਉੱਤੇ ਲਾਗੂ ਨਹੀਂ ਹੁੰਦਾ, ਸੰਵਿਧਾਨ ਵਿਚ ਇਸ ਦੇਸ਼ ਲਈ ਦੋ ਸ਼ਬਦ ਵਰਤੇ ਗਏ ਹਨ- ਇੰਡੀਆ ਤੇ ਭਾਰਤ। ਦੇਸ਼ ਦੇ ਸਾਰੇ ਨਿਵਾਸੀ ਇੰਡੀਅਨ ਹਨ, ਭਾਰਤੀ ਹਨ। ਜਿਥੇ ਹਿੰਦੁਸਤਾਨ ਲਫ਼ਜ਼ ਵਰਤਿਆ ਗਿਆ ਹੈ, ਉਥੇ ਉਹ ਹਿੰਦੁਸਤਾਨੀ ਹਨ, ਹਿੰਦੂ ਨਹੀਂ।***

ਕੁਝ ਸਮਾਂ ਪਹਿਲਾਂ ਮੈਂ ਕੁਝ ਚਿਰ ਲਈ ਕੈਨੇਡਾ ਗਿਆ ਸੀ। ਉਥੇ ਗੁਰਪੁਰਬ ਮੌਕੇ ਸਿੱਖਾਂ ਨੇ ਨਗਰ ਕੀਰਤਨ ਸਜਾਇਆ। ਰਵਾਇਤ ਮੁਤਾਬਿਕ ਪੰਜ ਪਿਆਰੇ ਖਾਲਸਾਈ ਨਿਸ਼ਾਨ ਲੈ ਕੇ ਅੱਗੇ-ਅੱਗੇ ਤੁਰ ਰਹੇ ਸਨ, ਪਰ ਉਨ੍ਹਾਂ ਤੋਂ ਵੀ ਅੱਗੇ ਇਕ ਹੋਰ ਸਿੰਘ ਉਨ੍ਹਾਂ ਜਿਹੇ ਲਿਬਾਸ ਵਿਚ ਕੈਨੇਡਾ ਦਾ ਰਾਸ਼ਟਰੀ ਝੰਡਾ ਲੈ ਕੇ ਤੁਰ ਰਿਹਾ ਸੀ। ਇਸ ਦਾ ਅਰਥ ਸਾਫ ਸੀ- ਧਰਮ ਪੱਖੋਂ ਅਸੀਂ ਸਿੱਖ ਹਾਂ, ਪਰ ਰਾਸ਼ਟਰੀਅਤਾ ਪੱਖੋਂ ਅਸੀਂ ਕੈਨੇਡੀਅਨ ਹਾਂ।

1950 ਵਿਚ ਭਾਰਤੀ ਜਨ ਸੰਘ ਦੀ ਸਥਾਪਨਾ ਹੋਈ ਸੀ। ਉਸ ਪਿੱਛੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਪ੍ਰੇਰਨਾ ਸੀ, ਪਰ ਭਾਰਤੀ ਜਨ ਸੰਘ ਦੇ ਮਨੋਰਥ ਪੱਤਰ ਵਿਚ ਹਿੰਦੂ ਰਾਸ਼ਟਰ ਦੀ ਸਥਾਪਨਾ ਦੀ ਕੋਈ ਗੱਲ ਨਹੀਂ ਸੀ। ਭਾਰਤੀ ਜਨ ਸੰਘ ਇਕ ਸਿਆਸੀ ਦਲ ਸੀ। ਇਸ ਨੇ ਚੋਣਾਂ ਲੜਨੀਆਂ ਸਨ। ਇਸ ਲਈ ਉਸ ਨੇ ਆਪਣੇ ਬੂਹੇ ਸਾਰਿਆਂ ਧਰਮਾਂ ਲਈ ਖੁੱਲ੍ਹੇ ਰੱਖੇ ਸਨ।

1970 ਵਿਚ ਜਦੋਂ ਜੈ ਪ੍ਰਕਾਸ਼ ਨਾਰਾਇਣ ਦੇ ਯਤਨਾਂ ਨਾਲ ਬਹੁਤ ਸਾਰੇ ਗ਼ੈਰ-ਕਾਂਗਰਸੀ ਅਤੇ ਗ਼ੈਰ-ਖੱਬੇ ਪੱਖੀ ਇਕ ਮੰਚ 'ਤੇ ਆਏ, ਉਨ੍ਹਾਂ ਵਿਚ ਭਾਰਤੀ ਜਨ ਸੰਘ ਵੀ ਸੀ। ਇਹ ਸਾਰੀਆਂ ਪਾਰਟੀਆਂ ਇੰਦਰਾ ਗਾਂਧੀ ਦੇ ਤਾਨਾਸ਼ਾਹੀ ਰਵੱਈਏ ਕਾਰਨ ਇਕੱਠੀਆਂ ਹੋਈਆਂ ਸਨ। ਇਨ੍ਹਾਂ ਨੇ ਮਿਲ ਕੇ ਜਨਤਾ ਪਾਰਟੀ ਬਣਾਈ ਸੀ। ਆਮ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਕੇ ਜਨਤਾ ਪਾਰਟੀ ਸੱਤਾ ਵਿਚ ਆਈ। ਸ੍ਰੀ ਮੁਰਾਰਜੀ ਦੇਸਾਈ ਪ੍ਰਧਾਨ ਮੰਤਰੀ ਬਣੇ। ਅਟਲ ਬਿਹਾਰੀ ਵਾਜਪਾਈ ਨੂੰ ਵਿਦੇਸ਼ ਮੰਤਰੀ ਅਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਸੂਚਨਾ ਤੇ ਪ੍ਰਸਾਰਨ ਮੰਤਰੀ ਬਣਾਇਆ ਗਿਆ ਸੀ। 1980 ਵਿਚ ਆਪਣੇ ਅਨੇਕਾਂ ਅੰਤਰ-ਵਿਰੋਧਾਂ ਕਰ ਕੇ ਜਨਤਾ ਪਾਰਟੀ ਟੁੱਟਣ ਲੱਗ ਪਈ। ਭਾਰਤੀ ਜਨ ਸੰਘ ਨੇ ਜਨਤਾ ਪਾਰਟੀ ਤੋਂ ਨਿਕਲ ਕੇ ਆਪਣੇ ਆਪ ਨੂੰ ਪੁਨਰਗਠਿਤ ਕੀਤਾ ਅਤੇ ਭਾਰਤੀ ਜਨਤਾ ਪਾਰਟੀ ਨਾਂ ਹੇਠ ਨਵੀਂ ਪਾਰਟੀ ਬਣਾ ਲਈ। ਹਿੰਦੂਤਵ ਬਾਰੇ ਵੀ ਉਸ ਦਾ ਨਜ਼ਰੀਆ ਵਧੇਰੇ ਲਚਕੀਲਾ ਹੋ ਗਿਆ। ਅਟਲ ਬਿਹਾਰੀ ਵਾਜਪਾਈ ਨੇ ਭਾਰਤੀ ਜਨਤਾ ਪਾਰਟੀ ਨੂੰ ਸਹੀ ਅਰਥਾਂ ਵਿਚ ਲੋਕਤੰਤਰੀ ਤੇ ਉਦਾਰ ਰੂਪ ਦੇਣ ਦਾ ਯਤਨ ਕੀਤਾ, ਪਰ ਲਾਲ ਕ੍ਰਿਸ਼ਨ ਅਡਵਾਨੀ ਇਸ ਨੂੰ ਹਿੰਦੂਵਾਦੀ ਬਣਾ ਕੇ ਰੱਖਣਾ ਚਾਹੁੰਦੇ ਸਨ।

ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਦੇ ਮੁੱਦੇ 'ਤੇ ਅਡਵਾਨੀ ਨੇ ਜਿਹੜੀ ਰਥ ਯਾਤਰਾ ਕੱਢੀ ਸੀ, ਵਾਜਪਾਈ ਨੇ ਉਸ ਦੀ ਹਮਾਇਤ ਨਹੀਂ ਸੀ ਕੀਤੀ। ਅਯੁੱਧਿਆ ਵਿਚ ਬਣੀ ਬਾਬਰੀ ਮਸਜਿਦ ਨੂੰ ਢਾਹੁਣ ਵੇਲੇ ਭਾਜਪਾ ਦੇ ਵੱਡੇ ਲੀਡਰ ਉਥੇ ਮੌਜੂਦ ਸਨ ਪਰ ਵਾਜਪਾਈ ਉਥੇ ਨਹੀਂ ਸਨ। ਉਨ੍ਹਾਂ ਨੇ ਇਸ ਕੰਮ ਨੂੰ ਠੀਕ ਨਹੀਂ ਸੀ ਸਮਝਿਆ। ਕੁਝ ਵਰ੍ਹੇ ਪਹਿਲਾਂ ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ, ਉਨ੍ਹਾਂ ਨੇ ਆਪਣੇ ਘਰ ਵਿਚ ਸ੍ਰੀ ਮਲਕਾਨੀ (ਹੁਣ ਜੀਵਤ ਨਹੀਂ) ਦੀ ਪੁਸਤਕ 'ਇੰਡੀਆ ਫਸਟ' ਰਿਲੀਜ਼ ਕੀਤੀ ਸੀ। ਉਸ ਮੌਕੇ ਵਾਜਪਾਈ ਨੇ ਹਿੰਦੂਤਵ ਦੀ ਗੱਲ ਵੀ ਛੇੜੀ ਸੀ। ਉਨ੍ਹਾਂ ਕਿਹਾ ਸੀ, ਜਦੋਂ ਸੁਆਮੀ ਵਿਵੇਕਾਨੰਦ ਹਿੰਦੂ ਹੋਣ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਕੋਈ ਫਿਰਕਾਪ੍ਰਸਤ ਨਹੀਂ ਆਖਦਾ; ਪਰ ਅੱਜ ਕਲ੍ਹ ਕੁਝ ਲੋਕੀ ਹਿੰਦੂਤਵ ਦੀ ਜੋ ਪਰਿਭਾਸ਼ਾ ਕਰਦੇ ਹਨ, ਮੈਂ ਉਸ ਤੋਂ ਲਾਂਭੇ ਹੀ ਰਹਿਣਾ ਚਾਹੁੰਦਾ ਹਾਂ। ਸ੍ਰੀ ਵਾਜਪਾਈ ਦੀ ਸਿਆਣਪ ਅਤੇ ਦੂਰਦ੍ਰਿਸ਼ਟੀ ਕਰ ਕੇ ਹੀ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਬਣਿਆ ਸੀ। ਉਸ ਗਠਜੋੜ ਵਿਚ ਅਜਿਹੀਆਂ ਪਾਰਟੀਆਂ ਤੇ ਉਘੇ ਬੰਦੇ ਵੀ ਸ਼ਾਮਿਲ ਹੋਏ ਸਨ ਜਿਹੜੇ ਭਾਜਪਾ ਨੂੰ ਫਿਰਕੂ ਜਮਾਤ ਸਮਝਦੇ ਸਨ। ਇਸ ਗਠਜੋੜ ਦੀ ਸਰਕਾਰ 6 ਵਰ੍ਹਿਆਂ ਤੱਕ ਕੇਂਦਰ ਵਿਚ ਰਹੀ।

ਇਤਿਹਾਸਕ ਦ੍ਰਿਸ਼ਟੀ ਨਾਲ ਭਾਰਤ ਵਿਚ ਹਿੰਦੂ ਸ਼ਬਦ ਸਦਾ ਇਕ ਧਰਮ ਨਾਲ ਜੋੜ ਕੇ ਵੇਖਿਆ ਗਿਆ ਹੈ। ਮੱਧ ਯੁੱਗ ਦੇ ਸਾਰੇ ਸੰਤਾਂ, ਭਗਤਾਂ ਨੇ ਹਿੰਦੂ ਅਤੇ ਮੁਸਲਮਾਨ (ਜਾਂ ਤੁਰਕ) ਦੋ ਲਫ਼ਜ਼ਾਂ ਦੀ ਵਰਤੋਂ ਦੋ ਤਬਕਿਆਂ ਨੂੰ ਦਰਸਾਉਣ ਲਈ ਕੀਤੀ ਹੈ। ਭਗਤ ਨਾਮਦੇਵ ਨੇ ਤੇਰ੍ਹਵੀਂ ਸਦੀ ਵਿਚ ਲਿਖਿਆ ਸੀ-

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ॥

ਭਾਰਤ ਦਾ ਸੰਵਿਧਾਨ ਵੀ ਹਿੰਦੂ ਲਫ਼ਜ਼ ਨੂੰ ਧਰਮ ਦੇ ਰੂਪ ਵਿਚ ਵੇਖਦਾ ਹੈ। ਇਸ ਲਈ ਹਿੰਦੂ ਸਿਵਲ ਕੋਡ ਮੁਸਲਮਾਨਾਂ, ਈਸਾਈਆਂ, ਪਾਰਸੀਆਂ ਉਤੇ ਲਾਗੂ ਨਹੀਂ ਹੁੰਦਾ, ਸੰਵਿਧਾਨ ਵਿਚ ਇਸ ਦੇਸ਼ ਲਈ ਦੋ ਸ਼ਬਦ ਵਰਤੇ ਗਏ ਹਨ- ਇੰਡੀਆ ਅਤੇ ਭਾਰਤ। ਦੇਸ਼ ਦੇ ਸਾਰੇ ਨਿਵਾਸੀ ਇੰਡੀਅਨ ਹਨ, ਭਾਰਤੀ ਹਨ। ਜਿਥੇ ਹਿੰਦੁਸਤਾਨ ਲਫ਼ਜ਼ ਵਰਤਿਆ ਗਿਆ ਹੈ, ਉਥੇ ਉਹ ਹਿੰਦੁਸਤਾਨੀ ਹਨ, ਹਿੰਦੂ ਨਹੀਂ। ਡਾ. ਮੁਹੰਮਦ ਇਕਬਾਲ ਨੇ ਜਦੋਂ 1905 ਵਿਚ ਇਹ ਗੀਤ ਲਿਖਿਆ ਸੀ- 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਤਾਂ ਇਥੇ ਦੇ ਰਹਿਣ ਵਾਲਿਆਂ ਲਈ 'ਹਿੰਦੀ' ਲਫ਼ਜ਼ ਵਰਤਿਆ ਸੀ। ਹਿੰਦੁਸਤਾਨੀਆਂ ਲਈ 'ਹਿੰਦੀ' ਲਫ਼ਜ਼ ਦੀ ਵਰਤੋਂ ਹੁੰਦੀ ਰਹੀ ਹੈ- 'ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਂ ਹਮਾਰਾ।' ਸ੍ਰੀ ਮੋਹਨ ਭਾਗਵਤ ਨੇ ਹਿੰਦੁਸਤਾਨੀ ਦੀ ਥਾਂ ਸਭ ਨੂੰ ਹਿੰਦੂ ਆਖਣ ਦੀ ਵਕਾਲਤ ਕਰ ਕੇ ਨਵਾਂ ਬਖੇੜਾ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਨੂੰ ਹਿੰਦੂ, ਹਿੰਦੀ, ਹਿੰਦੁਸਤਾਨੀ ਲਫ਼ਜ਼ਾਂ ਦਾ ਫਰਕ ਸਮਝਣਾ ਚਾਹੀਦਾ ਹੈ।

# ਇਤਿਹਾਸ ਦੀ ਅੱਖ ਵਿਚੋਂ 'ਲਵ ਜਹਾਦ'

*ਅੱਜ ਕੱਲ੍ਹ 'ਲਵ ਜਹਾਦ' ਨੂੰ ਹਿੰਦੂਤਵੀਆਂ ਨੇ ਪ੍ਰਚਾਰ ਦਾ ਮੁੱਦਾ ਬਣਾਇਆ ਹੋਇਆ ਹੈ। ਕੌਮੀ ਪੱਧਰ ਦੀ ਸ਼ੂਟਰ ਤਾਰਾ ਸ਼ਾਹਦਿਓ ਵਲੋਂ ਲਗਾਇਆ ਇਲਜ਼ਾਮ ਹਿੰਦੂਤਵੀਆਂ ਨੇ ਫਟਾਫਟ ਬੋਚ ਲਿਆ। ਤਾਰਾ ਦਾ ਕਹਿਣਾ ਸੀ ਕਿ ਉਸ ਨੂੰ ਰਣਜੀਤ ਕੁਮਾਰ ਕੋਹਲੀ ਨਾਂ ਦੇ ਬੰਦੇ ਨੇ ਵਰਗਲਾ ਕੇ ਆਪਣੇ ਪ੍ਰੇਮ ਜਾਲ ਵਿਚ ਫਸਾਇਆ ਤੇ ਵਿਆਹ ਕਰਵਾਇਆ। ਪਿਛੋਂ ਪਤਾ ਲੱਗਿਆ ਕਿ ਉਹ ਤਾਂ ਮੁਸਲਮਾਨ ਹੈ। ਤਾਰਾ ਅਨੁਸਾਰ ਉਸ ਦਾ ਧਰਮ ਜਬਰੀ ਬਦਲਿਆ ਗਿਆ। ਇਹ ਕਹਾਣੀ ਸੱਚੀ ਹੈ ਜਾਂ ਘੜੀ ਹੋਈ, ਇਸ ਬਾਰੇ ਕੁਝ ਕਹਿਣਾ ਮੁਸ਼ਕਿਲ ਹੈ। ਉਂਜ, ਸੱਚਾਈ ਕੁਝ ਵੀ ਹੋਵੇ, ਪੂਰੇ ਮੁਲਕ ਨੂੰ ਭਗਵੇਂ ਰੰਗ ਵਿਚ ਰੰਗਣ ਲਈ ਤਰਲੋਮੱਛੀ ਹੋ ਰਹੇ ਹਿੰਦੂਤਵੀ ਹਮੇਸ਼ਾ ਅਜਿਹੇ ਮਾਮਲਿਆਂ ਦੀ ਤਲਾਸ਼ ਵਿਚ ਰਹੇ ਹਨ ਕਿ ਕਿਸੇ ਮੁਸਲਮਾਨ ਦੀ ਗ਼ਲਤੀ ਸਾਹਮਣੇ ਆਵੇ ਅਤੇ ਇਸ ਦੇ ਬਹਾਨੇ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਇਸੇ ਲਈ ਉਨ੍ਹਾਂ ਨੇ ਮੁਸਲਮਾਨਾਂ ਦੀ 'ਲਵ ਜਹਾਦ' ਦੀ ਸਾਜ਼ਿਸ਼ 'ਖੋਜ' ਲਈ ਹੈ। ਮਈ 2013 ਵਿਚ ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਵੀ ਭਾਜਪਾ-ਆਰ.ਐਸ.ਐਸ. ਨੇ 'ਲਵ ਜਹਾਦ' ਨੂੰ ਮੁੱਖ ਮੁੱਦਾ ਬਣਾਇਆ ਸੀ, ਪਰ ਉਹ ਫਿਰਕੂ ਪਾੜਾ ਪਾ ਕੇ ਵੋਟ ਵੱਟ ਨਾ ਕਰ ਸਕੇ। ਹੁਣ ਸੰਘ ਪਰਿਵਾਰ ਪੂਰੇ ਮੁਲਕ ਦੀ ਸੱਤਾ 'ਤੇ ਕਾਬਜ਼ ਹੈ। ਮੁੱਖਧਾਰਾ ਮੀਡੀਆ ਉਨ੍ਹਾਂ ਦੇ ਪੱਖ 'ਚ ਹੈ। ਉਨ੍ਹਾਂ ਨੇ ਤੁਰੰਤ ਪ੍ਰਚਾਰ ਮੁਹਿੰਮ ਤੇਜ਼ ਕਰ ਦਿੱਤੀ ਕਿ ਮੁਸਲਮਾਨ ਸਦੀਆਂ ਤੋਂ ਹਿੰਦੂ ਔਰਤਾਂ ਨੂੰ ਵਰਗਾ ਕੇ ਉਨ੍ਹਾਂ ਨੂੰ ਬੱਚੇ ਜੰਮਣ ਲਈ ਵਰਤਦੇ ਆ ਰਹੇ ਹਨ ਤਾਂ ਜੋ ਮੁਸਲਿਮ ਆਬਾਦੀ ਨੂੰ ਜ਼ਰਬਾਂ ਦਿੱਤੀਆਂ ਜਾ ਸਕਣ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਬੁਲਾਰੇ ਵਿਨੋਦ ਬਾਂਸਲ ਨੇ ਝੱਟ ਦਾਅਵਾ ਕਰ ਦਿੱਤਾ ਕਿ 'ਲਵ ਜਹਾਦ ਇਕ ਹਕੀਕਤ ਹੈ, ਇਸ ਤੋਂ ਮੁਕਰਿਆ ਨਹੀਂ ਜਾ ਸਕਦਾ।' ਭਾਜਪਾ ਦਾ ਐਮ.ਪੀ. ਯੋਗੀ ਅਦਿਤਿਯਨਾਥ ਤਾਂ ਇੱਥੋਂ ਤਾਈਂ ਧਮਕੀ ਦੇ ਗਿਆ ਕਿ ਜੇ 'ਉਹ ਇਕ ਹਿੰਦੂ ਔਰਤ ਲੈ ਕੇ ਜਾਣਗੇ, ਅਸੀਂ ਉਨ੍ਹਾਂ ਦੀਆਂ ਸੌ ਲਿਜਾਂਵਾਂਗੇ।' ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿਚ ਐਸੋਸੀਏਟ ਪ੍ਰੋਫੈਸਰ ਚਾਰੂ ਗੁਪਤਾ ਨੇ ਇਸ ਵਰਤਾਰੇ ਦੀ ਇਤਿਹਾਸਕ ਤੌਰ 'ਤੇ ਚੀਰ-ਫਾੜ ਕੀਤੀ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

ਹਿੰਦੂਤਵੀਆਂ ਦਾ 'ਲਵ ਜਹਾਦ' ਅੰਦੋਲਨ ਔਰਤਾਂ ਦੇ ਨਾਂ 'ਤੇ ਫਿਰਕੂ ਲਾਮਬੰਦੀ ਦਾ ਤਾਜ਼ਾ ਯਤਨ ਹੈ। ਬਤੌਰ ਇਤਿਹਾਸਕਾਰ ਮੈਂ ਇਸ ਦੀਆਂ ਜੜ੍ਹਾਂ ਬਸਤੀਵਾਦੀ ਅਤੀਤ ਵਿਚ ਦੇਖਦੀ ਹਾਂ। ਜਦੋਂ ਵੀ ਫਿਰਕੂ ਤਣਾਅ ਅਤੇ ਫ਼ਸਾਦਾਂ ਦਾ ਮਾਹੌਲ ਮਜ਼ਬੂਤ ਹੋਇਆ ਹੈ, ਉਦੋਂ ਹੀ ਇਸ ਤਰ੍ਹਾਂ ਦੀਆਂ ਮਿੱਥਾਂ ਘੜੀਆਂ ਗਈਆਂ ਹਨ ਅਤੇ ਉਨ੍ਹਾਂ ਦੇ ਚਾਰ-ਚੁਫੇਰੇ ਪ੍ਰਚਾਰ ਸਾਡੇ ਅੱਗੇ ਪਰੋਸੇ ਜਾਂਦੇ ਰਹੇ ਹਨ। ਇਸ ਤਰ੍ਹਾਂ ਦੇ ਪ੍ਰਚਾਰ ਵਿਚ ਮੁਸਲਮਾਨ ਮਰਦਾਂ ਨੂੰ ਖ਼ਾਸ ਤੌਰ 'ਤੇ ਉਧਾਲਣ ਵਾਲੇ ਵਜੋਂ ਪੇਸ਼ ਕੀਤਾ ਗਿਆ ਹੈ ਅਤੇ ਉਸ ਦੀ ਤਸਵੀਰ 'ਕਾਮੀ' ਮੁਸਲਮਾਨ ਦੀ ਘੜ ਦਿੱਤੀ ਗਈ ਹੈ।



ਮੈਂ 1920-30 ਦੇ ਦਹਾਕਿਆਂ ਵਿਚ ਉਤਰ ਪ੍ਰਦੇਸ਼ ਵਿਚ ਫਿਰਕਾਪ੍ਰਸਤੀ ਅਤੇ

**ਚਾਰੂ ਗੁਪਤਾ**

**ਅਨੁਵਾਦ: ਬੂਟਾ ਸਿੰਘ**

ਲਿੰਗਕ-ਹਸਤੀ ਦਰਮਿਆਨ ਉਭਰ ਰਹੇ ਰਿਸ਼ਤੇ ਉਪਰ ਖੋਜ ਦਾ ਕੰਮ ਕੀਤਾ ਹੈ। ਉਸ ਦੌਰ ਵਿਚ 'ਲਵ ਜਹਾਦ' ਲਫ਼ਜ਼ ਦਾ ਇਸਤੇਮਾਲ ਨਹੀਂ ਹੋਇਆ ਸੀ, ਪਰ ਉਸ ਵਕਤ ਵੀ ਹਿੰਦੂ ਜਥੇਬੰਦੀਆਂ-ਆਰੀਆ ਸਮਾਜ, ਹਿੰਦੂ ਮਹਾ ਸਭਾ ਆਦਿ, ਦੇ ਵੱਡੇ ਹਿੱਸੇ ਨੇ 'ਮੁਸਲਮਾਨ ਗੁੰਡਿਆਂ' ਵਲੋਂ ਹਿੰਦੂ ਔਰਤਾਂ ਨੂੰ ਕੱਢ ਕੇ ਲਿਜਾਣ, ਤੇ ਧਰਮ ਬਦਲਣ ਦੀਆਂ ਕਈ ਕਹਾਣੀਆਂ ਪ੍ਰਚਾਰੀਆਂ। ਉਨ੍ਹਾਂ ਨੇ ਕਈ ਤਰ੍ਹਾਂ ਦੇ ਭੜਕਾਊ ਅਤੇ ਚਤੁਰਾਈ ਵਾਲੇ ਬਿਆਨ ਦਿੱਤੇ ਜਿਨ੍ਹਾਂ ਵਿਚ ਮੁਸਲਮਾਨਾਂ ਵਲੋਂ ਹਿੰਦੂ ਔਰਤਾਂ ਉਪਰ ਜ਼ੁਲਮ ਅਤੇ ਵਿਭਚਾਰ ਦੀਆਂ ਅਨੇਕਾਂ ਕਹਾਣੀਆਂ ਘੜੀਆਂ ਗਈਆਂ। ਇਨ੍ਹਾਂ ਬਿਆਨਾਂ ਦਾ ਇਸ ਤਰ੍ਹਾਂ ਦਾ ਹੜ੍ਹ ਆ ਗਿਆ ਕਿ ਮੁਸਲਮਾਨਾਂ ਵਲੋਂ ਹਿੰਦੂ ਔਰਤਾਂ ਨਾਲ ਜਬਰ ਜਨਾਹ, ਮੁਸਲਮਾਨਾਂ ਦਾ ਹਮਲਾਵਰ ਵਤੀਰਾ, ਹਿੰਦੂ ਔਰਤਾਂ ਨੂੰ ਕੱਢ ਲਿਜਾਣ, ਭਰਮਾਉਣ-ਫੁਸਲਾਉਣ, ਧਰਮ ਬਦਲ ਦੇਣ ਅਤੇ ਧੱਕੇ ਨਾਲ ਮੁਸਲਮਾਨ ਮਰਦਾਂ ਦੇ ਹਿੰਦੂ ਔਰਤਾਂ ਨਾਲ ਵਿਆਹਾਂ ਦੀਆਂ ਕਹਾਣੀਆਂ ਦੀ ਲੰਮੀ ਸੂਚੀ ਬਣਦੀ ਗਈ। ਅੰਤਰ-ਮਜ਼ਬੀ ਵਿਆਹ, ਮੁਹੱਬਤ, ਔਰਤ ਦੇ ਆਪਣੀ ਮਰਜ਼ੀ ਨਾਲ ਜਿਸਮਾਨੀ ਰਿਸ਼ਤਾ ਜੋੜਨ ਅਤੇ ਧਰਮ ਬਦਲਣ ਨੂੰ ਵੀ ਸਮੂਹਿਕ ਤੌਰ 'ਤੇ ਇਕ ਫਿਰਕੇ ਵਲੋਂ ਉਧਾਲੇ ਅਤੇ ਧੱਕੇ ਨਾਲ ਧਰਮ ਬਦਲਣ ਦੇ ਜੁਮਰੇ ਵਿਚ ਰੱਖ ਦਿੱਤਾ ਗਿਆ।

ਉਸ ਦੌਰ ਵਿਚ ਉਭਰੀ ਅਗਵਾ ਦੀ ਪ੍ਰਚਾਰ ਮੁਹਿੰਮ ਅਤੇ ਅੱਜ ਦੇ 'ਲਵ ਜਹਾਦ' ਦਰਮਿਆਨ ਮੈਨੂੰ ਕਈ ਸਮਾਨਤਾਵਾਂ ਨਜ਼ਰ ਆਉਂਦੀਆਂ ਹਨ। ਇਨ੍ਹਾਂ ਦੋਵੇਂ ਦੌਰਾਂ ਦੇ ਪ੍ਰਚਾਰ ਵਿਚ ਮੁਸਲਮਾਨਾਂ ਵਲੋਂ ਹਿੰਦੂ ਔਰਤਾਂ ਦੀ ਅਖੌਤੀ ਜਬਰੀ ਧਰਮ ਬਦਲੀ ਦੀਆਂ ਕਹਾਣੀਆਂ ਨੇ ਹਿੰਦੂਆਂ ਦੇ ਇਕ ਖ਼ਾਸੇ ਹਿੱਸੇ ਨੂੰ ਹਿੰਦੂ ਪਛਾਣ ਅਤੇ ਚੇਤਨਾ ਲਈ ਲਾਮਬੰਦੀ ਦਾ ਮੁੱਖ ਕਾਰਕ ਮੁਹੱਈਆ ਕਰ ਦਿੱਤਾ। ਇਸ ਨੇ ਹਿੰਦੂ ਪ੍ਰਚਾਰਕਾਂ ਨੂੰ ਅਹਿਮ ਹਵਾਲਾ ਨੁਕਤਾ ਅਤੇ ਇਕਜੁੱਟਤਾ ਬਣਾਉਣ ਲਈ ਭਾਵਨਾਤਮਕ ਤੰਦ ਮੁਹੱਈਆ ਕੀਤੀ। ਨਾਲ ਹੀ, ਇਸ ਤਰ੍ਹਾਂ ਦੀਆਂ ਮੁਹਿੰਮਾਂ ਮੁਸਲਮਾਨ ਮਰਦਾਂ ਤੋਂ ਭੈਅ ਅਤੇ ਉਨ੍ਹਾਂ ਖ਼ਿਲਾਫ਼ ਗੁੱਸੇ ਨੂੰ ਜ਼ਰਬਾਂ ਦਿੰਦੀਆਂ ਹਨ। ਹਿੰਦੂਤਵੀ ਤਾਕਤਾਂ ਨੇ 'ਲਵ ਜਹਾਦ' ਨੂੰ ਮੁਸਲਮਾਨਾਂ ਦੀ ਸੋਚੀ-ਸਮਝੀ ਸਰਗਰਮੀ ਬਣਾ ਪੇਸ਼ ਕਰ ਦਿੱਤਾ। ਨਾਲ ਹੀ ਇਸ ਤਰ੍ਹਾਂ ਦੀਆਂ ਮਿੱਥਾਂ ਹਿੰਦੂ ਔਰਤਾਂ ਦੀ ਬੇਵਸੀ, ਉਨ੍ਹਾਂ ਦਾ ਇਖ਼ਲਾਕ ਦਾਗ਼ੀ ਹੋਣ ਅਤੇ ਉਨ੍ਹਾਂ ਦੀ ਪੀੜਾ ਨੂੰ ਉਜਾਗਰ ਕਰਦੇ ਹੋਏ ਉਨ੍ਹਾਂ ਨੂੰ ਅਕਸਰ ਹੀ ਮੁਸਲਮਾਨਾਂ ਦੇ ਹੱਥੋਂ ਬੇਹਰਕਤ ਸ਼ਿਕਾਰ ਬਣਾ ਕੇ ਪੇਸ਼ ਕਰਦੀਆਂ ਹਨ। ਧਰਮ ਬਦਲ ਚੁੱਕੀ ਹਿੰਦੂ ਔਰਤ ਪਵਿੱਤਰਤਾ ਅਤੇ ਅਪਮਾਨ, ਦੋਨਾਂ ਦਾ ਪ੍ਰਤੀਕ ਬਣਾ ਦਿੱਤੀ ਗਈ ਹੈ।

ਉਦੋਂ ਤੇ ਅੱਜ ਦੀ ਮੁਹਿੰਮ ਨਾਲ ਕਈ ਹੋਰ ਮੁੱਦੇ ਵੀ ਜੁੜੇ ਹੋਏ ਹਨ। ਹਿੰਦੂ ਪ੍ਰਚਾਰਕਾਂ ਨੂੰ ਲੱਗਦਾ ਹੈ ਕਿ ਇਸ ਨਾਲ ਅਸੀਂ ਸਮਾਜ ਵਿਚ ਮੌਜੂਦ ਜਾਤਪਾਤੀ ਵਿਤਕਰੇ ਪਾਸੇ ਕਰ ਕੇ ਹਿੰਦੂਆਂ ਨੂੰ ਇਕ ਸਮੂਹ ਵਜੋਂ ਇਨ੍ਹਾਂ ਖ਼ਾਸ ਸਵਾਲਾਂ ਉਪਰ ਇਕਜੁੱਟ ਕਰ ਸਕਦੇ ਹਾਂ। ਜੇ ਉਹ ਗਊ ਰੱਖਿਆ ਦਾ ਮੁੱਦਾ ਚੁੱਕਦੇ ਹਨ ਤਾਂ ਇਹ ਦਲਿਤਾਂ ਨੂੰ ਧੂਹ ਨਹੀਂ ਪਾਵੇਗਾ, ਪਰ ਔਰਤਾਂ ਦਾ ਮੁੱਦਾ ਐਸਾ ਹੈ ਜਿਸ ਨਾਲ ਜਾਤਪਾਤ ਨੂੰ ਦਰਕਿਨਾਰ ਕਰ ਕੇ ਸਾਰੇ ਹਿੰਦੂਆਂ ਨੂੰ ਲਾਮਬੰਦ ਕੀਤਾ ਜਾ ਸਕਦਾ ਹੈ। ਔਰਤ ਦਾ ਜਿਸਮ ਹਿੰਦੂ ਪ੍ਰਚਾਰਕਾਂ ਲਈ ਕੇਂਦਰੀ ਚਿੰਨ੍ਹ ਬਣ ਜਾਂਦਾ ਹੈ। 'ਲਵ ਜਹਾਦ' ਅਤੇ ਉਧਾਲਾ ਅੰਦੋਲਨ, ਦੋਨੋਂ ਹੀ ਹਿੰਦੂਆਂ ਦੀ ਗਿਣਤੀ ਦੇ ਸਵਾਲ ਨਾਲ ਵੀ ਜੋੜਿਆ ਜਾਂਦਾ ਹੈ। ਵਾਰ-ਵਾਰ ਕਿਹਾ ਜਾਂਦਾ ਹੈ ਕਿ ਹਿੰਦੂ ਔਰਤਾਂ ਮੁਸਲਮਾਨ ਮਰਦਾਂ ਨਾਲ ਵਿਆਹ ਕਰ ਰਹੀਆਂ ਹਨ, ਲਿਹਾਜ਼ਾ ਮੁਸਲਮਾਨਾਂ ਦੀ ਤਾਦਾਦ ਵਧ ਰਹੀ ਹੈ, ਪਰ ਤਰ੍ਹਾਂ-ਤਰ੍ਹਾਂ ਦੇ ਸਰਵੇਖਣ ਇਸ ਪ੍ਰਚਾਰ ਨੂੰ ਪੂਰੀ ਤਰ੍ਹਾਂ ਰੱਦ ਕਰ ਚੁੱਕੇ ਹਨ। ਦਰਅਸਲ ਹਿੰਦੂ ਪ੍ਰਚਾਰਕ ਇਸ ਤਰ੍ਹਾਂ ਦੀਆਂ ਮੁਹਿੰਮਾਂ ਜ਼ਰੀਏ ਹਿੰਦੂ ਔਰਤ ਦੀ ਜਣਨ-ਸਮਰੱਥਾ ਨੂੰ ਵੀ ਕੰਟਰੋਲ ਕਰਨਾ ਚਾਹੁੰਦੇ ਹਨ।

ਮੇਰਾ ਸਾਫ਼ ਮੰਨਣਾ ਹੈ ਕਿ ਹਰ ਜਬਰ ਜਨਾਹ ਅਤੇ ਜਬਰੀ ਧਰਮ ਬਦਲੀ ਦੇ ਮਾਮਲੇ ਦੀ ਛਾਣਬੀਣ ਹੋਣੀ ਚਾਹੀਦੀ ਹੈ ਅਤੇ ਮੁਜਰਮਾਂ ਨੂੰ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਅਸੀਂ ਵੱਖੋ-ਵੱਖਰੀਆਂ ਘਟਨਾਵਾਂ ਨੂੰ ਇਕ ਹੀ ਐਨਕ ਨਾਲ ਦੇਖਣਾ ਸ਼ੁਰੂ ਕਰ ਦਿੰਦੇ ਹਾਂ।

ਅਸੀਂ ਮੁਹੱਬਤ, ਰੋਮਾਂਸ ਅਤੇ ਹਰ ਅੰਤਰ-ਮਜ਼ਬੀ ਵਿਆਹ ਨੂੰ ਜਬਰੀ ਧਰਮ ਬਦਲੀ ਦੇ ਨਜ਼ਰੀਏ ਨਾਲ ਜਾਂਚਣ-ਪਰਖਣ ਲੱਗ ਜਾਂਦੇ ਹਾਂ। ਇਹ ਗ਼ੌਰਤਲਬ ਹੈ ਕਿ 1920-30 ਦੇ ਦਹਾਕਿਆਂ ਵਿਚ ਕਈ ਅਜਿਹੇ ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿਚ ਔਰਤਾਂ ਵਲੋਂ ਆਪਣੀ ਮਰਜ਼ੀ ਨਾਲ ਮੁਸਲਮਾਨ ਮਰਦਾਂ ਨਾਲ ਵਿਆਹ ਕਰਾਏ ਗਏ। ਇਨ੍ਹਾਂ ਵਿਚ ਖ਼ਾਸ ਤੌਰ 'ਤੇ ਉਹ ਔਰਤਾਂ ਸ਼ਾਮਲ ਸਨ ਜੋ ਹਿੰਦੂ ਸਮਾਜ ਦੇ ਹਾਸ਼ੀਏ ਉਪਰ ਧੱਕੀਆਂ ਹੋਈਆਂ ਸਨ; ਜਿਵੇਂ ਵਿਧਵਾਵਾਂ, ਦਲਿਤ ਔਰਤਾਂ ਅਤੇ ਕੁਝ ਵੇਸਵਾਵਾਂ ਵੀ।

ਉਦੋਂ ਹਿੰਦੂਆਂ ਵਿਚ ਵਿਧਵਾ ਵਿਆਹ ਨਾ-ਮਾਤਰ ਹੀ ਹੁੰਦੇ ਸਨ। ਐਸੀ ਹਾਲਤ ਵਿਚ ਕਈ ਵਿਧਵਾਵਾਂ ਨੇ ਮੁਸਲਮਾਨਾਂ ਨਾਲ ਵਿਆਹ ਕਰਵਾ ਲਿਆ। ਇਸ ਦੀ ਜਾਣਕਾਰੀ ਸਾਨੂੰ ਉਸ ਵਕਤ ਦੀਆਂ ਕਈ ਪੁਲਿਸ ਅਤੇ ਸੀ.ਆਈ.ਡੀ. ਰਿਪੋਰਟਾਂ ਤੋਂ ਵੀ ਮਿਲਦੀ ਹੈ।

ਇਹ ਵੀ ਕਿੰਨਾ ਵਿਰੋਧਾਭਾਸੀ ਹੈ ਕਿ ਹਿੰਦੂਤਵੀ ਪ੍ਰਚਾਰ ਵਿਚ ਜਦੋਂ ਹਿੰਦੂ ਔਰਤ ਮੁਸਲਮਾਨ ਮਰਦ ਨਾਲ ਵਿਆਹ ਕਰਵਾਉਂਦੀ ਹੈ, ਤਾਂ ਮੁਸਲਮਾਨ ਨੂੰ ਹਮੇਸ਼ਾ ਕੱਢ ਕੇ ਲੈ ਜਾਣ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਜਦੋਂ ਮੁਸਲਮਾਨ ਔਰਤ, ਕਿਸੇ ਹਿੰਦੂ ਮਰਦ ਨਾਲ ਵਿਆਹ ਕਰਵਾਉਂਦੀ ਹੈ ਤਾਂ ਉਸ ਨੂੰ ਮੁਹੱਬਤ ਦਾ ਨਾਂ ਦਿੱਤਾ ਜਾਂਦਾ ਹੈ। ਬਸਤੀਵਾਦੀ ਦੌਰ ਦੇ ਉਤਰ ਪ੍ਰਦੇਸ਼ ਵਿਚ ਵੀ ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਅਤੇ ਨਾਵਲ ਲਿਖੇ ਗਏ ਜਿਨ੍ਹਾਂ ਵਿਚ ਹਿੰਦੂ ਮਰਦ, ਜੋ ਕਿਸੇ ਮੁਸਲਮਾਨ ਔਰਤ ਨਾਲ ਮੁਹੱਬਤ ਕਰਨ 'ਚ ਕਾਮਯਾਬ ਹੋ ਜਾਂਦਾ ਹੈ, ਉਸ ਨੂੰ ਅਦਭੁੱਤ ਨਾਇਕ ਵਜੋਂ ਪੇਸ਼ ਕੀਤਾ ਜਾਂਦਾ ਸੀ। ਇਕ ਮਸ਼ਹੂਰ ਨਾਵਲ 'ਸ਼ਿਵਾਜੀ ਅਤੇ ਰੋਸ਼ਨਆਰਾ' ਉਸ ਵਕਤ ਛਪਿਆ ਜਿਸ ਨੂੰ ਗ਼ੈਰ-ਪ੍ਰਮਾਣਿਕ ਸੋਮਿਆਂ ਦੇ ਹਵਾਲੇ ਨਾਲ ਇਤਿਹਾਸਕ ਦੱਸਿਆ ਗਿਆ। ਇਸ ਵਿਚ ਮਰਾਠਾ ਪਰੰਪਰਾ ਦਾ ਰੰਗ ਭਰ ਕੇ ਦਰਸਾਇਆ ਗਿਆ ਕਿ ਸ਼ਿਵਾਜੀ ਨੇ ਔਰੰਗਜ਼ੇਬ ਦੀ ਧੀ ਰੋਸ਼ਨਆਰਾ ਦਾ ਦਿਲ ਜਿੱਤਿਆ ਅਤੇ ਉਸ ਨਾਲ ਵਿਆਹ ਕਰ ਲਿਆ ਸੀ ਜੋ ਇਤਿਹਾਸਕ ਤੱਥ ਨਹੀਂ।




ਹਿੰਦੂਤਵੀ ਤਾਕਤਾਂ ਵੱਲੋਂ ਜਾਰੀ ਇਕ ਪੋਸਟਰ ਦੀ ਤਸਵੀਰ

'ਲਵ ਜਹਾਦ' ਵਰਗੇ ਅੰਦੋਲਨ ਹਿੰਦੂ ਔਰਤ ਦੀ ਸੁਰੱਖਿਆ ਦੇ ਨਾਂ ਹੇਠ ਦਰਅਸਲ ਉਸ ਦੀ ਨਾਰੀ-ਦੇਹੀ, ਉਸ ਦੀ ਇੱਛਾ ਅਤੇ ਉਸ ਦੀ ਆਜ਼ਾਦ ਪਛਾਣ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਨਾਲ ਹੀ ਉਹ ਅਕਸਰ ਹੀ ਹਿੰਦੂ ਔਰਤ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਉਸ ਨੂੰ ਆਸਾਨੀ ਨਾਲ ਹੀ ਵਰਗਲਾਇਆ ਜਾ ਸਕਦਾ ਹੈ। ਉਸ ਦੀ ਆਪਣੀ ਹੋਂਦ, ਆਪਣੀ ਕੋਈ ਇੱਛਾ ਹੋ ਸਕਦੀ ਹੈ, ਜਾਂ ਉਹ ਖ਼ੁਦ ਅੰਤਰ-ਮਜ਼ਬੀ ਮੁਹੱਬਤ ਅਤੇ ਵਿਆਹ ਕਰਨ ਦਾ ਕਦਮ ਚੁੱਕ ਸਕਦੀ ਹੈ- ਇਸ ਸੋਚ ਨੂੰ ਹੀ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਮੈਨੂੰ ਇਸ ਦੇ ਪਿਛੇ ਇਕ ਡਰ ਵੀ ਨਜ਼ਰ ਆਉਂਦਾ ਹੈ, ਕਿਉਂਕਿ ਔਰਤਾਂ ਹੁਣ ਆਪਣੇ ਫ਼ੈਸਲੇ ਆਪ ਕਰ ਰਹੀਆਂ ਹਨ।

ਨਫ਼ਰਤ ਫੈਲਾਊ ਮੁਹਿੰਮਾਂ ਦੀ ਇਕ ਹੋਰ ਖ਼ਾਸੀਅਤ ਹੁੰਦੀ ਹੈ- ਇਕ ਹੀ ਗੱਲ ਨੂੰ ਵਾਰ-ਵਾਰ ਦੁਹਰਾਉਂਦੇ ਰਹਿਣ ਦੀ, ਜਿਸ ਨਾਲ ਉਹ ਲੋਕਾਂ ਦੇ ਆਮ ਗਿਆਨ 'ਚ ਸ਼ੁਮਾਰ ਹੋ ਜਾਵੇ। 'ਲਵ ਜਹਾਦ' ਅੰਦੋਲਨ ਵਿਚ ਅਜਿਹੇ ਝੂਠ ਦਾ ਦੁਹਰਾਓ ਕਾਫ਼ੀ ਨਜ਼ਰ ਆਉਂਦਾ ਹੈ ਜਿਸ ਨਾਲ ਫਿਰਕਾਪ੍ਰਸਤੀ ਪੱਕੇ ਪੈਰੀਂ ਹੁੰਦੀ ਹੈ। ਇਸ ਤੋਂ ਇਲਾਵਾ 'ਲਵ ਜਹਾਦ' ਵਿਚ ਕਈ ਨਵੀਆਂ ਚੀਜ਼ਾਂ ਵੀ ਸ਼ੁਮਾਰ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ ਮੁਸਲਮਾਨਾਂ ਦੇ ਖ਼ਿਲਾਫ਼ ਪ੍ਰਚਾਰ ਭੱਥੇ ਵਿਚ ਕੁਝ ਨਵੀਆਂ ਆਮਦਾਂ ਵੀ ਹਨ- ਦਹਿਸ਼ਤਵਾਦ ਅਤੇ ਦਹਿਸ਼ਤਗਰਦ ਮੁਸਲਮਾਨ, ਮੁਸਲਿਮ ਫਿਰਕਾਪ੍ਰਸਤੀ, ਹਮਲਾਵਰ ਮੁਸਲਿਮ ਨੌਜਵਾਨ, ਵਿਦੇਸ਼ੀ ਫੰਡ ਅਤੇ ਕੌਮਾਂਤਰੀ ਸਾਜ਼ਿਸ਼ ਵਗੈਰਾ।

ਇਸ ਤਰ੍ਹਾਂ ਦੇ ਕੂੜ ਪ੍ਰਚਾਰ ਨਾਲ ਫਿਰਕੂ ਮਾਹੌਲ ਵਿਚ ਇਜ਼ਾਫ਼ਾ ਤਾਂ ਹੋਇਆ ਹੀ ਹੈ, ਪਰ ਇਹ ਵੀ ਸੱਚ ਹੈ ਕਿ ਔਰਤਾਂ ਨੇ ਅੰਤਰ-ਮਜ਼ਬੀ ਮੁਹੱਬਤ ਅਤੇ ਵਿਆਹ ਦੇ ਜ਼ਰੀਏ ਇਸ ਫਿਰਕਾਪ੍ਰਸਤ ਲਾਮਬੰਦੀ ਦੇ ਯਤਨਾਂ ਵਿਚ ਪਾੜ ਵੀ ਪਾਇਆ ਹੈ। ਡਾ. ਅੰਬੇਡਕਰ ਨੇ ਕਿਹਾ ਸੀ ਕਿ ਅੰਤਰ-ਜਾਤੀ ਵਿਆਹ ਜਾਤਪਾਤ ਨੂੰ ਖ਼ਤਮ ਕਰ ਸਕਦਾ ਹੈ। ਮੇਰਾ ਮੰਨਣਾ ਹੈ ਕਿ ਅੰਤਰ-ਮਜ਼ਬੀ ਵਿਆਹ ਮਜ਼ਬੀ ਪਛਾਣ ਨੂੰ ਕਮਜ਼ੋਰ ਕਰ ਸਕਦਾ ਹੈ।

ਔਰਤਾਂ ਨੇ ਆਪਣੇ ਪੱਧਰ 'ਤੇ ਇਸ ਤਰ੍ਹਾਂ ਦੇ ਫਿਰਕੂ ਕੂੜ ਪ੍ਰਚਾਰ ਵੱਲ ਕੋਈ ਤਵੱਜੋਂ ਨਹੀਂ ਦਿੱਤੀ। ਜਿਹੜੀਆਂ ਔਰਤਾਂ ਅੰਤਰ-ਮਜ਼ਬੀ ਵਿਆਹ ਕਰਵਾਉਂਦੀਆਂ ਹਨ, ਉਹ ਕਿਤੇ ਨਾ ਕਿਤੇ ਭਾਈਚਾਰਕ ਅਤੇ ਫਿਰਕਾਪ੍ਰਸਤ ਕਿਲ੍ਹੇਬੰਦੀ ਵਿਚ ਪਾੜ ਲਗਾਉਂਦੀਆਂ ਹਨ। ਮੁਹੱਬਤ ਇਸ ਤਰ੍ਹਾਂ ਦੇ ਕੂੜ ਪ੍ਰਚਾਰ ਦਾ ਮੂੰਹ-ਤੋੜ ਜਵਾਬ ਦੇ ਸਕਦੀ ਹੈ।

# ਮਹਾਂ ਗਠਜੋੜ ਖਦੇੜ ਸਕਦੈ ਮੋਦੀ ਦੀ ਮਹਿੰਮ

ਵੱਡੇ ਬਹੁਮਤ ਨਾਲ ਕੌਮੀ ਚੋਣਾਂ ਜਿੱਤਣ ਦੇ ਕੁਝ ਹਫ਼ਤਿਆਂ ਦੇ ਵਿਚ ਹੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੇ ਕੌਮੀ ਜਮਹੂਰੀ ਗਠਜੋੜ ਨੂੰ ਚਾਰ ਰਾਜਾਂ ਵਿਚ ਹੋਈਆਂ ਵਿਧਾਨ ਸਭਾ ਦੀਆਂ ਉਪ ਚੋਣਾਂ ਵਿਚ ਵੱਡਾ ਧੱਕਾ ਲੱਗਾ ਹੈ। ਜਿਨ੍ਹਾਂ 18 ਸੀਟਾਂ 'ਤੇ ਚੋਣਾਂ ਹੋਈਆਂ, ਉਨ੍ਹਾਂ ਵਿਚੋਂ 10 ਬਿਹਾਰ,

**ਪ੍ਰਫੁੱਲ ਬਿਦਵਈ**


3-3 ਮੱਧ ਪ੍ਰਦੇਸ਼ ਅਤੇ ਕਰਨਾਟਕ ਵਿਚ ਅਤੇ 2 ਪੰਜਾਬ ਦੀਆਂ ਸਨ। ਕੌਮੀ ਜਮਹੂਰੀ ਗਠਜੋੜ ਨੇ ਇਨ੍ਹਾਂ ਵਿਚੋਂ 8 ਜਿੱਤੀਆਂ, ਜਦਕਿ ਪਹਿਲਾਂ ਇਸ ਕੋਲ 14 ਸੀਟਾਂ ਸਨ। ਕਾਂਗਰਸ ਅਤੇ ਇਸ ਦੇ ਸਹਿਯੋਗੀਆਂ ਨੇ 18 ਵਿਚੋਂ 10 ਸੀਟਾਂ ਹਾਸਲ ਕੀਤੀਆਂ। ਪਹਿਲੇ ਤਿੰਨਾਂ ਰਾਜਾਂ ਵਿਚ ਕੌਮੀ ਜਮਹੂਰੀ ਗਠਜੋੜ ਨੇ ਲੋਕ ਸਭਾ ਚੋਣਾਂ ਵੇਲੇ ਪ੍ਰਭਾਵਸ਼ਾਲੀ ਜਿੱਤ ਦਰਜ ਕੀਤੀ ਸੀ। ਇਸ ਦਾ ਮਤਲਬ ਹੈ ਕਿ ਵੋਟਰਾਂ ਦਾ ਮੂਡ ਬਦਲ ਗਿਆ ਹੈ, ਖ਼ਾਸ ਕਰ ਕੇ ਉੱਤਰ ਭਾਰਤ ਵਿਚ। ਪਾਰਟੀ ਦਾ 'ਅੱਛੇ ਦਿਨ' ਵਾਲਾ ਵਾਅਦਾ ਜ਼ਿਆਦਾ ਨੌਕਰੀਆਂ, ਸਥਾਈ ਕੀਮਤਾਂ ਜਾਂ ਫਿਰ ਸੁਧਰੇ ਸਮਾਜਕ ਹਾਲਾਤ ਵਿਚ ਨਹੀਂ ਬਦਲ ਸਕਿਆ। ਮੋਦੀ ਸਰਕਾਰ ਪ੍ਰਤੀ ਨਿਰਾਸ਼ਾ ਵਧ ਰਹੀ ਹੈ। ਦੂਜੀ ਗੱਲ ਇਹ ਹੈ ਕਿ ਕੌਮੀ ਚੋਣਾਂ ਦੌਰਾਨ ਨਰੇਂਦਰ ਮੋਦੀ ਖ਼ੁਦ ਵੱਡਾ ਫੈਕਟਰ ਰਹੇ ਸਨ, ਪਰ ਉਹ ਵਿਧਾਨ ਸਭਾ ਚੋਣਾਂ ਵਿਚ ਅਜਿਹੀ ਅਗਵਾਈ ਵਾਲੀ ਭੂਮਿਕਾ ਨਹੀਂ ਨਿਭਾਅ ਸਕੇ, ਨਾ ਨਿਭਾਅ ਸਕਦੇ ਸਨ ਜਿਸ ਨਾਲ ਭਾਜਪਾ ਦਾ ਹੱਥ ਉਤੇ ਰਹਿੰਦਾ। ਤੀਜੀ ਗੱਲ ਇਹ ਹੈ ਕਿ ਇਕ ਪ੍ਰਭਾਵਸ਼ਾਲੀ ਗਠਜੋੜ (ਬਿਹਾਰ ਵਿਚਲੇ ਜਨਤਾ ਦਲ (ਯੂ), ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੇ 'ਮਹਾਂਗਠਜੋੜ' ਵਰਗਾ) ਭਾਜਪਾ ਨੂੰ ਹਰਾਉਣ ਦੇ ਸਮਰੱਥ ਹੈ।

ਪਿਛਲੇ ਮਹੀਨੇ ਉਤਰਾਖੰਡ ਵਿਚ ਹੋਈਆਂ ਉਪ ਚੋਣਾਂ ਦੌਰਾਨ ਵੀ ਕਾਂਗਰਸ ਨੇ ਸਿੱਧੇ ਮੁਕਾਬਲੇ ਵਿਚ ਤਿੰਨੇ ਵਿਧਾਨ ਸਭਾ ਸੀਟਾਂ ਜਿੱਤੀਆਂ ਸਨ। ਹਾਲ ਹੀ ਦੌਰਾਨ ਇਹ 70 ਫ਼ੀਸਦੀ ਪੰਚਾਇਤਾਂ ਦੀਆਂ ਚੋਣਾਂ ਵਿਚ ਵੀ ਜੇਤੂ ਰਹੀ ਹੈ। ਲੋਕ ਸਭਾ ਚੋਣਾਂ ਮੌਕੇ ਭਾਜਪਾ ਨੇ ਉਤਰਾਖੰਡ ਦੀਆਂ ਸਾਰੀਆਂ 5 ਸੀਟਾਂ ਜਿੱਤੀਆਂ ਸਨ। ਭਾਜਪਾ ਅਚਾਨਕ ਨੁਕਸਾਨ ਦੀ ਜੱਦ ਵਿਚ ਨਜ਼ਰ ਆਉਣ ਲੱਗੀ ਹੈ। ਇਹ ਪੂਰੀ ਤਰ੍ਹਾਂ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ। ਅਤੀਤ ਵਿਚ ਵੀ ਵੱਡੀ ਬਹੁ-ਗਿਣਤੀ ਨਾਲ ਜਿੱਤਣ ਵਾਲੇ ਆਗੂ ਤੇਜ਼ੀ ਨਾਲ ਲੋਕਪ੍ਰਿਯਤਾ ਗੁਆਉਂਦੇ ਰਹੇ ਹਨ। ਇਨ੍ਹਾਂ ਵਿਚੋਂ ਉਘੀ ਮਿਸਾਲ ਰਾਜੀਵ ਗਾਂਧੀ ਦੀ ਹੈ ਜਿਨ੍ਹਾਂ ਨੇ 1984 ਵਿਚ ਰਿਕਾਰਡ 400 ਤੋਂ ਵਧੇਰੇ ਸੀਟਾਂ ਜਿੱਤੀਆਂ ਸਨ ਪਰ 1985 ਦੇ ਅੱਧ ਤੱਕ ਲੋਕਾਂ ਦਾ ਉਨ੍ਹਾਂ ਤੋਂ ਮੋਹ ਭੰਗ ਹੋ ਗਿਆ ਸੀ। ਇਹ ਬੋਫਰਸ ਮਾਮਲਾ ਜ਼ਾਹਿਰ ਹੋਣ ਤੋਂ ਵੀ ਦੋ ਸਾਲ ਪਹਿਲਾਂ ਦੀ ਗੱਲ ਹੈ। ਇਸ ਵਾਰ ਲੋਕ ਕੁਝ ਹਫ਼ਤਿਆਂ ਵਿਚ ਹੀ ਭਾਜਪਾ ਤੋਂ ਦੂਰ ਜਾਣੇ ਸ਼ੁਰੂ ਹੋ ਗਏ ਨਜ਼ਰ ਆ ਰਹੇ ਹਨ। ਭਾਜਪਾ ਨੇ ਕੌਮੀ ਵੋਟਾਂ ਦਾ ਸਿਰਫ਼ 31 ਫ਼ੀਸਦੀ ਹਿੱਸਾ ਹੀ ਹਾਸਲ ਕੀਤਾ ਸੀ ਅਤੇ ਇਸ ਦੀ ਅਪੀਲ ਬਹੁਤਾ ਕਰ ਕੇ ਮੋਦੀ ਦੇ ਲਗਾਤਾਰ ਉਭਾਰੇ ਗਏ ਅਕਸ ਅਤੇ ਕਾਰਪੋਰੇਟ ਵੱਲੋਂ ਖ਼ਰਚੇ ਗਏ ਅਰਬਾਂ ਡਾਲਰਾਂ ਵਾਲੀ ਚੋਣ ਮੁਹਿੰਮ ਰਾਹੀਂ ਬਨਾਉਟੀ ਤੌਰ 'ਤੇ ਸਿਰਜੀ ਗਈ ਸੀ। ਇਨ੍ਹਾਂ ਉਪ ਚੋਣਾਂ ਦੇ ਨਤੀਜਿਆਂ ਨੂੰ ਫਿਰਕੂ ਰਾਜਨੀਤੀ ਨੂੰ ਰੱਦੇ ਜਾਣਾ ਕਹਿ ਦੇਣਾ ਵੀ ਅਜੇ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ, ਜਿਵੇਂ ਕੁਝ ਕਾਂਗਰਸੀ ਆਗੂ ਕਰ ਰਹੇ ਹਨ ਪਰ ਅਹਿਮ ਸੂਬੇ ਬਿਹਾਰ ਦੇ ਨਤੀਜਿਆਂ ਬਾਰੇ ਕੋਈ ਅਸਪਸ਼ਟਤਾ ਨਹੀਂ ਹੈ। ਉਥੇ ਭਾਜਪਾ ਅਤੇ ਲੋਕ ਜਨਸ਼ਕਤੀ ਪਾਰਟੀ ਨੇ ਮਈ ਵਿਚ ਜਿਨ੍ਹਾਂ 9 ਅਸੈਂਬਲੀ ਹਲਕਿਆਂ ਵਿਚ ਵਾਧਾ ਹਾਸਲ ਕੀਤਾ ਸੀ, ਉਨ੍ਹਾਂ ਦੀ ਗਿਣਤੀ ਘਟ ਕੇ 6 ਰਹਿ ਗਈ ਹੈ। ਉਥੇ ਜਨਤਾ ਦਲ (ਯੂ)-ਰਾਸ਼ਟਰੀ ਜਨਤਾ ਦਲ-ਕਾਂਗਰਸ ਦੇ ਗਠਜੋੜ ਨੇ 10 ਵਿਚੋਂ 6 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਬਿਹਾਰ ਦੇ ਸਿਆਸੀ ਮਾਹਿਰਾਂ ਦਾ ਵਿਚਾਰ ਹੈ ਕਿ ਗਠਜੋੜ 8 ਸੀਟਾਂ ਵੀ ਜਿੱਤ ਸਕਦਾ ਸੀ ਪਰ ਵੋਟਰਾਂ ਨੂੰ ਇਹ ਭਰੋਸਾ ਨਹੀਂ ਸੀ ਕਿ 17 ਵਰ੍ਹੇ ਪਹਿਲਾਂ ਇਕ-ਦੂਜੇ ਤੋਂ ਅਲੱਗ ਹੋਣ ਵਾਲੇ ਜਨਤਾ ਦਲ (ਯੂ) ਅਤੇ ਰਾਸ਼ਟਰੀ ਜਨਤਾ ਦਲ ਇਕਜੁਟ ਬਣੇ ਰਹਿਣਗੇ, ਪਰ ਹੁਣ ਜਦੋਂ ਵੋਟਰਾਂ ਨੇ ਵੇਖ ਲਿਆ ਹੈ ਕਿ ਇਨ੍ਹਾਂ ਤਿੰਨਾਂ ਪਾਰਟੀਆਂ ਦਾ ਮਹਾਂ ਗਠਜੋੜ ਕੰਮ ਕਰ ਰਿਹਾ ਹੈ ਤਾਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਹ ਭਾਜਪਾ-ਲੋਕ ਜਨਸ਼ਕਤੀ ਪਾਰਟੀ ਦੇ ਗਠਜੋੜ ਨਾਲੋਂ ਬਿਹਤਰ ਕਾਰਗੁਜ਼ਾਰੀ ਦਿਖਾ ਸਕਦਾ ਹੈ, ਬਸ਼ਰਤੇ ਫਿਰਕੂ ਦੰਗੇ ਨਾ ਭੜਕਾਏ ਜਾਣ।

ਮਹਾਂਗਠਜੋੜ ਨੂੰ ਭਾਜਪਾ ਨਾਲੋਂ 7.6 ਫ਼ੀਸਦੀ ਵੋਟਾਂ ਦਾ ਵਾਧਾ ਹਾਸਲ ਹੈ। ਭਾਰਤ ਦੇ ਤੀਜੇ ਸਭ ਤੋਂ ਵੱਧ ਆਬਾਦੀ ਵਾਲੇ ਸੂਬੇ ਬਿਹਾਰ ਵਿਚਲੀ ਹਾਰ ਕੌਮੀ ਜਮਹੂਰੀ ਗਠਜੋੜ ਲਈ ਵੱਡਾ ਧੱਕਾ ਹੈ ਜਿਥੋਂ ਦੀਆਂ 40 ਲੋਕ ਸਭਾ ਸੀਟਾਂ ਵਿਚੋਂ ਇਸ ਨੇ 31 ਜਿੱਤੀਆਂ ਸਨ। ਇਸ ਦੇ ਕੌਮੀ ਪੱਧਰ 'ਤੇ ਪ੍ਰਭਾਵ ਪੈਣਗੇ। ਇਹ ਨਤੀਜੇ ਕੌਮੀ ਜਮਹੂਰੀ ਗਠਜੋੜ ਤੋਂ ਬਾਹਰਲੀਆਂ ਸਾਰੀਆਂ ਪਾਰਟੀਆਂ ਲਈ ਵੀ ਕੁਝ ਸਬਕ ਰੱਖਦੇ ਹਨ। ਕਾਂਗਰਸ ਨੂੰ ਇਹ ਭਰਮ ਤਿਆਗ ਦੇਣਾ ਚਾਹੀਦਾ ਹੈ ਕਿ ਉਹ ਭਵਿੱਖੀ ਗਠਜੋੜਾਂ ਦੀ 'ਕੁਦਰਤੀ' ਆਗੂ ਹੈ। ਸਿਰਫ਼ 44 ਲੋਕ ਸਭਾ ਸੀਟਾਂ ਨਾਲ ਇਸ ਕੋਲ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ ਕਿ ਹੋਰਨਾਂ ਪਾਰਟੀਆਂ, ਭਾਵੇਂ ਕਿੰਨੀਆਂ ਵੀ ਛੋਟੀਆਂ ਕਿਉਂ ਨਾ ਹੋਣ, ਨਾਲ ਨਿਮਰਤਾ ਸਹਿਤ ਸਾਂਝ ਪਾਵੇ।

# ਯਾਦ ਪਟਾਰੀ: ਪ੍ਰੀਤੂ ਪੈਂਚਰਾਂ ਵਾਲਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਸ਼ਹਿਦ ਜਾਂ ਡੂੰਮਣੇ ਦੀਆਂ ਮੱਖੀਆਂ ਸ਼ਾਂਤ ਚਿੱਤ, ਚੁੱਪ-ਚੁਪੀਤੀਆਂ ਆਹਰੇ ਲੱਗੀਆਂ ਹੋਈਆਂ, ਛੱਤੇ ਉਪਰ ਕੁਰਬਲ-ਕੁਰਬਲ ਕਰਦੀਆਂ ਰਹਿੰਦੀਆਂ ਹਨ। ਵੈਸੇ ਤਾਂ ਇਹ ਕਿਸੇ ਨੂੰ ਕੁਝ ਨਹੀਂ ਕਹਿੰਦੀਆਂ ਪਰ ਜਦ ਕੋਈ ਸ਼ਰਾਰਤ ਨਾਲ ਇਨ੍ਹਾਂ 'ਤੇ ਰੋੜਾ/ਢੀਮ ਵਗਾਹ ਮਾਰੇ, ਫਿਰ ਨਹੀਂ ਕਿਸੇ ਨੂੰ ਬਖ਼ਸ਼ਦੀਆਂ। ਇੰਜ ਹੀ ਹਰ ਇਨਸਾਨ ਦੇ ਦਿਲ ਦਿਮਾਗ ਵਿਚ ਬੜਾ ਕੁਝ ਅਣਛੋਹਿਆ ਖ਼ਜ਼ਾਨਾ ਭਰਿਆ ਪਿਆ ਰਹਿੰਦਾ ਹੈ। ਇਸ ਦੱਬੇ ਖਜ਼ਾਨੇ 'ਤੇ ਜਦੋਂ ਕੋਈ ਨਸ਼ਤਰ ਵੱਜ ਜਾਏ, ਫਿਰ ਸੁੱਤੀਆਂ ਕਲਾਂ ਜਾਗ ਪੈਂਦੀਆਂ ਨੇ। ਅਚਾਨਕ ਜਾਗੀਆਂ ਇਨ੍ਹਾਂ ਯਾਦਾਂ ਜਾਂ ਭਾਵਨਾਵਾਂ ਨੂੰ ਕਾਵਿ ਰੂਪ ਦੇਣ ਵਾਲੇ ਕਵੀ, ਗੱਦ ਰੂਪ ਵਿਚ ਵਰਣਨ ਕਰਨ ਵਾਲੇ ਵਾਰਤਕਕਾਰ ਆਖੇ ਜਾਂਦੇ ਨੇ। ਅੰਦਰਲੇ ਵੇਗ ਨੂੰ ਬੋਲ ਕੇ ਸੁਣਾਉਣ ਵਾਲੇ ਬੁਲਾਰੇ ਜਾਂ 'ਵਕਤੇ' ਸੱਦੀਂਦੇ ਹਨ। ਜਿਵੇਂ ਸੁਨਿਆਰ ਸੋਨੇ ਦੀ ਡਲੀ ਦੇ ਵੱਖ-ਵੱਖ ਆਕਾਰਾਂ ਦੇ ਗਹਿਣੇ ਬਣਾ ਦਿੰਦਾ ਹੈ, ਇਵੇਂ ਲਿਖਾਰੀ ਲੋਕ ਆਪਣੇ ਅੰਦਰਲੇ ਮਸੌਦੇ ਨੂੰ ਗੀਤਾਂ, ਕਵਿਤਾਵਾਂ, ਕਹਾਣੀਆਂ ਜਾਂ ਲੇਖਾਂ ਵਿਚ ਬਦਲ ਦਿੰਦੇ ਨੇ।

ਛੁੱਟੀ ਵਾਲੇ ਦਿਨ ਅਸੀਂ ਹਾਸ ਕਲਾਕਾਰ ਗੁਰਚੇਤ ਚਿੱਤਰਕਾਰ ਦੀ 'ਫੈਮਲੀ ਛੜਿਆਂ ਦੀ' ਸੀ.ਡੀ. ਲਗਾਈ ਬੈਠੇ ਸਾਂ। ਹਸਾ-ਹਸਾ ਕੇ ਢਿੱਡ ਪਕਾ ਦੇਣ ਵਾਲੀ ਇਸ ਮੂਵੀ ਵਿਚ ਸ਼ੁੱਧ ਮਲਵਈ ਬੋਲੀ ਬੋਲਦੇ, ਸਾਈਕਲਾਂ ਨੂੰ ਪੰਕਚਰ ਲਾਉਣ ਵਾਲੇ ਪ੍ਰੀਤੂ ਨਾਂ ਦੇ ਕਲਾਕਾਰ ਨੂੰ ਦੇਖ ਕੇ, ਮੇਰੇ ਦਿਲ ਵਿਚ ਦੱਬੇ ਪਏ ਸਾਰੇ ਪ੍ਰੀਤੂ ਜਾਗ ਪਏ। ਮੂਵੀ ਤਾਂ ਦੇਖੀ ਸੋ ਦੇਖੀ, ਪਰ ਇਸ ਮੂਵੀ ਵਿਚਲੇ ਪ੍ਰੀਤੂ ਨੇ ਮੇਰਾ ਇਹ ਖਿਆਲ ਪੱਕੇ ਯਕੀਨ ਵਿਚ ਬਦਲ ਦਿੱਤਾ, ਕਿ ਜਿਵੇਂ ਘਰੇਲੂ ਨੌਕਰਾਂ ਦਾ ਨਾਂ ਰਾਮੂ, ਰਸੋਈਏ ਦਾ ਬਹਾਦਰ ਅਤੇ ਮਿੱਠੂ ਹਲਵਾਈਆਂ ਦਾ ਨਾਮ ਹੁੰਦਾ ਹੈ, ਇਵੇਂ ਸਾਈਕਲਾਂ ਦੀ ਮੁਰੰਮਤ ਕਰਨ ਵਾਲੇ ਸਾਰੇ ਦੁਕਾਨਦਾਰਾਂ/ ਕਾਰੀਗਰਾਂ ਦਾ ਨਾਮ ਪ੍ਰੀਤੂ ਹੀ ਹੁੰਦਾ ਹੈ। ਇਹ ਦਾਅਵਾ ਮੈਂ ਕਿਸ ਬਿਆਨ 'ਤੇ ਕਰ ਰਿਹਾ ਹਾਂ, ਲਓ ਸੁਣੋ ਜ਼ਰਾ...

ਪਹਿਲਾ ਪ੍ਰੀਤੂ ਪੈਂਚਰਾਂ ਵਾਲਾ ਤਾਂ ਇਹੀ ਗੁਰਚੇਤ ਚਿੱਤਰਕਾਰ ਦੀ ਮੂਵੀ ਵਾਲਾ ਹੀ ਹੋ ਗਿਆ ਜੋ ਬਾਕਾਇਦਾ ਪਿੰਡ ਵਿਚ ਖੋਖਾ ਪਾ ਕੇ ਸਾਈਕਲਾਂ ਦੀ ਮੁਰੰਮਤ ਕਰ ਰਿਹਾ ਹੈ। ਦੂਜਾ ਪ੍ਰੀਤੂ ਤੁਸੀਂ ਦੇਖਿਆ ਹੋਵੇਗਾ ਭੋਟੂ ਸ਼ਾਹ ਦੀ ਇਕ ਹਾਸ ਫਿਲਮ ਵਿਚ। ਸ਼ਾਇਦ 'ਭੋਟੂ ਸ਼ਾਹ ਜੀ ਫੜੇ ਗਏ' ਮੂਵੀ ਵਿਚ ਸਾਈਕਲਾਂ 'ਤੇ ਜਾਣ ਵਾਲੀ ਬਰਾਤ ਦਿਖਾਈ ਗਈ ਹੈ। ਉਸ ਮੂਵੀ ਵਿਚ ਬਰਾਤੀਆਂ ਦੇ ਸਾਈਕਲਾਂ ਦੀ ਦੇਖ ਭਾਲ 'ਪ੍ਰੀਤੂ ਸਾਈਕਲਾਂ ਵਾਲੇ' ਦੇ ਜ਼ਿੰਮੇ ਹੀ ਲਗਾਈ ਜਾਂਦੀ ਹੈ। ਭੋਟੂ ਸ਼ਾਹ ਜੀ ਗਾਉਂਦੇ ਹੋਏ ਬਰਾਤੀਆਂ ਨੂੰ ਸਾਈਕਲਾਂ ਦੀ ਕਿਸੇ ਖਰਾਬੀ ਤੋਂ ਬੇਫਿਕਰ ਰਹਿਣ ਦਾ ਹੋਕਾ ਦਿੰਦੇ ਨੇ,

"ਓ ਹਵਾ ਨਿਕਲੀ ਪ੍ਰੀਤੂ ਨੇ ਆਪੇ ਹੀ ਭਰਨੀ, ਆਪੇ ਹੀ ਭਰਨੀ!"

ਸੁਰਤਿ ਸੰਭਾਲ ਤੋਂ ਬਾਅਦ 'ਕੈਂਚੀ ਸਾਈਕਲ' ਤੋਂ ਸ਼ੁਰੂ ਕਰ ਕੇ 40-45 ਸਾਲ ਦੀ ਉਮਰ ਤੱਕ ਖੂਬ ਸਾਈਕਲ 'ਤੇ ਘੁੰਮਣ ਸਦਕਾ, ਮੇਰਾ 'ਪ੍ਰੀਤੂਆਂ' ਨਾਲ ਬਹੁਤ ਵਾਹ ਪੈਂਦਾ ਰਿਹਾ ਹੈ। ਘਰੇਲੂ ਚੀਜ਼ਾਂ ਵਸਤਾਂ ਦੀ ਖਰੀਦੋ-ਫਰੋਖ਼ਤ ਵਾਸਤੇ ਅਸੀਂ ਜਾਡਲੇ ਜਾਂਦੇ ਹੁੰਦੇ ਸਾਂ। ਜਾਡਲਾ-ਉਟਾਲਾਂ ਰੋਡ 'ਤੇ ਬੈਠੇ ਪੰਕਚਰ ਲਾਉਣ ਵਾਲੇ ਇਕ ਦੁਕਾਨਦਾਰ ਦਾ ਨਾਂ ਪ੍ਰੀਤੂ ਹੀ ਹੁੰਦਾ ਸੀ। ਅਨੰਦਪੁਰ ਸਾਹਿਬ ਨੂੰ ਜਾਂਦਿਆਂ ਗੜ੍ਹਸ਼ੰਕਰ ਤੋਂ ਅੱਗੇ ਪਿੰਡ ਕੁੱਕੜ ਮਜਾਰੇ ਪਹੁੰਚ ਕੇ ਇਕ ਵਾਰੀ ਮੇਰੇ ਸਾਈਕਲ ਨੂੰ ਪਟਾਕਾ ਹੋ ਗਿਆ। ਉਥੇ ਵੀ ਇਕ ਪ੍ਰੀਤੂ ਨੇ ਹੀ ਮੇਰੇ ਸਾਈਕਲ ਦੀ ਮੁਰੰਮਤ ਕੀਤੀ।

ਫਿਲੌਰ ਲਾਗੇ ਗੁਰਦੁਆਰਾ ਮੌ ਸਾਹਿਬ ਨੂੰ ਜਾਂਦਿਆਂ ਮੈਂ ਗੰਨਾ ਪਿੰਡ ਵਿਚੀਂ ਲੰਘਦਾ ਹੁੰਦਾ ਸਾਂ। ਇਕ ਦਫਾ ਮਿੰਨੀ ਬੱਸ ਵਿਚ ਬੈਠਿਆਂ ਮੈਨੂੰ ਉਦੋਂ ਇਕ ਦਮ ਹਾਸਾ ਆ ਗਿਆ, ਜਦੋਂ ਗੰਨੇ ਪਿੰਡ ਦੇ ਅੱਡੇ ਵਿਚ ਪਏ ਖੋਖੇ ਉਤੇ ਕਾਲੇ ਤੇਲ ਨਾਲ ਲਿਖਿਆ ਮੇਰੇ ਨਜ਼ਰੀਂ ਪਿਆ- ਪ੍ਰੀਤੂ



ਸਾਈਕਲ ਵਰਕਸ।

ਸੋ, ਪੈਂਚਰਾਂ ਵਾਲਾ ਪ੍ਰੀਤੂ ਮੇਰੇ ਜ਼ਿਹਨ 'ਚ ਇਸ ਕਦਰ ਖੁੱਭ ਗਆ ਸੀ ਕਿ ਇਕ ਵਾਰ ਨੌਰਾ ਪਿੰਡ ਦੇ ਬੱਸ ਅੱਡੇ ਵਿਚ ਦੁਕਾਨ 'ਤੇ ਮੈਂ ਇਹ ਲਿਖਿਆ ਪੜ੍ਹਿਆ- ਪ੍ਰੀਤ ਸਾਈਕਲ ਸਟੋਰ। ਮੈਨੂੰ ਯਕੀਨ ਨਾ ਆਵੇ, ਮੈਂ ਸੋਚਾਂ ਕਿ ਹੋਣਾ ਤਾਂ ਇਹ ਵੀ ਪ੍ਰੀਤੂ ਹੀ ਹੈ, ਕਿਤੇ ਪੇਂਟਰ ਨੂੰ ਪ੍ਰੀਤ ਦੇ 'ਤੱਤੇ' ਹੇਠਾਂ ਦੁਲੈਂਕੜੇ ਪਾਉਣੇ ਭੁੱਲ ਗਏ ਹੋਣੇ ਨੇ।

ਪ੍ਰੀਤੂਆਂ ਦੀ ਇਸ ਲੜੀ ਦਾ ਸਿਰਮੌਰ ਮਣਕਾ ਸੀ ਮੇਰੇ ਇਲਾਕੇ ਦੇ ਪਿੰਡ ਅਸਮਾਨਪੁਰ ਦਾ ਪ੍ਰੀਤੂ ਸਾਈਕਲਾਂ ਵਾਲਾ। ਇਹਦੇ ਨਾਲ ਮੇਰਾ ਵਾਹ ਵਾਸਤਾ ਲਗਭਗ 5-7 ਸਾਲ ਪੈਂਦਾ ਰਿਹਾ। ਆਪਣੇ ਲਾਗੇ ਦੇ ਦੋ ਸ਼ਹਿਰਾਂ- ਰਾਹੋਂ ਅਤੇ ਨਵਾਂ ਸ਼ਹਿਰ ਜਾਣ ਲਈ, ਸਾਨੂੰ ਅਸਮਾਨਪੁਰ ਵਿਚੀਂ ਹੀ ਲੰਘਣਾ ਪੈਂਦਾ ਸੀ। ਉਦੋਂ ਮੇਰੇ ਕੋਲ ਸਿਰਫ਼ ਤੇ ਸਿਰਫ਼ ਸਾਈਕਲ ਦੀ ਹੀ ਸਵਾਰੀ ਹੋਣ ਕਰ ਕੇ, ਮੇਰਾ ਉਹਦੇ ਨਾਲ ਮੇਲ-ਮਿਲਾਪ ਅਕਸਰ ਹੁੰਦਾ ਰਹਿੰਦਾ ਸੀ। ਚੱਲਵੀਂ ਜਿਹੀ ਜਾਣ-ਪਛਾਣ ਤਾਂ ਭਾਵੇਂ ਮੇਰੀ ਪਹਿਲਾਂ ਵੀ ਸੀ ਪਰ ਜਦੋਂ ਮੈਂ ਪਿੰਡ ਵਾਲੇ ਸਕੂਲ ਤੋਂ ਅੱਠਵੀਂ ਪਾਸ ਕਰ ਕੇ ਨਵੇਂ ਸ਼ਹਿਰ ਦੁਆਬੇ ਸਕੂਲੇ ਦਾਖਲਾ ਲਿਆ, ਫਿਰ ਤਾਂ ਰੋਜ਼ਾਨਾ ਹੀ ਸਵੇਰੇ ਸ਼ਾਮ ਉਸ ਦੇ ਦਰਸ਼ਨ-ਦੀਦਾਰ ਹੋਣ ਲੱਗ ਪਏ। ਜਦੋਂ ਕਿਧਰੇ ਸਕੂਲੇ ਜਾਂਦਿਆਂ-ਆਉਂਦਿਆਂ ਸਾਈਕਲ ਨੂੰ ਕੋਈ ਨੁਕਸ ਪੈ ਜਾਣਾ, ਤਾਂ ਸਿੱਧੇ ਪ੍ਰੀਤੂ ਦੀ ਦੁਕਾਨ 'ਤੇ ਆਉਣਾ ਪੈਂਦਾ ਹੁੰਦਾ ਸੀ।

ਜੇਬ ਖਰਚਾ ਦੇਣਾ, ਖਾਸ ਕਰ ਕੇ ਪੇਂਡੂ ਪਾੜ੍ਹਿਆਂ ਨੂੰ, ਸਾਡੇ ਸਮਿਆਂ ਵਿਚ ਫਜ਼ੂਲ ਖਰਚੀ ਹੀ ਸਮਝਿਆ ਜਾਂਦਾ ਸੀ। ਸੋ, ਮੈਨੂੰ 'ਐਮਰਜੈਂਸੀ ਸਾਈਕਲ ਫੰਡ' ਵਜੋਂ ਰੁਪਏ, ਦੋ ਰੁਪਏ ਜੇਬ 'ਚ ਰੱਖਣ ਲਈ ਦੇਣ ਨਾਲੋਂ, ਮੇਰੇ ਬਾਪ ਨੇ ਅਗਾਊਂ ਪੱਕਾ ਪ੍ਰਬੰਧ ਕਰ ਦਿੱਤਾ ਸੀ। ਉਹ ਇਹ ਕਿ ਨਵਾਂ ਸ਼ਹਿਰ ਸਕੂਲੇ ਦਾਖਲ ਹੋਣ ਤੋਂ ਦੂਜੇ ਤੀਜੇ ਦਿਨ, ਮੇਰੇ ਬਾਪ ਨੇ ਪ੍ਰੀਤੂ ਨਾਲ ਮੇਰੀ ਜਾਣ-ਪਛਾਣ ਕਰਾਉਂਦਿਆਂ ਉਸ ਨੂੰ ਕਹਿ ਦਿੱਤਾ ਸੀ, ਕਿ ਜਦੋਂ ਵੀ ਮੇਰਾ ਮੁੰਡਾ ਸਾਈਕਲ ਸਰਵਾਉਣ ਆਵੇ, ਇਸ ਨੂੰ ਪੈਸੇ ਨਾ ਪੁੱਛੀਂ, ਮੈਂ ਆਪੇ ਦੇ ਦਿਆਂਗਾ। ਜਦੋਂ ਅਸੀਂ- ਮੈਂ ਤੇ ਮੇਰਾ ਬਾਪ, ਉਥੋਂ ਤੁਰਨ ਲੱਗੇ ਤਾਂ ਮੈਂ ਆਪਣਾ ਸਾਈਕਲ ਪ੍ਰੀਤੂ ਮੋਹਰੇ ਕਰਦਿਆਂ ਕਹਿ ਬੈਠਾ, "ਪ੍ਰੀਤੂ, ਮੇਰੇ ਸਾਈਕਲ ਦਾ ਹੈਂਡਲ ਤਾਂ ਸਿੱਧਾ ਕਰ ਦੇਹ?"

ਹਾਲੇ ਇਹ ਵਾਕ ਮੇਰੇ ਮੂੰਹ ਵਿਚ ਹੀ ਸੀ ਕਿ ਮੇਰੀ ਧੌਣ 'ਚ ਲਫੇੜ ਵੱਜੀ।

"ਸਹੁਰਿਆ, ਇਹ ਮੇਰੀ ਉਮਰ ਦਾ ਹੈਗਾ... ਤੂੰ ਨਾਂ ਕਿਉਂ ਲਿਆ ਇਹਦਾ?" ਮੇਰਾ ਬਾਪ ਦੂਜੀ ਚੁਪੇੜ ਚੁੱਕੀ ਖੜ੍ਹਾ ਮੈਨੂੰ ਨਸੀਹਤ ਦੇ ਰਿਹਾ ਸੀ, "ਆਹੀ ਕੁਛ ਸਿਖਾਲਦੇ ਆ ਤੁਹਾਨੂੰ ਸਕੂਲਾਂ ਦੇ ਮਾਹਟਰ?... ਕਹੁ ਚਾਚਾ ਜੀ।"

ਪ੍ਰੀਤੂ ਨੇ ਫੁਰਤੀ ਨਾਲ ਮੈਨੂੰ ਪਰੇ ਧੱਕ ਦਿੱਤਾ। ਉਹ ਮੁਸਕੜੀਏ ਹੱਸਦਾ ਹੋਇਆ ਕਹਿੰਦਾ, "ਤੇਰੇ ਭਾਪੇ ਨੇ ਤੇਰਾ 'ਵਿੰਗ' ਕੱਢ ਦਿੱਤਾ, ਮੈਂ ਤੇਰੇ ਸਾਈਕਲ ਦਾ ਹੈਂਡਲ ਸਿੱਧਾ ਕਰ ਦੇਣੈਂ।" ਕੋਲ ਖੜ੍ਹੇ ਕਈ ਜਣੇ ਖਿੜ-ਖਿੜਾ ਕੇ ਹੱਸ ਪਏ।

ਅਸਮਾਨਪੁਰੀਆ ਇਹ ਪ੍ਰੀਤੂ, ਗੱਠਵੇਂ ਮਧਰੇ ਕੱਦ ਦਾ ਬੜਾ ਹੀ ਫੁਰਤੀਲਾ ਅਤੇ ਸਿਰੇ ਦਾ ਹਾਜ਼ਰ ਜਵਾਬ ਸੀ। ਸ਼ੁਗਲੀ ਵੀ ਰੱਜ ਕੇ ਅਤੇ ਅੜਬੰਗ ਵੀ ਕਹਿਰਾਂ ਦਾ। ਲੰਮੇ ਲੜ ਵਾਲੀ ਪੱਗ ਅਤੇ ਤੇੜ ਧੋਤੀ- ਇਹ ਉਸ ਦੀ ਪੁਸ਼ਾਕ ਹੁੰਦੀ ਸੀ। ਸਾਈਕਲ ਦੀ ਮੁਰੰਮਤ ਕਰਵਾਉਣ ਆਏ ਹਰ ਗਾਹਕ ਨੂੰ ਉਹ ਕੁਰਸੀ ਜਾਂ ਬੈਂਚ 'ਤੇ ਬਹਿ ਜਾਣ ਲਈ ਕਹਿੰਦਾ। ਕਾਹਲੀ ਨਾਲ ਕੰਮ ਕਰਦਿਆਂ ਉਹ ਸਾਈਕਲ 'ਚ ਦੱਸਿਆ ਗਿਆ ਨੁਕਸ ਹੀ ਦੂਰ ਨਾ ਕਰਦਾ, ਸਗੋਂ ਸਾਰੇ ਨਟ-ਬੋਲਟ ਚੈਕ ਕਰ ਕੇ, ਟਾਇਰ ਟਿਊਬ ਵੀ ਦੇਖਦਾ। ਹਵਾ ਘੱਟ ਹੁੰਦੀ ਤਾਂ ਆਪੇ ਹੀ ਭਰ ਦਿੰਦਾ। ਆਪਣੀ ਕਿਸੇ ਚੀਜ਼ ਦੀ ਮੁਰੰਮਤ ਕਰਾਉਣ ਵੇਲੇ ਕਾਰੀਗਰ ਦੇ ਸਿਰ 'ਤੇ ਖੜ੍ਹੇ ਰਹਿਣਾ ਸਾਡੇ ਪੰਜਾਬੀਆਂ ਦੀ ਪੱਕੀ ਆਦਤ ਹੈ, ਪਰ ਜੇ ਕੋਈ ਜਣਾ ਪ੍ਰੀਤੂ ਕੋਲ ਇੰਜ ਖੜ੍ਹ ਜਾਂਦਾ ਤਾਂ ਉਹ ਝੱਟ ਕਹਿ ਦਿੰਦਾ, "ਯਾਰਾ! ਅਹੁ ਸੌ ਰੁਪਈਏ ਦੀਆਂ ਕੁਰਸੀਆਂ ਨਾਲੇ ਬੈਂਚ, ਤੁਹਾਡੇ ਬੈਠਣ ਲਈ ਹੀ ਤਾਂ ਰੱਖੀਆਂ ਹੋਈਆਂ... ਤੁਸੀਂ ਉਥੇ 'ਚੇਅਰਮੈਨ' ਬਣ ਕੇ ਬੈਠੋ।" ਫਿਰ ਵੀ ਸਿਰ 'ਤੇ ਚੜ੍ਹੇ ਰਹਿਣ ਵਾਲੇ ਕਿਸੇ ਢੀਠ ਜਿਹੇ ਗਾਹਕ ਨੂੰ ਉਹ ਇੰਜ ਵੀ ਆਖ ਦਿੰਦਾ, "ਭਾਈ, ਐਦਾਂ ਕਰ... ਅਹਿ ਦੋਏ ਕੁਰਸੀਆਂ ਮੂੰਧੀਆਂ ਮਾਰ ਦੇਹ। ਬੈਂਚ ਪੁੱਠਾ ਕਰ ਕੇ ਮੇਰੇ ਮੋਢਿਆਂ 'ਤੇ ਬਹਿ ਜਾ।"

ਪ੍ਰੀਤੂ ਦੀ ਤਿੱਖੀ ਵਿਅੰਗ ਭਰੀ ਨੋਕ-ਝੋਕ ਅਤੇ ਉਸ ਦੀ ਹਾਜ਼ਰ ਜਵਾਬੀ ਦੇ ਬਹੁਤ ਸਾਰੇ ਟੋਟਕੇ ਫਿਲਮੀ ਦ੍ਰਿਸ਼ਾਂ ਵਾਂਗ ਮੈਨੂੰ ਯਾਦ ਹਨ। ਕੰਮ ਕਰਨ ਦੇ ਨਾਲ-ਨਾਲ ਉਹ ਕੋਈ ਮਨੋਰੰਜਕ ਜਿਹੀ ਗੱਲ ਵੀ ਛੋਹੀ ਰੱਖਦਾ। ਉਸ ਦੀ ਦੁਕਾਨ 'ਤੇ ਸਦਾ ਹੀ ਢਾਣੀ ਜੁੜੀ ਰਹਿੰਦੀ ਸੀ। ਇਕ ਵਾਰ ਉਹ ਚਟਖਾਰੇ ਲਾ-ਲਾ ਕੇ ਆਪਣੀ ਕੋਈ ਹੱਡ ਬੀਤੀ ਸੁਣਾ ਰਿਹਾ ਸੀ,

"...ਲਉ ਜੀ, ਸਾਨੂੰ ਫਲਾਣੇ ਪਿੰਡੋਂ ਸਾਡੇ ਜਾਣੂ ਇਕ ਟੱਬਰ ਦਾ ਸੁਨੇਹਾ ਆ ਗਿਆ ਕਿ ਸਾਡੀ ਕੁੜੀ ਕਿਸੇ ਹੋਰ ਬਰਾਦਰੀ ਦੇ ਮੁੰਡੇ ਨਾਲ ਵਿਆਹ ਕਰਵਾਉਣ ਦੀ ਜ਼ਿਦ ਕਰ ਰਹੀ ਹੈ। ਉਸ ਵਿਗੜੀਓ ਛੋਕਰੀ ਨੇ ਵਿਆਹ ਦੀ ਪੱਕੀ ਠੱਕੀ ਵੀ ਆਪੇ ਈ ਕਰ ਲਈ। ਮਾਪੇ ਵਿਚਾਰੇ ਪਾਣੀ 'ਚ ਮੁੱਠਾਂ ਵੱਟਣ!... ਲੈ ਜੀ, ਅਸੀਂ ਸੁਨੇਹਾ ਮਿਲਦਿਆਂ ਸਾਰ ਦੋ ਚਾਰ ਜਨਾਨੀਆਂ ਲਈਆਂ ਨਾਲ... ਸਕੀਮ ਬਣਾ ਕੇ ਅਸੀਂ ਜਾ ਪਹੁੰਚੇ।... ਉਧਰ ਵਿਆਹੁੰਦੜ ਮੁੰਡੇ ਨਾਲ ਵੀ 15-20 ਬਰਾਤੀ। ਅਸੀਂ ਲਾ ਲਿਆ ਸੀ ਸੰਮਾਂ ਵਾਲੀਆਂ ਡਾਂਗਾਂ ਨੂੰ ਤੇਲ! ਸਾਡੇ ਨਾਲ ਦੀਆਂ ਜਨਾਨੀਆਂ ਨੇ ਅੰਦਰ ਵੜ ਕੇ ਕੁੜੀ ਦਾ ਬੁਥਾੜਾ ਭੰਨ ਸੁੱਟਿਆ। ਅਸੀਂ ਮੋਹਰੇ ਧਰ ਲਏ ਬਰਾਤੀ!... ਦੇਹ ਜਿੱਧਰ ਡਾਂਗ ਪੈਂਦੀ ਆ... ਛੱਲੀਆਂ ਵਾਂਗ ਕੁੱਟਦੇ ਅਸੀਂ ਸਾਲਿਆਂ ਨੂੰ ਦੂਜੇ ਪਿੰਡ ਦਾ ਵਸੀਮਾਂ ਟਪਾ ਕੇ ਮੁੜੇ।"

ਉਸ ਨੂੰ ਹਾਸੇ ਸ਼ੁਗਲ ਦੀਆਂ ਗੱਲਾਂ ਅਹੁੜਦੀਆਂ ਵੀ ਬਹੁਤ ਸਨ। ਇਕ ਵਾਰ ਇਕ ਬੰਦਾ ਸਾਈਕਲ ਖੜ੍ਹਾ ਕਰ ਕੇ ਬਦ-ਹਵਾਸੀ ਜਿਹੀ 'ਚ ਬੋਲਿਆ, "ਪ੍ਰੀਤੂ... ਆ... ਦੂਆ ਤਾਂ ਦਈਂ?" ਅੱਗਿਉਂ ਪ੍ਰੀਤੂ ਕਹਿੰਦਾ, "ਵੀਹ ਸਾਲ ਹੋ ਚੱਲੇ ਮੈਨੂੰ ਸਾਈਕਲਾਂ ਦੀ ਦੁਕਾਨ ਕਰਦੇ ਨੂੰ, ਮੈਂ ਤਾਂ ਅੱਜ ਤੱਕ ਨੀਂ 'ਦੂਆ' ਦੇਖਿਆ।" ਉਹ ਬੰਦਾ ਅਸਲ ਵਿਚ ਪੰਪ ਮੰਗ ਰਿਹਾ ਸੀ, ਹਵਾ ਭਰਨ ਲਈ। ਪ੍ਰੀਤੂ ਦੇ ਮਨ੍ਹਾਂ ਕਰਦਿਆਂ ਵੀ ਇਕ ਫੇਰੀ ਵਾਲਾ ਆਪਣੇ ਸਾਈਕਲ 'ਚ ਹਵਾ ਭਰੀ ਗਿਆ। ਸਾਈਕਲ ਚੁੱਕ ਕੇ ਹਾਲੇ ਉਹ ਥੋੜ੍ਹੀ ਦੂਰ ਹੀ ਗਿਆ ਸੀ ਕਿ 'ਠਾਹ' ਦੀ ਆਵਾਜ਼ ਗੂੰਜੀ। ਠਹਾਕਾ ਮਾਰ ਕੇ ਹੱਸਦਿਆਂ ਪ੍ਰੀਤੂ ਕਹਿੰਦਾ, "ਦੇਖਿਆ, ਉਹੀ ਗੱਲ ਹੋਈ ਨਾ! ਮੈਂ ਪਤੰਦਰ ਨੂੰ ਕਹੀ ਗਿਆ ਕਿ ਬਾਹਲੀ ਹਵਾ ਨਾ ਭਰ, ਇਹਨੂੰ 'ਹਰਟ ਅਟੈਕ' ਹੋ ਜਾਣੈ।"

ਸਾਡੇ ਬੈਠਿਆਂ ਇਕ ਬੰਦਾ ਸਾਈਕਲ ਖੜ੍ਹਾ ਕਰਦਿਆਂ ਪ੍ਰੀਤ ਨੂੰ ਮੁਖਾਤਬ ਹੋਇਆ, "ਮੇਰੇ ਸਾਈਕਲ ਨੂੰ ਤੇਲ ਤਾਂ ਦੇ ਦੇ ਯਾਰਾ।" ਪ੍ਰੀਤੂ ਨੇ 'ਸਤਿ ਬਚਨ' ਕਹਿ ਕੇ ਤੇਲ ਵਾਲੀ ਕੁੱਪੀ ਚੁੱਕ ਲਈ। ਹਾਲੇ ਉਸ ਨੇ ਇਕ-ਦੋ ਕੁ ਜਗ੍ਹਾ ਤੇਲ ਦੇ ਤੁਪਕੇ ਸੁੱਟੇ ਸਨ ਕਿ ਬੰਦਾ ਕਹਿੰਦਾ, 'ਪ੍ਰੀਤੂ ਸਿੰਹਾਂ, ਤੇਲ ਸਾਰੇ ਈ ਦੇ ਦਈਂ ਯਾਰਾ।' ਇਹ ਗੱਲ ਬੋਚਦਿਆਂ ਪ੍ਰੀਤੂ ਲੱਗ ਪਿਆ ਤੇਲ ਨਾਲ ਸਾਈਕਲ ਦੇ ਡੰਡੇ, ਕੈਰੀਅਰ ਵਗੈਰਾ ਲਬੇੜਨ। ਗਾਹਕ ਚੌਂਕ ਕੇ ਬੋਲਿਆ, "ਓ ਆਹ ਤੂੰ ਕੀ ਕਰਨ ਲੱਗ ਪਿਐਂ?"

"ਤੂੰ ਹੀ ਕਿਹਾ ਕਿ ਤੇਲ ਸਾਰੇ ਈ ਦੇ ਦੇਹ।" ਪ੍ਰੀਤੂ ਨੇ ਦੰਦੀਆਂ ਕੱਢਦਿਆਂ ਜਵਾਬ ਦਿੱਤਾ।

ਚਿੱਟੀ ਦਾੜ੍ਹੀ ਵਾਲਾ ਕੋਈ ਬਜ਼ੁਰਗ ਸਾਈਕਲ ਤੋਂ ਉਤਰ ਕੇ ਪ੍ਰੀਤੂ ਨੂੰ ਕਹਿੰਦਾ, "ਦੇਖੀਂ ਤਾਂ ਮਿਸਤਰੀ, ਸਾਈਕਲ ਕੁਝ ਭਾਰਾ-ਭਾਰਾ ਚਲਦਾ ਐ... ਤੇਲ-ਤੂਲ ਦੇਹ ਇਹਦੀਆਂ ਚੂਲਾਂ 'ਚ?"

"ਸਾਈਕਲ ਦੀਆਂ ਚੂਲਾਂ ਵਿਚ ਕੋਈ ਨੁਕਸ ਨ੍ਹੀਂ ਐ, ਤੇਰੇ ਗੋਡਿਆਂ 'ਚੋਂ ਤੇਲ ਮੁੱਕਿਆ ਹੋਇਐ! ਗੋਡਿਆਂ ਵਾਲਾ ਤੇਲ ਪੁਆ ਜੇ ਕਿਤੋਂ ਪੈਂਦਾ ਐ!"

"ਤੂੰ ਨਾ ਕਦੇ ਸਿੱਧੀ ਗੱਲ ਕਰੀਂ ਪਿਉ ਦਿਆ ਪੁੱਤਾ।" ਬਜ਼ੁਰਗ ਵੀ ਮਿੰਨ੍ਹਾ-ਮਿੰਨ੍ਹਾ ਹੱਸਦਾ ਥਕਾਵਟ ਲਾਹੁਣ ਲਈ ਬੈਂਚ 'ਤੇ ਬਹਿ ਗਿਆ।

ਹੁਣ ਤੱਕ ਮੈਂ ਤਾਂ ਇੰਨੇ ਕੁ ਪ੍ਰੀਤੂਆਂ ਨੂੰ ਜਾਣਦਾ ਹਾਂ। ਉਮੀਦ ਹੈ ਕਿ ਪੰਜਾਬ 'ਚ ਕਿਸੇ ਵੇਲੇ ਸਾਈਕਲ ਚਲਾਉਣ ਵਾਲਿਆਂ ਦਾ ਕਿਸੇ ਨਾ ਕਿਸੇ 'ਪ੍ਰੀਤੂ' ਨਾਲ ਜ਼ਰੂਰ ਵਾਹ ਪਿਆ ਹੋਵੇਗਾ।

## ਦਬਾਇਆ ਹੁੰਦਾ ਹੈ

ਗੱਲਾਂ ਤਾਂ ਸਭ ਸਾਂਝੀਆਂ ਨੇ, ਪਰ ਦੁਖ ਤਾਂ ਆਪੋ ਆਪਣੇ ਨੇ,
ਸੱਚ ਦੇ ਪਰਦੇ ਪਿਛੇ ਅਕਸਰ ਝੂਠ ਛੁਪਾਇਆ ਹੁੰਦਾ ਹੈ।
ਮੇਜ਼ਬਾਨਾਂ ਦੇ ਮੱਥਿਓਂ ਤਿਉੜੀ ਚੌਵੀ ਘੰਟੇ ਲਹਿੰਦੀ ਨਹੀਂ,
ਵੈਲਕਮ ਵਾਲਾ ਫੱਟਾ ਫਿਰ ਵੀ ਗੇਟ 'ਤੇ ਲਾਇਆ ਹੁੰਦਾ ਹੈ।
ਹਲਕੇ ਫੁਲਕੇ ਕੰਮ ਕਰਕੇ ਬੰਦਾ ਜਦ ਮੁੜਦਾ ਹੈ,
ਬਿਲ ਕੋਈ ਭਾਰਾ ਭਰਕਮ ਘਰ ਵਿਚ ਆਇਆ ਹੁੰਦਾ ਹੈ।
ਲਾਰਿਆਂ ਦੀ ਨਿਤ ਫਸਲ ਵੇਚਦਾ ਮਰ ਜਾਂਦਾ,
ਜਦੋਂ ਕੋਈ ਮੰਡੀਓਂ ਮੁੜਦਾ ਬੜਾ ਘਬਰਾਇਆ ਹੁੰਦਾ ਹੈ।
ਸੱਥਾਂ ਅੰਦਰ ਮਾਈ ਬਾਪ ਦੀ 'ਸੇਵਾ' ਕਰਦਾ ਥੱਕਦਾ ਨ੍ਹੀਂ,
ਪਿਛਲੀ ਉਮਰੇ ਖੂੰਜਿਆਂ ਦੇ ਵਿਚ ਮੰਜਾ ਡਾਹਿਆ ਹੁੰਦਾ ਹੈ।
ਸੁਭਾ ਸਵੇਰੇ ਤੜਕੇ ਤੜਕੇ ਜੋ ਬੂਹਾ ਖੜਕਾਉਂਦਾ ਹੈ,
ਸੰਝ ਪਈ ਤੋਂ ਲਗਦਾ ਉਹੀ ਪਰਾਇਆ ਹੁੰਦਾ ਹੈ।
ਸਾਹਨਾਂ ਦੇ ਨਾਲ ਟੱਕਰ ਲੈਂਦਾ ਵਿਚ 'ਪਰਦੇਸਾਂ' ਦੇ,
ਆਪਣੇ ਪਿੰਡ ਵਿਚ ਐਵੇਂ ਲਗੇ ਗਊ ਦਾ ਜਾਇਆ ਹੁੰਦਾ ਹੈ।
ਸਾਰਾ ਸਾਲ ਜੋ ਰੌਲੀ ਪਾ ਕੇ 'ਝੰਡੀ-ਝੰਡੀ' ਕਰਦਾ ਹੈ,
'ਛਿੰਝ' ਪਈ 'ਤੇ ਲੋਕਾਂ ਫੜ੍ਹ ਕੇ ਉਹਨੂੰ ਢਾਹਿਆ ਹੁੰਦਾ ਹੈ।
ਚੱਲੇ ਕਾਰਤੂਸਾਂ ਦੇ ਵਾਂਗੂ ਫੁੱਲ ਕਿਸੇ ਕੰਮ ਆਉਂਦਾ ਨ੍ਹੀਂ,
ਕੱਢ ਦਿੰਦੇ ਨੇ ਹਾਰ 'ਚੋਂ ਜੋ ਕਮਲਾਇਆ ਹੁੰਦਾ ਹੈ।
ਸਿਰਾਂ ਦੇ ਉਤੇ ਸ਼ਮਲੇ ਬੰਨ੍ਹਦੇ ਬਹੁਤੇ ਅਖੀਂ ਦੇਖੇ ਨੇ,
ਵਕਤ ਆਉਣ ਤੋਂ ਸ਼ਮਲੇ ਵਾਲਾ ਹੇਠ ਗਿਰਾਇਆ ਹੁੰਦਾ ਹੈ।
ਵੱਡੇ ਬਰਾਂਡਾਂ ਵਾਲਾ ਨਿੱਕ-ਸੁੱਕ ਘਰਾਂ 'ਚੋਂ ਕੱਢਿਆ ਜਾਂਦਾ ਹੈ,
ਹੌਲੀ ਹੌਲੀ ਘਰ ਦਾ ਜਦੋਂ ਸਫਾਇਆ ਹੁੰਦਾ ਹੈ।
ਸ਼ਾਮਲ ਇਥੇ ਹੁੰਦੇ ਦੇਖੇ ਓਸ ਨੜੋਏ ਵਿਚ,
ਪੁੱਤ ਜਿਨ੍ਹਾਂ ਦਾ ਆਪਣੇ ਹਥੀਂ ਆਪ ਮਰਾਇਆ ਹੁੰਦਾ ਹੈ।
ਮਾਪਿਆਂ ਦਾ ਪੁੱਤ ਪੜ੍ਹ-ਲਿਖ ਕੇ ਜਦ ਘਰ ਨੂੰ ਮੁੜਦਾ ਹੈ,
ਬੁੱਢਾ ਬਾਪੂ ਸੱਥਾਂ ਵਿਚ ਬਿਠਾਇਆ ਹੁੰਦਾ ਹੈ।
ਸਾਡੇ ਰੋਣ 'ਤੇ ਮੌਕਾ ਮਿਲਿਆਂ ਉਹ ਵੀ ਹੱਸ ਪੈਂਦੇ,
ਜਿਨ੍ਹਾਂ ਨੂੰ ਰੋਂਦੇ ਆਪਣੇ ਹੱਥੀਂ ਚੁੱਪ ਕਰਾਇਆ ਹੁੰਦਾ ਹੈ।
ਠੰਡਾ ਜਿਸਮ ਬੇ-ਲਚਕ ਹੁੰਦਾ ਹੈ ਮੁਰਦੇ ਦਾ,
ਲੋਹਾ ਵੀ ਢਲ ਜਾਂਦਾ ਜਦ ਗਰਮਾਇਆ ਹੁੰਦਾ ਹੈ।
ਵਕਤ ਆਉਣ 'ਤੇ ਲਹਿਰਾਂ ਬਣ ਬਣ ਉਠ ਖੜ੍ਹਦਾ,
ਜਿੰਨਾ ਵੀ ਕੋਈ ਜ਼ੋਰਾਂ ਨਾਲ ਦਬਾਇਆ ਹੁੰਦਾ ਹੈ।

*-ਹਰਜਿੰਦਰ ਗੁਲਪੁਰ*
*ਫੋਨ: 91-81465-63065*

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਲਵ-ਜਹਾਦ ਦਾ ਰੌਲਾ ਅਤੇ ਅੰਤਰ ਧਰਮ ਵਿਆਹ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਜਨੂੰਨੀ ਕਿਸਮ ਦੇ ਲੋਕ ਜੇ ਵਿਆਹ ਨੂੰ ਜਹਾਦ ਲਈ ਵਰਤਦੇ ਹਨ ਤਾਂ ਇਸ ਦੇ ਵਿਰੁਧ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਪਰ ਧਰਮ ਦੀ ਵਲਗਣ ਵਿਚੋਂ ਨਿਕਲ ਕੇ ਕੀਤੇ ਜਾ ਰਹੇ ਹਰ ਵਿਆਹ ਨੂੰ ਲਵ-ਜਹਾਦ ਦੇ ਖਾਤੇ ਵਿਚ ਪਾ ਕੇ ਖੌਰੂ ਪਾਉਣਾ ਠੀਕ ਨਹੀਂ। ਭਾਰਤ ਨੇ ਅੱਗੇ ਵਧਣਾ ਹੈ ਤਾਂ ਦੋਵਾਂ ਰੰਗਾਂ ਦੇ ਕੱਟੜਪੰਥੀਪੁਣੇ ਦੇ ਖਿਲਾਫ ਖੜੋਣਾ ਹੋਵੇਗਾ, ਇਸ ਮਾਮਲੇ ਵਿਚ ਲਿਹਾਜ਼ਦਾਰੀ ਨਹੀਂ ਚੱਲ ਸਕਦੀ।***

ਬਹੁਤ ਸਾਰੇ ਲੋਕ ਨਵੀਂ ਸਰਕਾਰ ਨੂੰ ਭਾਰਤ ਦੀ ਨਾ ਕਹਿ ਕੇ 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ' ਹੀ ਕਹਿੰਦੇ ਹਨ, ਤੇ ਸ਼ਾਇਦ ਉਹ ਠੀਕ ਕਹਿੰਦੇ ਹਨ। ਲੋਕ ਸਭਾ ਵਿਚ ਤੀਹ ਸਾਲਾਂ ਬਾਅਦ ਪਹਿਲੀ ਵਾਰੀ ਇਕਲੌਤੀ ਪਾਰਟੀ ਦੀ ਬਹੁ-ਸੰਮਤੀ ਆਈ ਅਤੇ ਇੱਕ ਵਾਰੀ ਫਿਰ ਇਹ ਇੰਦਰਾ ਗਾਂਧੀ ਜਾਂ ਰਾਜੀਵ ਗਾਂਧੀ ਵਾਂਗ ਇੱਕੋ ਆਗੂ ਦੇ ਘੇਰੇ ਜੁੜੀ ਬਹੁ-ਸੰਮਤੀ ਹੋਣ ਕਰ ਕੇ ਪ੍ਰਭਾਵ ਵੀ ਦੇਸ਼ ਦੀ ਸਰਕਾਰ ਦੀ ਥਾਂ ਉਸ ਵਿਅਕਤੀ ਦੀ ਸਰਕਾਰ ਵਾਲਾ ਮਿਲ ਰਿਹਾ ਹੈ। ਇੰਦਰਾ ਗਾਂਧੀ ਨੂੰ ਜਿਹੜਾ ਆਗੂ ਪ੍ਰਵਾਨ ਨਹੀਂ ਸੀ ਹੁੰਦਾ, ਪਹਿਲਾਂ ਖੂੰਜੇ ਲਾਇਆ ਜਾਂਦਾ ਸੀ ਤੇ ਫਿਰ ਇਹੋ ਜਿਹਾ ਮਾਹੌਲ ਬਣਾ ਦਿੱਤਾ ਜਾਂਦਾ ਸੀ ਕਿ ਉਹ ਚੁੱਪ ਕਰ ਜਾਵੇ ਜਾਂ ਦਰਵਾਜ਼ਿਓਂ ਬਾਹਰ ਨਿਕਲ ਜਾਣ ਲਈ ਤਿਆਰੀ ਕਰ ਲਵੇ। ਹੁਣ ਵੀ ਇਸੇ ਤਰ੍ਹਾਂ ਕੀਤੇ ਜਾਣ ਦਾ ਪ੍ਰਭਾਵ ਮਿਲ ਰਿਹਾ ਹੈ। ਪਾਰਟੀ ਦੀ ਜੜ੍ਹ ਲਾਉਣ ਵਾਲੇ ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਵਰਗੇ ਆਗੂ ਖੂੰਜੇ ਬਿਠਾ ਦਿੱਤੇ ਗਏ ਹਨ ਤੇ ਦੋ ਕੁ ਦਿਨਾਂ ਦੇ ਰੁਸੇਵੇਂ ਮਗਰੋਂ ਉਹ ਮੋਦੀ ਦੇ ਪੱਖ ਵਿਚ ਬੋਲਣ ਲੱਗ ਪਏ ਹਨ। ਇਸ ਤੋਂ ਫਿਰ ਇੰਦਰਾ ਗਾਂਧੀ ਦਾ ਵਕਤ ਯਾਦ ਆ ਜਾਂਦਾ ਹੈ, ਜਿਸ ਵਿਚ ਬਜ਼ੁਰਗ ਆਗੂ ਵੀ ਉਸ ਦਾ ਚਾਲੀਸਾ ਪੜ੍ਹਨ ਲਈ ਮਜਬੂਰ ਹੋ ਜਾਂਦੇ ਸਨ। ਇੰਦਰਾ ਗਾਂਧੀ ਤੋਂ ਬਾਰਾਂ ਸਾਲ ਵੱਡਾ ਇੱਕ ਆਗੂ ਪਹਿਲਾਂ ਰੁੱਸ ਕੇ ਘਰ ਬੈਠ ਗਿਆ ਤੇ ਜਦੋਂ ਇੱਕੋ ਫੋਨ ਕੀਤਾ ਗਿਆ ਤਾਂ ਨਾ ਸਿਰਫ ਆ ਗਿਆ, ਸਗੋਂ ਅਗਲੇ ਜਲਸੇ ਵਿਚ ਆਪਣੇ ਤੋਂ ਬਾਰਾਂ ਸਾਲ ਛੋਟੀ ਇੰਦਰਾ ਗਾਂਧੀ ਨੂੰ 'ਇੰਦਰਾ ਅੰਮਾ' ਕਹਿੰਦਾ ਸੁਣਿਆ ਗਿਆ ਸੀ। ਭਾਰਤੀ ਰਾਜਨੀਤੀ ਵਿਚ ਇਸ ਤਰ੍ਹਾਂ ਦੇ ਦੌਰ ਕਈ ਵਾਰੀ ਆਏ ਹਨ ਤੇ ਹੁਣ ਦਾ ਦੌਰ ਉਨ੍ਹਾਂ ਦੌਰਾਂ ਦਾ ਦੁਹਰਾਓ ਹੋ ਸਕਦਾ ਹੈ, ਕਿਉਂਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਪਰ ਦੁਹਰਾਉਂਦਾ ਥੋੜ੍ਹਾ ਕੁ ਬਦਲ ਕੇ ਹੈ।

ਪਿਛਲੇ ਦਿਨੀਂ ਇਸ ਸਰਕਾਰ ਨੇ ਕੁਝ ਕਦਮ ਚੁੱਕੇ ਹਨ, ਜਿਨ੍ਹਾਂ ਦਾ ਕੁਝ ਲੋਕਾਂ ਨੇ ਰਵਾਇਤੀ ਵਿਰੋਧ ਕੀਤਾ ਤੇ ਕੁਝ ਹੋਰਨਾਂ ਨੇ ਰਵਾਇਤੀ ਹਾਮੀ ਭਰ ਦਿੱਤੀ, ਅਰਥ ਦੋਵੇਂ ਤਰ੍ਹਾਂ ਦੇ ਨਿਕਲਦੇ ਸਨ। ਸਰਕਾਰ ਵਿਚ ਵਜ਼ੀਰਾਂ ਵਿਚੋਂ ਸਭ ਤੋਂ ਵੱਡਾ ਕਿਸ ਨੂੰ ਮੰਨਿਆ ਜਾਵੇ, ਇਸ ਬਾਰੇ ਚੋਖੀ ਖਿੱਚੋਤਾਣ ਚੱਲੀ ਹੈ। ਰਾਜਨਾਥ ਸਿੰਘ ਗ੍ਰਹਿ ਮੰਤਰੀ ਹੋਣ ਦੇ ਨਾਲ ਸੱਤਾ ਵਿਚ ਆਉਣ ਤੱਕ ਭਾਰਤੀ ਜਨਤਾ ਪਾਰਟੀ ਦਾ ਪ੍ਰਧਾਨ ਸੀ, ਇਸ ਆਧਾਰ ਉਤੇ ਹੋਰਨਾਂ ਲੋਕਾਂ ਤੋਂ ਉਸ ਨੂੰ ਸੀਨੀਅਰ ਮੰਨਣ ਦੀ ਮਜਬੂਰੀ ਨਾ ਬਣ ਜਾਵੇ, ਇਸ ਲਈ ਉਸ ਦੇ ਪੁੱਤਰ ਦੇ ਦਾਗੀ ਹੋਣ ਅਤੇ ਪ੍ਰਧਾਨ ਮੰਤਰੀ ਵੱਲੋਂ ਉਸ ਮੁੰਡੇ ਨੂੰ ਝਿੜਕਣ ਦਾ ਕਿੱਸਾ ਵੀ ਮੀਡੀਏ ਨੂੰ ਉਚੇਚ ਨਾਲ ਪੁਚਾਇਆ ਗਿਆ ਹੈ। ਉਂਜ ਵੱਡੇ ਲੀਡਰਾਂ ਵਿਚੋਂ ਕਿਸੇ ਵਿਰਲੇ ਦਾ ਪੁੱਤਰ ਹੀ ਰਾਜਨੀਤੀ ਦੀ ਖੁਰਲੀ ਵਿਚ ਮੂੰਹ ਮਾਰਨ ਤੋਂ ਰਹਿੰਦਾ ਹੈ, ਬਾਕੀ ਸਾਰਿਆਂ ਨੂੰ ਦੁੱਧ ਦੇ ਦੰਦ ਟੁੱਟ ਕੇ ਨਵੇਂ ਉੱਗਣ ਤੱਕ ਇਸ ਚਾਟ ਦਾ ਇਹੋ ਜਿਹਾ ਚਸਕਾ ਲੱਗ ਜਾਂਦਾ ਹੈ ਕਿ ਸਾਰੀ ਉਮਰ ਟੁੱਟਦਾ ਨਹੀਂ।

ਅਸੀਂ ਇਸ ਕਿਸਮ ਦੀਆਂ ਬਹੁਤ ਸਾਰੀਆਂ ਕਹਾਣੀਆਂ ਛੋਹ ਸਕਦੇ ਹਾਂ, ਪਰ ਇਸ ਵੇਲੇ ਇਸ ਦੀ ਥਾਂ ਭਾਰਤ ਵਿਚ ਵਧ ਰਹੇ ਉਸ ਜਨੂੰਨ ਦੀ ਚਰਚਾ ਨੂੰ ਪਹਿਲ ਦੇਣਾ ਚਾਹੁੰਦੇ ਹਾਂ, ਜਿਹੜਾ ਦੋਵਾਂ ਵੱਡੇ ਧਰਮਾਂ ਦੇ ਪੈਰੋਕਾਰਾਂ ਵਿਚ ਕੁੜੱਤਣਾਂ ਵਧਾ ਰਿਹਾ ਹੈ। ਪ੍ਰਧਾਨ ਮੰਤਰੀ ਇਸ ਬਹਿਸ ਬਾਰੇ ਅਜੇ ਤੱਕ ਚੁੱਪ ਹੈ ਤੇ ਉਸ ਦੀ ਚੁੱਪ ਦੇ ਵੀ ਕਈ ਅਰਥ ਕੱਢੇ ਜਾ ਰਹੇ ਹਨ, ਪਰ ਗੱਲ ਇੱਕ ਵਿਅਕਤੀ ਤੋਂ ਵੱਧ ਸਮਾਜ ਦੀ ਹੈ, ਜਿਹੜਾ ਵੰਡਿਆ ਜਾ ਰਿਹਾ ਹੈ।

ਪਿਛਲੇ ਦਿਨਾਂ ਵਿਚ ਇਸ ਪੱਖ ਤੋਂ ਆਏ ਉਬਾਲੇ ਦੀਆਂ ਦੋ ਧਾਰਾਵਾਂ ਹਨ। ਇੱਕ ਧਾਰਾ ਹਿੰਦੂ ਸਮਾਜ ਵਿਚੋਂ ਸਾਰੇ ਭਾਰਤੀਆਂ ਨੂੰ ਹਿੰਦੂਤਵ ਦੀ ਗੁੜ੍ਹਤੀ ਦੇਣ ਲਈ ਕਮਰ ਕੱਸ ਰਹੀ ਹੈ। ਦੂਸਰੀ ਧਾਰਾ ਮੁਸਲਿਮ ਸਮਾਜ ਦੇ ਅੰਦਰ ਪੈਦਾ ਹੋਏ ਉਸ ਕੱਟੜਪੰਥੀਪੁਣੇ ਦੀ ਹੈ, ਜਿਹੜਾ ਜਵਾਨੀ ਨੂੰ ਜਹਾਦ ਦੇ ਰਾਹ ਪਾਉਂਦਾ ਹੈ। ਅਮਰੀਕਾ, ਆਸਟਰੇਲੀਆ ਤੇ ਕਈ ਹੋਰ ਦੇਸ਼ਾਂ ਦੀਆਂ ਸਰਕਾਰਾਂ ਇਸ ਦੀ ਅੱਗ ਆਪਣੇ ਵਿਹੜੇ ਵਿਚ ਲੱਗੀ ਵੇਖਣ ਲੱਗੀਆਂ ਹਨ। ਹੁਣ ਮੁਸਲਿਮ ਪਰਿਵਾਰਾਂ ਦੇ ਪੁੱਤਰ ਹੀ ਨਹੀਂ, ਕਈ ਗੈਰ-ਮੁਸਲਿਮ ਪਰਿਵਾਰਾਂ ਦੇ ਜੰਮੇ ਹੋਏ ਵੀ ਓਧਰ ਜਾਣ ਲੱਗੇ ਹਨ। ਅਮਰੀਕਾ ਤੋਂ ਇਸ ਤਰ੍ਹਾਂ ਦੇ ਤਿੰਨ ਕੇਸ ਸਾਹਮਣੇ ਆ ਚੁੱਕੇ ਹਨ, ਜਿੱਥੇ ਖਾਨਦਾਨੀ ਅਮਰੀਕੀ ਈਸਾਈ ਪਰਿਵਾਰਾਂ ਦੇ ਬੱਚੇ ਧਰਮ ਤਬਦੀਲੀ ਕਰ ਕੇ ਪਹਿਲਾਂ ਮੁਸਲਮਾਨ ਬਣੇ ਤੇ ਫਿਰ ਦਹਿਸ਼ਤਗਰਦੀ ਦੇ ਰਾਹੇ ਪੈ ਗਏ ਸਨ। ਬ੍ਰਿਟੇਨ ਵਿਚ ਵੀ ਇਸ ਤਰ੍ਹਾਂ ਦੇ ਕੁਝ ਕੇਸ ਸਾਹਮਣੇ ਆਏ ਹਨ। ਆਪਣੇ ਧਰਮ ਨੂੰ ਮੰਨਦੇ ਰਹਿਣਾ ਜਾਂ ਧਰਮ ਬਦਲੀ ਕਰਨਾ ਕਿਸੇ ਇਨਸਾਨ ਦਾ ਹੱਕ ਹੈ, ਪਰ ਇਸ ਤਬਦੀਲੀ ਦੇ ਬਾਅਦ ਕੁਝ ਲੋਕਾਂ ਦਾ ਜਨੂੰਨੀ ਬਣਦੇ ਜਾਣਾ ਕਿਸੇ ਵੀ ਸਮਾਜ ਲਈ ਫਿਕਰ ਦਾ ਮੁੱਦਾ ਹੋਣਾ ਚਾਹੀਦਾ ਹੈ। ਜਦੋਂ ਦੂਸਰੇ ਦੇਸ਼ਾਂ ਵਿਚੋਂ ਇਸ ਵਰਤਾਰੇ ਵਿਰੁਧ ਮੁਸਲਿਮ ਭਾਈਚਾਰਾ ਆਮ ਕਰ ਕੇ ਚੁੱਪ ਰਿਹਾ, ਉਦੋਂ ਭਾਰਤ ਦੇ ਕਈ ਮੁਸਲਿਮ ਧਾਰਮਿਕ ਆਗੂਆਂ ਨੇ ਖੁੱਲ੍ਹ ਕੇ ਕਿਹਾ ਹੈ ਕਿ ਉਹ ਇਸ ਰੁਝਾਨ ਨੂੰ ਸਹਿਮਤੀ ਨਹੀਂ ਦੇ ਸਕਦੇ। ਉਨ੍ਹਾਂ ਨੇ ਸਰਬ-ਸਾਂਝੀਵਾਲਤਾ ਦਾ ਹੋਕਾ ਦਿੱਤਾ ਹੈ ਤਾਂ ਇਸ ਦਾ ਸਵਾਗਤ ਕਰਨਾ ਚਾਹੀਦਾ ਹੈ।

ਦੂਸਰੇ ਪਾਸੇ ਹਿੰਦੂ ਸਮਾਜ ਦੇ ਕਈ ਲੋਕਾਂ ਨੇ ਕੇਂਦਰ ਵਿਚ ਬਣੀ ਸਰਕਾਰ ਨੂੰ 'ਆਪਣੀ ਸਰਕਾਰ' ਮੰਨ ਲਿਆ ਤੇ ਉਹ ਦੂਸਰੇ ਭਾਈਚਾਰਿਆਂ ਵੱਲ ਟੀਰੀ ਅੱਖ ਨਾਲ ਵੇਖਦੇ ਹੋਏ ਇਸ ਤਰ੍ਹਾਂ ਦੀਆਂ ਸੁਰਾਂ ਕੱਢਣ ਲੱਗ ਪਏ ਹਨ, ਜਿਨ੍ਹਾਂ ਨਾਲ ਨੇੜਤਾ ਹੋਣ ਦੀ ਥਾਂ ਦਰਾੜ ਵਧਣ ਦੇ ਹਾਲਾਤ ਬਣ ਸਕਦੇ ਹਨ। ਸਭ ਤੋਂ ਵੱਡਾ ਮਾਮਲਾ ਇਸ ਬਹਿਸ ਦਾ ਬਣੀ ਜਾ ਰਿਹਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਹਿੰਦੂ ਕਹਿਣਾ ਚਾਹੀਦਾ ਹੈ ਕਿ ਨਹੀਂ? ਭਾਰਤੀ ਜਨਤਾ ਪਾਰਟੀ ਨਾਲ ਜੁੜੇ ਕੁਝ ਗੈਰ-ਹਿੰਦੂ ਰਾਜਸੀ ਆਗੂ ਚਾਪਲੂਸੀ ਕਰ ਕੇ ਭਾਜਪਾ ਦੇ ਮਾਈ-ਬਾਪ ਆਰ ਐਸ ਐਸ ਨੂੰ ਖੁਸ਼ ਕਰਨ ਲਈ ਆਪਣੇ ਆਪ ਨੂੰ ਹਿੰਦੂ ਵੀ ਕਹਿ ਦਿੰਦੇ ਤੇ ਫਿਰ ਪਾਸਾ ਵੱਟ ਜਾਂਦੇ ਹਨ। ਗੋਆ ਦੀ ਭਾਜਪਾ ਸਰਕਾਰ ਵਿਚੋਂ ਇੱਕ ਈਸਾਈ ਮੰਤਰੀ ਇਹ ਕਹਿਣ ਤੱਕ ਚਲਾ ਗਿਆ ਕਿ 'ਮੈਂ ਹਿੰਦੂ ਈਸਾਈ ਹਾਂ।' ਪਿੱਛੋਂ ਜਦੋਂ ਮਾਮਲਾ ਵਿਗੜ ਗਿਆ ਤਾਂ ਇਹ ਕਹਿਣ ਲੱਗ ਪਿਆ ਕਿ ਗੱਲ ਕਹੀ ਕੁਝ ਹੋਰ ਸੀ, ਉਸ ਦਾ ਭਾਵ ਕੁਝ ਹੋਰ ਸੀ ਤੇ ਕਿਉਂਕਿ ਇਸ ਨੂੰ ਰਾਜਨੀਤੀ ਦਾ ਰੰਗ ਦੇ ਦਿੱਤਾ ਗਿਆ ਹੈ, ਮੈਂ ਇਸ ਨੂੰ ਵਾਪਸ ਲੈਣ ਵਿਚ ਹਰਜ ਨਹੀਂ ਸਮਝਦਾ। ਇੱਕ ਬੀਬੀ ਕਦੀ ਦੇਸ਼ ਦੀ ਰਾਜ ਸਭਾ ਦੀ ਉਪ ਚੇਅਰਪਰਸਨ ਹੁੰਦੀ ਸੀ। ਫਿਰ ਕਾਂਗਰਸ ਨੂੰ ਛੱਡ ਕੇ ਭਾਜਪਾ ਵਿਚ ਚਲੀ ਗਈ। ਅੱਜ ਉਹ ਭਾਜਪਾ ਦੀ ਸਰਕਾਰ ਵਿਚ ਮੰਤਰੀ ਹੈ ਤੇ ਇਹ ਅਹੁਦਾ ਦੇਣ ਵਾਲਿਆਂ ਦੀ ਖੁਸ਼ੀ ਹਾਸਲ ਕਰਨ ਲਈ ਇੱਕ ਅੰਗਰੇਜ਼ੀ ਅਖਬਾਰ ਨੂੰ ਕਹਿ ਬੈਠੀ ਹੈ ਕਿ ਹਿੰਦੁਸਤਾਨ ਦਾ ਹਰ ਵਾਸੀ ਹਿੰਦੂ ਹੈ। ਗੱਲ ਵਿਗੜ ਗਈ ਤਾਂ ਉਹ ਵੀ ਲਫਜ਼ਾਂ ਨੂੰ ਤੋੜਦੀ-ਮਰੋੜਦੀ ਫਿਰਦੀ ਹੈ। ਵਿਚਾਰੀ ਨੇ ਜਿਨ੍ਹਾਂ ਨਾਲ ਰਾਜਨੀਤੀ ਕਰਨੀ ਹੈ, ਉਨ੍ਹਾਂ ਨਾਲ ਵੀ ਨਹੀਂ ਵਿਗਾੜ ਸਕਦੀ ਤੇ ਜਿਸ ਭਾਈਚਾਰੇ ਦਾ ਅੰਗ ਹੈ, ਉਸ ਨੂੰ ਵੀ ਉਮਰ ਦੀ ਢਲਦੀ ਸ਼ਾਮ ਦੇ ਪਹਿਰ ਵਿਚ ਨਾਰਾਜ਼ ਨਹੀਂ ਕਰਨਾ ਚਾਹੁੰਦੀ।




ਇਸ ਨਾਲੋਂ ਵੱਡਾ ਮੁੱਦਾ ਇਸ ਵੇਲੇ 'ਲਵ ਜਹਾਦ' ਦਾ ਬਣੀ ਜਾ ਰਿਹਾ ਹੈ, ਜਾਂ ਫਿਰ ਬਣਾਇਆ ਜਾ ਰਿਹਾ ਹੈ। ਦੋਸ਼ ਇਹ ਲਾਇਆ ਜਾਂਦਾ ਹੈ ਕਿ ਗੈਰ-ਮੁਸਲਿਮ ਔਰਤਾਂ ਨੂੰ ਵਰਗਲਾ ਕੇ ਸ਼ਾਦੀ ਕਰਨ ਦੇ ਬਾਅਦ ਉਸ ਧਰਮ ਵਿਚ ਸ਼ਾਮਲ ਹੋਣ ਨੂੰ ਮਜਬੂਰ ਕੀਤਾ ਜਾਂਦਾ ਹੈ। ਪਾਕਿਸਤਾਨ ਵਿਚ ਇਸ ਤਰ੍ਹਾਂ ਹੋਵੇ ਤਾਂ ਇਸ ਦੇ ਵਿਰੁਧ ਆਵਾਜ਼ ਨੂੰ ਉਥੋਂ ਦਾ ਪ੍ਰਸ਼ਾਸਨ ਦਬਾ ਸਕਦਾ ਹੈ, ਪਰ ਭਾਰਤ ਵਿਚ ਜੇ ਕੋਈ ਔਰਤ ਇਹੋ ਜਿਹੀ ਗੱਲ ਮੰਨਣ ਤੋਂ ਨਾਂਹ ਕਰਨਾ ਚਾਹੇ ਤਾਂ ਇਥੇ ਕਾਨੂੰਨ ਦਾ ਰਾਜ ਹੈ, ਉਹ ਉਸ ਦੇ ਨਾਲ ਖੜਾ ਹੋ ਸਕਦਾ ਹੈ। ਇਹ ਗੱਲ ਰੱਦ ਨਹੀਂ ਕੀਤੀ ਜਾ ਸਕਦੀ ਕਿ ਇਹ ਕੰਮ ਕੁਝ ਲੋਕਾਂ ਨੇ ਕੀਤਾ ਹੈ ਤੇ ਇੱਕ ਜਨੂੰਨੀ ਸੋਚ ਦੇ ਅਧੀਨ ਇਸ ਤਰ੍ਹਾਂ ਕਰਨ ਨੂੰ ਉਹ ਇਸਲਾਮ ਦੀ ਸੇਵਾ ਕਰਨੀ ਸਮਝਦੇ ਹਨ, ਪਰ ਸਾਰੇ ਦੇ ਸਾਰੇ ਮੁਸਲਮਾਨ ਇਸ ਰਾਹੇ ਨਹੀਂ ਪੈ ਗਏ। ਕਿਸੇ ਵੀ ਕੁੜੀ ਤੇ ਮੁੰਡੇ ਨੂੰ ਆਪਣੀ ਮਰਜ਼ੀ ਦੇ ਇਨਸਾਨ ਨਾਲ ਵਿਆਹ ਕਰਨ ਦਾ ਹੱਕ ਹੈ ਤੇ ਉਹ ਧਰਮ ਦੀ ਵਲਗਣ ਤੋਂ ਬਾਹਰ ਨਿਕਲ ਕੇ ਕਰਵਾ ਸਕਦੇ ਹਨ। ਕਈ ਕੱਟੜਪੰਥੀਆਂ ਨੇ ਵੀ ਇਸ ਤਰ੍ਹਾਂ ਦੇ ਵਿਆਹ ਕੀਤੇ ਅਤੇ ਪਿੱਛੋਂ ਭੁਗਤੇ ਵੀ ਹੋਏ ਹਨ। ਮੁਹੰਮਦ ਅਲੀ ਜਿਨਾਹ ਨੇ ਇਸਲਾਮ ਨੂੰ ਛੱਡ ਕੇ ਇੱਕ ਗੈਰ-ਮੁਸਲਿਮ ਕੁੜੀ ਨਾਲ ਵਿਆਹ ਕੀਤਾ ਸੀ, ਪਰ ਉਸ ਵਿਆਹ ਤੋਂ ਪੈਦਾ ਹੋਈ ਧੀ ਨੇ ਵੀ ਇਸਲਾਮ ਛੱਡ ਕੇ ਇੱਕ ਪਾਰਸੀ ਮੁੰਡੇ ਨਾਲ ਵਿਆਹ ਕਰ ਲਿਆ ਸੀ। ਭਾਰਤ ਦੇ ਬੰਬੇ ਡਾਈਂਗ ਦਾ ਮਾਲਕ ਨੁਸਲੀ ਵਾਡੀਆ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਦੀ ਉਸੇ ਧੀ ਦਾ ਪੁੱਤਰ ਹੈ।

ਅਸੀਂ ਕੁਝ ਕੱਟੜਪੰਥੀ ਮੁਸਲਮਾਨਾਂ ਵੱਲੋਂ 'ਲਵ ਜਹਾਦ' ਵਰਗੀ ਕਿਸੇ ਸ਼ਰਾਰਤੀ ਖੇਡ ਤੋਂ ਪਾਸੇ ਹਟ ਕੇ ਦੇਖ ਲਈਏ ਤਾਂ ਜਿਹੜੇ ਲੋਕ 'ਲਵ ਜਹਾਦ' ਵਿਰੁਧ ਇਸ ਵਕਤ ਸਭ ਤੋਂ ਵੱਧ ਦੁਹਾਈ ਪਾ ਰਹੇ ਹਨ, ਉਨ੍ਹਾਂ ਦੇ ਘਰਾਂ ਵਿਚ ਵੀ ਦੂਸਰੀਆਂ ਮਿਸਾਲਾਂ ਮਿਲ ਜਾਣਗੀਆਂ। ਇਸ ਵੇਲੇ ਭਾਰਤੀ ਜਨਤਾ ਪਾਰਟੀ ਦੇ ਦੋ ਕੇਂਦਰੀ ਆਗੂ ਇਹੋ ਜਿਹੇ ਹਨ, ਜਿਨ੍ਹਾਂ ਨੇ ਹਿੰਦੂ ਕੁੜੀਆਂ ਨਾਲ ਵਿਆਹ ਕਰਵਾਏ ਹੋਏ ਹਨ, ਪਰ ਉਨ੍ਹਾਂ ਦੇ ਵਿਰੋਧ ਦੀ ਸੁਰ ਕਦੇ ਕਿਸੇ ਹਿੰਦੂ ਆਗੂ ਨੇ ਨਹੀਂ ਕੱਢੀ। ਮੁਰਾਰਜੀ ਦੇਸਾਈ ਤੇ ਚੌਧਰੀ ਚਰਨ ਸਿੰਘ ਦੇ ਭੇੜ ਵਿਚ ਜਨਤਾ ਪਾਰਟੀ ਦੇ ਟੋਟੇ ਹੋਣ ਪਿੱਛੋਂ ਜਦੋਂ ਹਿੰਦੂ ਵਿਚਾਰਧਾਰਾ ਦੀ ਧਾਰਨੀ ਭਾਰਤੀ ਜਨਤਾ ਪਾਰਟੀ ਬਣਾਈ ਗਈ, ਇਸ ਦੇ ਮੋਢੀਆਂ ਵਿਚ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਭੈਰੋਂ ਸਿੰਘ ਸ਼ੇਖਾਵਤ ਨਾਲ ਸਿਕੰਦਰ ਬਖਤ ਵੀ ਸਨ। ਸਿਕੰਦਰ ਬਖਤ ਦੀ ਪਤਨੀ ਦਾ ਨਾਂ ਸ੍ਰੀਮਤੀ ਰਾਜ ਸ਼ਰਮਾ ਸੀ, ਪਰ ਕਿਸੇ ਵੀ ਸਮੇਂ ਕਿਸੇ ਨੇ ਸਿਕੰਦਰ ਦੇ ਹਿੰਦੂ ਔਰਤ ਨਾਲ ਵਿਆਹ ਦੀ ਗੱਲ ਇਸ ਤਰ੍ਹਾਂ ਨਹੀਂ ਸੀ ਛੇੜੀ, ਜਿਸ ਤਰ੍ਹਾਂ ਹੁਣ 'ਲਵ ਜਹਾਦ' ਦਾ ਕਿੱਸਾ ਪੇਸ਼ ਕੀਤਾ ਜਾਂਦਾ ਹੈ। ਅਦਾਲਤਾਂ ਵਿਚ ਪਟੀਸ਼ਨਾਂ ਦਾਇਰ ਕਰਨ ਲਈ ਪ੍ਰਸਿੱਧ ਇੱਕ ਭਾਜਪਾ ਆਗੂ ਦੀ ਧੀ ਨੇ ਵੀ ਇੱਕ ਮੁਸਲਮਾਨ ਨੌਜਵਾਨ ਨਾਲ ਵਿਆਹ ਕਰ ਲਿਆ ਸੀ, ਤੇ ਇਹ ਕੋਈ ਗਲਤ ਗੱਲ ਨਹੀਂ ਸੀ। ਕੱਟੜਪੰਥੀ ਇਸ ਵਿਆਹ ਦੇ ਵਿਰੁਧ ਵੀ ਕਦੇ ਨਹੀਂ ਬੋਲੇ। ਹੁਣ ਰਾਜਨੀਤੀ ਇਸ ਤੋਂ ਵੀ ਅਗਲੇ ਕਦਮ ਪੁੱਟਣ ਤੱਕ ਜਾਣ ਲਈ ਰਾਹ ਬਣਾਉਂਦੀ ਜਾਪਦੀ ਹੈ।

ਇਸ ਵਾਰੀ ਭਾਜਪਾ ਦੀ ਇੱਕ ਰਾਜ ਪੱਧਰ ਦੀ ਮੀਟਿੰਗ ਵਿਚ 'ਲਵ ਜਹਾਦ' ਦੇ ਵਿਰੋਧ ਦਾ ਮਤਾ ਉਸ ਬੀਬੀ ਵੱਲੋਂ ਪੇਸ਼ ਕੀਤਾ ਗਿਆ, ਜਿਹੜੀ ਫਿਲਮਾਂ ਤੋਂ ਆਈ ਤੇ ਹੁਣ ਪਾਰਲੀਮੈਂਟ ਦੀ ਮੈਂਬਰ ਹੈ। ਉਸ ਨੇ ਜਦੋਂ ਖੁਦ ਵਿਆਹ ਕਰਵਾਉਣਾ ਸੀ, ਉਸ ਦੀ ਪਸੰਦ ਦੇ ਐਕਟਰ ਦੀ ਪਹਿਲੀ ਪਤਨੀ ਤਲਾਕ ਦੇਣ ਨੂੰ ਰਾਜ਼ੀ ਨਹੀਂ ਸੀ ਤੇ ਦੂਸਰੇ ਵਿਆਹ ਦੀ ਹਾਮੀ ਭਰਨਾ ਵੀ ਨਹੀਂ ਸੀ ਮੰਨੀ। ਹਿੰਦੂ ਮੈਰਿਜ ਐਕਟ ਮੁਤਾਬਕ ਪਹਿਲੀ ਪਤਨੀ ਤੋਂ ਤਲਾਕ ਲੈਣ ਜਾਂ ਉਸ ਦੀ ਸਹਿਮਤੀ ਦੇ ਬਗੈਰ ਉਹ ਐਕਟਰ ਦੂਸਰਾ ਵਿਆਹ ਨਹੀਂ ਸੀ ਕਰ ਸਕਦਾ। ਇਸ ਅੜਾਉਣੀ ਦਾ ਹੱਲ ਕੱਢਣ ਵਾਸਤੇ ਇਹ ਫਿਲਮਾਂ ਵਾਲੀ ਹੀਰੋਇਨ ਤੇ ਇਸ ਦਾ ਪਸੰਦੀਦਾ ਐਕਟਰ ਦੋਵੇਂ ਜਣੇ ਮੁਸਲਮਾਨ ਬਣ ਗਏ ਤੇ ਮੁਸਲਮਾਨ ਹੋਣ ਕਰ ਕੇ ਪਹਿਲੀ ਪਤਨੀ ਦੀ ਸਹਿਮਤੀ ਦੇ ਨੁਕਤੇ ਉਤੇ ਕਾਟਾ ਮਾਰਨ ਮਗਰੋਂ ਦੋਵਾਂ ਨੇ ਨਿਕਾਹ ਕਰ ਲਿਆ ਸੀ। ਪਿੱਛੋਂ ਉਨ੍ਹਾਂ ਦੋਵਾਂ ਨੂੰ ਉਸ ਭਾਜਪਾ ਨੇ ਪਾਰਲੀਮੈਂਟ ਮੈਂਬਰ ਬਣਾ ਦਿੱਤਾ, ਜਿਹੜੀ ਇਸ ਤਰ੍ਹਾਂ ਦੀ ਤਿਕੜਮਬਾਜ਼ੀ ਦਾ ਵਿਰੋਧ ਕਰਦੀ ਹੈ, ਪਰ ਇਸ ਜੋੜੇ ਵੱਲੋਂ ਕੀਤੀ ਇਸ ਕਾਰਸਤਾਨੀ ਬਾਰੇ ਪਾਰਟੀ ਨੇ ਅੱਜ ਤੱਕ ਚੁੱਪ ਵੱਟ ਰੱਖੀ ਹੈ ਤੇ ਉਸ ਦੇ ਨਾਲ ਜੁੜ ਕੇ ਚੱਲਦੇ ਕੱਟੜਪੰਥੀ ਸੰਗਠਨਾਂ ਨੇ ਵੀ ਕਦੀ ਇਸ ਦੀ ਚਰਚਾ ਤੱਕ ਨਹੀਂ ਸੀ ਕੀਤੀ।

ਲੋਕਾਂ ਨੂੰ ਇਹ ਪੁੱਛਣ ਦਾ ਹੱਕ ਹੈ ਕਿ ਜਦੋਂ ਭਾਜਪਾ ਨਾਲ ਜੁੜੇ ਹੋਏ ਲੋਕ ਧਰਮ ਦੀ ਰੇਖਾ ਉਲੰਘ ਕੇ ਵਿਆਹ ਕਰਦੇ ਹਨ, ਕਦੀ ਕੋਈ ਧਰਮ ਅਪਨਾਉਂਦੇ ਤੇ ਕਦੀ ਵਾਪਸ ਮੁੜ ਆਉਂਦੇ ਹਨ, ਦੂਸਰੇ ਲੋਕਾਂ ਲਈ ਲਛਮਣ-ਰੇਖਾਵਾਂ ਖਿੱਚਣ ਵਾਲੇ ਕੱਟੜਪੰਥੀ ਲੋਕ ਉਦੋਂ ਕਿਉਂ ਨਹੀਂ ਬੋਲਦੇ? ਜੇ ਉਨ੍ਹਾਂ ਲਈ ਇਹ ਅਸੂਲ ਦਾ ਸਵਾਲ ਹੈ ਤਾਂ ਅਸੂਲ ਵਿਚ ਆਪਣੇ-ਪਰਾਏ ਦਾ ਫਰਕ ਕਰ ਕੇ ਇੱਕ ਨੂੰ ਛੱਡਿਆ ਤੇ ਦੂਸਰੇ ਨੂੰ ਨੌਲਿਆ ਕਿਉਂ ਜਾਂਦਾ ਹੈ?

ਅਸੀਂ ਫਿਰ ਇਹ ਕਹਿ ਦੇਈਏ ਕਿ ਕੁਝ ਜਨੂੰਨੀ ਕਿਸਮ ਦੇ ਲੋਕ ਜੇ ਵਿਆਹ ਨੂੰ ਜਹਾਦ ਲਈ ਵਰਤਦੇ ਹਨ ਤਾਂ ਇਸ ਦੇ ਵਿਰੁਧ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ, ਪਰ ਧਰਮ ਦੀ ਵਲਗਣ ਵਿਚੋਂ ਨਿਕਲ ਕੇ ਕੀਤੇ ਜਾ ਰਹੇ ਹਰ ਵਿਆਹ ਨੂੰ ਲਵ-ਜਹਾਦ ਦੇ ਖਾਤੇ ਵਿਚ ਪਾ ਕੇ ਖੌਰੂ ਪਾਉਣਾ ਠੀਕ ਨਹੀਂ। ਭਾਰਤ ਨੇ ਅੱਗੇ ਵਧਣਾ ਹੈ ਤਾਂ ਦੋਵਾਂ ਰੰਗਾਂ ਦੇ ਕੱਟੜਪੰਥੀਪੁਣੇ ਦੇ ਖਿਲਾਫ ਖੜੋਣਾ ਹੋਵੇਗਾ, ਇਸ ਮਾਮਲੇ ਵਿਚ ਲਿਹਾਜ਼ਦਾਰੀ ਨਹੀਂ ਚੱਲ ਸਕਦੀ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਨਾਂਦੇੜ ਸਾਹਿਬ ਬੋਰਡ ਬਾਰੇ ਸੁੱਤੀ ਹੀ ਰਹੀ ਅਕਾਲੀ ਲੀਡਰਸ਼ਿਪ

## ਸਰਕਾਰ ਵੱਲੋਂ ਪ੍ਰਬੰਧਕ ਥਾਪੇ ਅਫਸਰ ਹੀ ਚਲਾ ਰਹੇ ਨੇ ਕੰਮ-ਕਾਜ

**ਚੰਡੀਗੜ੍ਹ:** ਸਿੱਖ ਲੀਡਰਸ਼ਿਪ ਨਾਂਦੇੜ ਸਾਹਿਬ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਗਠਨ ਤੋਂ ਲਗਾਤਾਰ ਟਾਲਾ ਵੱਟਦੀ ਆ ਰਹੀ ਹੈ ਜਿਸ ਕਾਰਨ ਪਿਛਲੇ 14 ਸਾਲਾਂ ਤੋਂ ਮਹਾਂਰਾਸ਼ਟਰ ਸਰਕਾਰ ਵੱਲੋਂ ਪ੍ਰਬੰਧਕ ਥਾਪੇ ਅਧਿਕਾਰੀ ਹੀ ਸਾਰਾ ਕੰਮ-ਕਾਜ ਚਲਾ ਰਹੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਅਕਾਲੀ ਲੀਡਰਸ਼ਿਪ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਬੰਧਕ ਬੋਰਡ ਦੇ ਗਠਨ ਦਾ ਮਾਮਲਾ ਕਦੇ ਵੀ ਕੇਂਦਰ ਜਾਂ ਮਹਾਂਰਾਸ਼ਟਰ ਸਰਕਾਰ ਅੱਗੇ ਨਹੀਂ ਉਠਾਇਆ। ਹੁਣ ਜਦ ਮਹਾਂਰਾਸ਼ਟਰ ਸਰਕਾਰ ਨੇ ਗੁਰਦੁਆਰਾ ਬੋਰਡ ਵਿਚ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਘਟਾਉਣ ਤੇ ਚੀਫ ਖਾਲਸਾ ਦੀਵਾਨ ਨੂੰ ਖਾਰਜ ਕਰਨ ਲਈ ਐਕਟ ਵਿਚ ਸੋਧ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ ਤਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਇਸ ਮਾਮਲੇ ਵਿਚ ਤੁਰੰਤ ਦਖ਼ਲ ਦੇ ਕੇ ਸੂਬਾ ਸਰਕਾਰ ਨੂੰ ਅਜਿਹੀ ਸੋਧ ਕਰਨ ਤੋਂ ਰੋਕੇ।

ਇਹ ਸਵਾਲ ਉੱਠ ਰਿਹਾ ਹੈ ਕਿ 2004 ਤੱਕ ਕੇਂਦਰ ਵਿਚ ਵਾਜਪਾਈ ਸਰਕਾਰ ਰਹੀ ਜਿਸ



ਵਿਚ ਅਕਾਲੀ ਦਲ ਭਾਈਵਾਲ ਸੀ ਤੇ ਫਿਰ 10 ਸਾਲ ਦੇਸ਼ ਦੇ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਰਹੇ, ਉਦੋਂ ਵੀ ਅਕਾਲੀ ਲੀਡਰਸ਼ਿਪ ਨੂੰ ਕਦੇ ਨਾਂਦੇੜ ਸਾਹਿਬ ਗੁਰਦੁਆਰਾ ਬੋਰਡ ਦੀ ਚੋਣ ਕਰਵਾ ਕੇ ਨਵਾਂ ਬੋਰਡ ਗਠਿਤ ਕਰਨ ਲਈ ਆਵਾਜ਼ ਕਿਉਂ ਨਹੀਂ ਉਠਾਈ। ਇਥੋਂ ਤੱਕ ਕਿ ਨਾਂਦੇੜ ਸਾਹਿਬ ਦੇ ਸਿੱਖ ਆਗੂ ਸਿੱਖ ਪਾਰਲੀਮੈਂਟ ਮੈਂਬਰਾਂ ਤੱਕ ਪਹੁੰਚ ਕਰਕੇ ਬੋਰਡ ਦਾ ਗਠਨ ਕਰਵਾਉਣ ਲਈ ਅਪੀਲ ਕਰਦੇ ਰਹੇ, ਪਰ ਕਿਸੇ ਮੈਂਬਰ ਨੇ ਵੀ ਇਹ ਮੁੱਦਾ ਪਾਰਲੀਮੈਂਟ ਵਿਚ ਨਹੀਂ ਉਠਾਇਆ। ਕਮਾਲ ਦੀ ਗੱਲ ਇਹ ਹੈ ਕਿ 2008 ਵਿਚ 300 ਸਾਲਾ ਗੁਰਗੱਦੀ ਦਿਵਸ ਮਨਾਉਣ ਲਈ ਅਕਾਲੀ ਲੀਡਰਸ਼ਿਪ ਪੱਬਾਂ ਭਾਰ ਰਹੀ, ਪਰ ਗੁਰਦੁਆਰਾ ਬੋਰਡ ਬਣਾਉਣ ਦੀ ਗੱਲ ਉਦੋਂ ਵੀ ਕਿਸੇ ਨੇ ਨਹੀਂ ਉਠਾਈ। ਨਾਂਦੇੜ ਸਾਹਿਬ ਗੁਰਦੁਆਰਾ ਪ੍ਰਬੰਧਕ ਬੋਰਡ ਦੇ ਸਾਬਕਾ ਪ੍ਰਧਾਨ ਸ. ਲੱਡੂ ਸਿੰਘ ਦਾ ਕਹਿਣਾ ਹੈ ਕਿ ਬੋਰਡ ਵਿਚ ਸ਼੍ਰੋਮਣੀ ਕਮੇਟੀ, ਚੀਫ ਖਾਲਸਾ ਦੀਵਾਨ ਤੇ ਦੋ ਸਿੱਖ ਪਾਰਲੀਮੈਂਟ ਮੈਂਬਰ ਨਾਮਜ਼ਦ ਕਰਨ ਦੀ ਵਿਵਸਥਾ ਇਸ ਕਰ ਕੇ ਬਣਾਈ ਸੀ ਤਾਂ ਕਿ ਉਹ ਸਾਡੇ ਦੁੱਖ-ਸੁੱਖ ਵਿਚ ਸਹਾਈ ਹੋ ਸਕਣ। ਇਹ ਲੋਕ ਮੈਂਬਰ ਬਣਨ ਲਈ ਤਾਂ ਬੜੇ ਕਾਹਲੇ ਪੈਂਦੇ ਰਹੇ ਹਨ, ਪਰ ਔਖੇ ਸਮੇਂ ਕਦੇ ਕਿਸੇ ਨੇ ਬਾਤ ਨਹੀਂ ਪੁੱਛੀ।

ਅਕਾਲੀ ਲੀਡਰਸ਼ਿਪ ਤੇ ਸ਼੍ਰੋਮਣੀ ਕਮੇਟੀ ਬਾਰੇ ਰੋਸ ਪ੍ਰਗਟ ਕਰਦਿਆਂ ਸ. ਲੱਡੂ ਸਿੰਘ ਨੇ ਮਹਾਂਰਾਸ਼ਟਰ ਸਰਕਾਰ ਵੱਲੋਂ ਬੋਰਡ ਵਿਚੋਂ ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਘਟਾਉਣ ਤੇ ਚੀਫ ਖ਼ਾਲਸਾ ਦੀਵਾਨ ਨੂੰ ਖਾਰਜ ਕਰਨ ਨੂੰ ਕਾਂਗਰਸ ਸਰਕਾਰ ਦੀ ਸਾਜ਼ਿਸ਼ ਕਰਾਰ ਦਿੰਦਿਆਂ ਕਿਹਾ ਕਿ ਅਜਿਹਾ ਕਰਨ ਲਈ ਜਦੋਂ ਵੀ ਕਿਸੇ ਸਿੱਖ ਸੰਸਥਾ ਨੇ ਮੰਗ ਨਹੀਂ ਕੀਤੀ, ਨਾ ਕਿਸੇ ਮੀਟਿੰਗ ਵਿਚ ਕੋਈ ਮਤਾ ਪਾਸ ਹੋਇਆ ਹੈ।

ਉਨ੍ਹਾਂ ਕਿਹਾ ਕਿ ਐਕਟ ਵਿਚ ਸੋਧ ਕਰਨ ਵਾਲੀ ਭਾਟੀਆ ਕਮੇਟੀ ਕਦੇ ਵੀ ਕਿਸੇ ਨੂੰ ਨਹੀਂ ਮਿਲੀ। ਇਹ ਕਮੇਟੀ ਵੀ ਸਿੱਖਾਂ ਦੀ ਨੁਮਾਇੰਦਾ ਨਹੀਂ, ਸਗੋਂ ਇਕ ਸਰਕਾਰੀ ਕਮੇਟੀ ਹੈ। ਇਸ ਦੇ ਮੁਖੀ ਭਾਟੀਆ ਸੇਵਾ-ਮੁਕਤ ਜੱਜ ਹਨ, ਜਦਕਿ ਦੂਜੇ ਦੋ ਮੈਂਬਰ ਸਰਕਾਰੀ ਅਧਿਕਾਰੀ ਹਨ। ਉਨ੍ਹਾਂ ਇਹ ਵੀ ਇਤਰਾਜ਼ ਕੀਤਾ ਕਿ ਸੋਧ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਕਦੇ ਕਿਸੇ ਤੋਂ ਸੁਝਾਅ ਜਾਂ ਇਤਰਾਜ਼ ਨਹੀਂ ਮੰਗੇ, ਜਦਕਿ ਕਾਨੂੰਨੀ ਤੌਰ ਉਤੇ ਅਜਿਹਾ ਜ਼ਰੂਰੀ ਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਵੀ ਅਕਾਲੀ ਲੀਡਰਸ਼ਿਪ ਮੈਂਬਰ ਬਣਨ ਲਈ ਕਾਹਲ ਦਿਖਾਉਣ ਦੀ ਥਾਂ ਗੁਰਦੁਆਰਾ ਬੋਰਡ ਦੀ ਚੋਣ ਕਰਵਾ ਕੇ ਨਵਾਂ ਬੋਰਡ ਬਣਾਉਣ ਨੂੰ ਤਰਜੀਹ ਦੇਵੇ ਤਾਂ ਚੰਗਾ ਹੋਵੇਗਾ।

# ਲੁਧਿਆਣਾ ਗੋਲੀ ਕਾਂਡ ਵਿਚ ਖਾੜਕੂ ਭੁਤਨਾ ਨੂੰ ਉਮਰ ਕੈਦ

**ਲੁਧਿਆਣਾ:** ਇਥੋਂ ਦੇ ਰੇਲਵੇ ਸਟੇਸ਼ਨ 'ਤੇ ਸਾਲ-2009 ਵਿਚ ਵਾਪਰੇ ਗੋਲੀ ਕਾਂਡ ਦੇ ਮੁੱਖ ਦੋਸ਼ੀ ਖਾੜਕੂ ਬਲਬੀਰ ਸਿੰਘ ਬੀਰਾ ਉਰਫ਼ ਭੁਤਨਾ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਦਕਿ ਇਸ ਮਾਮਲੇ ਵਿਚ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੀ ਉਸ ਦੀ ਪਤਨੀ ਨੂੰ ਬਰੀ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਮੁਤਾਬਕ 25 ਅਗਸਤ 2009 ਨੂੰ ਰੇਲਵੇ ਪੁਲਿਸ ਵੱਲੋਂ ਚੈਕਿੰਗ ਦੌਰਾਨ ਭਾਈ ਬਲਬੀਰ ਸਿੰਘ ਭੁਤਨਾ ਪਾਸੋਂ ਪਿਸਤੌਲ ਬਰਾਮਦ ਕੀਤਾ ਸੀ। ਭਾਈ ਭੁਤਨਾ ਆਪਣੀ ਪਤਨੀ ਨਾਲ ਅਜੇ ਰੇਲ ਗੱਡੀ ਤੋਂ ਉਤਰ ਕੇ ਸਟੇਸ਼ਨ ਦੇ ਬਾਹਰ ਜਾਣ ਲੱਗਾ ਸੀ ਕਿ ਪੁਲਿਸ ਨੇ ਉਸ ਨੂੰ ਰੋਕ ਲਿਆ। ਚੈਕਿੰਗ ਦੌਰਾਨ ਭੁਤਨਾ ਪੁਲਿਸ ਮੁਲਾਜ਼ਮਾਂ ਤੋਂ ਆਪਣੇ ਆਪ ਨੂੰ ਛੁਡਵਾ ਕੇ ਅਤੇ ਪਿਸਤੌਲ ਖੋਹ ਕੇ ਭੱਜ ਗਿਆ।

ਉਥੇ ਮੌਜੂਦ ਇਕ ਵੈਂਡਰ ਵੱਲੋਂ ਉਸ ਨੂੰ ਜੱਫਾ ਪਾ ਲਿਆ ਜਿਸ ਉਤੇ ਭਾਈ ਭੁਤਨਾ ਵੱਲੋਂ ਗੋਲੀ ਚਲਾ ਦਿੱਤੀ ਗਈ। ਸਿੱਟੇ ਵਜੋਂ ਉਸ ਵੈਂਡਰ ਦੀ ਮੌਤ ਹੋ ਗਈ ਸੀ। ਪੁਲਿਸ ਤੇ ਭੁਤਨਾ ਵਿਚਾਲੇ ਹੋਏ ਮੁਕਾਬਲੇ ਵਿਚ ਦੋ ਪੁਲਿਸ ਮੁਲਾਜ਼ਮ ਵੀ ਜ਼ਖਮੀ ਹੋ ਗਏ ਸਨ ਤੇ ਭੁਤਨਾ ਰੇਲ ਗੱਡੀ ਦੇ ਡੱਬੇ ਦੇ ਹੇਠਾਂ ਵੜ ਗਿਆ ਸੀ ਜਿਥੋਂ ਬਾਅਦ ਵਿਚ ਪੁਲਿਸ ਨੇ ਉਸ ਨੂੰ ਬੜੀ ਜੱਦੋ ਜਹਿਦ ਨਾਲ ਬਾਹਰ ਕੱਢਿਆ।

ਪੁਲਿਸ ਵੱਲੋਂ ਭਾਈ ਭੁਤਨਾ ਤੇ ਉਸ ਦੀ ਪਤਨੀ ਸੁਖਜਿੰਦਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜ ਸਾਲ ਤੱਕ ਚੱਲੀ ਅਦਾਲਤੀ ਕਾਰਵਾਈ ਦੌਰਾਨ ਪਿਛਲੇ ਹਫ਼ਤੇ ਮਾਣਯੋਗ ਜੱਜ ਸਰਬਜੀਤ ਸਿੰਘ ਧਾਲੀਵਾਲ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਪੇਸ਼ੀ ਦੌਰਾਨ ਸਰਕਾਰੀ ਪੱਖ ਤੇ ਸਫ਼ਾਈ ਪੱਖ ਦੇ ਵਕੀਲਾਂ ਵਿਚਾਲੇ ਜ਼ੋਰਦਾਰ ਬਹਿਸ ਹੋਈ। ਸਰਕਾਰੀ ਪੱਖ ਅਦਾਲਤ ਵਿਚ ਬੀਬੀ ਸੁਖਜਿੰਦਰ ਕੌਰ ਖਿਲਾਫ਼ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ ਜਿਸ 'ਤੇ ਮਾਣਯੋਗ ਜੱਜ ਨੇ ਸੁਖਜਿੰਦਰ ਕੌਰ ਨੂੰ ਬਰੀ ਕਰ ਦਿੱਤਾ, ਜਦਕਿ ਭਾਈ ਬਲਬੀਰ ਸਿੰਘ ਭੁਤਨਾ ਨੂੰ ਉਮਰ ਕੈਦ ਤੇ 20 ਹਜ਼ਾਰ ਰੁਪਏ ਜ਼ੁਰਮਾਨੇ ਦੀ ਸਜ਼ਾ ਸੁਣਾਈ।

# ਸ਼੍ਰੋਮਣੀ ਕਮੇਟੀ ਨੂੰ ਆਨੰਦਪੁਰ ਸਾਹਿਬ ਦੇ 350 ਸਾਲਾ ਦਿਵਸ ਦਾ ਚੇਤਾ ਹੀ ਨਾ ਆਇਆ

**ਆਨੰਦਪੁਰ ਸਾਹਿਬ:** ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੌਲੇ ਰੱਪੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਨੰਦਪੁਰ ਸਾਹਿਬ ਦਾ 350 ਸਾਲਾ ਸਥਾਪਨਾ ਵਰ੍ਹਾ ਵੀ ਵਿਸਾਰ ਦਿੱਤਾ ਗਿਆ ਹੈ। ਬੀਤੀ 19 ਜੂਨ ਨੂੰ ਸਥਾਪਨਾ ਦਿਵਸ ਮੌਕੇ 350 ਸਾਲਾ ਸਮਾਗਮਾਂ ਦੀ ਸ਼ੁਰੂਆਤ ਹੋਣ ਦੇ ਹੋਏ ਐਲਾਨ ਤੋਂ ਬਾਅਦ ਹਾਲੇ ਤੱਕ ਸਮਾਗਮਾਂ ਬਾਰੇ ਕੋਈ ਕਮੇਟੀ ਵੀ ਨਹੀਂ ਬਣ ਸਕੀ ਹੈ ਤੇ ਨਾ ਹੀ ਕੋਈ ਹੋਰ ਕੰਮ ਸ਼ੁਰੂ ਹੋ ਸਕਿਆ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 19 ਜੂਨ 2014 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਿਸ਼ਾਲ ਸਮਾਗਮ ਕਰਕੇ ਆਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਮੌਕੇ 350 ਸਾਲਾ ਸਮਾਗਮਾਂ ਦੀ ਸ਼ੁਰੂਆਤ ਕਰਨ ਦਾ ਰਸਮੀ ਐਲਾਨ ਕੀਤਾ ਗਿਆ ਸੀ।

ਇਸ ਐਲਾਨ ਦੇ ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਨਾ ਹੀ ਕੋਈ ਸਮੱਗਰੀ ਛਪਾਈ ਗਈ ਹੈ ਤੇ ਨਾ ਹੀ ਕੋਈ ਸਮਾਗਮ ਉਲੀਕਿਆ ਜਾ ਸਕਿਆ ਹੈ। ਹੋਰ ਤਾਂ ਹੋਰ ਸਥਾਪਨਾ ਦਿਵਸ ਮੌਕੇ 350 ਸਾਲਾ ਸਮਾਗਮਾਂ



ਦੀ ਸਮਾਪਤੀ ਤੱਕ ਆਨੰਦਪੁਰ ਸਾਹਿਬ ਦੇ ਕਿਲਿਆਂ ਨੂੰ ਪੁਰਾਤਨ ਦਿੱਖ ਅਨੁਸਾਰ ਨਵੀਨੀਕਰਨ ਦਾ ਕੰਮ ਮੁਕੰਮਲ ਕਰਨ ਦਾ ਜੋ ਐਲਾਨ ਕੀਤਾ ਗਿਆ ਸੀ, ਉਸ ਬਾਰੇ ਵੀ ਅਜੇ ਤੱਕ ਅਮਲੀ ਤੌਰ 'ਤੇ ਕੋਈ ਸ਼ੁਰੂਆਤ ਨਹੀਂ ਹੋਈ ਹੈ। ਉਸ ਮੌਕੇ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਸਮਾਗਮਾਂ ਬਾਰੇ ਵੱਖ-ਵੱਖ ਆਕਾਰ ਦੇ ਸਟਿਕਰ ਜਾਰੀ ਕੀਤੇ ਜਾਣਗੇ ਤੇ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਸਾਰਣੀ ਵੀ ਛੇਤੀ ਹੀ ਜਾਰੀ ਕੀਤੀ ਜਾਵੇਗੀ ਪਰ ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਝ ਵੀ ਨਹੀਂ ਕੀਤਾ ਜਾ ਸਕਿਆ ਹੈ।

ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਹਰਿਆਣਾ ਦੇ ਮਸਲੇ ਕਰਕੇ ਉਹ ਰੁੱਝੇ ਹੋਏ ਸਨ ਪਰ ਹੁਣ ਉਨ੍ਹਾਂ ਨੇ 350 ਸਾਲਾ ਸਥਾਪਨਾ ਦਿਵਸ ਸਮਾਗਮਾਂ ਨੂੰ ਸਮੇਂ ਸਿਰ ਨੇਪਰੇ ਚਾੜ੍ਹਨ ਲਈ ਕਮਰਕੱਸ ਲਈ ਹੈ। ਉਨ੍ਹਾਂ ਕਿਹਾ ਕਿ ਸਮਾਗਮਾਂ ਬਾਰੇ ਕਮੇਟੀ ਦਾ ਅਗਲੇ ਹਫ਼ਤੇ ਤੱਕ ਐਲਾਨ ਕੀਤਾ ਜਾਵੇਗਾ ਤੇ ਬਾਕੀ ਦੇ ਕੰਮਾਂ ਦੀ ਸ਼ੁਰੂਆਤ ਬਾਰੇ ਉੱਚ ਪੱਧਰੀ ਬੈਠਕ ਵੀ ਕੀਤੀ ਜਾਵੇਗੀ।

## ਹਵਾਰਾ ਨੂੰ ਅਦਾਲਤ 'ਚ ਪੇਸ਼ ਨਾ ਕੀਤਾ ਜਾ ਸਕਿਆ

**ਚੰਡੀਗੜ੍ਹ:** ਬੱਬਰ ਖਾਲਸਾ ਇੰਟਰਨੈਸ਼ਨਲ ਦਾ ਜਗਤਾਰ ਸਿੰਘ ਹਵਾਰਾ ਪਿੱਠ ਦੇ ਦਰਦ ਕਰ ਕੇ ਪਿਛਲੇ ਸਵਾ ਮਹੀਨੇ ਤੋਂ ਤਿਹਾੜ ਜੇਲ੍ਹ ਦੇ ਹਸਪਤਾਲ ਵਿਚ ਦਾਖਲ ਹੈ। ਡਾਕਟਰਾਂ ਵੱਲੋਂ ਤੁਰਨ ਫਿਰਨ ਤੋਂ ਮਨ੍ਹਾਂ ਕੀਤੇ ਜਾਣ ਕਾਰਨ ਬੁੜੈਲ ਜੇਲ੍ਹ ਬਰੇਕ ਕੇਸ ਵਿਚ ਉਸ ਨੂੰ ਲਗਾਤਾਰ ਤੀਜੀ ਪੇਸ਼ੀ ਮੌਕੇ ਵੀ ਜ਼ਿਲ੍ਹਾ ਅਦਾਲਤ ਵਿਚ



ਹਾਜ਼ਰ ਨਹੀਂ ਕੀਤਾ ਜਾ ਸਕਿਆ ਹੈ। ਵਕੀਲ ਨੇ ਅਦਾਲਤ ਨੂੰ ਇਹ ਜਾਣਕਾਰੀ ਦਿੰਦਿਆਂ ਉਸ ਦੀ ਤਰਫੋਂ ਬਿਆਨ ਦਰਜ ਕਰਵਾ ਦਿੱਤੇ ਹਨ। ਕੇਸ ਨਾਲ ਸਬੰਧਤ ਇਕ ਹੋਰ ਮੁਲਜ਼ਮ ਗੁਰਮੀਤ ਸਿੰਘ ਲਗਾਤਾਰ ਗ਼ੈਰਹਾਜ਼ਰ ਚੱਲ ਰਿਹਾ ਹੈ ਤੇ ਅਦਾਲਤ ਵੱਲੋਂ ਉਸ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਕੇਸ ਦਾ ਇਕ ਹੋਰ ਮੁਲਜ਼ਮ ਪਰਮਜੀਤ ਸਿੰਘ ਭਿਉਰਾ, ਜੋ ਤਿਹਾੜ ਜੇਲ੍ਹ ਵਿਚ ਬੰਦ ਹੈ, ਦੇ ਸੀ.ਆਰ.ਪੀ.ਸੀ. 313 ਦੇ ਬਿਆਨ ਦਰਜ ਹੋ ਚੁੱਕੇ ਹਨ। ਵਕੀਲ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਹਵਾਰਾ ਨੂੰ ਪਿੱਠ ਦੀ ਤਕਲੀਫ਼ ਕਰਕੇ 20 ਜੂਨ ਨੂੰ ਤਿਹਾੜ ਜੇਲ੍ਹ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ ਤੇ ਭਵਿੱਖ ਵਿਚ ਛੁੱਟੀ ਹੋਣ ਦੀ ਆਸ ਨਹੀਂ ਹੈ ਪਰ ਸਿਹਤ ਵਿਚ ਸੁਧਾਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਹਵਾਰਾ ਨੂੰ ਮੁਲਾਕਾਤ ਲਈ ਵੀਲ੍ਹ ਚੇਅਰ 'ਤੇ ਲਿਆਂਦਾ ਜਾ ਰਿਹਾ ਹੈ।

# ਸ੍ਰੀ ਹਰਿਮੰਦਰ ਸਾਹਿਬ ਦੁਆਲੇ ਅਣਅਧਿਕਾਰਤ ਹੋਟਲਾਂ ਖਿਲਾਫ ਨਹੀਂ ਰੁਕੇਗੀ ਕਾਰਵਾਈ

**ਚੰਡੀਗੜ੍ਹ:** ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਅਣਅਧਿਕਾਰਤ ਇਮਾਰਤਾਂ ਵਿਚ ਚੱਲ ਰਹੇ ਹੋਟਲਾਂ, ਸਰਾਵਾਂ, ਯਾਤਰੀ ਨਿਵਾਸਾਂ ਖਿਲਾਫ਼ ਨਗਰ ਨਿਗਮ ਅੰਮ੍ਰਿਤਸਰ ਤੇ ਜ਼ਿਲ੍ਹਾ ਪੁਲਿਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਉਤੇ ਰੋਕ ਲਗਾਉਣ ਦੀ ਮੰਗ ਕਰ ਰਹੇ ਤਕਰੀਬਨ ਅੱਧੀ ਦਰਜਨ ਹੋਟਲ ਮਾਲਕਾਂ ਦੇ ਪੱਲੇ ਹਾਲ ਦੀ ਘੜੀ ਨਿਰਾਸ਼ਾ ਹੀ ਪਈ ਹੈ। ਜਸਟਿਸ ਰਾਜਨ ਗੁਪਤਾ ਦੇ ਬੈਂਚ ਕੋਲ ਮਾਤਾ ਕੌਲਾਂ ਸੰਗਤ ਨਿਵਾਸ ਸਰਾਏ ਤੇ ਪੰਜ ਹੋਰਨਾਂ ਵੱਲੋਂ ਦਾਇਰ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਨਗਰ ਨਿਗਮ ਵੱਲੋਂ ਪੇਸ਼ ਹੋਏ ਵਕੀਲ ਸੰਦੀਪ ਖੁੰਗੜ ਨੇ ਦਾਅਵਾ ਕੀਤਾ ਕਿ ਨਿਗਮ ਵੱਲੋਂ ਇਨ੍ਹਾਂ ਸਮੂਹ ਹੋਟਲਾਂ ਆਦਿ ਵਾਲਿਆਂ ਨੂੰ ਪੱਖ ਤੇ ਇਤਰਾਜ਼ ਰੱਖਣ ਦਾ ਪੂਰਾ ਮੌਕੇ ਦਿੰਦੇ ਹੋਏ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਮਗਰੋਂ ਹੀ ਇਨ੍ਹਾਂ ਖਿਲਾਫ਼ 'ਸਰਾਏ ਐਕਟ 1857 ਦੀ ਧਾਰਾ 5 ਤੇ 14 ਅਧੀਨ ਕਾਰਵਾਈ ਸ਼ੁਰੂ ਕੀਤੀ ਗਈ ਹੈ, ਜਿਸ ਕਰਕੇ ਇਸ ਸਟੇਜ 'ਤੇ ਹੁਣ ਇਨ੍ਹਾਂ ਵੱਲੋਂ ਸਟੇਅ ਮੰਗੀ ਜਾਣੀ ਜਾਇਜ਼ ਨਹੀਂ ਹੈ।

ਨਿਗਮ ਦੇ ਵਕੀਲ ਨੇ ਇਸ ਬਾਬਤ ਬੈਂਚ ਕੋਲੋਂ ਸੀਮਤ ਸਮੇਂ ਦੀ ਮੰਗ ਕਰਦਿਆਂ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਦੀ ਵੀ ਆਗਿਆ ਮੰਗੀ, ਜਿਸ ਨੂੰ ਮਨਜ਼ੂਰ ਕਰਦਿਆਂ 10 ਦਿਨ ਦੇ ਦਿੱਤੇ



ਗਏ ਹਨ। ਕਾਰਵਾਈ ਕਰ ਰਹੇ ਨਿਗਮ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਹਾਲਾਂਕਿ ਕਾਨੂੰਨ ਵਿਵਸਥਾ ਪ੍ਰਭਾਵਿਤ ਹੋਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਰਿਹਾ ਪਰ ਮਨੁੱਖੀ ਅਧਿਕਾਰ ਕਾਰਕੁੰਨ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਵੱਲੋਂ ਸਾਲ 2010 ਵਿਚ ਦਾਇਰ ਜਨਹਿਤ ਪਟੀਸ਼ਨ ਤਹਿਤ ਹਾਈਕੋਰਟ ਵੱਲੋਂ ਜਾਰੀ ਨਿਰਦੇਸ਼ਾਂ 'ਤੇ ਕੁੱਲ 125 ਅਜਿਹੀਆਂ ਅਣਅਧਿਕਾਰਤ ਇਮਾਰਤਾਂ ਦੀ ਸੂਚੀ ਤਿਆਰ ਕਰ ਅਗਲੇਰੀ ਜਾਂਚ ਮਗਰੋਂ 89 ਅਦਾਰਿਆਂ ਨੂੰ ਆਪਣਾ ਪੱਖ ਰੱਖਣ ਦੇ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 62 ਨੇ ਕੋਈ ਜਵਾਬ ਨਹੀਂ ਦਿੱਤਾ, ਜਦਕਿ 27 ਅਦਾਰਿਆਂ ਵੱਲੋਂ ਆਏ ਜਵਾਬ ਤਸੱਲੀਬਖ਼ਸ਼ ਨਹੀਂ ਰਹੇ।

ਉਧਰ ਬੀਤੇ ਹਫ਼ਤੇ ਹੀ ਅੰਮ੍ਰਿਤਸਰ ਦੇ ਡੀ.ਸੀ.ਪੀ. ਬਿਕਰਮਪਾਲ ਸਿੰਘ ਭੱਟੀ ਨੇ ਹਾਈਕੋਰਟ ਨੂੰ ਆਪਣਾ ਹਲਫ਼ਨਾਮਾ ਸੌਂਪਦਿਆਂ ਸਥਿਤੀ ਸਪਸ਼ਟ ਕਰ ਦਿੱਤੀ ਹੈ ਕਿ 81 ਨਿੱਜੀ ਅਦਾਰਿਆਂ ਤੇ ਸ਼੍ਰੋਮਣੀ ਕਮੇਟੀ ਵੱਲੋਂ ਸੰਚਾਲਿਤ ਤਿੰਨ ਸਰਾਵਾਂ ਖਿਲਾਫ਼ ਕਾਨੂੰਨੀ ਚਾਰਾਜੋਈ ਸ਼ੁਰੂ ਕਰਦਿਆਂ ਸ਼ਹਿਰ ਦੇ ਸਬੰਧਤ ਸਟੇਸ਼ਨ ਹੈੱਡ ਆਫ਼ਿਸਰਜ਼ ਨੂੰ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।

## ਸਮਝੌਤਾ ਬੰਬ ਕੇਸ ਵਿਚ ਅਸੀਮਾਨੰਦ ਦੀ ਜ਼ਮਾਨਤ ਮਨਜ਼ੂਰ

**ਚੰਡੀਗੜ੍ਹ:** ਸਮਝੌਤਾ ਐਕਸਪ੍ਰੈਸ ਬੰਬ ਧਮਾਕੇ ਦੇ ਕੇਸ ਦੇ ਮੁਲਜ਼ਮ ਸਵਾਮੀ ਅਸੀਮਾਨੰਦ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। 18 ਫਰਵਰੀ 2007 ਨੂੰ ਹਰਿਆਣਾ ਵਿਚ ਪਾਣੀਪਤ ਨੇੜੇ ਹੋਏ ਇਨ੍ਹਾਂ ਬੰਬ ਧਮਾਕਿਆਂ ਵਿਚ 68 ਮੁਸਾਫਰ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਬਹੁਤੇ ਪਾਕਿਸਤਾਨੀ ਨਾਗਰਿਕ ਸਨ। ਅਸੀਮਾਨੰਦ ਦੇ ਵਕੀਲ ਸਤਿਆਪਾਲ ਜੈਨ ਨੇ ਜ਼ਮਾਨਤ ਦੀ ਪੁਰਜ਼ੋਰ ਮੰਗ ਕਰਦਿਆਂ ਆਖਿਆ ਕਿ ਉਸ ਦੇ ਮੁਵੱਕਿਲ ਖਿਲਾਫ਼ ਇਸਤਗਾਸਾ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕਿਆ। ਇੰਨੇ ਸਾਲਾਂ ਤੋਂ ਉਸ ਨੂੰ ਜੇਲ੍ਹ ਵਿਚ ਰੱਖਣਾ ਨਾਇਨਸਾਫੀ ਹੈ ਤੇ ਉਸ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਕੇਸ ਦੀ ਸੁਣਵਾਈ ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਲੀਜ਼ਾ ਗਿੱਲ ਦੇ ਬੈਂਚ ਵੱਲੋਂ ਕੀਤੀ ਗਈ। ਕੌਮੀ ਜਾਂਚ ਏਜੰਸੀ ਨੇ ਸਵਾਮੀ ਅਸੀਮਾਨੰਦ ਤੇ ਤਿੰਨ ਹੋਰਨਾਂ ਖਿਲਾਫ਼ ਪੰਚਕੂਲਾ ਦੀ ਅਦਾਲਤ ਵਿਚ ਹੱਤਿਆ, ਦੇਸ਼ ਧਰੋਹ ਤੇ ਹੋਰ ਧਾਰਾਵਾਂ ਤਹਿਤ ਚਾਰਜਸ਼ੀਟ ਦਾਖਲ ਕੀਤੀ ਸੀ। ਬਚਾਓ ਪੱਖ ਨੇ ਦਲੀਲ ਦਿੱਤੀ ਕਿ ਜਦੋਂ 19 ਫਰਵਰੀ 2007 ਨੂੰ ਰੇਲਵੇ ਪੁਲਿਸ ਵੱਲੋਂ ਐਫ.ਆਈ.ਆਰ. ਦਰਜ ਕੀਤੀ ਗਈ ਸੀ ਤਾਂ ਉਸ ਵਿਚ ਅਸੀਮਾਨੰਦ ਦਾ ਨਾਂ ਨਹੀਂ ਆਇਆ ਸੀ। ਬਾਅਦ ਵਿਚ ਜਦੋਂ ਜੁਲਾਈ 2010 ਵਿਚ ਇਹ ਕੇਸ ਕੌਮੀ ਜਾਂਚ ਏਜੰਸੀ ਨੂੰ ਸੌਂਪਿਆ ਗਿਆ ਤਾਂ ਕੇਸ ਵਿਚ ਅਸੀਮਾਨੰਦ ਦਾ ਨਾਂ ਨਾਮਜ਼ਦ ਕੀਤਾ ਗਿਆ ਸੀ।



WEBSITE: DHOLRADIO.ORG
Dholradio.org
# Dhol Radio
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
Request Song

Listen On Phone
Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210
Music 24/7
*Application for android and iPhone- Dhol Radio*

# ਬੇਬੇ ਲਿਐਂਡਰਾ ਨੇ ਮਨਾਇਆ 127ਵਾਂ ਜਨਮ ਦਿਨ

**ਲੰਡਨ:** ਮੈਕਸੀਕੋ ਦੀ ਇਕ ਮਹਿਲਾ ਨੇ ਆਪਣਾ 127ਵਾਂ ਜਨਮ ਦਿਨ ਮਨਾਇਆ ਹੈ। ਮੰਨਿਆ ਜਾ ਰਿਹਾ ਹੈ ਕਿ ਉਹ ਧਰਤੀ 'ਤੇ ਜੀਵਤ ਸਭ ਤੋਂ ਬਜ਼ੁਰਗ ਪ੍ਰਾਣੀ ਹੈ। ਉਸ ਦੀ ਲੰਮੀ ਉਮਰ ਦਾ ਰਾਜ਼ ਚਾਕਲੇਟ ਖਾਣਾ ਤੇ ਘੂਕ ਨੀਂਦ ਨੂੰ ਦੱਸਿਆ ਜਾ ਰਿਹਾ ਹੈ।

ਮੈਕਸੀਕੋ ਦੇ ਪੱਛਮੀ ਸ਼ਹਿਰ ਜ਼ਾਪੋਪਾਨ ਦੀ ਲਿਐਂਡਰਾ ਬੇਸੇਰਾ ਲੁੰਬਰੇਰਾਸ ਦਾ ਜਨਮ 31 ਅਗਸਤ 1887 ਨੂੰ ਹੋਇਆ। ਇੰਗਲੈਂਡ ਦੀ ਇਕ ਵੈੱਬਸਾਈਟ ਦੀ ਰਿਪੋਰਟ ਮੁਤਾਬਕ ਲੁੰਬਰੇਰਾਸ ਨੇ 1910 ਤੋਂ 1917 ਵਿਚ ਮੈਕਸੀਕੋ ਦੀ ਕ੍ਰਾਂਤੀ ਵਿਚ 'ਅਡੇਲੀਟਾਸ' ਦੇ ਮੁਖੀ ਵਜੋਂ ਲੜਾਈ ਲੜੀ। ਇਨ੍ਹਾਂ ਲੜਾਈਆਂ ਵਿਚ ਜੰਗੀ ਜਹਾਜ਼ ਵਿਚ ਔਰਤਾਂ ਵੀ ਪਤੀਆਂ ਨਾਲ ਜਾਂਦੀਆਂ ਹਨ। ਸਭ ਤੋਂ ਬਜ਼ੁਰਗ ਔਰਤ ਲਿਐਂਡਰਾ ਦੇ 73 ਪੋਤੇ ਤੇ 55 ਪੜਪੋਤੇ ਹਨ। ਇਨਾਂ ਵਿਚੋਂ 20 ਬੱਚਿਆਂ ਨੂੰ ਉਹ ਆਪਣੇ ਹੱਥਾਂ ਨਾਲ ਦਫਨਾ ਚੁੱਕੀ ਹੈ। ਉਸ ਦਾ ਇਕ ਪੜਪੋਤਾ 90 ਸਾਲਾਂ ਦੀ ਉਮਰ ਭੋਗ ਕੇ 2013 ਵਿਚ ਜਹਾਨ ਤੋਂ ਰੁਖਸਤ ਹੋ ਗਿਆ ਹੈ।

# Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*
Medicare & Most Private Insurances Accepted

*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

# M.K. Nijjar DDS
# Ruchi Nijjar DDS
*Laser Dentistry*
*No shots, No Drill, No Pain.*
*Family Dentistry*
*Cosmetic Dentistry*
*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*
510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*


Malwa
FINANCIAL AND INSURANCE AGENCY
**Commercial Truck Insurance:** Produce/ Long Haul/ Local Radius
Auto Insurance | Homeowners Insurance | Business Insurance
Call now for a Free Quote: 510-299-2192
Fx: 510-279-5892 | Email: amber@malwaassociates.com
ਮਾਲਵਾ ਫਾਇਨਾਂਸ ਅਤੇ ਇੰਸ਼ੋਰੈਂਸ ਏਜੰਸੀ
ਅਸੀਂ ਟਰੱਕ, ਆਟੋ, ਘਰਾਂ ਅਤੇ ਬਿਜਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ
ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ ਫਰੀ ਕੋਟ ਲਈ ਅੱਜ ਹੀ ਸੰਪਰਕ ਕਰੋ
ਅਸੀਂ ਇੰਸ਼ੋਰੈਂਸ 'ਤੇ ਤੁਹਾਡਾ ਖਰਚਾ ਘੱਟ ਕਰਨ ਵਿਚ ਮਦਦ ਕਰ ਸਕਦੇ ਹਾਂ
Harminder Gill, Lic #0747955 | Kanwaljit Singh, Lic #0B57934
39675 Cedar Blvd. #190 | Newark, CA 94560 | Lic #0D75499

# The Anu Attorney Immigration Law Firm
# Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available













WORLD KABADDI LEAGUE

Wor
Lea

ਅਕਤੂਬਰ, 10-11 ਦਿਨ

CALIFORNIA EAGLES

CALIFORNIA EAGLES

Stock

ਇਸ ਵਿੱਚ ਹਿਸਾ ਲੈਣ
ਭਰ ਦੇ ਵੱਡੇ ਸਟੇਡੀਅ

ਅਮਰੀਕਾ ਦੇ ਉ
ਉਨ੍ਹਾਂ ਦੀ ਟੀਮ
ਭਰ ਵਿੱਚੋਂ ਚੁ

ਦੁਨੀਆ ਭਰ ਵਿ





ਸੂਚਨਾ : ਸੰਸਾਰ ਦੀ ਪ੍ਰਸਿੱਧ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਸਮੇਂ ਸਿ





# rld Kabaddi
# ague 2014

## ਸ਼ੁੱਕਰਵਾਰ ਤੇ ਸ਼ਨੀਵਾਰ ਨੂੰ

## xton Arena ਵਿੱਚ

ਗੇ ਫਿਲਮੀ ਦੁਨੀਆ ਦੇ ਵੱਡੇ ਸੁਪਰ ਸਟਾਰ, ਕਬੱਡੀ ਹੁਣ ਦੁਨੀਆ
ਮ ਵਿੱਚ World Kabaddi League ਵਲੋਂ ਖੇਡੀ ਜਾਵੇਗੀ।

**ਘੇ ਫਾਰਮਰ ਟੁੱਟ ਬ੍ਰਦਰਜ਼ ਵਲੋਂ ਇਨ੍ਹਾਂ ਮੈਚਾਂ ਵਿੱਚ
ਕੈਲੀਫੋਰਨੀਆ ਈਗਲਜ਼ ਦਾ ਮੁਕਾਬਲਾ ਦੁਨੀਆ
ਨੀਆਂ 7 ਚੋਟੀ ਦੀਆਂ ਟੀਮਾ ਨਾਲ ਹੋਵੇਗਾ।**

ੱਚ ਖੇਡੇ ਗਏ ਇਨ੍ਹਾਂ ਮੈਚਾਂ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ












## ਰ ਵੀਜ਼ਾ ਨਾ ਮਿਲਣ ਕਾਰਨ ਟੂਰਨਾਮੈਂਟ ਦੀ ਤਾਰੀਕ ਬਦਲਣੀ ਪਈ।



# ਇਨਾਮਾਂ-ਸਨਮਾਨਾਂ ਤੋਂ ਪਾਰ ਹੈ

# ਸੁਰ-ਸਾਗਰ ਜਗਜੀਤ

ਕਲਾ ਪਰਿਕਰਮਾ

ਭਾਰਤ ਦਾ ਸਭ ਤੋਂ ਉਚਾ ਖਿਤਾਬ 'ਭਾਰਤ ਰਤਨ' ਮੰਗਣ ਵਿਚ ਮਸ਼ਹੂਰ ਗਾਇਕ ਜਗਜੀਤ ਸਿੰਘ ਦੀ ਪਤਨੀ ਚਿਤਰਾ ਸਿੰਘ ਵੀ ਪਿਛੇ ਨਹੀਂ ਰਹੀ ਹੈ। ਭਾਰਤ ਵਿਚ ਇਨਾਮਾਂ-ਸਨਮਾਨਾਂ ਪਿਛੇ ਹਰ ਵਕਤ ਬੜਾ ਰੌਲਾ ਪੈਂਦਾ ਰਿਹਾ ਹੈ। ਇਨਾਮਾਂ-ਸਨਮਾਨਾਂ ਲਈ ਕੀਤੀਆਂ ਜਾਂਦੀਆਂ ਬੁੱਤੀਆਂ ਬਾਰੇ ਚਰਚਾ ਵੀ ਅਕਸਰ ਚਲਦੀ ਰਹਿੰਦੀ ਹੈ। ਅੱਜ ਕੱਲ੍ਹ 'ਭਾਰਤ ਰਤਨ' ਬਾਰੇ ਚਰਚਾ ਖੂਬ ਭਖੀ ਹੋਈ ਹੈ। ਨਰੇਂਦਰ ਮੋਦੀ ਦੀ ਸਰਕਾਰ, ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਇਹ ਖਿਤਾਬ ਦੇਣ 'ਤੇ ਤੁਲੀ ਹੋਈ ਹੈ। ਬੀ.ਐਸ.ਪੀ. ਦੀ ਆਗੂ ਮਾਇਆਵਤੀ ਨੇ ਪਾਰਟੀ ਦੇ ਮੋਢੀ ਪ੍ਰਧਾਨ ਕਾਂਸ਼ੀ ਰਾਮ ਲਈ ਇਹ ਖਿਤਾਬ ਮੰਗ ਲਿਆ ਹੈ। ਇਸ ਮਾਮਲੇ ਵਿਚ ਕਾਮੇਡੀਅਨ ਤੋਂ ਸਿਆਸੀ ਲੀਡਰ ਬਣਿਆ ਭਗਵੰਤ ਮਾਨ ਵੀ ਪਿਛੇ ਨਹੀਂ ਰਿਹਾ।


ਗੁਰਬਖਸ਼ ਸਿੰਘ ਸੋਢੀ

ਉਸ ਨੇ ਭਗਤ ਸਿੰਘ ਸਮੇਤ ਕਈ ਹੋਰ ਦੇਸ਼ ਭਗਤਾਂ ਦਾ ਨਾਂ ਇਸ ਖਿਤਾਬ ਲਈ ਲੈ ਦਿੱਤਾ ਹੈ। ਹੋਰ ਵੀ ਵੱਖ-ਵੱਖ ਪਾਰਟੀਆਂ ਅਤੇ ਸੰਸਥਾਵਾਂ ਨੇ ਆਪੋ-ਆਪਣੇ ਹਿਸਾਬ ਨਾਲ ਇਸ ਖਿਤਾਬ ਉਤੇ ਹੱਕ ਜਤਾਇਆ ਹੈ, ਪਰ ਇਸ ਮੁੱਦੇ ਉਤੇ ਸਭ ਤੋਂ ਵੱਧ ਖਰੀ ਅਤੇ ਸੁਆਦ ਲਿਆਉਣ ਵਾਲੀ ਗੱਲ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਘਰ ਵਾਲਿਆਂ ਨੇ ਕੀਤੀ ਹੈ। 'ਭਾਰਤ ਰਤਨ' ਮੰਗਣ ਦੇ ਉਠੇ ਇਸ 'ਰਾਮ-ਰੌਲੇ' ਵਿਚ ਜਦੋਂ ਕਿਸੇ ਨੇ ਨੇਤਾ ਜੀ ਦਾ ਨਾਂ ਲਿਆ, ਤਾਂ ਉਨ੍ਹਾਂ ਦੇ ਪਰਿਵਾਰ ਨੇ ਠੋਕ ਵਜਾ ਕੇ ਆਖ ਦਿੱਤਾ ਕਿ ਨੇਤਾ ਜੀ ਅਜਿਹੇ ਇਨਾਮਾਂ-ਸਨਮਾਨਾਂ ਤੋਂ ਬਹੁਤ ਉਪਰ ਹਨ। ਨੇਤਾ ਜੀ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੇ ਲੋਕਾਂ ਲਈ ਜੂਝਦਿਆਂ ਲਾ ਦਿੱਤੀ। ਇਸ ਬਦਲੇ ਲੋਕਾਂ ਨੇ ਉਨ੍ਹਾਂ ਨੂੰ ਰੱਜ ਕੇ ਪਿਆਰ ਦਿੱਤਾ ਅਤੇ ਅੱਜ ਵੀ ਦੇ ਰਹੇ ਹਨ। ਇਹੀ ਉਨ੍ਹਾਂ ਦਾ ਅਸਲ ਇਨਾਮ-ਸਨਮਾਨ ਹੈ।


ਨੇਤਾ ਜੀ ਦੇ ਘਰ ਵਾਲਿਆਂ ਨੇ ਜੋ ਗੱਲ ਆਖੀ ਹੈ, ਉਹ ਭਗਤ ਸਿੰਘ ਦੇ ਮਾਮਲੇ ਵਿਚ ਵੀ ਸਹੀ ਹੈ ਅਤੇ ਜਗਜੀਤ ਸਿੰਘ ਦੇ ਮਾਮਲੇ ਵਿਚ ਵੀ ਉਤਨੀ ਹੀ ਠੀਕ ਹੈ। ਅੱਜ ਕਰੋੜਾਂ ਦੇਸ਼ ਵਾਸੀ ਭਗਤ ਸਿੰਘ ਦੀ ਕੁਰਬਾਨੀ ਨੂੰ ਸਲਾਮੀ ਦਿੰਦੇ ਹਨ ਜਿਸ ਨੇ ਆਪਣੇ ਸਮਿਆਂ ਵਿਚ ਲੋਕਾਂ ਨੂੰ ਜੀਣ ਦੇ ਢੰਗ ਦਾ ਰਾਹ ਦਿਖਾਉਣ ਦਾ ਯਤਨ ਕੀਤਾ। ਇਸ ਗੱਭਰੂ ਅਤੇ ਇਸ ਦੇ ਹੋਰ ਸਾਥੀਆਂ ਨੇ ਆਪਣੇ ਦੌਰ ਵਿਚ ਸਿਆਸੀ ਪਿੜ 'ਚ ਜੋ ਤਰਥੱਲੀ ਮਚਾਈ ਸੀ, ਉਸ ਦਾ ਕੋਈ ਕੀ ਇਨਾਮ ਤੇ ਕੀ ਸਨਮਾਨ ਦੇਵੇਗਾ? ਲੋਕਾਂ ਨੇ ਭਗਵੰਤ ਮਾਨ ਅਤੇ ਉਸ ਦੀ ਪਾਰਟੀ (ਆਪ) ਨੂੰ ਪੰਜਾਬ ਵਿਚ ਇਕ ਮੌਕਾ ਦਿੱਤਾ ਸੀ, ਪਰ ਇਹ ਇਸ ਵਕਤ ਨੂੰ ਤਾਂ ਸੰਭਾਲ ਨਹੀਂ ਸਕੇ, ਫਿਰ ਉਨ੍ਹਾਂ ਨੂੰ ਭਗਤ ਸਿੰਘ ਲਈ ਇੱਦਾਂ ਹੇਜ ਦਿਖਾਉਣ ਦੀ ਆਖਰ ਕਿਉਂ ਲੋੜ ਪੈ ਗਈ ਹੈ?

ਇਸੇ ਤਰ੍ਹਾਂ ਜਗਜੀਤ ਸਿੰਘ ਦਾ ਗਾਇਨ ਦੇ ਖੇਤਰ 'ਚ ਕੋਈ ਮੁਕਾਬਲਾ ਨਹੀਂ। ਉਸ ਨੂੰ ਉਸ ਦੇ ਜੀਂਦੇ-ਜੀਅ ਤੇ ਬਾਅਦ 'ਚ ਵੀ ਲੋਕਾਂ ਨੇ ਰੱਜ ਕੇ ਪਿਆਰ ਦਿੱਤਾ। ਇਹ ਗੱਲ ਜਗਜੀਤ ਸਿੰਘ ਨੇ ਆਪ ਵੀ ਤਸਲੀਮ ਕੀਤੀ ਸੀ। ਫਿਰ ਅਜਿਹੀ ਕਿਹੜੀ ਗੱਲ ਹੈ ਕਿ ਚਿਤਰਾ ਸਿੰਘ ਨੂੰ ਇਨਾਮ ਲਈ ਇਉਂ ਪੱਲਾ ਅੱਡਣ ਦੀ ਲੋੜ ਪੈ ਗਈ?

ਗਾਇਨ ਦੇ ਖੇਤਰ ਵਿਚ ਜਗਜੀਤ ਸਿੰਘ ਉਹ ਨਾਂ ਹੈ ਜਿਸ ਦਾ ਕੋਈ ਸਾਨੀ ਨਹੀਂ। ਉਸ ਨੇ ਇਤਨੇ ਦਹਾਕੇ ਲੋਕਾਂ ਨੂੰ ਸੰਗੀਤ ਦੀਆਂ ਸੁਰਾਂ ਨਾਲ ਗੜੂੰਦ ਕੀਤਾ ਅਤੇ ਅੱਜ ਉਨ੍ਹਾਂ ਦੀਆਂ ਐਲਬਮਾਂ ਹਰ ਸੰਜੀਦਾ ਸ਼ਖਸ ਦੇ ਖਜ਼ਾਨੇ ਵਿਚ ਸ਼ਾਮਲ ਹਨ। ਗਾਇਨ ਦੇ ਖੇਤਰ ਵਿਚ ਉਸ ਦਾ ਨਾਂ ਮਹਿੰਦੀ ਹਸਨ ਅਤੇ ਗੁਲਾਮ ਅਲੀ ਦੇ ਬਰਾਬਰ ਤੁਲਦਾ ਹੈ। ਇਸ ਤੋਂ ਵੱਡਾ ਸਨਮਾਨ ਹੋਰ ਕੀ ਹੋਵੇਗਾ? ਉਸ ਨੂੰ ਸਭ ਤੋਂ ਵੱਡਾ ਸਨਮਾਨ ਤਾਂ ਉਸ ਦੇ ਬਾਪੂ ਨੇ ਹੀ ਦੇ ਦਿੱਤਾ ਸੀ। ਜਦੋਂ ਉਸ ਦੇ ਬਾਪੂ ਨੂੰ ਪਤਾ ਲੱਗਿਆ ਕਿ ਪੁੱਤ ਦੀ ਦਿਲਚਸਪੀ ਸੰਗੀਤ ਵਿਚ ਹੈ, ਤਾਂ ਬਾਪੂ ਨੇ ਉਸ ਦੀ ਹਰ ਸੰਭਵ ਇਮਦਾਦ ਕੀਤੀ ਅਤੇ ਉਸ ਨੂੰ ਚੋਟੀ ਉਤੇ ਪਹੁੰਚਾਉਣ ਲਈ ਰਾਹਾਂ ਦਾ ਹਰ ਕੰਡਾ ਸਾਫ ਕੀਤਾ। ਉਸ ਨੂੰ ਪੰਡਿਤ ਛਗਨ ਲਾਲ ਸ਼ਰਮਾ ਦਾ ਸ਼ਿਸ਼ ਬਣਾਇਆ। ਫਿਰ ਜਗਜੀਤ ਸਿੰਘ ਨੇ ਉਸਤਾਦ ਜਮਾਲ ਖਾਨ ਤੋਂ ਸੰਗੀਤ ਦੀ ਵਿਦਿਆ ਲਈ। ਕਹਿੰਦੇ ਹਨ ਕਿ ਉਸਤਾਦ ਜਮਾਲ ਖਾਨ ਦਾ ਸਬੰਧ ਮੀਆਂ ਤਾਨਸੇਨ ਦੇ ਘਰਾਣੇ ਨਾਲ ਸੀ। ਇੰਨੇ ਵੱਡੇ ਸਨਮਾਨ ਤਾਂ ਜਗਜੀਤ ਸਿੰਘ ਪਹਿਲਾਂ ਹੀ ਹਾਸਲ ਕਰ ਚੁੱਕੇ ਹਨ। ਹੁਣ ਉਨ੍ਹਾਂ ਨੂੰ ਕਿਹੜੇ ਸਨਮਾਨ ਦੀ ਲੋੜ ਹੈ ਭਲਾ?



*ਦਸਤਾਰ ਸਜਾਈ ਜਗਜੀਤ ਸਿੰਘ ਦੀ ਪੁਰਾਣੀ ਤਸਵੀਰ ਅਤੇ (ਹੇਠਾਂ) ਜਦੋਂ ਮੁੰਬਈ ਰਹਿੰਦੇ ਸਨ।*



## ਜ਼ਿੰਦਗੀ ਦੀ ਸੁਰ-ਤਾਲ: ਸੰਗੀਤ ਨੂੰ ਸਮਰਪਿਤ ਜੋੜੀ

*ਕੋਲਕਾਤਾ ਦੇ ਇਕ ਸੰਗੀਤ ਪ੍ਰੇਮੀ ਪਰਿਵਾਰ ਵਿਚ ਜੰਮੀ ਚਿਤਰਾ ਨੇ ਵਿਧੀਵਤ ਢੰਗ ਨਾਲ ਤਾਂ ਸੰਗੀਤ ਦੀ ਵਿਦਿਆ ਹਾਸਲ ਨਹੀਂ ਕੀਤੀ, ਪਰ ਉਹ ਸੰਗੀਤ ਦੀ ਅੱਛੀ ਰਸੀਆ ਸੀ। ਨਿਆਣੀ ਉਮਰ ਵਿਚ ਉਸ ਦਾ ਵਿਆਹ ਦੱਤਾ ਨਾਲ ਹੋ ਗਿਆ ਜੋ ਮੁੰਬਈ ਵਿਚ ਸਾਊਂਡ ਰਿਕਾਰਡਿੰਗ ਸਟੂਡੀਓ ਚਲਾਉਂਦਾ ਸੀ। ਛੇਤੀ ਹੀ ਚਿਤਰਾ ਆਪਣੀ ਲਿਆਕਤ ਦੇ ਸਿਰ ਉਤੇ ਮੁੰਬਈ ਦੀ 'ਜਿੰਗਲ ਰਾਣੀ' ਹੋ ਗੁਜ਼ਰੀ। ਜਿੰਗਲ ਬਣਾਉਂਦਿਆਂ ਹੀ ਸਟੂਡੀਓ ਵਿਚ ਉਸ ਦੀ ਮੁਲਕਾਤ ਜਗਜੀਤ ਸਿੰਘ ਨਾਲ ਹੋਈ। ਉਦੋਂ ਤੱਕ ਦੱਤਾ ਅਤੇ ਚਿਤਰਾ ਦੇ ਰਿਸ਼ਤੇ ਵਿਚ ਫਿੱਕ ਪੈ ਚੁੱਕਾ ਸੀ। ਪਿਛੋਂ 1970 ਵਿਚ ਜਗਜੀਤ ਅਤੇ ਚਿਤਰਾ ਨੇ ਵਿਆਹ ਕਰਵਾ ਲਿਆ। ਇਸ ਜੋੜੀ ਨੇ ਕਈ ਕਾਮਯਾਬ ਐਲਬਮਾਂ ਸੰਗੀਤ ਪ੍ਰੇਮੀਆਂ ਨੂੰ ਦਿੱਤੀਆਂ।*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਸਤੰਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-133



*ਨਾਲ ਮੁਕੱਦਰਾਂ ਮਿਲਦੇ ਧੀਏ ਅੱਜ ਕੱਲ੍ਹ ਚੰਗੇ ਵਰ।*
*ਆਪਣੇ ਵਲੋਂ ਸੁਰਗਾਂ ਵਰਗਾ ਲੱਭਿਆ ਤੇਰਾ ਘਰ।*
*ਫਿਰ ਵੀ ਪੋਤੀ ਬਾਬੇ ਦੇ ਗਲ ਲੱਗ ਲੱਗਦਾ ਰੋਵੇ ਤਾਂ,*
*ਅੱਧੀ ਖਾਹ ਕੇ ਕੱਟ ਲਊਂ ਸਾਰੀ ਕਿਤੇ ਵੈਲੀ ਹੋਵੇ ਨਾ।*

## ਕੈਪਸ਼ਨ ਮੁਕਾਬਲਾ-131



ਅੰਦਰੋਂ ਬਾਹਰੋਂ ਦੇਸ਼ ਦੀ ਰਾਖੀ
ਕਰਨ ਦੀ ਖਾਤਰ ਵਰਦੀ ਪਾਈ।
ਟਿਕਟਿਕੀ ਲਾ ਕੇ ਬੈਠ ਗਏ ਹਾਂ
ਹੁਣ ਨਾ ਅਸਾਂ ਨੇ ਧੌਣ ਘੁਮਾਈ।
ਸ਼ੁਕਰਗੁਜਾਰ ਹਾਂ ਤੇਰਾ ਮਿੱਤਰਾ
ਮੇਰੀ ਖਾਤਰ ਚਾਹ ਬਣਾਈ।
ਜਿੰਨੀ ਮਰਜੀ ਪਾ ਦੇਵੀਂ ਤੂੰ
ਕੋਈ ਨੀ ਰੋਸਾ ਮੇਰੇ ਭਾਈ।

***-ਜਗਮੀਤ ਸਿੰਘ ਪੰਧੇਰ***

---

ਚੱਤੋ ਪਹਿਰ ਸੁਚੇਤ ਰਹੀਏ
ਗੋਲੀਆਂ ਦੀ ਛਾਂ ਹੇਠ ਰਹੀਏ।
ਕੁਝ ਵੀ ਦੇਸ਼ ਦੇ ਅੰਦਰ ਹੋਵੇ
ਜਾਂ ਕੋਈ ਬਿਪਤਾ ਆਣ ਖਲੋਵੇ।
ਦੰਗੇ ਹੋਣ ਜਾਂ ਹੋਣ ਇਲੈਕਸ਼ਨ
ਲਾਗੂ ਹੋ'ਜੇ ਮਿਲਟਰੀ ਐਕਸ਼ਨ।
ਚੌਵੀ ਘੰਟੇ ਡਿਊਟੀ ਨਿਭਾਈ
ਥੋੜ੍ਹੀ ਜਿਹੀ ਸੁਸਤੀ ਚੜ੍ਹ ਆਈ।
ਵਾਹ ਜਵਾਨਾਂ ਵਾਹ ਬਈ ਵਾਹ
ਹੋ ਜਾਈਏ ਤਾਜ਼ਾ ਪੀ ਕੇ ਚਾਹ।

***-ਗੁਰਮੁਖਪਾਲ ਸਿੰਘ ਨਿਰਮਾਣ ਜੈਕਸਨਵਿਲ, ਫਲੋਰਿਡਾ।***

---

ਕਦੇ ਸਰਹੱਦ 'ਤੇ ਕਦੇ ਦੇਸ਼ ਅੰਦਰ
ਅਮਨਾਂ ਦਾ ਮੈਂ ਰਾਖਾ ਕਹਾਵਾਂ।
ਘੁੱਗ ਵਸਣ ਮੇਰੇ ਵਤਨ ਦੇ ਲੋਕੀਂ
ਇਹੀ ਸੁਪਨੇ ਸਦਾ ਸਜਾਵਾਂ।
ਚੋਣਾਂ ਦੇ ਮੌਸਮ ਅੰਦਰ ਭੀ
ਚੋਣ ਕੇਂਦਰ 'ਤੇ ਫਰਜ਼ ਨਿਭਾਵਾਂ।
ਰਾਤ ਭਰ ਜਗਰਾਤਾ ਕੱਟਿਆ
ਚਾਹ ਪੀ ਕੇ ਤਾਜ਼ਾ ਹੋ ਜਾਵਾਂ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਕਰਫਿਊ ਲੱਗਿਆ ਚਾਰੇ ਪਾਸੇ
ਵਰਤੀ ਪਈ ਸ਼ਹਿਰ 'ਚ ਸੁੰਨ।
ਦੇਸ਼ ਦੇ ਸੇਵਕ ਦੀ ਸੇਵਾ ਕਰਕੇ
ਖੱਟ ਲੈ ਮਿੱਤਰਾ ਤੂੰ ਵੀ ਪੁੰਨ।

***-ਨਿਰਪਾਲ ਨਿੰਮਾ, ਸੈਕਰਾਮੈਂਟੋ***

---

ਯੋਧੇ, ਹਿੰਮਤੀ, ਦਲੇਰ ਬੜੇ ਹਾਂ
ਦੁਸ਼ਮਣ ਨੂੰ ਨਾ ਪਿੱਠ ਦਿਖਾਈਏ।
ਦੇਸ਼ ਦੇ ਅੰਦਰ ਜਾਂ ਬਾਹਰ ਹੋਣ
ਦੁਸ਼ਮਣਾਂ ਨੂੰ ਮਾਰ ਭਜਾਈਏ।
ਦੇਸ਼ ਲਈ ਜਿੰਦ ਵਾਰ ਦਈਏ
ਸਬਕ ਪੜ੍ਹੀਏ ਅਤੇ ਪੜ੍ਹਾਈਏ।
ਛੱਡ ਕੇ ਘਰਾਂ 'ਚ ਜੀਅ ਆਪਣੇ
ਦੇਸ਼ ਕੌਮ ਦੀ ਸੇਵਾ ਕਮਾਈਏ।

***-ਬਲਵੰਤ ਸਿੰਘ ਨਿਊ ਯਾਰਕ***

# 'ਛਣਕਾਟਾ ਵੰਗਾਂ ਦਾ' ਡੀ. ਵੀ. ਡੀ. ਰਿਲੀਜ਼

**ਯੂਨੀਅਨ ਸਿਟੀ (ਬਿਊਰੋ):** ਇੱਕੀ ਐਂਟਰਟੇਨਮੈਂਟ ਇੰਟਰਨੈਸ਼ਨਲ ਅਤੇ ਐਸ. ਅਸ਼ੋਕ ਭੌਰਾ ਵਲੋਂ ਕਰਵਾਏ ਗਏ ਬੀਤੇ ਵਿਚ ਸੰਗੀਤਕ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਦੀ ਡੀ



ਵੀ ਡੀ ਜਾਰੀ ਕਰਨ ਮੌਕੇ ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਇਥੇ ਰਾਜਾ ਸਵੀਟਸ ਵਿਖੇ ਬੋਲਦਿਆਂ ਕਿਹਾ ਕਿ ਇਹ ਇਕ ਮਿਆਰੀ ਤੇ ਨਿਵੇਕਲੀ ਕਿਸਮ ਦਾ ਪ੍ਰੋਗਰਾਮ ਸੀ ਜਿਸ ਨੂੰ ਜਲੰਧਰ ਦੂਰਦਰਸ਼ਨ ਦੀ ਤਰਜ਼ 'ਤੇ ਤਿਆਰ ਕੀਤਾ ਗਿਆ ਸੀ ਅਤੇ ਇਸ ਨੂੰ ਵੱਡੀ ਗਿਣਤੀ ਵਿਚ ਪੰਜਾਬੀ ਭਾਈਚਾਰੇ ਨੇ ਵੇਖਿਆ ਤੇ ਮਾਣਿਆ। ਸ. ਗਾਖਲ ਨੇ ਕਿਹਾ ਕਿ ਅਖਬਾਰੀ ਦੁਨੀਆਂ ਤੋਂ ਬਿਨਾ ਅਸ਼ੋਕ ਭੌਰੇ ਦਾ ਜਲੰਧਰ ਦੂਰਦਰਸ਼ਨ ਨਾਲ ਵੀ ਲੰਬਾ ਸਮਾਂ ਵਾਹ ਵਾਸਤਾ ਰਿਹਾ ਹੈ। ਇਸ ਲਈ ਇਹ ਉਸ ਦੇ ਤਜ਼ਰਬੇ ਤੇ ਅਨੁਭਵਾਂ ਦੀ ਪੇਸ਼ਕਾਰੀ ਸੀ।

ਇਸ ਮੌਕੇ ਅਸ਼ੋਕ ਭੌਰਾ ਨੇ ਕਿਹਾ ਕਿ ਜ਼ਿੰਦਗੀ ਵਿਚ ਰੰਗ ਤਮਾਸ਼ੇ ਬੜੇ ਨੇ ਪਰ ਫਿਰ ਵੀ ਕੰਮ ਕਰਨ ਨਾਲ ਹੀ ਕੁਝ ਹਾਸਿਲ ਹੁੰਦਾ ਹੈ ਤੇ ਉਹ ਲਿਖਣ ਤੇ ਸੰਗੀਤ ਸ਼ੈਲੀ ਵਿਚ ਪੈਂਤੀ ਸਾਲਾਂ ਤੋਂ ਖੁਰਾਕ ਵਾਂਗ ਇਸ ਸਾਰੇ ਵਰਤਾਰੇ ਨਾਲ ਵੀ ਜੁੜੇ ਹੋਏ ਹਨ।

ਪ੍ਰੋ. ਜਸਪਾਲ ਸਿੰਘ ਨੇ ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਸ਼ਾਮਿਲ ਕਲਾਕਾਰਾਂ ਦੀ ਪੇਸ਼ਕਾਰੀ ਦੀ ਪ੍ਰਸ਼ੰਸਾ ਕੀਤੀ। ਰੇਡੀਓ ਚੜ੍ਹਦੀ ਕਲਾ ਦੇ ਗੁਰਚਰਨ ਸਿੰਘ ਮਾਨ ਤੇ ਲਖਬੀਰ ਸਿੰਘ ਪਟਵਾਰੀ ਨੇ ਕਿਹਾ ਕਿ ਅਸ਼ੋਕ ਲਿਖਣ ਤੇ ਬੋਲਣ ਦੇ ਦੋਵੇਂ ਰੰਗਾਂ ਵਿਚ ਆਪਣੀ ਥਾਂ ਰੱਖਦਾ ਹੈ। ਇਲੈਕਟ੍ਰਾਨਿਕ ਮੀਡੀਏ ਨਾਲ ਉਹਦਾ ਨੇੜਲਾ ਵਾਸਤਾ ਹੀ ਅਜਿਹੇ ਪ੍ਰੋਗਰਾਮ ਕਰਵਾਉਣ ਦੀ ਸਫਲਤਾ ਹੈ। ਜਗਤਾਰ ਗਿੱਲ ਨੇ ਕਿਹਾ ਕਿ ਭੌਰੇ ਦਾ ਗਾਇਕਾਂ ਅਤੇ ਗਾਇਕੀ ਨਾਲ ਤੇਹ ਹੀ ਅਜਿਹੇ ਸੰਗੀਤਕ ਰੰਗਾਂ ਦੀ ਸਿਰਜਣਾ ਹੈ। ਪੰਜਾਬ ਲੋਕ



ਰੰਗ ਦੇ ਸੁਰਿੰਦਰ ਧਨੋਆ, ਸੁੱਚਾ ਰਾਮ ਭਾਰਟਾ, ਸ਼ਾਇਰ ਤਾਰਾ ਸਿੰਘ ਸਾਗਰ ਅਤੇ ਅਟਾਰਨੀ ਮਹਿੰਦਰ ਸਿੰਘ ਮਾਨ ਨੇ ਵੀ ਆਪਣੇ ਵਿਚਾਰਾਂ ਰੱਖੇ। ਪੰਜ ਦਰਿਆ ਸੰਗੀਤ ਅਕਾਦਮੀ ਦੇ ਸੰਚਾਲਕ ਪਾਲੀ ਧਨੌਲਾ ਨੇ ਪੁਰਾਤਨ ਲੋਕ ਰੰਗਾਂ ਤੇ ਸੰਗੀਤਕ ਪਰਤਾਂ ਨਾਲ ਖੂਬ ਰੰਗ ਬੰਨ੍ਹਿਆ।

'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਵਿਚਲੇ ਗਾਇਕਾਂ ਅਨੂਪ ਚੀਮਾ, ਸੱਤੀ ਪਾਬਲਾ, ਮੰਗਜੀਤ ਮੰਗਾ ਤੇ ਤਰਸੇਮ ਅਟਵਾਲ ਨੇ ਆਪਣੇ ਗੀਤਾਂ ਨਾਲ ਇਸ ਸਮਾਰੋਹ ਨੂੰ ਯਾਦਗਾਰੀ ਬਣਾਇਆ ਤੇ ਅਖੀਰ ਵਿਚ ਬੋਲੀਆਂ ਨਾਲ ਵਿਆਹ ਦੇ ਨਾਨਕੇ ਮੇਲ ਵਰਗਾ ਮਾਹੌਲ ਸਿਰਜਿਆ।

ਧੰਨਵਾਦੀ ਤੇ ਸਮਾਪਤੀ ਸ਼ਬਦਾਂ ਵਿਚ ਯੂਨਾਈਟਿਡ ਸਪੋਰਟਸ ਕਲੱਬ ਦੇ ਗੁਰਦਾਵਰ ਸਿੰਘ ਮਾਨ ਨੇ ਪੰਜਾਬ ਦੇ ਮਹਾਨ ਤੇ ਇਖਲਾਕੀ ਵਿਰਸੇ ਦੀ ਗੱਲ ਕਰਦਿਆਂ ਅਸ਼ੋਕ ਭੌਰਾ ਦੇ ਨਿਰੰਤਰ ਤੇ ਲੰਬੇ ਸਫਰ ਦਾ ਜ਼ਿਕਰ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਜੀਤ ਕੌਰ ਛੀਨਾ, ਸੋਨੀਆ, ਜਸਵਿੰਦਰ ਕੌਰ ਪਟਵਾਰੀ, ਚਰਨਜੀਤ ਕੌਰ, ਸ੍ਰੀ ਭੌਰਾ ਦੀ ਪਤਨੀ ਕਸ਼ਮੀਰ ਕੌਰ, ਜਸਵਿੰਦਰ ਜੱਸੀ, ਜਸਵਿੰਦਰ ਧਨੋਆ, ਕਸ਼ਮੀਰ ਕੌਰ ਮਾਨ, ਇੰਦਰਜੀਤ ਸਿੰਘ, ਅਨਮੋਲ ਭੌਰਾ, ਧਰਮ ਪਾਲ ਝੰਮਟ, ਨਰਿੰਦਰ ਕੁਮਾਰ, ਰਣਜੀਤ ਸਿੰਘ ਸੰਧੂ, ਜੁਗਰਾਜ ਸਿੰਘ ਸਹੋਤਾ ਅਤੇ ਰਾਜਾ ਸਵੀਟਸ ਦੇ ਮੱਖਣ ਬੈਂਸ ਹਾਜ਼ਰ ਸਨ। ਮੰਚ ਸੰਚਾਲਨ ਸਵਰਗੀ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਕੀਤਾ।

# 'ਧੀਆਂ ਮਰਜਾਣੀਆਂ' ਦਾ ਸਫਲ ਮੰਚਨ



**ਫਰਿਜ਼ਨੋ (ਬਿਊਰੋ):** ਸਥਾਨਕ ਟਾਵਰ ਥੀਏਟਰ ਵਿਚ ਅਜਮੇਰ ਸਿੰਘ ਔਲਖ ਦਾ ਲਿਖਿਆ ਨਾਟਕ 'ਧੀਆਂ ਮਰਜਾਣੀਆਂ' ਦਾ ਮੰਚਨ ਕੀਤਾ ਗਿਆ। ਇਹ ਨਾਟਕ ਧੀਆਂ-ਧਿਆਣੀਆਂ ਦੇ ਹੱਕਾਂ ਦੀ ਬਾਤ ਪਾਉਂਦਾ, ਭਰੂਣ ਹੱਤਿਆ ਬਾਰੇ ਲੋਕਾਂ ਨੂੰ ਜਾਗੂਰਕ ਕਰਨ ਲਈ ਧੀਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਦਾ ਇੱਕ ਉਦੇਸ਼ ਭਰਪੂਰ ਨਾਟਕ ਹੈ। ਦਰਸ਼ਕਾਂ ਨੇ ਟਿੱਕ-ਟਿੱਕੀ ਲਾ ਕੇ ਇਸ ਨਾਟਕ ਦਾ ਅਨੰਦ ਮਾਣਿਆ।

ਨਾਟਕ ਦੇ ਪਾਤਰਾਂ ਕੁਲਵੀਰ ਸਿੰਘ (ਜਸਵੰਤ ਸ਼ਾਦ), ਸੁਰਜੀਤ ਕੌਰ (ਕੁਲਵਿੰਦਰ ਵਾਲੀਆ), ਬੱਬੀ (ਨਿਤਨ ਕਪੂਰ), ਰਵੀ ਢਿਲੋਂ (ਵਿਚੋਲਣ), ਡਿੰਪਲ ਬੈਂਸ ਅਤੇ ਨਵ (ਸਿਮਰਨ ਸੰਘਾ) ਨੇ ਕਮਾਲ ਦੀ ਅਦਾਕਾਰੀ ਕੀਤੀ। ਬਿੱਲ ਨਿੱਝਰ ਅਤੇ ਅਦਾਕਾਰ ਬੱਲੂ ਸਿੰਘ ਵੱਲੋਂ ਪੇਸ਼ ਅਤੇ ਨਿਰਮਾਤਾ ਰੇਅ ਵਾਲੀਆਂ ਤੇ ਨਿਰਦੇਸ਼ਕ ਅਸ਼ੋਕ ਟਾਂਗਰੀ ਦੀ ਅਗਵਾਈ ਹੇਠ ਖੇਡੇ ਗਏ ਇਸ ਨਾਟਕ ਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ।

# ਅਸ਼ੋਕ ਭੌਰਾ ਦੀ ਪੁਸਤਕ 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ' 14 ਨੂੰ ਸਰੀ 'ਚ ਰਿਲੀਜ਼ ਹੋਵੇਗੀ

**ਸਰੀ, ਕੈਨੇਡਾ (ਬਿਊਰੋ):** ਨਾਮੀ ਪੰਜਾਬੀ ਲੇਖਕ ਐਸ. ਅਸ਼ੋਕ ਭੌਰਾ ਦੀ ਪੁਸਤਕ 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ' 14 ਸਤੰਬਰ, ਐਤਵਾਰ ਨੂੰ ਸਰੀ (ਬੀ. ਸੀ.) ਵਿਖੇ ਇੰਡੀਆ ਬੈਂਕੁਇਟ ਹਾਲ (ਰਿਵਰਸਾਈਡ ਸਿਗਨੇਚਰ ਬੈਂਕੁਇਟ ਹਾਲ) 201, 13030-76 ਐਵਨਿਊ ਵਿਖੇ ਸ੍ਰੀ ਭੌਰਾ ਦੀ ਹਾਜ਼ਰੀ ਵਿਚ ਰਿਲੀਜ਼ ਕੀਤੀ ਜਾਵੇਗੀ। ਇਸ ਪੁਸਤਕ ਵਿਚ ਸ੍ਰੀ ਭੌਰਾ ਨੇ ਆਪਣੇ ਤੀਹ ਸਾਲਾਂ ਦੇ ਗਾਇਕੀ ਖੇਤਰ ਵਿਚ ਗੁਜ਼ਾਰੇ ਸਮੇਂ ਦੌਰਾਨ ਗਾਇਕਾਂ ਬਾਰੇ ਲਿਖੀਆਂ ਅਹਿਮ ਤੇ ਜਾਣਕਾਰੀ ਭਰਪੂਰ ਲਿਖਤਾਂ ਨੂੰ ਸ਼ਾਮਿਲ ਕੀਤਾ ਹੈ।

ਸਮਾਰੋਹ ਦੇ ਮੁੱਖ ਪ੍ਰਬੰਧਕ ਸੁਰਜੀਤ ਸਿੰਘ ਮਾਧੋਪੁਰੀ ਤੇ ਪ੍ਰਿਤਪਾਲ ਸਿੰਘ ਗਿੱਲ ਅਨੁਸਾਰ ਸ੍ਰੀ ਭੌਰਾ ਪੰਜਾਬੀ ਦੇ ਅਦਬ ਵਿਚ ਜਾਣਿਆ-ਪਛਾਣਿਆ ਨਾਂ ਹੈ ਤੇ ਸ਼ਬਦਾਂ ਦੀ ਬੁਣਤੀ ਬੁਣਨ ਵਿਚ ਉਸ ਨੂੰ ਜਾਦੂਗਰ ਵਜੋਂ ਵੀ ਜਾਣਿਆ ਜਾਂਦਾ ਹੈ। ਸਮਾਗਮ ਵਿਚ ਜਿਥੇ ਉਘੀਆਂ ਸਾਹਿਤਕ ਤੇ ਸਮਾਜਿਕ, ਮੀਡੀਆ ਖੇਤਰ ਦੀਆਂ ਹਸਤੀਆਂ ਪੁੱਜਣਗੀਆਂ ਉਥੇ ਪੰਜਾਬ ਤੋਂ ਢਾਡੀ ਕੁਲਜੀਤ ਸਿੰਘ ਦਿਲਬਰ, ਢਾਡੀ ਤਰਲੋਚਨ ਸਿੰਘ ਭਮੱਦੀ ਤੇ ਬਲਦੇਵ ਸਿੰਘ ਐਮ ਏ ਵੀ ਸ਼ਾਮਿਲ ਹੋਣਗੇ। ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਵੇਗਾ। ਸਭ ਨੂੰ




ਇਸ ਸਾਮਗਮ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਹੋਰ ਜਾਣਕਾਰੀ ਲਈ ਪ੍ਰਿਤਪਾਲ ਸਿੰਘ ਗਿੱਲ (604-726-8410) ਜਾਂ ਸੁਰਜੀਤ ਮਾਧੋਪੁਰੀ (604-377-4171) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨਵਾਂ ਸ਼ਹਿਰ ਤੋਂ ਵਿਧਾਇਕਾ ਅਮਰੀਕਾ ਦੌਰੇ 'ਤੇ

**ਫਰੀਮਾਂਟ (ਬਿਊਰੋ):** ਪੰਜਾਬ ਦੇ ਦਰਵੇਸ਼ ਸਿਆਸਤਦਾਨ ਕਰਕੇ ਜਾਣੇ ਜਾਂਦੇ ਮਰਹੂਮ ਦਿਲਬਾਗ ਸਿੰਗ ਨਵਾਂ ਸ਼ਹਿਰ ਦੇ ਪਰਿਵਾਰ 'ਚੋਂ ਸਾਬਕਾ ਪਾਰਲੀਮਾਨੀ ਸਕੱਤਰ ਪ੍ਰਕਾਸ਼ ਸਿੰਘ ਦੀ ਪਤਨੀ ਤੇ ਮੌਜੂਦਾ ਕਾਂਗਰਸੀ ਵਿਧਾਇਕ ਗੁਰਇਕਬਾਲ ਕੌਰ ਬਬਲੀ ਇਨ੍ਹੀਂ ਦਿਨੀਂ ਅਮਰੀਕਾ



ਫੇਰੀ 'ਤੇ ਹਨ।

ਉਹ 12 ਸਤੰਬਰ ਤੱਕ ਕੈਲੀਫੋਰਨੀਆ ਦੇ ਬੇਏਰੀਆ ਵਿਚ ਰਹਿਣਗੇ ਤੇ ਕਾਂਗਰਸ ਦੇ ਟਕਸਾਲੀ ਤੇ ਸਰਗਰਮ ਵਰਕਰਾਂ ਨਾਲ ਮੁਲਾਕਾਤ ਵੀ ਕਰਨਗੇ। ਸ੍ਰੀਮਤੀ ਬਬਲੀ ਨਾਲ ਸੰਪਰਕ ਹਰਸੁਖਵੀਰ ਬਣਵੈਤ ਦੇ ਫੋਨ 408-623-7420 ਰਾਹੀਂ ਕੀਤਾ ਜਾ ਸਕਦਾ ਹੈ।



*ਗਿੱਲ ਇੰਸ਼ੋਰੈਂਸ ਵਾਲੇ ਅਵਤਾਰ ਗਿੱਲ ਦੇ ਬੇਟੇ ਕੈਵਨਬੀਰ ਗਿੱਲ ਦਾ ਵਿਆਹ ਪਿਛਲੇ ਦਿਨੀਂ ਨਵਪ੍ਰੀਤ ਕੌਰ (ਸਪੁਤਰੀ ਜੁਗਿੰਦਰ ਸਿੰਘ) ਨਾਲ ਗੁਰਦੁਆਰਾ ਸੈਲਮਾ ਵਿਖੇ ਸਿੱਖ ਰੀਤੀ ਰਿਵਾਜਾਂ ਨਾਲ ਹੋਇਆ। ਵਿਆਹ ਵਿਚ ਕਾਂਗਰਸਮੈਨ ਜਿਮ ਕੌਸਟਾ ਅਤੇ ਪੰਜਾਬ ਦੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਵੀ ਉਚੇਚੇ ਤੌਰ 'ਤੇ ਪਹੁੰਚੇ। ਜ਼ਿਕਰਯੋਗ ਹੈ ਕਿ ਸ. ਅਵਤਾਰ ਸਿੰਘ ਗਿੱਲ ਸ. ਹੈਰੀ ਗਿੱਲ ਦੇ ਭਰਾ ਹਨ।*

*(ਤਸਵੀਰ: ਅਜੀਤ ਸਿੰਘ ਗਿੱਲ, ਮੋਗਾ ਵੀਡੀਓ)*

# ਖਾਲਿਸਤਾਨ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ



**ਫਰੀਮਾਂਟ (ਬਿਊਰੋ):** ਖਾਲਿਸਤਾਨ ਲਈ ਜਾਨਾਂ ਵਾਰਨ ਵਾਲੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਗੁਰਦੁਆਰਾ ਫਰੀਮਾਂਟ ਵਿਚ ਸਮਾਗਮ ਕਰਵਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਇਲਾਹੀ ਕੀਰਤਨ, ਢਾਡੀ ਵਾਰਾਂ ਤੇ ਕਵੀਸ਼ਰੀ ਵਾਰਾਂ ਪੇਸ਼ ਕਰਕੇ ਸਿੱਖ ਸ਼ਹੀਦੀਆਂ ਤੇ ਖਾਲਿਸਤਾਨ ਦੇ ਸੰਘਰਸ਼ ਬਾਰੇ ਚਾਨਣਾ ਪਾਇਆ ਗਿਆ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਚਲਦਾ ਰਹੇਗਾ, ਜਿਸ ਲਈ ਪ੍ਰੇਰਨਾ ਦਾ ਮੁੱਖ ਸਰੋਤ ਸਾਡੇ ਸ਼ਹੀਦ ਹੋਣਗੇ, ਜਿਨ੍ਹਾਂ ਸਾਡੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ।

ਭਾਈ ਮਨਬੀਰ ਸਿੰਘ ਚਹੇੜੂ ਦੇ ਮਾਤਾ ਜੀ ਤੇ ਭਾਈ ਕੁਲਜੀਤ ਸਿੰਘ ਢੱਟ ਦੇ ਭੈਣ ਜੀ ਨੇ ਵੀ ਸੰਗਤਾਂ ਦੇ ਦਰਸ਼ਨ ਕੀਤੇ। ਏਜੀਪੀਸੀ ਦੇ ਮੁੱਖ ਸੇਵਾਦਾਰ ਜਸਵੰਤ ਸਿੰਘ ਹੋਠੀ, ਸਾਬਕਾ ਸਕੱਤਰ ਹਰਮਿੰਦਰ ਸਿੰਘ ਸਮਾਣਾ, ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਿੰਦਰ ਸਿੰਘ ਤੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਉਪਰੰਤ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਨੂੰ ਸਿਰੋਪਾਉ ਦੀ ਬਖਸ਼ਿਸ਼ ਤੇ ਯਾਦਗਾਰੀ ਸਨਮਾਨ ਚਿੰਨ ਨਾਲ ਸਨਮਾਨਿਤ ਕੀਤਾ ਗਿਆ।

# ਮਜੀਠੀਆ ਵੱਲੋਂ ਯੂਥ ਅਕਾਲੀ ਦਲ ਦੀ ਕਮਾਨ ਛੱਡਣ ਦਾ ਐਲਾਨ

**ਜਲੰਧਰ:** ਪੰਜਾਬ ਦੇ ਮਾਲ ਮੰਤਰੀ ਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਉਹ ਯੂਥ ਅਕਾਲੀ ਦਲ ਦੀ ਪ੍ਰਧਾਨਗੀ ਛੱਡ ਰਹੇ ਹਨ ਤੇ ਇਸ ਬਾਰੇ ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜਾਣੂ ਕਰਵਾ ਦਿੱਤਾ ਹੈ।



ਇਥੇ ਪੰਜਾਬ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਵੱਲੋਂ ਕਰਵਾਈ ਗਈ ਚੈਂਪੀਅਨਸ਼ਿਪ ਸਮਾਗਮ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਸ੍ਰੀ ਮਜੀਠੀਆ ਨੇ ਕਿਹਾ ਕਿ ਉਹ ਉਮਰ ਦੇ ਅਗਲੇ ਪੜਾਅ ਵਿਚ ਸ਼ਾਮਲ ਹੋ ਰਹੇ ਹਨ। ਇਸ ਕਰਕੇ ਉਹ ਯੂਥ ਅਕਾਲੀ ਦਲ ਦੀ ਪ੍ਰਧਾਨਗੀ ਛੱਡ ਰਹੇ ਹਨ ਤਾਂ ਜੋ ਇਸ ਅਹੁਦੇ 'ਤੇ ਕਿਸੇ ਨੌਜਵਾਨ ਆਗੂ ਨੂੰ ਬਿਠਾਇਆ ਜਾ ਸਕੇ।

ਸੂਤਰਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੇ ਜਥੇਬੰਦਕ ਢਾਂਚੇ ਦਾ ਪੁਨਰਗਠਨ ਕਰਨ ਦਾ ਕੰਮ ਤਕਰੀਬਨ ਫਾਈਨਲ ਕਰ ਲਿਆ ਹੈ ਤੇ ਇਸ ਦਾ ਐਲਾਨ ਹੋਣਾ ਹੀ ਬਾਕੀ ਹੈ। ਸ੍ਰੀ ਮਜੀਠੀਆ ਨੇ ਜਨਤਕ ਤੌਰ 'ਤੇ ਇਹ ਗੱਲ ਕਹੀ ਕਿ ਪ੍ਰਕਾਸ਼ ਸਿੰਘ ਬਾਦਲ ਦਾ ਜਿਸ ਦੇ ਸਿਰ 'ਤੇ ਵੀ ਅਸ਼ੀਰਵਾਦ ਹੁੰਦਾ ਹੈ, ਉਹ ਬੰਦਾ ਬਹੁਤ ਹੀ ਤਰੱਕੀਆਂ ਕਰਦਾ ਹੈ। ਜਦੋਂ ਇਹ ਹੱਥ ਥੋੜ੍ਹਾ ਜਿਹਾ ਇਧਰ-ਉਧਰ ਹੋ ਜਾਵੇ ਤਾਂ ਉਹ ਬੰਦਾ ਹਮੇਸ਼ਾਂ ਹੀ ਘਾਟੇ ਵਿਚ ਰਹਿੰਦਾ ਹੈ।

ਇਸ ਬਿਆਨ ਬਾਰੇ ਜਦੋਂ ਹੋਰ ਵਿਸਥਾਰ ਨਾਲ ਜਵਾਬ ਮੰਗਿਆ ਤਾਂ ਉਨ੍ਹਾਂ ਬਹੁਤਾ ਕੁਝ ਕਹਿਣ ਦੀ ਥਾਂ ਸਿਰਫ਼ ਏਨਾ ਹੀ ਕਿਹਾ ਕਿ ਇਹ ਸੱਚਾਈ ਹੈ ਕਿ ਜਦੋਂ ਤੱਕ ਮਾਲਕ ਦਾ ਹੱਥ ਸਿਰ 'ਤੇ ਰਹਿੰਦਾ ਹੈ ਤਾਂ ਫਿਰ ਸਾਰਾ ਕੁਝ ਠੀਕ ਰਹਿੰਦਾ ਹੈ।

ਜ਼ਿਕਰਯੋਗ ਹੈ ਕਿ ਲੋਕ ਸਭਾ ਦੇ ਚੋਣ ਨਤੀਜਿਆਂ ਤੋਂ ਬਾਅਦ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸਿਆਸੀ ਸਰਗਰਮੀ ਬਹੁਤ ਹੀ ਘੱਟ ਹੋ ਗਈ ਸੀ। ਅੰਮ੍ਰਿਤਸਰ ਦੀ ਲੋਕ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਅਰੁਣ ਜੇਤਲੀ ਦੀ ਹੋਈ ਜ਼ਬਰਦਸਤ ਹਾਰ ਤੋਂ ਬਾਅਦ ਬਿਕਰਮ ਮਜੀਠੀਆ ਇਕ ਤਰ੍ਹਾਂ ਨਾਲ ਅਗਿਆਤਵਾਸ ਵਿਚ ਹੀ ਚਲੇ ਗਏ ਸਨ ਤੇ ਲੰਮਾ ਸਮਾਂ ਉਨ੍ਹਾਂ ਬਾਰੇ ਇਹ ਪਤਾ ਹੀ ਨਹੀਂ ਚੱਲ ਰਿਹਾ ਸੀ ਕਿ ਉਹ ਕਿਧਰ ਹਨ।

# ਧੋਖੇਬਾਜ਼ ਵਿਦੇਸ਼ੀ ਲਾੜਿਆਂ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਸਰਕਾਰ ਵੱਲੋਂ ਫਰਜ਼ੀ ਜਾਂ ਝੂਠੇ ਵਿਆਹ ਕਰਵਾ ਕੇ ਵਿਦੇਸ਼ ਭੱਜ ਜਾਣ ਵਾਲੇ ਪਰਵਾਸੀ ਭਾਰਤੀਆਂ ਵਿਰੁੱਧ ਸ਼ਿਕੰਜਾ ਕੱਸਣ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਅਪਰਾਧੀਆਂ ਦੀ ਦੇਸ਼ ਵਾਪਸੀ ਵਿਚ ਲੱਗਣ ਵਾਲਾ ਸਮਾਂ ਥੋੜ੍ਹਾ ਕਰਨ ਲਈ ਵੀ ਸਰਕਾਰ ਢੰਗ-ਤਰੀਕੇ ਲੱਭ ਰਹੀ ਹੈ। ਅੰਦਾਜ਼ੇ ਮੁਤਾਬਕ ਪਿਛਲੇ ਦਹਾਕੇ ਦੌਰਾਨ 30,000 ਤੋਂ ਵੱਧ ਫਰਾਡ ਵਿਆਹ ਹੋਏ। ਵਿਦੇਸ਼ਾਂ ਵਿਚ ਵੱਸਦੇ ਮੁਲਜ਼ਮ ਐਨ.ਆਰ.ਆਈਜ਼. ਵਿਰੁੱਧ ਕਾਰਵਾਈ ਕਰਨ ਵਿੱਚ ਪੁਲਿਸ ਅਸਮਰੱਥ ਸੀ।

ਕਾਨੂੰਨ ਮੁਤਾਬਕ ਪੁਲਿਸ ਅਜਿਹੇ ਪਰਵਾਸੀ ਭਾਰਤੀਆਂ ਨੂੰ ਭਗੌੜੇ ਕਰਾਰ ਦੇ ਕੇ ਇਨਾਂ ਦੀ ਸੰਪਤੀ ਕੇਸ ਨਾਲ ਜੋੜ ਸਕਣ ਦੇ ਸਮਰੱਥ ਹੈ। ਮਗਰੋਂ ਜਿਹੇ, ਪੁਲਿਸ ਕੋਲ ਭਾਰਤੀ ਸਫਾਰਤਖਾਨੇ ਦੇ ਸਬੰਧਤ ਅਧਿਕਾਰੀਆਂ ਰਾਹੀਂ ਪਾਸਪੋਰਟ ਜ਼ਬਤ ਕਰਾਉਣ ਦੇ ਵੀ ਅਧਿਕਾਰ ਆ ਗਏ।

ਪਿਛਲੇ ਸਾਲ ਕੋਈ 100 ਅਜਿਹੇ ਪਾਸਪੋਰਟ ਜ਼ਬਤ ਕਰਾਏ ਗਏ ਸਨ। ਪਿਛਲੇ ਦਿਨੀਂ ਨਵੀਂ ਦਿੱਲੀ ਵਿਚ ਭਾਰਤ ਸਰਕਾਰ ਦੇ ਪ੍ਰਤੀਨਿਧਾਂ, ਇੰਟਰਪੋਲ, ਆਈ.ਬੀ., ਸੀ.ਬੀ.ਆਈ., ਪੁਲਿਸ ਅਧਿਕਾਰੀਆਂ, ਕੌਮੀ ਮਹਿਲਾ ਕਮਿਸ਼ਨ ਦੇ ਮੈਂਬਰਾਂ ਤੇ ਐਨ.ਆਰ.ਆਈਜ਼. ਲਈ ਬਣੇ ਪੰਜਾਬ ਕਮਿਸ਼ਨ ਦੀ ਮੀਟਿੰਗ ਹੋਈ ਸੀ, ਜਿਸ ਵਿਚ ਦੋਸ਼ੀਆਂ ਨੂੰ ਵਾਪਸ ਮੰਗਾਏ ਜਾਣ ਤੇ ਸਪੁਰਦਗੀ ਦੇ ਕਾਨੂੰਨੀ ਪਹਿਲੂਆਂ ਦਾ ਅਧਿਐਨ ਕਰਨ ਲਈ ਇਕ ਕਮੇਟੀ



ਬਣਾਈ ਗਈ ਸੀ।

ਇਸ ਕਮੇਟੀ ਵਿਚ ਹੋਰਾਂ ਤੋਂ ਇਲਾਵਾ, ਕੌਮੀ ਮਹਿਲਾ ਕਮਿਸ਼ਨ, ਸੀ.ਬੀ.ਆਈ. ਦੇ ਪ੍ਰਤੀਨਿਧਾਂ ਤੋਂ ਇਲਾਵਾ, ਪੰਜਾਬ ਦੇ ਪੁਲਿਸ ਅਧਿਕਾਰੀ ਤੇ ਐਨ.ਆਰ.ਆਈਜ਼. ਲਈ ਪੰਜਾਬ ਕਮਿਸ਼ਨ ਨਾਲ ਤਾਇਨਾਤ ਏ.ਡੀ.ਜੀ.ਪੀ. ਤੱਕ ਦੇ ਪੱਧਰ ਦਾ ਅਧਿਕਾਰੀ ਮੈਂਬਰ ਹੋਣਗੇ। ਜਸਟਿਸ ਆਨੰਦ ਕੁਮਾਰ (ਸੇਵਾਮੁਕਤ) ਐਨ.ਆਰ.ਆਈ. ਕਮਿਸ਼ਨ ਦੇ ਚੇਅਰਮੈਨ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਪੀੜਤ ਭਾਰਤੀ ਔਰਤਾਂ ਅਜਿਹੇ ਦੋਸ਼ੀਆਂ ਨੂੰ ਜੇਲ੍ਹ ਭੇਜੇ ਜਾਣਾ ਚਾਹੁੰਦੀਆਂ ਹਨ। ਕਈਆਂ ਨੂੰ ਆਸ ਹੈ ਕਿ ਜੇਕਰ ਇਹ ਲਾੜੇ ਭਾਰਤ ਲਿਆਂਦੇ ਜਾਣ ਤਾਂ ਉਨ੍ਹਾਂ ਨੂੰ ਆਪਣੇ ਜੁਰਮ ਦਾ ਅਹਿਸਾਸ ਹੋ ਸਕਦਾ ਹੈ ਤੇ ਉਨ੍ਹਾਂ ਦੇ ਵਿਆਹ ਬਚ ਸਕਦੇ ਹਨ। ਸਮੇਂ ਸਿਰ ਉਨ੍ਹਾਂ ਨੂੰ ਦੇਸ਼ ਵਾਪਸ ਲਿਆਂਦੇ ਜਾਣ ਨਾਲ ਇਹ ਸੰਭਵ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵਿਦੇਸ਼ ਲਿਜਾਣ ਦਾ ਝਾਂਸਾ ਦੇ ਕੇ ਠੱਗਣ ਵਾਲੇ ਐਨ.ਆਰ.ਆਈ. ਵੀ ਇਸੇ ਕੜੀ ਵਿਚ ਲਏ ਜਾ ਸਕਦੇ ਹਨ।

ਇਸ ਦੇ ਨਾਲ ਹੀ ਇਕ ਜਾਗਰੂਕਤਾ ਕਮੇਟੀ ਬਣਾਉਣ ਦਾ ਫੈਸਲਾ ਲਿਆ ਗਿਆ, ਜੋ ਮੁਲਜ਼ਮਾਂ ਨੂੰ ਦੇਸ਼ ਵਾਪਸ ਲਿਆਂਦੇ ਜਾਣ ਬਾਰੇ ਜਾਗਰੂਕਤਾ ਫੈਲਾਏਗੀ। ਵਰਤਮਾਨ ਪ੍ਰਣਾਲੀ ਅਧੀਨ, ਸਿਰਫ ਕੱਟੜ ਅਪਰਾਧੀ, ਅਤਿਵਾਦ ਜਾਂ ਵੱਡੇ ਤਸਕਰ ਤੇ ਕਾਤਲ ਹੀ ਵਿਦੇਸ਼ਾਂ ਤੋਂ ਭਾਰਤ ਵਿਚ ਵਾਪਸ ਲਿਆਂਦੇ ਜਾਣ ਦੀ ਵਿਵਸਥਾ ਹੈ।

# ਮਨੁੱਖੀ ਹੱਕ ਕਮਿਸ਼ਨ ਨੇ ਲਿਆ ਵਿਕਰਮ ਕੇਸ ਦਾ ਨੋਟਿਸ

**ਚੰਡੀਗੜ੍ਹ:** ਆਜ਼ਾਦੀ ਦਿਵਸ ਮੌਕੇ ਈਸੜੂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲ ਜੁੱਤੀ ਸੁੱਟਣ ਵਾਲੇ ਵਿਕਰਮ ਸਿੰਘ ਨੂੰ ਇਨਸਾਫ ਦਿਵਾਉਣ ਲਈ ਭੇਜੀਆਂ ਗਈਆਂ ਵੱਡੀ ਗਿਣਤੀ ਈ-ਮੇਲਾਂ ਤੇ ਚਿੱਠੀਆਂ ਮਗਰੋਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਨ੍ਹਾਂ ਅਪੀਲਾਂ 'ਤੇ ਗ਼ੌਰ ਕਰਦਿਆਂ ਇਸ ਮਾਮਲੇ ਵਿਚ ਦਖ਼ਲ ਦੇਣ ਦਾ ਫੈਸਲਾ ਕੀਤਾ ਹੈ।

ਕਮਿਸ਼ਨ ਵੱਲੋਂ ਨੌਂ ਸਤੰਬਰ ਨੂੰ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਜਾਵੇਗੀ। ਕਿਸੇ ਮਾਮਲੇ 'ਤੇ ਕਮਿਸ਼ਨ ਨੂੰ ਪਹਿਲੀ ਵਾਰੀ ਏਨੀ ਵੱਡੀ ਗਿਣਤੀ ਵਿਚ ਅਪੀਲਾਂ ਭੇਜੀਆਂ ਗਈਆਂ ਹਨ। ਇਨ੍ਹਾਂ ਅਪੀਲਾਂ ਵਿਚ ਸਿਰਫ਼ ਦੋ ਜਾਂ ਤਿੰਨ ਫਿਕਰੇ ਲਿਖੇ ਹਨ, ਜਿਨ੍ਹਾਂ ਵਿਚ ਨੌਜਵਾਨ ਦੀ ਤੁਰੰਤ ਰਿਹਾਈ ਤੇ ਪਰਿਵਾਰ ਉੱਤੇ ਪੁਲਿਸ ਵਧੀਕੀਆਂ ਰੋਕਣ ਦੀ ਮੰਗ ਕੀਤੀ ਹੈ। ਇਹ ਅਪੀਲਾਂ ਭਾਵੇਂ 16 ਅਗਸਤ ਤੋਂ ਭੇਜੀਆਂ ਜਾ ਰਹੀਆਂ ਸਨ ਪਰ ਕਮਿਸ਼ਨ ਨੇ ਹਾਲੇ ਤੱਕ ਇਸ ਦਾ ਨੋਟਿਸ ਨਹੀਂ ਸੀ ਲਿਆ।

ਅਪੀਲ ਭੇਜਣ ਵਾਲਿਆਂ ਨੇ ਇਸ ਉੱਤੇ ਆਪਣਾ ਨਾਂ ਤੇ ਪਤਾ ਨਹੀਂ ਲਿਖਿਆ ਹੋਇਆ। ਇਨ੍ਹਾਂ ਅਪੀਲਾਂ ਵਿਚ ਕਿਹਾ ਗਿਆ ਹੈ ਕਿ ਵਿਕਰਮ ਨੇ ਕੋਈ ਅਪਰਾਧੀਆਂ ਵਾਲਾ ਕੰਮ ਨਹੀਂ ਕੀਤਾ।



ਉਸ ਦੀ ਕਾਰਵਾਈ ਤਾਂ ਮੌਜੂਦਾ ਸਰਕਾਰ ਪ੍ਰਤੀ ਮਹਿਜ਼ ਰੋਹ ਦਾ ਪ੍ਰਗਟਾਵਾ ਸੀ। ਕੁਝ ਈ-ਮੇਲਜ਼ ਵਿਚ ਬਹੁਤ ਮੰਦੀ ਭਾਸ਼ਾ ਵਰਤੀ ਗਈ ਹੈ, ਜਿਨ੍ਹਾਂ ਨੂੰ ਕਮਿਸ਼ਨ ਰਿਕਾਰਡ 'ਤੇ ਨਹੀਂ ਲਿਆਵੇਗਾ। ਜਦੋਂਕਿ ਕੁਝ ਵਿਚ ਤਾਂ ਕਮਿਸ਼ਨ 'ਤੇ ਦੋਸ਼ ਲਾਇਆ ਗਿਆ ਹੈ ਕਿ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਣ ਤੇ ਪੁਲਿਸ ਵੱਲੋਂ ਉਸ ਦੇ ਜੱਦੀ ਪਿੰਡ ਵਿਚ ਫੈਲਾਈ ਦਹਿਸ਼ਤ ਦੇ ਬਾਵਜੂਦ ਕਮਿਸ਼ਨ ਸਾਰਾ ਕੁਝ ਮੂਕ ਦਰਸ਼ਕ ਬਣ ਕੇ ਦੇਖ ਰਿਹਾ।

ਇਸ ਤੋਂ ਇਲਾਵਾ ਕਮਿਸ਼ਨ ਕੋਲ ਤਿੰਨ ਦਰਜਨ ਲੋਕਾਂ ਨੇ ਜਨਹਿੱਤ ਪਟੀਸ਼ਨਾਂ ਦਾਇਰ ਕਰਕੇ ਵਿਕਰਮ ਨੂੰ ਜੇਲ੍ਹ ਵਿਚੋਂ ਰਿਹਾਅ ਕਰਾਉਣ ਦਾ ਵਾਸਤਾ ਪਾਇਆ ਹੈ। ਕਮਿਸ਼ਨ ਨੂੰ ਪਹਿਲੀ ਈ-ਮੇਲ 18 ਅਗਸਤ ਨੂੰ ਮਿਲੀ ਸੀ ਤੇ ਉਸ ਤੋਂ ਬਾਅਦ ਹਰਰੋਜ਼ ਤਿੰਨ ਤੋਂ ਚਾਰ ਨਵੀਆਂ ਅਰਜ਼ੀਆਂ ਰਿਹਾਈ ਲਈ ਆ ਰਹੀਆਂ ਹਨ।

ਕਮਿਸ਼ਨ ਕੋਲ ਪੁੱਜੀ ਪਲੇਠੀ ਈ- ਮੇਲ ਵਿਚ ਕਿਹਾ ਗਿਆ ਸੀ ਕਿ ਵਿਕਰਮ ਵੱਲੋਂ ਮੁੱਖ ਮੰਤਰੀ ਵੱਲ ਜੁੱਤੀ ਸੁੱਟਣ ਦਾ ਮਤਲਬ ਭ੍ਰਿਸ਼ਟ ਤੰਤਰ ਵਿਰੁੱਧ ਗੁੱਸਾ ਤੇ ਰੋਸ ਦੱਸਿਆ ਗਿਆ ਹੈ। ਇਸ ਸਿਸਟਮ ਖ਼ਿਲਾਫ਼ ਹੋਰ ਵੀ ਕਈ ਵਿਕਰਮ ਦਿਲ ਵਿਚ ਬਗ਼ਾਵਤ ਕਰੀ ਬੈਠੇ ਹਨ। ਸਰਕਾਰ ਨੂੰ ਇਹ ਵੀ ਚੇਤੇ ਕਰਾਇਆ ਗਿਆ ਹੈ ਕਿ ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਵੱਲ ਜੁੱਤੀ ਵਗਾਹ ਕੇ ਮਾਰਨ ਵਾਲੇ ਪੱਤਰਕਾਰ ਜਰਨੈਲ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ ਤਾਂ ਉਹੋ 'ਕਸੂਰ' ਕਰਨ ਵਾਲੇ ਵਿਕਰਮ ਵਿਰੁੱਧ ਸਖ਼ਤ ਧਰਾਵਾਂ ਲਾ ਕੇ ਜੇਲ੍ਹ ਵਿਚ ਬੰਦ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।

# ਪਾਵਰਕਾਮ ਨੂੰ 17% ਬਿਜਲੀ ਦੇ ਪੈਸੇ ਮਿਲਦੇ ਹੀ ਨਹੀਂ

**ਨਵੀਂ ਦਿੱਲੀ:** ਭਾਰਤ ਦੇ ਕਈ ਖੇਤਰਾਂ ਵਿਚ ਬਿਜਲੀ ਦੀ ਗੰਭੀਰ ਥੁੜ੍ਹ ਦਰਮਿਆਨ ਦੇਸ਼ ਵਿਚ ਖਪਤਕਾਰ ਨੂੰ ਵੇਚੀ ਜਾਣ ਵਾਲੀ 100



ਯੂਨਿਟ ਬਿਜਲੀ ਵਿਚੋਂ ਤਕਰੀਬਨ 25 ਯੂਨਿਟ (25 ਫ਼ੀਸਦੀ) ਦਾ ਭੁਗਤਾਨ ਨਹੀਂ ਮਿਲਦਾ।

ਪੰਜਾਬ ਵਿਚ ਵੇਚੀ ਜਾਣ ਵਾਲੀ ਬਿਜਲੀ ਦਾ 17 ਫ਼ੀਸਦੀ ਭੁਗਤਾਨ ਨਹੀਂ ਹੁੰਦਾ। ਬਿਜਲੀ ਮੰਤਰਾਲੇ ਦੇ ਬਿਜਲੀ ਵਿੱਤ ਨਿਗਮ ਵੱਲੋਂ ਜਾਰੀ ਸੂਬੇ ਦੇ ਬਿਜਲੀ ਪਲਾਂਟਾਂ ਦੇ ਕੰਮਕਾਜ ਦੇ ਪ੍ਰਦਰਸ਼ਨ ਬਾਬਤ ਰਿਪੋਰਟ ਮੁਤਾਬਕ ਵਿੱਤੀ ਵਰ੍ਹੇ 2012-13 ਵਿਚ ਖਪਤਕਾਰਾਂ ਨੂੰ ਸਿੱਧੀ ਬਿਜਲੀ ਵੇਚਣ ਵਿਚ ਕੁੱਲ ਤਕਨੀਕੀ ਤੇ ਕਾਰੋਬਾਰੀ ਨੁਕਸਾਨ (ਏ.ਟੀ. ਐਂਡ ਸੀ. ਨੁਕਸਾਨ) 25.38 ਫ਼ੀਸਦੀ ਦਰਜ ਕੀਤਾ ਗਿਆ। ਏ.ਟੀ. ਐਂਡ ਸੀ. ਨੁਕਸਾਨ ਦਾ ਮਤਲਬ ਸਪਲਾਈ ਕੀਤੀ ਜਾਣ ਵਾਲੀ ਬਿਜਲੀ ਤੇ ਇਸ ਲਈ ਪ੍ਰਾਪਤ ਭੁਗਤਾਨ ਵਿਚ ਫ਼ਰਕ ਹੈ।

ਸਭ ਤੋਂ ਜ਼ਿਆਦਾ ਨੁਕਸਾਨ ਅਰੁਣਾਚਲ ਪ੍ਰਦੇਸ਼ ਵਿਚ ਰਿਹਾ ਜਿਥੇ 60.26 ਫ਼ੀਸਦੀ ਵੇਚੀ ਗਈ ਬਿਜਲੀ ਦੀ ਕੀਮਤ ਵਸੂਲ ਨਹੀਂ ਹੋ ਸਕੀ। ਬਿਹਾਰ ਵਿਚ 54.63 ਫ਼ੀਸਦੀ, ਝਾਰਖੰਡ ਵਿਚ 47.49 ਫ਼ੀਸਦੀ, ਉੜੀਸਾ ਵਿਚ 42.94 ਫ਼ੀਸਦੀ, ਆਸਾਮ ਵਿਚ 31.85 ਫ਼ੀਸਦੀ ਨੁਕਸਾਨ ਦਰਜ ਕੀਤਾ ਗਿਆ। ਉਤਰੀ ਖੇਤਰ ਵਿਚ ਬਿਜਲੀ ਦਾ ਏ.ਟੀ. ਐਂਡ ਸੀ. ਨੁਕਸਾਨ 28.84 ਫ਼ੀਸਦੀ ਦਰਜ ਕੀਤਾ ਗਿਆ।

ਹਰਿਆਣਾ ਦਾ ਏ.ਟੀ. ਐਂਡ ਸੀ. ਨੁਕਸਾਨ 32.55 ਫ਼ੀਸਦੀ, ਹਿਮਾਚਲ ਪ੍ਰਦੇਸ਼ ਦਾ 9.53 ਫ਼ੀਸਦੀ, ਪੰਜਾਬ ਦਾ 17.66 ਫ਼ੀਸਦੀ, ਦਿੱਲੀ ਵਿਚ 15.22 ਫ਼ੀਸਦੀ ਤੇ ਰਾਜਸਥਾਨ ਦਾ 20 ਫ਼ੀਸਦੀ ਰਿਹਾ। ਉਤਰ ਪ੍ਰਦੇਸ਼ ਵਿਚ ਇਹ 42.85 ਫ਼ੀਸਦੀ ਤੇ ਉਤਰਾਖੰਡ ਵਿਚ 23.18 ਫ਼ੀਸਦੀ ਰਿਹਾ। ਇਸ ਤੋਂ ਇਲਾਵਾ ਦਖਣੀ ਖੇਤਰ ਵਿਚ ਨੁਕਸਾਨ 17.24 ਫ਼ੀਸਦੀ, ਪੂਰਬ ਖੇਤਰ ਵਿਚ ਸਭ ਤੋਂ ਜ਼ਿਆਦਾ 42.06 ਫ਼ੀਸਦੀ ਤੇ ਪੱਛਮੀ ਖੇਤਰ ਵਿਚ 23.36 ਫ਼ੀਸਦੀ ਰਿਹਾ।

# ਐਨ.ਆਰ.ਆਈ. ਭਰਾ ਵੱਲੋਂ ਰਾਮੂਵਾਲੀਆ 'ਤੇ ਕਬਜ਼ੇ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਉੱਤੇ ਜਾਇਦਾਦ 'ਤੇ ਜਬਰੀ ਕਬਜ਼ਾ ਕਰਨ ਦੇ ਦੋਸ਼ ਲੱਗੇ ਹਨ। ਰਾਮੂਵਾਲੀਆ ਦੇ ਕੈਨੇਡਾ ਵੱਸਦੇ ਭਰਾ ਇਕਬਾਲ ਸਿੰਘ ਰਾਮੂਵਾਲੀਆ ਨੇ ਉਨ੍ਹਾਂ ਉੱਤੇ ਦਿੱਲੀ ਸਥਿਤ ਆਪਣੀ ਮ੍ਰਿਤਕ ਸੱਸ ਦਾ ਫਲੈਟ ਧੋਖੇ ਨਾਲ ਆਪਣੇ ਨਾਂ ਕਰਾਉਣ ਦਾ ਦੋਸ਼ ਲਾਇਆ ਹੈ। ਇਕਬਾਲ ਸਿੰਘ ਨੇ ਇਹ ਵੀ ਦੋਸ਼ ਲਾਇਆ ਹੈ ਕਿ ਸਿਆਸੀ ਦਬਾਅ ਕਾਰਨ ਪੁਲਿਸ ਐਫ.ਆਈ.ਆਰ. ਦਰਜ ਕਰਨ ਤੋਂ ਟਾਲਾ ਵੱਟ ਰਹੀ ਹੈ। ਦੋ ਸਾਲ ਪਹਿਲਾਂ ਵੀ ਇਕਬਾਲ ਰਾਮੂਵਾਲੀਆ ਨੇ ਬਲਵੰਤ ਸਿੰਘ ਰਾਮੂਵਾਲੀਆ ਉੱਤੇ ਪਰਿਵਾਰ ਦੀ ਜੱਦੀ ਜਾਇਦਾਦ ਹੜੱਪਣ ਦੇ ਦੋਸ਼ ਲਾਏ ਸਨ।

ਇਕਬਾਲ ਨੇ ਦੋਸ਼ ਲਾਇਆ ਕਿ ਉਸ ਦੀ ਮ੍ਰਿਤਕ ਸੱਸ ਮੁਖ਼ਤਿਆਰ ਕੌਰ ਦਾ ਦਿੱਲੀ ਸਥਿਤ ਫਲੈਟ ਬਲਵੰਤ ਸਿੰਘ ਰਾਮੂਵਾਲੀਆ ਨੇ ਧੋਖੇ ਨਾਲ ਆਪਣੇ ਨਾਂ ਲੁਆ ਲਿਆ ਹੈ ਜਦੋਂ ਕਿ ਇਸ ਜਾਇਦਾਦ ਦੀ ਰਜਿਸਟਰਡ ਵਸੀਅਤ ਉਨ੍ਹਾਂ ਦੀ ਪਤਨੀ ਸੁੱਖਸਾਗਰ ਕੌਰ ਦੇ ਨਾਂ ਹੈ। ਸੁੱਖਸਾਗਰ ਵੱਲੋਂ ਦਿੱਲੀ ਦੇ ਵਸੰਤ ਵਿਹਾਰ ਥਾਣੇ ਵਿਚ 13 ਮਈ ਨੂੰ ਸ਼ਿਕਾਇਤ ਦਿੱਤੀ ਗਈ ਸੀ, ਜਿਸ 'ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। ਪੁਲਿਸ ਸਿਆਸੀ ਦਬਾਅ ਹੇਠ ਆ ਚੁੱਕੀ ਹੈ ਤੇ ਹੁਣ ਉਨ੍ਹਾਂ ਕੋਲ ਦਿੱਲੀ ਹਾਈ ਕੋਰਟ ਵਿਚ ਅਪੀਲ ਦਾਇਰ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ ਹੈ। ਉਨ੍ਹਾਂ ਨੇ ਸਤੰਬਰ ਦੇ ਪਹਿਲੇ ਹਫ਼ਤੇ ਆਪਣੇ ਭਰਾ ਖ਼ਿਲਾਫ਼ ਜੰਤਰ ਮੰਤਰ ਵਿਖੇ ਧਰਨਾ ਦੇਣ ਦੀ ਧਮਕੀ ਦੇ ਦਿੱਤੀ। ਇਕਬਾਲ ਸਿੰਘ ਰਾਮੂਵਾਲੀਆ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਬਲਵੰਤ ਰਾਮੂਵਾਲੀਆ ਨੇ 1989 ਵਿਚ ਸ੍ਰੀਮਤੀ ਮੁਖ਼ਤਿਆਰ ਕੌਰ ਕੋਲ ਪਹੁੰਚ ਕਰਕੇ ਉਸ ਨੂੰ ਦਿੱਲੀ ਡਿਵੈਲਪਮੈਂਟ ਅਥਾਰਟੀ ਤੋਂ ਅੰਗਹੀਣ ਕੋਟੇ ਵਿਚ ਇਕ ਫਲੈਟ ਦਿਵਾਉਣ ਦੀ ਪੇਸ਼ਕਸ਼ ਕੀਤੀ ਸੀ।

ਮੁਖ਼ਤਿਆਰ ਕੌਰ ਦਾ ਬੇਟਾ ਤੇ ਉਨ੍ਹਾਂ ਦਾ ਸਾਲਾ ਸੁੱਖਸਾਗਰ ਸਿੰਘ ਮੰਦਬੁੱਧੀ ਹੈ। ਫਲੈਟ ਵਾਸਤੇ ਮੁਖ਼ਤਿਆਰ ਕੌਰ ਨੇ ਬਲਵੰਤ ਸਿੰਘ ਰਾਮੂਵਾਲੀਆ ਨੂੰ ਪੈਸੇ ਵੀ ਦੇ ਦਿੱਤੇ ਸਨ। ਫਲੈਟ ਅਲਾਟ ਹੋਣ ਤੋਂ ਬਾਅਦ ਇਸ ਦੇ ਮੁੱਖ ਦਰਵਾਜ਼ੇ 'ਤੇ ਮਾਲਕਣ ਮੁਖ਼ਤਿਆਰ ਕੌਰ ਦੇ ਨਾਂ ਦੀ ਤਖ਼ਤੀ ਵੀ ਲੁਆ ਦਿੱਤੀ ਗਈ ਸੀ। ਇਥੋਂ ਤੱਕ ਕਿ ਉਹ ਸਾਰਾ ਪਰਿਵਾਰ ਭਾਰਤ ਫੇਰੀ ਵੇਲੇ ਇਸੇ ਫਲੈਟ ਵਿਚ ਠਹਿਰਦੇ ਰਹੇ ਹਨ।

ਉਨ੍ਹਾਂ ਦੱਸਿਆ ਕਿ ਫਲੈਟ ਦੀ ਅਸਲੀਅਤ ਬਾਰੇ ਉਨ੍ਹਾਂ ਨੂੰ ਉਦੋਂ ਪਤਾ ਲੱਗਿਆ ਜਦੋਂ ਚਾਰੋਂ ਰਾਮੂਵਾਲੀਆ ਭਰਾਵਾਂ ਦਾ ਜੱਦੀ ਜ਼ਮੀਨ ਨੂੰ ਲੈ ਕੇ ਆਪਸੀ ਰੌਲਾ ਪੈ ਗਿਆ ਸੀ। ਇਕਬਾਲ ਨੇ ਦਾਅਵਾ ਕੀਤਾ ਕਿ ਬਲਵੰਤ ਰਾਮੂਵਾਲੀਆ ਨੇ ਫਲੈਟ ਦੀ ਪਾਵਰ ਆਫ ਅਟਾਰਨੀ ਹਾਸਲ ਕਰਨ ਵਾਸਤੇ ਮੁਖ਼ਤਿਆਰ ਕੌਰ ਦੇ ਜਾਅਲੀ ਦਸਤਖ਼ਤ ਕੀਤੇ। ਉਨ੍ਹਾਂ ਨੇ ਸਬੂਤ ਪੇਸ਼ ਕਰਦਿਆਂ ਕਿਹਾ ਕਿ ਮੁਖ਼ਤਿਆਰ ਕੌਰ ਨੂੰ ਹਿੰਦੀ ਭਾਸ਼ਾ ਦਾ ਗਿਆਨ ਨਹੀਂ ਸੀ ਜਦੋਂਕਿ ਉਸ ਦੇ ਦਸਤਖ਼ਤ ਹਰੇਕ ਥਾਂ ਹਿੰਦੀ ਵਿਚ ਕੀਤੇ ਗਏ ਹਨ। ਇਸ ਤੋਂ ਇਲਾਵਾ ਸੁੱਖਸਾਗਰ ਸਿੰਘ ਦਾ ਅਪੰਗਤਾ ਦਾ ਜਿਹੜਾ ਸਰਟੀਫ਼ਿਕੇਟ ਤਿਆਰ ਕੀਤਾ ਗਿਆ ਹੈ ਉਸ 'ਤੇ ਸੁਖਸਾਗਰ ਦੀ ਥਾਂ ਕਿਸੇ ਹੋਰ ਦੀ ਤਸਵੀਰ ਲਾਈ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸਾਰੇ ਦਸਤਾਵੇਜ਼ ਦਿੱਲੀ ਵਿਕਾਸ ਅਥਾਰਟੀ ਤੋਂ ਆਰ.ਟੀ.ਆਈ. ਤਹਿਤ ਹਾਸਲ ਕੀਤੇ ਹਨ।



## ਦੋਸ਼ਾਂ 'ਚ ਕੋਈ ਸੱਚਾਈ ਨਹੀਂ: ਰਾਮੂਵਾਲੀਆ

ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਫਲੈਟ 1992 ਵਿਚ ਮੁਖ਼ਤਿਆਰ ਕੌਰ ਤੋਂ ਖ਼ਰੀਦਿਆ ਸੀ। ਉਨ੍ਹਾਂ ਨੇ ਆਪਣੇ 'ਤੇ ਲਾਏ ਦੋਸ਼ਾਂ ਨੂੰ ਸੌ ਫ਼ੀਸਦੀ ਨਿਰਮੂਲ ਦੱਸਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਇਕਬਾਲ ਸਿੰਘ ਖ਼ਿਲਾਫ਼ ਹੱਤਕ-ਇੱਜ਼ਤ ਦਾ ਕੇਸ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਇਕਬਾਲ ਨੇ ਸਹੁਰਿਆਂ ਦੀ ਜਾਇਦਾਦ 'ਤੇ ਕਬਜ਼ਾ ਕਰਨ ਲਈ ਆਪਣੇ ਸਾਲੇ ਨੂੰ 25 ਅਗਸਤ 1981 ਨੂੰ ਬੇਦਖ਼ਲ ਕਰਾ ਦਿੱਤਾ ਸੀ।


## ਭੁੱਲ ਦੀ ਸੋਧ

ਪੰਜਾਬ ਟਾਈਮਜ਼ ਦੇ ਪਿਛਲੇ ਅੰਕ ਵਿਚ 'ਹਰੀ ਸਿੰਘ ਨਲਵਾ ਦੁਨੀਆਂ ਦਾ ਸਭ ਤੋਂ ਮਹਾਨ ਜਰਨੈਲ' ਸਿਰਲੇਖ ਹੇਠ ਲੱਗੀ ਖਬਰ ਵਿਚ ਸਰਦਾਰ ਹਰੀ ਸਿੰਘ ਨਲਵਾ ਦੀ ਥਾਂ ਗਲਤੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਤਸਵੀਰ ਲੱਗ ਗਈ। ਇਸ ਗਲਤੀ ਲਈ ਪਾਠਕਾਂ ਤੋਂ ਖਿਮਾ ਦੇ ਜਾਚਕ ਹਾਂ।

*-ਅਦਾਰਾ ਪੰਜਾਬ ਟਾਈਮਜ਼*

# ਬਿਸਮਿਲ ਦੀ ਆਤਮ ਕਥਾ: ਉਸ ਦੀ ਮਾਂ ਤੇ ਅਸ਼ਫਾਕ ਉਲਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਸਾਹਮਣੇ ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ ਦੀ ਆਤਮ ਕਥਾ ਦਾ ਤੀਜਾ ਐਡੀਸ਼ਨ ਪਿਆ ਹੈ। ਪਹਿਲਾ ਐਡੀਸ਼ਨ 1998 ਵਿਚ ਛਪਿਆ ਸੀ ਤੇ ਦੂਜਾ 2005 ਵਿਚ। ਪੰਜਾਬੀ ਵਿਚ ਕਿਸੇ ਪੁਸਤਕ ਦਾ ਇਸ ਪ੍ਰਕਾਰ ਧੜਾ-ਧੜ ਵਿਕਣਾ ਆਮ ਗੱਲ ਨਹੀਂ। ਬਿਸਮਿਲ ਦੇ ਪੁਰਖੇ ਚੰਬਲ ਵਾਦੀ ਦੇ ਉਸ ਖੇਤਰ ਤੋਂ ਸਨ ਜੋ ਸਮੇਂ ਦੀਆਂ ਸਰਕਾਰਾਂ ਨੂੰ ਲਗਾਨ ਵੀ ਨਹੀਂ ਸਨ ਦਿੰਦੇ। ਸਰਕਾਰੀ ਛਾਪੇ ਦੀ ਸੂਰਤ 'ਚ ਬੀਹੜ ਨਾਂ ਦੇ ਡਰਾਉਣੇ ਜੰਗਲ ਵਿਚ ਮਹੀਨਿਆਂ ਬੱਧੀ ਵੜੇ ਰਹਿੰਦੇ। ਮਾਲ ਡੰਗਰ ਵੀ ਨਾਲ ਲੈ ਜਾਂਦੇ। ਪਿੱਛੇ ਕੋਈ ਅਜਿਹੀ ਵਸਤ ਨਹੀਂ ਸਨ ਛਡਦੇ ਜਿਸ ਨੂੰ ਨੀਲਾਮ ਕਰਕੇ ਲਗਾਨ ਦੇ ਪੈਸੇ ਪੂਰੇ ਹੁੰਦੇ।

ਰਾਮ ਪ੍ਰਸ਼ਾਦ ਵੀ ਘਟ ਵਿਗੜਿਆ ਹੋਇਆ ਨੌਜਵਾਨ ਨਹੀਂ ਸੀ। ਚੋਰੀ-ਚੱਕਾਰੀ, ਮਾਰ-ਕੁਟਾਈ ਤੇ ਗੁਰਪਬਾਜ਼ੀ ਜਾਂ ਅਸਲਾ ਜਮ੍ਹਾ ਕਰਨ ਦੀ ਬਿਰਤੀ ਤੋਂ ਬਾਜ਼ ਨਹੀਂ ਸੀ ਆਉਂਦਾ। ਦਾਦਾ-ਦਾਦੀ ਤੇ ਪਿਤਾ ਦੀ ਗੱਲ ਨਾ ਮੰਨਦਾ। ਕੇਵਲ ਮਾਂ ਹੀ ਸੀ ਜੋ ਉਸ ਨੂੰ ਖੁੱਲ੍ਹਾਂ ਦਿੰਦੀ। ਉਹ ਆਪਣੀ ਮਾਂ ਮੂਲਮਤੀ ਦੇਵੀ ਦਾ ਪੁੱਤ ਸੀ। ਮਾਂ ਜਿਹੜੀ ਪਤੀ ਕੋਲੋਂ ਝਿੜਕਾਂ ਤੇ ਮਾਰ ਖਾ ਕੇ ਵੀ ਪੁੱਤ ਨੂੰ ਹੱਲਾ ਸ਼ੇਰੀ ਤੇ ਪੈਸੇ ਦਿੰਦੀ ਰਹਿੰਦੀ, ਇਹ ਕਹਿ ਕੇ "ਜੋ ਤੈਨੂੰ ਚੰਗੇ ਲੱਗੇ ਕਰ ਪਰ ਇਹ ਕਰਨਾ ਠੀਕ ਨਹੀਂ। ਇਸ ਦਾ ਨਤੀਜਾ ਠੀਕ ਨਹੀਂ ਹੋਵੇਗਾ।" ਪੁੱਤਰ ਮਾਂ ਤੋਂ ਕਦੀ ਵੀ ਨਾ ਡੋਲਣ ਦਾ ਵਰ ਮੰਗਦੇ ਸਮੇਂ ਇਹ ਭਰੋਸਾ ਦਿੰਦਾ, "ਤੁਹਾਡਾ ਪੁੱਤਰ ਮਾਂਵਾਂ ਦੀ ਮਾਂ- ਭਾਰਤ ਮਾਂ ਦੀ ਸੇਵਾ ਵਿਚ ਬਲੀਦਾਨ ਦੇਵੇਗਾ ਤੇ ਕਿਸੇ ਹਾਲਤ ਵਿਚ ਵੀ ਤੁਹਾਡੀ ਕੁੱਖ ਨੂੰ ਦਾਗ ਨਹੀਂ ਲੱਗਣ ਦਿੰਦਾ!" ਗਿਆਰਾਂ ਵਰ੍ਹੇ ਦੀ ਉਮਰ ਵਿਚ ਵਿਆਹੀ ਉਸ ਦੀ ਮਾਂ ਨੇ ਘਰ ਦਾ ਸਾਰਾ ਕੰਮ ਹੀ ਨਹੀਂ ਸਾਂਭਿਆ, ਆਪਣੇ ਪਿੰਡ ਦੀਆਂ ਪੜ੍ਹੀਆਂ ਲਿਖੀਆਂ ਮਹਿਲਾਵਾਂ ਤੋਂ ਵਿਦਿਆ ਵੀ ਪ੍ਰਾਪਤ ਕੀਤੀ। ਉਹ ਪੁੱਤ ਨੂੰ ਭਗਵਤ ਗੀਤਾ ਦੇ ਉਪਦੇਸ਼ਾਂ ਤੋਂ ਬਿਨਾ ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਦੇ ਅੰਸ਼ ਵੀ ਦੱਸਦੀ, ਖਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਾਰੇ ਸਾਹਿਬਜ਼ਾਦਿਆਂ ਦੀ ਦਾਸਤਾਨ।

ਇਸ ਆਤਮ ਕਥਾ ਦੇ ਸਾਰੇ ਵੇਰਵੇ ਦੇਣੇ ਤਾਂ ਸੌਖੇ ਨਹੀਂ ਪਰ ਰਾਮ ਪ੍ਰਸ਼ਾਦ ਦੀ ਜੀਵਨ ਘਾਲਣਾ ਦੇ ਕੁਝ ਅੰਸ਼ ਹਾਜ਼ਰ ਹਨ। ਸਵੇਰੇ ਉਠ ਪਾਠ ਕਰਨਾ, ਸਕੂਲ ਦਾ ਨਿਤਨੇਮ ਪਾਲਣਾ, ਰੋਜ਼ਾਨਾ ਵਰਜਿਸ਼ ਕਰਨਾ, ਰਾਤ ਨੂੰ ਘੱਟ ਖਾਣਾ ਤੇ ਜਲਦੀ ਸੌਣਾ ਉਸ ਨੇ ਮਾਂ ਕੋਲੋਂ ਹੀ ਸਿੱਖਿਆ ਸੀ। ਮਾਂ ਨੇ ਉਸ ਨੂੰ ਆਰੀਆ ਕੁਮਾਰ (ਨੌਜਵਾਨ) ਸਭਾ ਦਾ ਮੈਂਬਰ ਬਣਨੋਂ ਤਾਂ ਕੀ ਰੋਕਣਾ ਸੀ, ਜਦੋਂ ਉਸ ਦਾ ਪੁੱਤ ਪਿਤਾ ਵਲੋਂ ਵਰਜੇ ਜਾਣ ਦੇ ਬਾਵਜੂਦ ਲਖਨਾਊ ਵਿਖੇ ਲੋਕਮਾਨੀਆ ਬਾਲ ਗੰਗਾਧਰ ਤਿਲਕ ਦੇ ਸਵਾਗਤ ਸਮੇਂ ਨਰਮ ਦਲੀਏ ਕਾਂਗਰਸੀਆਂ ਨੂੰ ਪਛਾੜ ਕੇ ਆਪਣੀ ਕ੍ਰਾਂਤੀਕਾਰੀ ਜਥੇਬੰਦੀ ਵਲੋਂ ਸਵਾਗਤ ਕਰਾਉਣ ਵਿਚ ਸਫਲ ਹੋ ਕੇ ਪਰਤਿਆ ਤਾਂ ਮਾਂ ਨੇ ਉਸ ਦਾ ਮੱਥਾ ਚੁੰਮਿਆ। ਉਹ ਜਦੋਂ ਵੀ ਹਥਿਆਰ ਖਰੀਦ ਕੇ ਲਿਆਉਂਦਾ ਤੇ ਕੇਵਲ ਏਨਾ ਹੀ ਕਹਿੰਦੀ ਕਿ ਕੁਝ ਵੀ ਹੋ ਜਾਏ ਕਿਸੇ ਦੀ ਜਾਨ ਨਹੀਂ ਲੈਣੀ।

ਸ਼ਾਇਦ ਇਹੀਓ ਕਾਰਨ ਸੀ ਕਿ ਕਾਕੋਰੀ ਰੇਲਵੇ ਡਕੈਤੀ ਦੀ ਸਾਜ਼ਿਸ਼ ਸਮੇਂ ਪੂਰੀ ਜਥੇਬੰਦੀ ਨੂੰ ਇਹ ਪੱਕੀ ਹਦਾਇਤ ਸੀ ਕਿ ਪੈਸੇ ਹੀ ਲੁੱਟੇ ਜਾਣ ਤੇ ਕਿਸੇ ਨੂੰ ਗੋਲੀ ਨਾ ਮਾਰੀ ਜਾਵੇ। ਉਨ੍ਹਾਂ ਨੂੰ ਇਹ ਪੈਸੇ ਐਸ਼ ਕਰਨ ਲਈ ਨਹੀਂ ਹਥਿਆਰ ਖਰੀਦਣ ਲਈ ਚਾਹੀਦੇ ਸਨ। ਭਾਵੇਂ ਬਿਸਮਿਲ ਕਵਿਤਾ ਲਿਖਣ ਦਾ ਸ਼ੌਕ ਰਖਦਾ ਸੀ ਪਰ ਪੈਸੇ ਲਈ ਉਸ ਨੇ ਕੁਝ ਪੁਸਤਕਾਂ ਅਨੁਵਾਦ ਵੀ ਕੀਤੀਆਂ ਤੇ 'ਮਨ ਦੀ ਲਹਿਰ', 'ਬਾਲਸ਼ੇਵਿਕਾਂ ਦੀ ਕਰਤੂਤ' 'ਕ੍ਰਾਂਤੀਕਾਰੀ ਜੀਵਨ' ਤੇ ਰੂਸੀ ਕ੍ਰਾਂਤੀ ਦੀ ਨਕੜ ਦਾਦੀ 'ਕੈਥਰਾਈਨਾ' ਆਦਿ ਪੁਸਤਕਾਂ ਵੀ ਲਿਖੀਆਂ।

ਇਸ ਤੋਂ ਬਿਨਾਂ ਉਸ ਨੇ ਇਕ ਰੇਸ਼ਮੀ ਕਪੜੇ ਬਣਾਉਣ ਦਾ ਕਾਰਖਾਨਾ ਵੀ ਖੋਲ੍ਹਿਆ ਜਿਹੜਾ ਉਸ ਦੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਸੀ। ਪਰ ਉਤਰ ਪ੍ਰਦੇਸ਼ ਦੇ ਕ੍ਰਾਂਤੀਕਾਰੀਆਂ ਵੱਲੋਂ ਮੁੜ ਨਵੀਂ ਜਥੇਬੰਦੀ ਸ਼ੁਰੂ ਕਰਨ ਦਾ ਸੱਦਾ ਮਿਲਣ 'ਤੇ ਕਾਰਖਾਨਾ ਆਪਣੇ ਸਾਂਝੀ ਨੂੰ ਸੌਂਪ ਕੇ ਉਧਰ ਨੂੰ ਤੁਰ ਪਿਆ। ਇਹ ਉਹ ਸਮਾਂ ਸੀ ਜਦੋਂ ਰੂਸ ਵਿਚ ਕ੍ਰਾਂਤੀ ਆ ਚੁੱਕੀ ਸੀ ਤੇ ਅਮਰੀਕਾ ਤੋਂ ਗਦਰ ਲਹਿਰ ਦਾ ਅਰੰਭ ਹੋ ਚੁੱਕਾ ਸੀ। ਦਸ ਕੁ ਸਾਥੀਆਂ ਨੇ ਮਿਲ ਕੇ ਸਹਾਰਨਪੁਰ ਤੋਂ ਲਖਨਊ ਨੂੰ ਜਾਣ ਵਾਲੀ ਗੱਡੀ ਦਾ ਕਾਕੋਰੀ ਸਟੇਸ਼ਨ 'ਤੇ ਗੱਡੀ ਵਿਚੋਂ ਪੈਸੇ ਵਾਲਾ ਸੰਦੂਕ ਲਾਹ ਕੇ ਤੋੜਿਆ। ਪਰ ਕੁਝ ਭੁੱਲਾਂ ਕਾਰਨ




*ਰਾਮ ਪ੍ਰਸ਼ਾਦ ਬਿਸਮਿਲ*

ਸਾਰੇ ਦੋਸ਼ੀ ਫੜੇ ਗਏ। ਜਿੱਥੇ ਬਨਵਾਰੀ ਲਾਲ ਨਾਂ ਦੇ ਸਾਥੀ ਨੇ ਪੁਲਿਸ ਨਾਲ ਰਲ ਕੇ ਅਤਿਅੰਤ ਨਾਂਹ ਪੱਖੀ ਰੋਲ ਅਦਾ ਕੀਤਾ। ਅਸ਼ਫਾਕ ਉਲਾ ਨੇ ਮੱਲੋ-ਮਲੀ ਜਥੇਬੰਦੀ ਵਿਚ ਘੁਸ ਕੇ ਅਜਿਹੀ ਦਲੇਰੀ ਨਾਲ ਕ੍ਰਾਂਤੀਕਾਰੀਆਂ ਦਾ ਸਾਥ ਦਿੱਤਾ ਕਿ ਰਾਮ ਪ੍ਰਸ਼ਾਦ ਬਿਸਮਿਲ ਵੀ ਹੈਰਾਨ ਰਹਿ ਗਿਆ। ਗੋਰਖਪੁਰ ਦੀ ਜੇਲ੍ਹ ਵਿਚ 19 ਦਸੰਬਰ 1929 ਨੂੰ ਫਾਂਸੀ ਉਤੇ ਲਟਕਾਏ ਜਾਣ ਵਾਲਿਆਂ ਵਿਚ ਅਸ਼ਫਾਕ ਉਲਾ ਰਾਮ ਪ੍ਰਸ਼ਾਦ ਦਾ ਮੱਦਾਹ ਹੀ ਨਹੀਂ ਉਸ ਨਾਲੋਂ ਉਮਰ ਵਿਚ ਵੀ ਛੋਟਾ ਸੀ। ਬਿਸਮਿਲ ਨੇ ਆਪਣੀ ਆਤਮ ਕਥਾ ਵਿਚ ਇਸ ਗੱਲ ਦਾ ਜ਼ਿਕਰ ਉਚੇਚੇ ਤੌਰ ਉਤੇ ਕੀਤਾ ਹੈ ਕਿ ਜੇ ਅਸ਼ਫਾਕ ਉਲਾ ਖਾਂ ਵਰਗਾ ਕੱਟੜ ਮੁਸਲਮਾਨ ਕ੍ਰਾਂਤੀ ਦਾ ਮਾਰਗ ਅਪਨਾਉਣ ਵਿਚ ਕੱਟੜ ਆਰੀਆ ਸਮਾਜੀ ਰਾਮ ਪ੍ਰਸ਼ਾਦ ਦੀ ਸੱਜੀ ਬਾਂਹ ਬਣ ਸਕਦਾ ਸੀ ਤਾਂ ਉਨ੍ਹਾਂ ਦੇ ਦੇਸ਼ ਨੇ ਹਰ ਹੀਲੇ ਸੁਤੰਤਰ ਹੋਣਾ ਸੀ। ਉਸ ਵੇਲੇ ਦੇ ਹਿੰਦੂ ਮੁਸਲਮਾਨਾਂ ਵਿਚ ਸੁਤੰਤਰਤਾ ਦੀ ਭਾਵਨਾ ਏਨੀ ਪ੍ਰਬਲ ਸੀ ਕਿ ਉਹ ਹਰ ਤਰ੍ਹਾਂ ਦੇ ਭੇਦ ਮਿਟਾ ਕੇ ਅੰਗਰੇਜ਼ਾਂ ਨੂੰ ਆਪਣੇ ਦੇਸ਼ ਵਿਚੋਂ ਕੱਢਣਾ ਚਾਹੁੰਦੇ ਸਨ। ਪੁਸਤਕ ਵਿਚ ਪੰਡਤ ਚੰਪਾ ਲਾਲ ਜੇਲ੍ਹਰ ਦਾ ਵੀ ਚੰਗਾ ਜ਼ਿਕਰ ਹੈ ਜਿਹੜਾ ਅੰਗਰੇਜ਼ਾਂ ਦਾ ਨੌਕਰ ਹੋਣ ਦੇ ਬਾਵਜੂਦ ਕਾਕੋਰੀ ਸਾਜ਼ਿਸ਼ ਕੇਸ ਦਾ ਸਾਰੇ ਕ੍ਰਾਂਤੀਕਾਰੀ ਨੌਜਵਾਨਾਂ ਨਾਲ ਆਪਣੇ ਬੱਚਿਆਂ ਵਰਗਾ ਪਿਆਰ ਜਤਾਉਂਦਾ ਸੀ।

ਏਨੇ ਥੋੜ੍ਹੇ ਸਮੇਂ ਵਿਚ ਤੀਜਾ ਐਡੀਸ਼ਨ ਹੋਣ ਵਾਲੀ ਇਸ ਪੁਸਤਕ ਦੇ ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ ਤੇ ਬਲਬੀਰ ਲੌਂਗੋਵਾਲ ਹਨ। ਸੰਪਾਦਕਾਂ ਨੇ ਅੰਤਿਕਾ ਵਜੋਂ ਮਾਂ-ਬਾਪ ਦੀ ਆਖਰੀ ਮੁਲਾਕਾਤ ਦਾ ਦ੍ਰਿਸ਼ ਵੀ ਦਰਜ ਕੀਤਾ ਹੈ ਜਿਹੜਾ ਉਨ੍ਹਾਂ ਨੇ ਰਮੇਸ਼ ਵਿਦਰੋਹੀ ਦੀ 'ਅਮਰ ਸ਼ਹੀਦ ਭਗਤ ਸਿੰਘ ਕੇ ਸਾਥੀ ਮਹਾਨ ਕ੍ਰਾਂਤੀਕਾਰੀ ਸ਼ਿਵ ਵਰਮਾ' ਪੁਸਤਕ ਵਿਚੋਂ ਲਿਆ ਹੈ। ਮੁਲਾਕਾਤ ਸਮੇਂ ਸ਼ਿਵ ਵਰਮਾ ਨੇ ਵੀ ਬਿਸਮਿਲ ਨੂੰ ਮਿਲਣਾ ਚਾਹਿਆ ਤਾਂ ਪਿਤਾ ਜੀ ਤਾਂ ਨਾਲ ਲਿਜਾਣਾ ਨਾ ਮੰਨੇ ਪਰ ਮਾਂ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਕੇ ਲੈ ਤੁਰੀ ਤੇ ਪੁਛਣ 'ਤੇ ਕਿਹਾ ਕਿ ਮੇਰਾ ਭਾਣਜਾ ਹੈ। ਦੋਵੇਂ ਅੰਦਰ ਗਏ ਤਾਂ ਮਾਂ ਨੂੰ ਦੇਖ ਕੇ ਰਾਮ ਪ੍ਰਸ਼ਾਦ ਰੋ ਪਿਆ। ਮਾਂ ਦੇ ਮੂੰਹੋਂ 'ਮੈਨੂੰ ਨਹੀਂ ਸੀ ਪਤਾ ਕਿ ਜੀਹਦੇ ਨਾਂ ਤੋਂ ਅੰਗਰੇਜ਼ ਸਰਕਾਰ ਡਰਦੀ ਹੈ ਉਹ ਮੌਤ ਤੋਂ ਏਨਾ ਡਰਦਾ ਹੈ' ਸੁਣ ਕੇ ਪੁੱਤਰ ਬੋਲਿਆ, 'ਇਹ ਅੱਥਰੂ ਮੌਤ ਦੇ ਡਰ ਕਾਰਨ ਨਹੀਂ, ਉਸ ਮਾਂ ਲਈ ਮੋਹ ਦੇ ਹਨ ਜਿਸ ਲਈ ਮੈਂ ਅਰਦਾਸ ਕਰਦਾ ਰਿਹਾ ਹਾਂ ਕਿ ਅਗਲੇ ਜਨਮ ਵਿਚ ਵੀ ਉਸੇ ਦੀ ਕੁੱਖ ਤੋਂ ਜਨਮ ਲਵਾਂ।'

**ਅੰਤਿਕਾ:**

ਹਮ ਸ਼ਹੀਦਾਨੇ ਵਤਨ ਕਾ ਦੀਨੋ ਈਮਾਂ ਔਰ ਹੈ,
ਸਜਦੇ ਕਰਤੇ ਹੈਂ ਹਮੇਸ਼ਾ ਪਾਂਵ ਪਰ ਜੱਲਾਦ ਕੇ।

## ਪੱਤਰਕਾਰ ਨੂੰ ਕਤਲ ਕਰਨ ਵਾਲੇ ਦੋ ਬਾਗ਼ੀਆਂ ਨੂੰ ਮੌਤ ਦੀ ਸਜ਼ਾ

**ਮੋਗਾਦਿਸ਼ੂ:** ਸੋਮਾਲੀਆ ਵਿਚ ਫੌਜੀ ਅਦਾਲਤ ਨੇ ਇਕ ਪੱਤਰਕਾਰ ਨੂੰ ਕਤਲ ਕਰਨ ਦੇ ਜੁਰਮ ਵਿਚ ਇਸਲਾਮੀ ਸ਼ੇਬਾਬ ਦੇ ਦੋ ਬੰਦੂਕਧਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਫਾਇਰਿੰਗ ਦਸਤੇ ਵੱਲੋਂ ਦੋਸ਼ੀਆਂ ਨੂੰ ਤੁਰੰਤ ਸਜ਼ਾ ਦੇਣ ਬਾਰੇ ਪਤਾ ਨਹੀਂ ਲੱਗ ਸਕਿਆ ਹੈ ਪਰ ਸੋਮਾਲੀਆ ਵਿਚ ਮੌਤ ਦੀ ਸਜ਼ਾ ਦਾ ਐਲਾਨ ਹੁੰਦਿਆਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਸੂਚਨਾ ਮੰਤਰੀ ਮੁਸਤਫਾ ਦੁਹੂਲੋਅ ਨੇ ਦੱਸਿਆ ਕਿ ਦੋਵੇਂ ਵਿਅਕਤੀਆਂ ਨੇ ਕਤਲ ਦਾ ਜੁਰਮ ਸਵੀਕਾਰ ਕਰ ਲਿਆ ਸੀ। ਦੋਵੇਂ ਦਹਿਸ਼ਤਗਰਦਾਂ ਨੇ ਲੰਡਨ ਆਧਾਰਤ ਸੋਮਾਲੀ ਭਾਸ਼ਾ ਦੇ ਯੂਨੀਵਰਸਲ ਟੀ.ਵੀ. ਲਈ ਕੰਮ ਕਰਦੇ ਪੱਤਰਕਾਰ ਮੁਹੰਮਦ ਮਹਿਮੂਦ ਟਿਮਾਕੇਡ ਨੂੰ ਅਕਤੂਬਰ 2013 ਵਿਚ ਮਾਰ ਦਿੱਤਾ ਸੀ। ਟਿਮਾਕੇਡ ਦੀ ਕਾਰ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ ਗਈ ਸੀ ਤੇ ਉਸ ਦੀ ਗਰਦਨ, ਛਾਤੀ ਤੇ ਮੋਢਿਆਂ 'ਤੇ ਕਈ ਗੋਲੀਆਂ ਲੱਗੀਆਂ ਸਨ। ਬੰਦੂਕਧਾਰੀਆਂ ਨੇ ਸੁਰੱਖਿਆ ਗਾਰਡ ਨੂੰ ਵੀ ਮਾਰ ਦਿੱਤਾ ਸੀ।

## ਮ੍ਰਿਦੁਲਾ ਸਿਨਹਾ ਨੇ ਗੋਆ ਦੇ ਰਾਜਪਾਲ ਵਜੋਂ ਸਹੁੰ ਚੁੱਕੀ

**ਪਣਜੀ:** ਮੰਨੀ-ਪ੍ਰਮੰਨੀ ਲੇਖਕਾ ਤੇ ਭਾਜਪਾ ਦੀ ਸੀਨੀਅਰ ਆਗੂ ਮ੍ਰਿਦੁਲਾ ਸਿਨਹਾ (71) ਨੇ ਗੋਆ ਦੇ ਰਾਜਪਾਲ ਵਜੋਂ ਸਹੁੰ ਚੁੱਕ ਲਈ ਹੈ। ਬੰਬਈ ਹਾਈ ਕੋਰਟ ਦੇ ਚੀਫ਼ ਜਸਟਿਸ ਮੋਹਿਤ ਸ਼ਾਹ ਨੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ।

ਇਸ ਮੌਕੇ ਗੋਆ ਦੇ ਮੁੱਖ ਮੰਤਰੀ ਮਨੋਹਰ ਪਾਰੀਕਰ ਤੇ ਹੋਰ ਹਸਤੀਆਂ ਵੀ ਰਾਜਭਵਨ ਵਿਚ ਹਾਜ਼ਰ ਸਨ। ਸ੍ਰੀਮਤੀ ਸਿਨਹਾ ਗੋਆ ਦੀ ਪਹਿਲੀ ਮਹਿਲਾ ਰਾਜਪਾਲ ਹਨ। ਵੀ.ਵੀ.ਆਈ. ਹੈਲੀਕਾਪਟਰ ਸੌਦੇ ਵਿਚ ਪੁੱਛਗਿੱਛ ਕਾਰਨ ਬੀ.ਵੀ. ਵਾਨਚੂ ਨੂੰ ਰਾਜਪਾਲ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ।

Philips-66 Truck Stop
Convenience Store
*For Sale or Lease*
11 Pumps, 30 Trucks Parking
Diesel & Gas With Restaurant, Liquor, Lottery
Good Profit Margin
Prime Location (4 States Traffic Area on State Hwy I-44/I-49 in Missouri)
Also available commercial bulding (SCF), partially rented in Mohali, India
Commercial plot in business growing area (in Walmart, Home Office area)
Serious Parties Only, Please.
Contact: 417-825-7602
Email: shaanmann5@gmail.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਬਾਬੇ ਦਾਦੇ ਰੱਬ ਰਜਾ ਦੇ...

*ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਦਾ ਇਹ ਲੇਖ 'ਬਾਬੇ ਦਾਦੇ ਰੱਬ ਰਜਾ ਦੇ...' ਸੁਧੇ ਅਨੁਭਵ ਵਿਚੋਂ ਨਿਕਲਿਆ ਹੈ। ਇਸੇ ਕਰ ਕੇ ਇਹ ਦਿਲਚਸਪ ਵੀ ਬਹੁਤ ਹੈ ਅਤੇ ਬਜ਼ੁਰਗਾਂ ਬਾਰੇ ਬੜੀਆਂ ਸੱਚੀਆਂ-ਸੁੱਚੀਆਂ ਗੱਲਾਂ ਇਸ ਲੇਖ ਦਾ ਹਿੱਸਾ ਬਣੀਆਂ ਹਨ। ਫਿਰ ਵੀ ਸਾਨੂੰ ਜਾਪਦਾ ਹੈ ਕਿ ਬੀਬੀਆਂ ਦੇ ਪੱਖ ਬਾਝੋਂ ਇਹ ਲੇਖ ਅਧੂਰਾ ਹੈ। ਅਸੀਂ ਚਾਹੁੰਦੇ ਹਾਂ ਕਿ ਕੋਈ ਬੀਬੀ ਪਿੜ ਵਿਚ ਨਿੱਤਰੇ ਅਤੇ ਇਸ ਲੇਖ ਨੂੰ ਸੰਪੂਰਨ ਕਰੇ। -ਸੰਪਾਦਕ*

ਮਾਈਆਂ ਨੂੰ ਤਾਂ ਪਹਿਲਾਂ ਤੋਂ ਹੀ ਰੱਬ ਰਜਾਈਆਂ ਕਿਹਾ ਜਾਂਦਾ ਹੈ। ਇਹ ਕਹਿਣਾ ਠੀਕ ਵੀ ਹੈ। ਸਾਰੀ ਉਮਰ ਆਪ ਘੱਟ ਖਾ ਕੇ ਇਹ ਟੱਬਰ ਨੂੰ ਰਜਾਉਂਦੀਆਂ ਹਨ। ਬੁਢਾਪੇ ਵਿਚ ਵੀ ਘਰ ਦੇ ਕੰਮ ਤੋਂ ਰਿਟਾਇਰ ਨਹੀਂ ਹੁੰਦੀਆਂ। ਮੈਂ ਕਈ ਬੀਬੀਆਂ ਨੂੰ ਜਾਣਦਾ ਹਾਂ ਜਿਹੜੀਆਂ ਬਹੁਤ ਉਚੀ ਪੁਜੀਸ਼ਨ ਤੋਂ ਸੇਵਾ ਮੁਕਤ ਹੋ ਕੇ ਵੀ ਬੁੱਢੀ ਅਵਸਥਾ ਵਿਚ ਰੋਟੀ ਪਕਾਉਣ ਅਤੇ ਭਾਂਡੇ ਸਾਫ਼ ਕਰਨ ਨੂੰ ਬੁਰਾ ਨਹੀਂ ਸਮਝਦੀਆਂ। ਸ਼ਾਇਦ ਇਹੀ ਕਾਰਨ ਹੈ ਕਿ ਬਾਬਿਆਂ ਨਾਲੋਂ ਇਨ੍ਹਾਂ ਦੀ ਪੁੱਛ-ਪ੍ਰਤੀਤ ਜ਼ਿਆਦਾ ਹੈ। ਇਕ ਗੱਲ ਹੋਰ ਵੀ ਹੈ।



ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ
ਫੋਨ: 925-683-1982

ਬਾਬੇ/ਦਾਦੇ ਬੱਚਿਆਂ ਨੂੰ ਅਨੁਸ਼ਾਸਨ ਵਿਚ ਰਹਿਣ ਲਈ ਜ਼ੋਰ ਦਿੰਦੇ ਰਹਿੰਦੇ ਹਨ, ਦਾਦੀਆਂ ਪਿਆਰ ਵਿਚ ਬੱਚਿਆਂ ਨੂੰ ਵਿਗਾੜਨ ਤੱਕ ਜਾਂਦੀਆਂ ਹਨ। ਬੱਚਿਆਂ ਨੂੰ ਦਾਦੀਆਂ ਕੋਲ ਮੌਜਾਂ ਹੀ ਮੌਜਾਂ ਹਨ। ਇਸ ਲਈ ਇਹ ਬਾਬਿਆਂ ਤੋਂ ਦੂਰ ਰਹਿ ਕੇ ਹੀ ਰਾਜ਼ੀ ਹਨ। ਵੈਸੇ ਵੀ ਸਿਹਤ ਪੱਖੋਂ ਬਾਬੇ ਬਣਨ ਤੱਕ ਆਦਮੀ, ਔਰਤ ਨਾਲੋਂ ਕਮਜ਼ੋਰ ਹੋ ਜਾਂਦਾ ਹੈ। ਬਹੁਤੇ ਬਾਬਿਆਂ ਨੂੰ ਉਚਾ ਸੁਣਨ ਲੱਗਾ ਜਾਂਦਾ ਹੈ। ਪਰੋਸਟੇਟ ਦਾ ਚੱਕਰ ਬੁੱਢਿਆਂ ਦੇ ਹਿੱਸੇ ਹੀ ਆਇਆ ਹੈ। ਗੰਜਾਪਣ ਵੀ ਆਦਮੀਆਂ ਨੂੰ ਹੀ ਭੁਗਤਣਾ ਪੈਂਦਾ ਹੈ। ਯਾਦਾਸ਼ਤ ਵੀ ਡਗਮਗਾ ਜਾਂਦੀ ਹੈ। ਸਟਰੋਕ ਅਤੇ ਦਿਲ ਦਾ ਦੌਰਾ ਵੀ ਔਰਤਾਂ ਦੇ ਮੁਕਾਬਲੇ ਆਦਮੀਆਂ ਨੂੰ ਜ਼ਿਆਦਾ ਹੁੰਦਾ ਹੈ। ਬਾਬਿਆਂ ਦੀ ਇਕ ਨਵੀਂ ਤਕਲੀਫ਼ ਜੋ ਮੈਨੂੰ ਪਿਛਲੇ ਦਿਨਾਂ ਵਿਚ ਹੋਈ, ਉਸ ਦਾ ਨਾਂ ਹੈ- ਡਿਊਪੇਟਰਨ ਕਨਟਰੈਕਟਰ (dupuytren contracture), ਭਾਵ ਹਥੇਲੀ ਅਤੇ ਛੋਟੀਆਂ ਦੋ ਉਂਗਲੀਆਂ ਦਾ ਖਿੱਚੇ ਜਾਣਾ। ਮੁੱਠੀ ਬੰਦ ਨਹੀਂ ਹੁੰਦੀ। ਸਰਜਰੀ ਪਿਛੋਂ ਮੇਰੀ ਸਰਜਨ ਨੇ ਦੱਸਿਆ ਕਿ ਇਹ ਔਖਿਆਈ ਬਹੁਤ ਹੱਦ ਤੱਕ ਆਦਮੀਆਂ ਦੇ ਹਿੱਸੇ ਹੀ ਆਈ ਹੈ।

ਇਨ੍ਹਾਂ ਊਣਤਾਈਆਂ ਅਤੇ ਬਾਹਰ ਕੰਮ ਕਰ ਕੇ ਕੋਈ ਕਮਾਈ ਨਾ ਲਿਆਉਣ ਦੀ ਹਾਲਤ ਵਿਚ ਬਾਬੇ/ਦਾਦੇ ਬੋਝ ਲੱਗਣ ਲੱਗ ਪੈਂਦੇ ਹਨ। ਇਸ ਦੇ ਨਾਲ-ਨਾਲ ਇਕ ਹੋਰ ਗੱਲ ਬਾਬਿਆਂ ਨੂੰ ਆਮ ਸੁਣਨੀ ਪੈਂਦੀ ਹੈ। ਉਹ ਹੈ, 'ਬਾਬਿਆਂ ਨੇ ਸਾਡਾ ਕੁਝ ਨਹੀਂ ਬਣਾਇਆ।' ਜਦੋਂ ਵੀ ਮੈਂ ਪਿੰਡ ਜਾਂਦਾ ਹਾਂ, ਨਵੀਂ ਪੀੜ੍ਹੀ ਦਾ ਇਹੀ ਸ਼ਿਕਵਾ ਹੈ। ਵਿਚਾਰੇ ਬਾਬੇ ਅਖ਼ੀਰਲੇ ਦਿਨ ਤੱਕ ਪਰਿਵਾਰ ਦੇ ਭਲੇ ਲਈ ਕੁਝ ਨਾ ਕੁਝ ਕਰਦੇ ਰਹਿੰਦੇ ਹਨ, ਫਿਰ ਵੀ ਪੋਤੇ-ਪੋਤੀਆਂ ਔਖੇ ਹੀ ਰਹਿੰਦੇ ਹਨ। ਇਨ੍ਹਾਂ ਸਭ ਮੁਸ਼ਕਿਲਾਂ ਦੇ ਬਾਵਜੂਦ ਮੇਰੀ ਜਾਣ-ਪਛਾਣ ਵਾਲੇ ਬਾਬੇ ਬਹੁਤ ਬਹਾਦਰ ਹਨ, ਚੜ੍ਹਦੀ ਕਲਾ ਵਿਚ ਹਨ, ਇਹ ਮੇਰਾ ਅਨੁਭਵ ਹੈ। ਬਹੁਤ ਸਾਰਿਆਂ ਨੂੰ ਸ਼ਾਇਦ ਇਹ ਨਜ਼ਰੀਆ ਠੀਕ ਨਾ ਲੱਗੇ, ਇਹ ਉਨ੍ਹਾਂ ਦੀ ਮਰਜ਼ੀ। ਸਾਡਾ ਸਾਰਿਆਂ ਦਾ ਆਪਾ ਇਕੋ ਜਿਹਾ ਵਿਸ਼ਾਲ ਨਹੀਂ ਹੁੰਦਾ। ਚਿੰਤਕਾਂ ਅਤੇ ਸ਼ੇਕਸਪੀਅਰ, ਵਾਰਿਸ ਸ਼ਾਹ ਵਰਗੇ ਲੇਖਕਾਂ/ ਵਿਦਵਾਨਾਂ ਦਾ ਆਪਾ ਬਹੁਤ ਵਿਸ਼ਾਲ ਹੁੰਦਾ ਹੈ, ਉਤਨਾ ਹੀ ਵਿਸ਼ਾਲ ਉਨ੍ਹਾਂ ਦਾ ਅਨੁਭਵ ਹੋ ਜਾਂਦਾ ਹੈ। ਇਨਸਾਨੀ ਫ਼ਿਤਰਤ ਹੈ ਕਿ ਸਾਡਾ ਅਨੁਭਵ ਆਪੇ ਤੋਂ ਬਾਹਰ ਨਹੀਂ ਨਿਕਲ ਸਕਦਾ। ਇਸੇ ਕਰ ਕੇ ਜੀਵਨ ਅਤੇ ਸਾਡੇ ਨਜ਼ਰੀਏ ਇਕੋ ਜਿਹੇ ਨਹੀਂ ਹੁੰਦੇ।


ਮੈਂ ਤਾਂ ਇਹੀ ਦੇਖਿਆ ਹੈ ਕਿ ਬਹੁਤੇ ਬਾਬੇ ਔਲਾਦ ਤੋਂ ਕੇਵਲ ਪਿਆਰ ਅਤੇ ਇੱਜ਼ਤ ਮੰਗਦੇ ਹਨ, ਜਾਂ ਬਿਨ ਮੰਗਿਆਂ ਨਸੀਹਤ ਦੇਣਾ ਚਾਹੁੰਦੇ ਹਨ। ਬੱਚਿਆਂ ਨੂੰ ਇਹ ਗੱਲ ਮਨਜ਼ੂਰ ਨਹੀਂ। ਇਹੀ ਪੁਆੜੇ ਦੀ ਜੜ੍ਹ ਹੈ। ਕੁਝ ਸਾਲ ਪਹਿਲਾਂ ਮੈਥੋਂ ਕਈ ਸਾਲ ਵੱਡੀ ਬੀਬੀ ਨੇ ਦੱਸਿਆ ਕਿ ਉਹ ਅਤੇ ਉਸ ਦਾ ਪਤੀ ਗਰੀਨ ਕਾਰਡ ਲੈ ਕੇ ਆਏ ਸਨ। ਬੀਬੀ ਨੂੰ ਤਾਂ ਖੁਸ਼ੀ-ਖੁਸ਼ੀ 'ਜੀ ਆਇਆਂ' ਕਿਹਾ ਗਿਆ ਪਰ ਬਾਬੇ ਨੂੰ ਵਾਧੂ ਬੋਝ ਸਮਝ ਕੇ ਵਾਪਸ ਭੇਜਣਾ ਹੀ ਬਿਹਤਰ ਸਮਝਿਆ ਗਿਆ। ਵਡਭਾਗੇ ਬਾਬਾ ਜੀ ਅਸਲੀਅਤ ਸਮਝ ਗਏ ਅਤੇ ਬੜੇ ਪਿਆਰ ਨਾਲ ਘਰ ਵਾਲੀ ਨੂੰ ਸਮਝਾਉਂਦਿਆਂ ਕਹਿਣ ਲੱਗੇ, "ਭਾਗਵਾਨੇ! ਤੂੰ ਇਥੇ ਰਹਿ ਕੇ ਪੋਤੇ-ਪੋਤੀਆਂ ਨੂੰ ਪਾਲਣ-ਪੋਸ਼ਣ ਵਿਚ ਨੂੰਹ-ਪੁੱਤ ਦੀ ਸਹਾਇਤਾ ਕਰ, ਮੇਰਾ ਫ਼ਿਕਰ ਨਾ ਕਰੀਂ। ਰੁੱਖੇ-ਸੁੱਕੇ ਦੋ ਪ੍ਰਸ਼ਾਦੇ ਖਾ ਕੇ ਮੇਰਾ ਪਿੰਡ ਹੀ ਰਹਿਣਾ ਠੀਕ ਹੈ।" ਉਹ ਬੀਬੀ ਦਸ-ਗਿਆਰਾਂ ਸਾਲ ਆਪਣੀ ਡਿਊਟੀ ਨਿਭਾਅ ਗਈ। ਮੈਂ ਅਤੇ ਮੇਰੀ ਪਤਨੀ ਉਨ੍ਹਾਂ ਬਜ਼ੁਰਗਾਂ ਨੂੰ ਪਿਛੇ ਜਿਹੇ ਮਿਲ ਕੇ ਆਏ। ਬਾਬਾ ਜੀ ਬਹੁਤ ਕਮਜ਼ੋਰ ਹੋ ਗਏ ਸਨ। ਤਿਆਗ ਦੀ ਉਸ ਮੂਰਤੀ ਨੂੰ ਦੇਖ ਕੇ ਸਾਡਾ ਦਿਲ ਬਾਗੋ-ਬਾਗ ਹੋ ਗਿਆ ਅਤੇ ਮੱਲੋ-ਮੱਲੀ ਸਾਡੇ ਕੋਲੋਂ ਕਿਹਾ ਗਿਆ- ਬਾਬੇ ਦਾਦੇ ਰੱਬ ਰਜਾ ਦੇ।

ਇਕ ਦੋਸਤ ਜਿਸ ਦੇ ਜ਼ਿਕਰ ਬਗੈਰ ਇਹ ਲੇਖ ਅਧੂਰਾ ਰਹਿ ਜਾਵੇਗਾ, ਬਹੁਤ ਪਿਆਰਾ ਅਤੇ ਦਿਲਚਸਪ ਆਦਮੀ ਹੈ। ਉਸ ਦੀ ਨਜ਼ਰ ਮੱਧਮ ਹੁੰਦੀ-ਹੁੰਦੀ ਖਤਮ ਹੋ ਗਈ ਹੈ। ਉਹ ਸਦਾ ਕਹਿੰਦਾ ਹੈ, ਏਹਿ ਭਿ ਦਾਤਿ ਤੇਰੀ ਦਾਤਾਰ। ਉਹ ਦੋਹਤਿਆਂ, ਦੋਹਤੀਆਂ ਅਤੇ ਪੋਤੇ ਨਾਲ ਚਟਖਾਰੀਆਂ ਲਾਉਂਦਾ ਹੈ। ਰੱਬ ਦਾ ਹਰ ਵੇਲੇ ਸ਼ੁਕਰ ਕਰਦਾ ਹੈ। ਸਹਿਜ ਵਿਚ ਰਹਿਣ ਵਾਲੀ, ਸ਼ਾਂਤੀ ਦੀ ਪੁੰਜ, ਉਸ ਦਾ ਧਿਆਨ ਰੱਖਣ ਵਾਲੀ ਉਸ ਦੀ ਪਤਨੀ ਨੂੰ ਸਦਾ ਇਹ ਹੀ ਸ਼ਬਦ ਸ਼ੁਕਰਗੁਜ਼ਾਰੀ ਵਿਚ ਕਹਿੰਦਾ ਰਹਿੰਦਾ ਹੈ,

ਮੁਝ ਮੇਂ ਕਿਆ ਦੇਖਾ
ਜੋ ਉਲਫ਼ਤ ਦਾ ਦਮ ਭਰਨੇ ਲਗੀ,
ਮੈਂ ਤੋ ਖ਼ੁਦ ਅਪਨੇ ਭੀ
ਕਾਮ ਆ ਸਕਤਾ ਨਹੀਂ,
ਮੈਂ ਤੋ ਅਪਨਾ ਭੀ ਬੋਝ ਉਠਾ ਸਕਤਾ ਨਹੀਂ।

... ਪਤੀ-ਪਤਨੀ ਆਪਣੇ ਘਰ ਵਿਚ ਰਹਿੰਦੇ ਹਨ। ਖ਼ੁਸ਼ ਹਨ, ਕਿਸੇ ਉਪਰ ਬੋਝ ਨਹੀਂ।

ਉਮਰ ਅਨੁਸਾਰ ਮੇਰੀ ਜਾਣ-ਪਛਾਣ ਦਾ ਦਾਇਰਾ ਬਹੁਤਾ ਵਿਸ਼ਾਲ ਤਾਂ ਨਹੀਂ, ਫਿਰ ਵੀ ਨਜ਼ਦੀਕ ਤੋਂ ਤੱਕਣ ਦਾ ਸੁਭਾਗ ਕਾਫੀ ਲੋਕਾਂ ਕੋਲੋਂ ਮਿਲਿਆ ਹੈ। ਉਨ੍ਹਾਂ ਬਾਬਤ ਲਿਖਣਾ ਕੁਥਾਂ ਨਹੀਂ ਹੋਵੇਗਾ। ਬਿਆਸੀ-ਤਰਾਸੀ ਸਾਲ ਦੀ ਉਮਰ ਵਾਲੇ ਇਕ ਪ੍ਰੇਮੀ ਨੇ ਦੱਸਿਆ ਕਿ ਜਦੋਂ ਉਹ ਅੱਠਵੀਂ ਜਾਂ ਨੌਵੀਂ ਜਮਾਤ ਵਿਚ ਪੜ੍ਹਦਾ ਸੀ, ਛੁੱਟੀ ਦੇ ਇਕ ਦਿਨ ਉਹ ਦਸ ਕੁ ਵਜੇ ਘਰ ਤੋਂ ਖੇਤਾਂ ਵੱਲ ਗਿਆ। ਗਲੀ ਵਿਚੋਂ ਨਿਕਲਦਿਆਂ ਸਾਰ ਉਸ ਨੂੰ ਇਕ ਮਾਈ ਨੇ ਕਿਹਾ, "ਵੇ ਪਾੜ੍ਹਿਆ, ਸੱਥ



ਵਿਚ ਬੈਠੇ ਆਪਣੇ ਬਾਬੇ ਨੂੰ ਕਹੀਂ, ਮੱਝਾਂ ਤਿਹਾਈਆਂ ਰਿੰਗ ਰਹੀਆਂ, ਉਨ੍ਹਾਂ ਨੂੰ ਪਾਣੀ ਉਹਦਾ ਪਿਓ ਪਿਆਊਗਾ?" ਨਿਆਣੀ ਮੱਤ ਹੋਣ ਕਰ ਕੇ ਉਸ ਨੇ ਉਸੇ ਤਰ੍ਹਾਂ ਬਾਬੇ ਨੂੰ ਕਹਿ ਦਿੱਤਾ। ਹੱਸਦਾ-ਹੱਸਦਾ ਬਾਬਾ ਉਠ ਖੜੋਤਾ ਅਤੇ ਕਹਿਣ ਲੱਗਾ, "ਪਾੜ੍ਹਿਆ ਪੁੱਤਰਾ, ਕੋਈ ਗੱਲ ਨਹੀਂ... ਜਦੋਂ ਤੇਰਾ ਕਿਸੇ ਕੰਨ-ਪਾਟੀ ਨਾਲ ਵਾਹ ਪਿਆ, ਫਿਰ ਬਾਬੇ ਨੂੰ ਯਾਦ ਕਰਿਆ ਕਰੇਂਗਾ।" ਹੁਣ ਬੁੱਢੀ ਅਵਸਥਾ ਵਿਚ ਉਸ ਪਾੜ੍ਹੇ ਦੀ ਘਰ ਵਾਲੀ ਉਸ ਨੂੰ ਬਹੁਤ ਰੁੱਖਾ ਬੋਲਦੀ ਹੈ। ਉਸ ਨੂੰ ਪਿੰਡ ਵਾਲਾ ਬਾਬਾ ਬਹੁਤ ਯਾਦ ਆਉਂਦਾ ਹੈ। ਮੈਨੂੰ ਉਸ ਨੇ ਇਹ ਗੱਲ ਕਈ ਵਾਰ ਸੁਣਾਈ ਹੈ, ਪਰ ਉਹ ਦੋਹਤਿਆਂ-ਪੋਤਿਆਂ ਵਾਲਾ ਅਤਿ ਨੇਕ ਅਤੇ ਨਰਮ ਦਿਲ ਇਨਸਾਨ ਅਗਲੇ ਸਾਹ ਵਿਚ ਹੀ ਕਹਿ ਦਿੰਦਾ ਹੈ, "ਬਾਈ ਜੀ, ਮੇਰੀ ਘਰ ਵਾਲੀ ਬੋਲ-ਚਾਲ ਵਿਚ ਹੀ ਰੁੱਖੀ ਹੈ, ਦਿਲ ਦੀ ਬਹੁਤ ਸਾਫ਼ ਹੈ। ਸਾਰਾ ਦਿਨ ਪਾਠ ਕਰਦੀ ਰਹਿੰਦੀ ਹੈ। ਗਰੀਬਾਂ ਦਾ ਬਹੁਤ ਧਿਆਨ ਕਰਦੀ ਹੈ।" ਬਲਿਹਾਰੇ ਜਾਂਦਾ ਹਾਂ ਇਹੋ ਜਿਹੇ ਭਲੇ ਬਾਬਿਆਂ ਦੇ!

ਕੁਦਰਤ ਦੀ ਖੇਡ ਨਿਰਾਲੀ ਹੈ। ਇਕ ਬਹੁਤ ਖ਼ੂਬਸੂਰਤ, ਸੋਹਣੇ ਰੰਗ-ਰੂਪ ਅਤੇ ਬਹੁਤ ਪੜ੍ਹੇ-ਲਿਖੇ ਵਾਕਫ਼ ਦਾ ਵਿਆਹ ਕੁਝ ਸਾਂਵਲੇ ਰੰਗ ਵਾਲੀ ਪੜ੍ਹੀ-ਲਿਖੀ, ਪਰ ਸਾਧਾਰਨ ਜਿਹੀ ਲੜਕੀ ਨਾਲ ਹੋ ਗਿਆ। ਕਾਫ਼ੀ ਚੰਚਲ ਮਿਜਾਜ਼ ਜ਼ਨਾਨੀਆਂ ਨੇ ਬੇਝਿਜਕ ਹੀ ਉਸ ਆਦਮੀ ਨੂੰ ਕਹਿ ਦੇਣਾ, "ਤੁਹਾਡਾ ਬੇਵਕੂਫ਼ ਵਿਚੋਲਾ ਕੌਣ ਸੀ?" ਉਸ ਨੇ ਮੁਸਕਰਾਉਂਦੇ ਹੋਏ ਜਵਾਬ ਦੇ ਦੇਣਾ, "ਭੈਣ ਜੀ, ਕੋਈ ਹੋਰ ਗੱਲ ਕਰੋ, ਇਹ ਗੱਲ ਤਾਂ ਮੈਂ ਬਹੁਤ ਵਾਰ ਸੁਣ ਚੁੱਕਾ ਹਾਂ।" ਕੁਝ ਸਾਲ ਪਹਿਲਾਂ ਕਿਸੇ ਦੁਰਘਟਨਾ ਵਿਚ ਉਸ ਦਾ ਖ਼ੂਬਸੂਰਤ ਚਿਹਰਾ ਸਦਾ ਲਈ ਹੋਰ ਦਾ ਹੋਰ ਹੋ ਗਿਆ। ਇਕ ਅੱਖ ਦੀ ਰੋਸ਼ਨੀ ਵੀ ਜਾਂਦੀ ਰਹੀ। ਖੁਸ਼ਕਿਸਤੀ ਹੀ ਸਮਝੋ ਕਿ ਉਸ ਦੀ ਘਰ ਵਾਲੀ ਦੀ ਸਿਹਤ ਠੀਕ ਹੈ। ਉਸ ਦੇ ਮਨ ਦੀ ਕਾਟੋ ਫੁੱਲਾਂ ਵਿਚ ਖੇਡ ਰਹੀ ਹੈ, ਗਾਣੇ ਗਾਉਂਦੀ। ਉਸ ਦੇ ਅਚੇਤ ਮਨ ਵਿਚੋਂ ਜਿਵੇਂ ਆਵਾਜ਼ ਆਉਂਦੀ ਹੈ, "ਅੱਜ ਮੈਨੂੰ ਜ਼ਨਾਨੀਆਂ ਕਹਿਣ... ਕੁੜੇ ਤੁਹਾਡਾ ਵਿਚੋਲਾ ਕਿਹੜਾ ਸੀ ਟੁੱਟ ਪੈਣਾ? ਕਿਥੇ ਤੂੰ ਹੱਸਦੀ-ਖੇਡਦੀ, ਕਿਥੇ ਇਹ ਵਿਚਾਰਾ।"... ਬਹੁਤ ਉਚੇ ਰੁਤਬੇ ਤੋਂ ਸੇਵਾ ਮੁਕਤ ਹੋਇਆ ਇਹ ਪਿਆਰਾ ਅਤੇ ਮਨਮੋਹਣਾ ਬੇਲੀ ਇਕਾਸੀ ਸਾਲ ਦਾ ਹੈ। ਇਸ ਦੇ ਦੋਹਤੇ-ਦੋਹਤੀਆਂ ਬਹੁਤ ਲਾਇਕ ਹਨ। ਉਹ ਇਹੀ ਕਹਿੰਦਾ ਹੈ ਕਿ ਪਤਨੀ ਤੋਂ ਚੰਗਾ ਸਹਾਰਾ ਹੋਰ ਕਿਸੇ ਤੋਂ ਨਹੀਂ ਮਿਲ ਸਕਦਾ। ਕੁਦਰਤ ਦੇ ਭਾਣੇ ਅੰਦਰ ਰਹਿੰਦਾ ਹੋਇਆ ਕੋਈ ਸ਼ਿਕਵਾ ਸ਼ਿਕਾਇਤ ਨਹੀਂ ਕਰਦਾ। ਇਸ ਨੂੰ ਸ਼ਾਬਾਸ਼, ਨਮਸਕਾਰ!

ਅਮਰੀਕਾ ਵਿਚ ਇਕ ਬਜ਼ੁਰਗ ਜੋੜਾ ਬਹੁਤ

## ਚਲਦੇ-ਚਲਦੇ

ਵਰ੍ਹਿਆਂ ਤੋਂ ਪੋਤੇ-ਪੋਤੀ ਦੀ ਪਾਲਣਾ ਵਿਚ ਹੱਥ ਵਟਾ ਰਿਹਾ ਸੀ। ਹੁਣ ਇਹ ਬੱਚੇ ਉਡਾਰ ਹੋ ਗਏ ਹਨ। ਆਪਣੀਆਂ ਕਾਰਾਂ ਆਪ ਚਲਾਉਂਦੇ ਹਨ ਅਤੇ ਬਾਬੇ ਕੁੱਤਿਆਂ ਨੂੰ ਸੈਰ ਕਰਾਉਂਦੇ ਹਨ। ਇਕ ਦਿਨ ਹਾਸਾ-ਮਜ਼ਾਕ ਹੀ ਸਮਝੋ, ਸਾਹਮਣੇ ਤੋਂ ਆਉਣ ਵਾਲੇ ਕਿਸੇ ਨੇ ਕਹਿ ਦਿੱਤਾ, "ਗੁਰਮੁਖੋ, ਹੁਣ ਕੁੱਤਿਆਂ ਜੋਗੇ ਹੀ ਰਹਿ ਗਏ।" 'ਬਾਬੇ ਰੱਬ ਰਜਾ ਦੇ' ਕਹਿਣ ਲੱਗੇ, "ਤੁਹਾਨੂੰ ਪਤਾ ਹੈ ਮਹਾਂਭਰਤ ਦੇ ਨਾਇਕ ਯੁਧਿਸ਼ਟਰ ਦਾ ਸਾਥ ਅਖ਼ੀਰ ਤੱਕ ਕੁੱਤੇ ਨੇ ਹੀ ਦਿੱਤਾ ਸੀ। ਇਸ ਵਫ਼ਾਦਾਰ ਜਾਨਵਰ ਦੀ ਸੇਵਾ ਦਾ ਮੌਕਾ ਕਰਮਾਂ ਨਾਲ ਹੀ ਮਿਲਦਾ ਹੈ। ਅਸੀਂ ਬਹੁਤ ਖ਼ੁਸ਼ ਹਾਂ।" ਬਾਬੇ ਵਡਭਾਗੇ ਕਮਾਲ ਦੀ ਗੱਲ ਕਹਿ ਗਏ।

ਕਈ ਬਾਬੇ ਬੁੱਢੀ ਉਮਰ ਵਿਚ ਉਦਾਸ ਰਹਿਣ ਲੱਗ ਜਾਂਦੇ ਹਨ। ਜੇ ਉਨ੍ਹਾਂ ਨੂੰ ਕੋਈ ਪੁੱਛੇ, 'ਕੀ ਹਾਲ ਐ', ਤਾਂ ਉਹ ਜਵਾਬ ਦਿੰਦੇ ਹਨ, 'ਵਕਤ ਕਟੀ ਹੋ ਰਹੀ ਹੈ।' ਮੈਂ ਮੰਨਦਾ ਹਾਂ, ਵਕਤ ਬਹੁਤ ਬਲਵਾਨ ਹੈ, ਪਰ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਵਕਤ 'ਤੇ ਵੀ ਅਹਿਸਾਨ ਕਰ ਜਾਂਦੇ ਹਨ; ਜਿਵੇਂ ਬੇਗਮ ਅਖ਼ਤਰ ਦੇ ਅਖ਼ੀਰਲੇ ਸ਼ਬਦ ਜਿਨ੍ਹਾਂ ਪਿਛੋਂ ਉਸ ਦੀ ਆਵਾਜ਼ ਸਦਾ ਲਈ ਬੰਦ ਹੋ ਗਈ ਸੀ, ਇਸ ਤਰ੍ਹਾਂ ਸਨ,

ਜ਼ਿੰਦਗੀ ਕੁਝ ਭੀ ਨਹੀਂ
ਫਿਰ ਭੀ ਜੀਏ ਜਾਤੇ ਹੈਂ।
ਤੁਝ ਪੇ ਐ ਵਕਤ
ਅਹਿਸਾਨ ਕੀਏ ਜਾਤੇ ਹੈਂ।

ਇਸ ਮਹਾਨ ਗ਼ਜ਼ਲ ਗਾਇਕਾ ਦੇ ਕੋਈ ਬੱਚਾ ਨਹੀਂ ਸੀ। ਸ਼ਾਦੀ ਵੀ ਖ਼ੁਸ਼ਗਵਾਰ ਮੰਜ਼ਰ ਦਾ ਅਮਕਾਨ ਨਹੀਂ ਸੀ। ਫ਼ਿਰ ਵੀ ਉਸ ਨੇ ਆਖ਼ਰੀ ਦਮ ਤੱਕ ਜ਼ਿੰਦਗੀ ਨੂੰ ਵਕਤ ਕਟੀ ਨਹੀਂ ਕਿਹਾ। ਉਦਾਸ ਰਹਿਣ ਵਾਲੇ ਬਾਬਿਆਂ ਨੂੰ ਪ੍ਰਣਾਮ, ਜੇ ਅੱਗੇ ਤੋਂ ਜੀਵਨ ਨੂੰ ਵਕਤ ਕਟੀ ਨਾ ਕਹਿਣ।

ਮੈਂ ਤਾਂ ਇਹੀ ਕਹਾਂਗਾ ਬਾਬਿਓ!
ਕਿਸੇ ਜੀਅ ਨਾਲ ਬਹੁਤ ਪਿਆਰ ਹੋਵੇ
ਕੁਝ ਕਰਨ ਲਈ ਆਹਰ ਹੋਵੇ
ਕਿਸੇ ਚੰਗੀ ਘਟਨਾ ਦਾ ਇੰਤਜ਼ਾਰ ਹੋਵੇ
ਹਰ ਵੇਲੇ ਮਨ ਵਿਚ ਚੰਗਾ ਵਿਚਾਰ ਹੋਵੇ
ਕਦੀ-ਕਦੀ ਕਿਸੇ ਨਾਲ
ਹਲਕਾ ਜਿਹਾ ਤਕਰਾਰ ਹੋਵੇ
ਫਿਰ ਮੌਜਾਂ ਹੀ ਮੌਜਾਂ...।

**ਅੰਤਿਕਾ:** ਪਿਛਲੇ ਸਾਲ ਚੰਡੀਗੜ੍ਹ ਗਿਆ ਤਾਂ ਪਤਾ ਲੱਗਿਆ ਕਿ ਮੋਗੇ ਨੇੜਲੇ ਪਿੰਡ ਦੇ ਇਕ ਸਿੱਧੇ-ਸਾਦੇ ਜ਼ਿਮੀਂਦਾਰ ਨੇ ਚਾਲੀ ਕੁ ਸਾਲ ਪਹਿਲਾਂ ਥੋੜ੍ਹੀ ਜਿਹੀ ਜ਼ਮੀਨ ਵੇਚ ਕੇ ਰਾਜਧਾਨੀ ਵਿਚ ਮਕਾਨ ਬਣਾ ਲਿਆ। ਉਸ ਦਾ ਖਿਆਲ ਸੀ ਕਿ ਪੁੱਤ-ਪੋਤਿਆਂ ਲਈ ਉਥੇ ਚੰਗੇ ਕਾਲਜ ਅਤੇ ਸਕੂਲ ਹਨ, ਪੜ੍ਹ-ਲਿਖ ਕੇ ਚੰਗੇ ਅਫ਼ਸਰ ਬਣ ਜਾਣਗੇ। ਅੱਜ ਕੱਲ੍ਹ ਬੱਚੇ ਮਨ ਮਰਜ਼ੀ ਦੇ ਮਾਲਕ ਹਨ। ਪੜ੍ਹਨ-ਲਿਖਣ ਦਾ ਰੁਝਾਨ ਘਟ ਗਿਆ ਹੈ। ਸੋ, ਬਾਬੇ ਨੂੰ ਕੋਸਣ ਲੱਗ ਪਏ। ਕਿਹਾ ਕਰਨ, 'ਬਾਬੇ ਨੇ ਚੰਗੀ ਖੇਤੀ ਵਾਲੀ ਜ਼ਮੀਨ ਇੱਟਾਂ ਪੱਥਰਾਂ ਦੇ ਸ਼ਹਿਰ ਵਿਚ ਲਾ ਕੇ ਬਰਬਾਦ ਕਰ ਦਿੱਤੀ।' ਹੁਣ ਜਦੋਂ ਰਾਜਧਾਨੀ ਵਿਚ ਮਕਾਨਾਂ ਦੀ ਕੀਮਤ ਕਰੋੜਾਂ ਦੀ ਹੋ ਗਈ ਹੈ, ਤਾਂ ਉਹੀ ਪੋਤੇ-ਪੜੋਤੇ ਪੈਂਤੜਾ ਬਦਲ ਕੇ ਨਵੇਂ ਅੰਦਾਜ਼ ਵਿਚ ਕੋਸਣ ਲੱਗ ਪਏ, 'ਇਕ ਹੀ ਮਕਾਨ ਕਿਉਂ ਬਣਾਇਆ? ਜੇ ਦੋ ਕੁ ਹੋਰ ਬਣਾ ਲੈਂਦਾ ਤਾਂ ਅੱਜ ਮੌਜਾਂ ਕਰਦੇ!'... ਮਤਲਬ ਇਸ ਬਾਬੇ ਨੇ ਸਾਡੇ ਲਈ ਕੁਝ ਨਹੀਂ ਬਣਾਇਆ! ਬਾਬਾ ਖੁਸ਼ ਹੈ, ਅਡੋਲ ਹੈ, ਤੇ ਕਹਿੰਦਾ ਹੈ, ਭੋਲੇ ਬੱਚਿਓ! ਜੋ ਮਰਜ਼ੀ ਕਰੋ, ਮੈਂ ਤਾਂ ਮੌਕੇ ਅਨੁਸਾਰ ਜੋ ਠੀਕ ਸਮਝਿਆ, ਕਰ ਦਿੱਤਾ।

## ਕੰਟਰੋਲ

"ਹੈਲੋ...ਕੌਣ?"

"ਮੈਂ ਚੰਦਨਜੀਤ ਕੌਰ, ਬੇਦੀ ਸਾਹਿਬ ਦੀ ਪਤਨੀ ਬੋਲ ਰਹੀ ਹਾਂ।"

"ਭੈਣ ਜੀ, ਮੈਂ ਨਿਰਮਲ ਸਿੰਘ ਬੋਲ ਰਿਹਾਂ ਅਮਰੀਕਾ ਤੋਂ। ਮੈਂ ਫੋਨ ਇਸ ਲਈ ਕੀਤਾ ਸੀ ਕਿ ਬੇਦੀ ਸਾਹਿਬ ਠੀਕ-ਠਾਕ ਪਹੁੰਚ ਗਏ?"

"ਹਾਂ, ਠੀਕ-ਠਾਕ ਪਹੁੰਚ ਗਏ। ਸਫ਼ਰ ਦੀ ਥਕਾਵਟ ਕਾਰਨ ਅਜੇ ਸੁੱਤੇ ਹੋਏ ਹਨ।"

"ਚਲੋ ਆਰਾਮ ਕਰਨ ਦਿਓ! ਮੈਂ ਫੇਰ ਗੱਲ ਕਰ ਲਵਾਂਗਾ।... ਮੈਂ ਇਸ ਲਈ ਫੋਨ ਕੀਤਾ ਸੀ ਕਿ ਕਸਟਮ ਵਾਲਿਆਂ ਨੇ ਤਾਂ ਤੰਗ ਨਹੀਂ ਕੀਤਾ?"

"ਨਹੀਂ ਨਹੀਂ। ਦੋਨੋਂ ਅਟੈਚੀ ਵੀ ਠੀਕ-ਠਾਕ ਪਹੁੰਚ ਗਏ।" ਚੰਦਨਜੀਤ ਨੇ ਆਖਿਆ।

"ਭੈਣ ਜੀ, ਬੇਦੀ ਸਾਹਿਬ ਤਾਂ ਭਾਰ ਦੇ ਡਰੋਂ ਕਾਫੀ ਸਾਮਾਨ ਇਥੇ ਹੀ ਛੱਡ ਗਏ। ਕਹਿੰਦੇ, ਨਿਰਮਲ... ਇਹ ਲੋਕਾਂ ਨੇ ਜੋ ਗਿਫ਼ਟ ਦਿੱਤੇ ਹਨ, ਤੂੰ ਲੈਂਦਾ ਆਈਂ। ਭੈਣ ਜੀ, ਮੈਂ ਤਾਂ ਬਥੇਰਾ ਕਿਹਾ, ਬੇਦੀ ਸਾਹਿਬ ਆਹ ਪੁਰਾਣਾ ਜਿਹਾ ਤੌਲੀਆ ਇੱਥੇ ਛੱਡ ਜਾਓ, ਤੁਸੀਂ ਆਹ ਜੀਨ ਦੀਆਂ ਦੋ ਪੈਂਟਾਂ ਮੁੰਡਿਆਂ ਲਈ ਲੈ ਜਾਓ; ਉਲਟਾ ਮੈਨੂੰ ਕਹਿੰਦੇ... ਸਾਡੀ ਸ੍ਰੀਮਤੀ ਜੀ ਨੇ ਸਪੈਸ਼ਲ ਕਹਿ ਕੇ ਭੇਜਿਆ ਹੈ ਕਿ ਇਹ ਤੌਲੀਆ ਕਿਧਰੇ ਅਮਰੀਕਾ ਨਾ ਛੱਡ ਆਇਓ, ਵਾਪਸ ਲਿਆਉਣਾ ਹੈ। ਭੈਣ ਜੀ, ਮੈਂ ਤੁਹਾਥੋਂ ਉਸ ਪੁਰਾਣੇ ਤੌਲੀਏ ਬਾਰੇ ਪੁੱਛਣਾ ਚਾਹੁੰਦਾ ਹਾਂ... ਉਸ ਤੌਲੀਏ ਵਿਚ ਇਹੋ ਜਿਹੀ ਕੀ ਖਾਸ ਗੱਲ ਹੈ ਜੋ ਬੇਦੀ ਸਾਹਿਬ ਮੋੜ ਕੇ ਵਾਪਸ ਇੰਡੀਆ ਲੈ ਗਏ?"

"ਨਿਰਮਲ ਵੀਰ ਜੀ, ਤੌਲੀਏ ਵਾਲੀ ਗੱਲ ਦਾ ਰਾਜ਼ ਤਾਂ ਬੇਦੀ ਸਾਹਿਬ ਨੂੰ ਵੀ ਨਹੀਂ ਪਤਾ। ਮੈਂ ਤੁਹਾਨੂੰ ਤੌਲੀਏ ਦਾ ਰਾਜ਼ ਦੱਸ ਦਿੰਦੀ ਹਾਂ, ਪਰ ਇਹ ਰਾਜ਼ ਹਮੇਸ਼ਾ ਰਾਜ਼ ਹੀ ਰਹਿਣਾ ਚਾਹੀਦਾ ਹੈ।... ਦੇਖ ਵੀਰ ਨਿਰਮਲ! ਇਹ ਤਾਂ ਹਰ ਸਾਲ ਬਾਅਦ ਕਦੇ ਇੰਗਲੈਂਡ, ਕੈਨੇਡਾ, ਅਮਰੀਕਾ... ਕਈ ਦੇਸ਼ਾਂ ਵਿਚ ਆਉਂਦੇ-ਜਾਂਦੇ ਰਹਿੰਦੇ ਹਨ, ਜਦ ਕਿ ਘਰ ਅਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਦੀ ਵਜ੍ਹਾ ਕਾਰਨ ਮੈਂ ਇਨ੍ਹਾਂ ਨਾਲ ਕਿਧਰੇ ਆ-ਜਾ ਨਹੀਂ ਸਕਦੀ, ਤੇ ਨਾ ਹੀ ਪਰਦੇਸਾਂ ਵਿਚ ਇਨ੍ਹਾਂ ਦੀ ਨਿਗਰਾਨੀ ਰੱਖ ਸਕਦੀ ਹਾਂ। ਇਹ ਤੌਲੀਆ ਹੀ ਇਕ ਕਿਸਮ ਦਾ ਮੇਰਾ ਆਪਣੇ ਪਤੀ ਨੂੰ ਕੰਟਰੋਲ ਵਿਚ ਰੱਖਣ ਵਾਲਾ ਰਿਮੋਟ ਕੰਟਰੋਲ ਹੈ। ਜਿਸ ਦਿਨ ਮੇਰੇ ਕਹਿਣ ਦੇ ਬਾਵਜੂਦ ਇਹ ਪੁਰਾਣਾ ਤੌਲੀਆ ਵਾਪਸ ਨਾ ਲੈ ਕੇ ਆਏ, ਤਾਂ ਮੈਂ ਸਮਝਾਂਗੀ ਕਿ ਮੇਰੇ ਪਤੀ ਨੇ ਬਾਹਰਲੇ ਮੁਲਕ ਵਿਚ ਆਪਣੀ ਕੋਈ ਸਹੇਲੀ ਬਣਾ ਲਈ ਹੈ, ਪਰ ਅਜੇ ਤੱਕ ਇਹ ਇਸ ਪੁਰਾਣੇ ਤੌਲੀਏ ਨੂੰ ਪੁਰਾਣਾ ਸਮਝ ਕੇ ਕਦੇ ਵੀ ਕਿਸੇ ਮੁਲਕ ਵਿਚ ਛੱਡ ਕੇ ਨਹੀਂ ਆਏ। ਇਸੇ ਹੀ ਤੌਲੀਏ ਰਾਹੀਂ ਮੈਂ ਆਪਣੇ ਪਤੀ ਉਪਰ ਪੂਰਾ ਕੰਟਰੋਲ ਰੱਖਿਆ ਹੋਇਆ ਹੈ।"

"ਚੰਗਾ ਭੈਣ ਜੀ, ਮੈਂ ਫ਼ੋਨ ਰੱਖਦਾ ਹਾਂ। ਬੇਦੀ ਸਾਹਿਬ ਜਦੋਂ ਉਠਣ ਤਾਂ ਮੈਨੂੰ ਫੋਨ ਕਰ ਲੈਣ।" ਆਖਦਿਆਂ ਨਿਰਮਲ ਨੇ ਫ਼ੋਨ ਬੰਦ ਕਰ ਦਿੱਤਾ।

*-ਪ੍ਰੀਤਮ ਸਿੰਘ ਸੱਗੂ*
*ਫੋਨ: 775-329-6225*

---

## ਆਜ਼ਾਦੀ

ਰਾਤੀਂ ਸੁਪਨੇ ਵਿਚ ਬੁੜ-ਬੁੜਾਉਂਦੇ ਨੂੰ ਘਰ ਵਾਲੀ ਨੇ ਮੈਨੂੰ ਹਲੂਣਾ ਦੇ ਕੇ ਜਗਾ ਦਿੱਤਾ। ਔਖੇ ਔਖੇ ਸਾਹ ਲੈਂਦੇ ਨੂੰ ਉਸ ਨੇ ਪੁੱਛਿਆ, "ਕੀ ਹੋਇਆ, ਤਬੀਅਤ ਤਾਂ ਠੀਕ ਹੈ, ਕਿਦਾਂ ਫੜ-ਫੜਾਈ ਜਾਂਦੇ ਸੀ; ਕੋਈ ਭੈੜਾ ਸੁਪਨਾ ਵੇਖਿਆ?"

"ਹਾਂ, ਬਹੁਤ ਹੀ ਭੈੜਾ ਸੁਪਨਾ ਸੀ।...ਮੈਂ ਇਕ ਪਿੰਜਰੇ ਵਿਚ ਬੰਦ ਸੀ ਬਾਕੀ ਮੁਰਗਿਆਂ ਵਾਂਗ ਕਸਾਈ ਦੀ ਦੁਕਾਨ ਅੱਗੇ ਬਹੁਤ ਭੀੜ ਸੀ, ਜਿਵੇਂ ਕਿਸੇ ਮੁਰਦਾ ਸਰੀਰ ਕੋਲ ਮੁਰਦਾਖੋਰ ਜਾਨਵਰ ਇਕੱਠੇ ਹੋਏ ਹੋਣ।"

"ਬਸ-ਏਨੀ ਕੁ ਗੱਲ ਤੋਂ ਘਬਰਾ ਗਏ ਸੀ?।" ਉਸ ਹੌਸਲਾ ਦਿੰਦੀ ਹੋਈ ਨੇ ਪੁੱਛਿਆ।

"ਨਹੀਂ-ਭਾਗਵਾਨੇ, ਮੈਂ ਆਪਣੇ ਸਾਥੀ ਮੁਰਗਿਆਂ ਨੂੰ ਥੋੜ੍ਹਾ ਜਿਹਾ ਭਾਸ਼ਣ ਦੇਣਾ ਚਾਹੁੰਦਾ ਸਾਂ ਕਿ ਅਸੀਂ ਵੀ ਆਜ਼ਾਦ ਮੁਲਕ ਦੇ ਵਾਸੀ ਹਾਂ ਸਾਨੂੰ ਵੀ ਆਜ਼ਾਦ ਹੋਣਾ ਚਾਹੀਦਾ ਹੈ, ਪਰ ਜਦੋਂ ਮੈਂ ਬੋਲਣ ਲੱਗਾ ਤਾਂ ਕਸਾਈ ਨੇ ਮੈਨੂੰ ਗਰਦਨੋਂ ਫੜ ਕੇ ਘੜੀਸ ਲਿਆ ਤੇ ਫੜ-ਫੜਾਉਂਦੇ ਨੂੰ ਮੈਨੂੰ ਕਈ ਆਵਾਜ਼ਾਂ ਵੀ ਸੁਣਾਈ ਦਿੱਤੀਆਂ, ਕਹਿੰਦੇ ਪਏ ਸੀ ਕਿ ਇਸ ਨੂੰ ਹੀ ਆਜ਼ਾਦ ਕਰੋ, ਇਸ ਦੇ ਲੈਗਪੀਸ ਖਾ ਕੇ ਮਜ਼ਾ ਆ ਜਾਵੇਗਾ।"

## ਮਿਨੀ ਕਹਾਣੀਆਂ

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

# ਵਲੈਤ ਦੀਆਂ ਪੰਜਾਬੀ ਸੁਰਾਂ ਸੰਗ ਵਿਚਰਦਿਆਂ




ਐਸ. ਅਸ਼ੋਕ ਭੌਰਾ

ਮਕਾਨ ਭਾਵੇਂ ਕਈ ਮੰਜ਼ਿਲਾ ਹੋਵੇ, ਬੂਹਾ ਭਾਵੇਂ ਕਿੱਡਾ ਮਰਜ਼ੀ ਵੱਡਾ ਹੋਵੇ, ਸਭ ਤੋਂ ਪਹਿਲਾਂ ਤਾਲਾ ਹੀ ਦਿਸੇਗਾ। ਵਿਆਹ ਕਰਵਾ ਕੇ ਪਤੀ-ਪਤਨੀ ਕੱਢ ਤਾਂ ਸਾਰੀ ਉਮਰ ਲੈਂਦੇ ਹਨ, ਪਰ ਚੇਤਾ ਦੋਹਾਂ ਨੂੰ ਮਕਲਾਵੇ ਵਾਂਗ ਕੁਝ ਦਿਨਾਂ ਦਾ ਹੀ ਹੁੰਦਾ ਹੈ। ਅਸਲ ਵਿਚ ਬੰਦਾ ਜਦੋਂ ਆਪ ਆਪਣੀ ਜ਼ਿੰਦਗੀ ਨਾਲ ਆਹਮੋ-ਸਾਹਮਣੇ ਹੋਵੇ, ਫਿਰ ਪਤਾ ਲਗਦਾ ਹੈ ਕਿ ਤਿੰਨ ਦੂਣੀ ਪੰਜ ਵੀ ਹੋ ਸਕਦੇ ਹਨ।

ਪੰਜਾਬੀਆਂ ਬਾਰੇ ਕਹਾਵਤ ਹੈ ਕਿ ਇਨ੍ਹਾਂ ਨੇ ਜਿੱਧਰ ਨੂੰ ਵੀ ਮੂੰਹ ਸਿੱਧਾ ਕੀਤਾ, ਰਾਹਾਂ ਦੀਆਂ ਜਰਨੈਲੀ ਸੜਕਾਂ ਹੀ ਬਣਾ ਦਿੱਤੀਆਂ। ਇਸ ਲਈ ਦੁਨੀਆਂ ਵਿਚ ਸਭ ਤੋਂ ਵੱਧ ਪੰਜਾਬੀ ਇਕੋ ਥਾਂ ਇਕੱਠੇ ਮਿਲਣਗੇ ਤਾਂ ਉਹ ਮੁਲਕ ਇੰਗਲੈਂਡ ਹੀ ਹੋ ਸਕਦਾ ਹੈ, ਤੇ ਸਾਡੇ ਪੇਂਡੂ ਲੋਕਾਂ ਲਈ ਕਿਸੇ ਵਕਤ ਪੈਸਾ ਕਮਾਉਣ ਜਾਂ ਰੰਗ ਰੂਪ ਪੱਖੋਂ ਸੋਹਣੇ ਹੋਣ ਦਾ ਸਭ ਤੋਂ ਵੱਡਾ ਬਿਊਟੀ ਪਾਰਲਰ ਵਲੈਤ ਹੀ ਰਿਹਾ ਹੈ। ਮੈਂ ਉਨ੍ਹਾਂ ਖੁਸ਼ਕਿਸਮਤ ਲੋਕਾਂ ਵਿਚੋਂ ਵੀ ਹਾਂ ਜਿਨ੍ਹਾਂ ਨੇ ਮਾਨਚੈਸਟਰ ਤੋਂ ਗਲਾਸਗੋ ਤੱਕ ਵੀ ਇਹ ਮੁਲਕ ਵੇਖ ਲਿਆ ਹੈ, ਤੇ ਸਾਊਥਾਲ ਤੇ ਬਰਮਿੰਘਮ ਦੀਆਂ ਭੀੜ-ਭੜੱਕੇ ਵਾਲੀਆਂ ਥਾਂਵਾਂ 'ਤੇ ਮੋਢੇ ਮਾਰੇ ਤਾਂ ਨਹੀਂ ਹੋਣੇ, ਮੋਢੇ ਵੱਜਦੇ ਜ਼ਰੂਰ ਦੇਖੇ ਹਨ। ਉਂਜ ਚੇਤੇ ਵਿਚ ਜੇ ਉਥੋਂ ਦਾ ਬਹੁਤਾ ਕੁਝ ਵਸਿਆ ਹੋਇਆ ਹੈ ਤਾਂ ਉਹ ਇਹੋ ਕਿ ਇੰਨਾ ਮੈਂ ਪੰਜਾਬ ਵਿਚਲੇ ਗਾਇਕਾਂ-ਪੱਤਰਕਾਰਾਂ ਵਿਚ ਨਹੀਂ ਵਿਚਰਿਆ, ਜਿੰਨਾ ਵਲੈਤੀ ਗਵੱਈਆਂ ਨਾਲ ਗਹਿਗੱਚ ਹੁੰਦਾ ਰਿਹਾ ਹਾਂ। ਮਹਿੰਗੀ ਕਮੀਜ਼ ਦੇ ਬਟਨ ਵੀ ਜੇ ਬੇਤਰਤੀਬੇ ਲੱਗ ਜਾਣ ਤਾਂ ਲੋਕ ਖਿੜ ਕੇ ਹੱਸਣ ਦਾ ਅਨੰਦ ਲੈਂਦੇ ਹਨ। ਇਸੇ ਲਈ ਵਲੈਤ ਦੀਆਂ ਸੰਗੀਤਕ ਘੜੀਆਂ ਦਾ ਸਤਿਸੰਗ ਕਰਨ ਤੋਂ ਪਹਿਲਾਂ ਇਹ ਦੱਸਣਾ ਠੀਕ ਰਹੇਗਾ ਕਿ ਜਿਸ ਇੰਗਲੈਂਡ ਵਿਚ ਮੈਂ ਦੋ ਦਰਜਨ ਤੋਂ ਵੱਧ ਵਾਰ ਰਿਹਾਂ, ਉਹਦੇ ਜਾਣ ਦਾ ਕਾਰਨ ਕੀ ਸੀ?

ਬੋਲੀ ਜਾਂ ਤਾਅਨਾ ਭਾਵੇਂ ਅਮੀਰ, ਗਰੀਬ ਨੂੰ ਮਾਰੇ; ਸੀਨਾ ਸਾਰਿਆਂ ਦਾ ਹੀ ਸੜ ਕੇ ਸੁਆਹ ਹੁੰਦਾ ਹੈ। ਆਪਣੇ ਪਿੰਡ ਦੀ ਸਹਿਕਾਰੀ ਸਭਾ ਵਿਚ ਮੈਂ ਇਮਤਿਹਾਨ ਤੇ ਕਲਾਸਾਂ ਸ਼ੁਰੂ ਹੋਣ ਦਰਮਿਆਨ ਬਚਦੇ ਸਮੇਂ ਦੌਰਾਨ ਹਿਸਾਬ-ਕਿਤਾਬ ਕਰਨ ਦੀ ਨੌਕਰੀ ਕਰਨ ਲੱਗ ਪਿਆ। ਸਾਡੇ ਪਿੰਡ ਦਾ ਲਾਲਾ ਪਿਆਰੇ ਲਾਲ ਉਥੇ ਪੈਸੇ ਜਮ੍ਹਾਂ ਕਰਵਾਉਣ ਆਇਆ। ਜਦੋਂ ਉਹਨੇ ਮੈਨੂੰ ਪੈਸੇ ਜਮ੍ਹਾਂ ਕਰਨ ਲਈ ਦਿੱਤੇ ਤਾਂ ਪੂਰਾ ਲੱਖ ਰੁਪਿਆ। ਲੱਖ ਰੁਪਿਆ ਮੈਂ ਵੇਖਿਆ ਵੀ ਪਹਿਲੀ ਵਾਰ ਸੀ, ਤੇ ਉਹ ਵੀ ਤਿੰਨ ਸੌ ਰੁਪਏ ਮਹੀਨਾ ਨੌਕਰੀ ਕਰਨ ਵਾਲੇ ਲਈ ਇਹ ਕਾਰੂੰ ਬਾਦਸ਼ਾਹ ਦਾ ਹੀ ਖਜ਼ਾਨਾ ਸੀ। ਲਾਲਾ ਕਿਉਂਕਿ ਗਰੀਬਸਹਿਜ-ਸੁਭਾਅ ਮੇਰੇ ਮੂੰਹੋਂ ਨਿਕਲ ਗਿਆ, "ਲਾਲਾ ਜੀ, ਮੈਂ ਵੀ ਕਿਤੇ ਜਾਣੈ ਵਲੈਤ ਨੂੰ।"

ਉਹਦੀ ਪੂਛ ਨੂੰ ਤਾਂ ਆਏਂ ਅੱਗ ਪੈ ਗਈ ਜਿਵੇਂ ਪੈਟਰੋਲ ਛਿੜਕ'ਤਾ ਹੋਵੇ। ਉਹ ਬਹੁਤਾ ਇਸ ਕਰ ਕੇ ਵੀ ਭੁੜਕ ਗਿਆ ਸੀ ਕਿ ਪਿੰਡ ਦੇ ਸਾਡੇ ਸਮੇਤ ਦੋ-ਚਾਰ ਘਰ ਹੀ ਸਨ ਜਿਹੜੇ ਉਹਦੇ ਕਰਜ਼ੇ ਵਾਲੇ ਜਬਾੜੇ ਹੇਠ ਨਹੀਂ ਸਨ। ਕਹਿਣਾ ਲੱਗਾ, "ਓਹ ਚੱਕਿਆ ਵਲੈਤ ਦਿਆ! ਕਦੇ ਚੰਡੀਗੜ੍ਹ ਗਿਐਂ? ਪਿੰਡ ਦਾ ਸ਼ਹਿਰ ਤੱਕ ਟਾਂਗਾ ਮਿਲ ਜਾਂਦੈ... ਇਹ ਥੋੜ੍ਹੈ... ਜਹਾਜ਼ ਦੀਆਂ ਗੱਲਾਂ ਕਰਦੈ।"

ਏ.ਕੇ. ਸੰਤਾਲੀ ਤਾਂ ਕਿਤੇ ਬਾਅਦ ਵਿਚ ਆਈ, ਪਰ ਇਹਦੇ ਬੋਲਾਂ ਦੇ ਬਰਸਟ ਨਾਲ ਮੇਰੀ ਛਾਤੀ ਨਿੱਕੀ ਉਮਰੇ ਛਲਣੀ ਹੋ ਗਈ ਸੀ। ਰਾਂਝਾ ਤਖ਼ਤ ਹਜ਼ਾਰਾ ਛੱਡ ਕੇ ਹੀਰ ਲੱਭਣ ਸਿਆਲੀਂ ਨਾ ਜਾਂਦਾ, ਜੇ ਭਾਬੀਆਂ ਮਿਹਣਾ ਨਾ ਮਾਰਦੀਆਂ! ਮੇਰੀ ਵਿਦਿਅਕ ਯੋਗਤਾ ਕਰ ਕੇ ਕਈ ਰਿਸ਼ਤੇਦਾਰ ਕਹਿ ਦਿਆ ਕਰਦੇ ਸਨ ਕਿ ਓਵਰਸੀਅਰ ਲੱਗ ਕੇ ਪੈਸੇ ਵੱਢੂ, ਪਰ ਮੈਂ ਬਿਨਾਂ ਤੇਲ ਦੀ ਮਾਲਿਸ਼ ਦੇ ਸਾਰਿਆਂ ਦੇ ਹੱਥੋਂ ਨਿਕਲ ਕੇ ਆਪਣੇ ਰਾਹ ਤੁਰ ਪਿਆ।

ਇਸ ਤਾਅਨੇ ਨੇ ਮੇਰੀ ਜ਼ਿੰਦਗੀ ਵਿਚ ਤਬਦੀਲੀ ਲਿਆਂਦੀ। ਇੰਗਲੈਂਡ ਵਿਚ ਕੇਟਰਿੰਗ ਦਾ ਧਨਾਢ ਸੁਖਦੇਵ ਕੋਮਲ ਸੀ ਮੈਨੂੰ ਸਪਾਂਸਰ ਕਰਨ ਵਾਲਾ। ਦਿੱਲੀ ਨੂੰ ਆਇਆ ਜਦੋਂ ਮੈਂ ਇੰਗਲੈਂਡ ਪਹੁੰਚਿਆ ਤਾਂ ਗੁਆਂਢੀਆਂ ਦੇ ਦੋ ਡਿਜਟ (27) ਨੰਬਰ 'ਤੇ ਬੇਬੇ ਨੂੰ ਦੱਸਿਆ, ਤਾਂ ਉਹ ਖੁਸ਼ ਹੋਣ ਦੀ ਥਾਂ ਗੁੱਸੇ ਵਿਚ ਬੋਲੀ, "ਵੇ ਚੱਕਿਆ ਵਲੈਤ ਦਿਆ! ਅਸੀਂ ਨਹੀਂ ਖਾਣੀ ਸੋਨੇ ਦੀ ਥਾਲੀ ਵਿਚ ਰੋਟੀ, ਸਾਡੇ ਲਈ ਹੱਥ ਹੀ ਰਿਜਕ ਐ ਤੇ ਹੱਥ ਹੀ ਥਾਲ। ਪੇ ਤੇਰਾ ਸਿਰ 'ਤੇ ਨ੍ਹੀਂ, ਹਜਾਜ (ਜਹਾਜ਼) ਦਾ ਕਿਰਾਇਆ ਕੌਣ ਦਵੇਗਾ? ਮੁੜਿਆ ਘਰ ਨੂੰ ਆਪੇ ਲਾਹ ਕਰਜਾ।"

ਉਦੋਂ ਮੈਨੂੰ ਲੱਗਾ ਸੀ ਕਿ ਗਰੀਬ ਨੂੰ ਸੋਨਾ ਵੀ ਭਾਰਾ ਕਿਉਂ ਲਗਦਾ ਹੁੰਦਾ।

ਚਿੱਤ ਨੂੰ ਫਿਰ ਝੋਰਾ ਵੀ ਲੱਗ ਗਿਆ ਕਿ ਚਲੋ, ਲਾਲੇ ਦੀ ਹੇਂਅ ਤਾਂ ਪੁਗਾ'ਤੀ, ਪਰ ਜਿਹੜਾ ਵੀਹ ਹਜ਼ਾਰ ਜਹਾਜ਼ ਦੇ ਕਿਰਾਏ ਸਣੇ ਸਿਰ ਚੜ੍ਹਾ ਲਿਆ, ਉਹ ਕਿਹੜੀ ਭੂਆ ਦਊ। ਖੈਰ! ਗਾਇਕਾਂ ਵਿਚ ਰਹਿਣ ਦੀਆਂ ਦੋ ਘਟਨਾਵਾਂ ਮੈਨੂੰ ਇਨ੍ਹਾਂ ਨਾਲ ਲੱਖਾਂ ਗਿਲੇ-ਸ਼ਿਕਵੇ ਹੋਣ ਦੇ ਬਾਵਜੂਦ ਤਿਹੁ ਵਿਚ ਗੁੱਟ ਕਰ ਦਿੰਦੀਆਂ ਹਨ। ਇਕ ਤਾਂ ਇਹ ਕਿ ਗਾਇਕਾਂ ਨੇ ਕਾਰ ਭੇਟ ਕਰ ਕੇ ਸਟੇਅਰਿੰਗ ਮੇਰੇ ਹੱਥ ਦਿੱਤਾ, ਤੇ ਦੂਜਾ ਜਦੋਂ ਵਲੈਤ ਆਉਣ ਦੇ ਚਾਅ ਵਿਚ ਕਰਜ਼ਾ ਨਾਸਾਂ ਨੂੰ ਚੜ੍ਹਿਆ ਤਾਂ ਇਨ੍ਹਾਂ ਨੇ ਬਿੰਦ ਵਿਚ ਲਾਹ'ਤਾ।

ਇੰਗਲੈਂਡ ਆਉਣ ਵੇਲੇ ਲਿਖਣ ਦੇ ਖੇਤਰ ਵਿਚ ਮੇਰੇ ਪੈਰ ਟਿਕ ਗਏ ਸਨ, ਅਖ਼ਬਾਰਾਂ ਦੇ ਸੰਪਾਦਕ ਮੇਰੇ ਸ਼ਬਦਾਂ ਨਾਲ ਮੁਹੱਬਤ ਕਰਨ ਲੱਗ ਪਏ ਸਨ। ਗਾਉਣ ਵਾਲਿਆਂ ਬਾਰੇ ਸ਼ਮਸ਼ੇਰ ਸੰਧੂ ਤੋਂ ਬਾਅਦ, ਪਰ ਵੱਧ ਲਿਖਣ ਦੀ ਭਲਵਾਨਾਂ ਵਾਂਗ ਰੁਮਾਲੀ ਮੇਰੇ ਕੋਲ ਸੀ।

ਸੁਖਦੇਵ ਕੋਮਲ ਨੇ ਮੇਰੇ ਆਉਣ ਬਾਰੇ ਆਪਣੇ ਪੱਬ ਵਿਚ ਬੈਠਿਆਂ ਜਦੋਂ ਮਲਕੀਤ ਨਾਲ ਫੋਨ 'ਤੇ ਗੱਲ ਕੀਤੀ, ਤਾਂ ਰੱਬ ਦੀ ਸਹੁੰ! ਉਸ ਗੱਲਬਾਤ ਨੂੰ ਇਨ-ਬਿਨ ਬਿਆਨ ਕਰਨ ਲੱਗਾ ਹਾਂ...

"ਮਲਕੀਤ ਆਪਣੇ ਕੋਲ ਅਖ਼ਬਾਰ ਵਿਚ ਲਿਖਣ ਵਾਲਾ ਅਸ਼ੋਕ ਆਇਆ ਹੋਇਐ।" ਸੁਖਦੇਵ ਨੇ ਊਂ ਈ ਸੂਲ੍ਹਾ ਮਾਰੀ। ਉਦੋਂ ਹਾਲੇ ਮਲਕੀਤ ਦੀ 'ਤੂਤਕ ਤੂਤੀਆਂ' ਨਾਲ ਪੂਰੀ ਚੜ੍ਹਾਈ ਨਹੀਂ ਸੀ ਹੋਈ, ਤੇ ਗੋਲਡਨ ਸਟਾਰ ਟਾਈਟਲ ਉਹਦੇ ਰਿਸ਼ਤੇਦਾਰ ਤਰਲੋਚਨ ਬਿਲਗੇ ਦਾ ਸੀ, ਪਰ ਉਨ੍ਹਾਂ ਦਿਨਾਂ ਵਿਚ ਉਹ ਅਲੱਗ-ਅਲੱਗ ਜ਼ਰੂਰ ਹੋ ਗਏ ਸਨ।

ਫੋਨ 'ਤੇ ਮਲਕੀਤ ਦਾ ਜੁਆਬ ਸੁਣੋ, "ਸੁਖਦੇਵ, ਅਸ਼ੋਕ ਭੌਰੇ ਦੀ ਗੱਲ ਕਰਦੈਂ?"

"ਹਾਂ।"

"ਬੁਲਾ ਸਾਰਿਆਂ ਨੂੰ, ਮਾਣ-ਸਨਮਾਨ ਕਰਦੇ ਆਂ ਉਹਦਾ।"

ਤੇ ਸਨਿਚਰਵਾਰ ਦੀ ਸ਼ਾਮ ਦਾ ਸਮਾਂ ਤੈਅ ਹੋ ਗਿਆ।

ਵੀਹ ਦਿਨ ਮੈਂ ਰਹਿਣਾ ਸੀ, ਸੁਖਦੇਵ ਨੇ ਚਲੋ ਪੱਬਾਂ ਵਿਚ ਬੀਅਰ ਦੇ ਗਲਾਬ ਭਰਨ ਤਾਂ ਰੱਖ ਲਿਆ ਸੀ, ਪਰ ਖਰਚਾ ਪੂਰਾ ਹੋਣ ਦੀ ਆਸ ਨਹੀਂ ਸੀ। ਫਿਰ ਸੋਚਿਆ, ਚਲੋ ਮਲਕੀਤ ਹੋਰੀਂ ਜਿਹੜੀ ਟਰਾਫ਼ੀ ਜਾਂ ਸ਼ਾਲ ਦੇਣਗੇ, ਉਹ ਤਾਂ ਮਾਂ ਨੂੰ ਜਾ ਕੇ ਵਿਖਾਵਾਂਗਾ, 'ਵੇਖ ਮਾਂ! ਵਲੈਤੋਂ ਲੈ ਕੇ ਆਇਆਂ।'... ਨਾਲੇ ਲਾਲੇ ਦੇ ਮੂੰਹ 'ਤੇ ਪੈਂਟ ਆਲੀ ਜਿੱਪ ਲੱਗ ਜੂ। ਉਂਜ ਮੈਨੂੰ ਲਗਦਾ ਸੀ ਵਿਆਜ ਸਮੇਤ ਸੁਲੱਖਣ ਤਾਂ ਮੂਲਧਨ ਵੀ ਵਾਪਸ ਨਹੀਂ ਲਿਜਾ ਸਕਾਂਗਾ।

ਇੰਗਲੈਂਡ ਵਿਚ ਮੇਰੀ ਜ਼ਿੰਦਗੀ ਦੀ ਇਸ ਪਹਿਲੀ ਮਹਿਫ਼ਿਲ ਵਿਚ ਉਦੋਂ ਮਲਕੀਤ ਤਾਂ ਆਇਆ ਸੀ, ਤਰਲੋਚਨ ਬਿਲਗਾ ਵੀ ਆਇਆ, ਭੁਝੰਗੀ ਗਰੁਪ ਵਾਲਾ ਰਾਮ ਕਿਸ਼ਨ ਵੀ, 'ਅਪਨਾ ਸੰਗੀਤ' ਵਾਲਾ ਕੁਲਵੰਤ ਭੰਵਰਾ ਵੀ, ਗੀਤਕਾਰ ਬੱਲ ਸਿੱਧੂ ਵੀ, ਗਾਇਕਾ ਰਾਣੀ ਵੀ, ਢੋਲੀ ਗੁਰਚਰਨ ਮੱਲ ਵੀ, ਉਨ੍ਹੀਂ ਦਿਨੀਂ 'ਗਿੱਧਿਆਂ ਦੀ ਰਾਣੀਏ ਨੀ ਗਿੱਧੇ ਵਿਚ ਆ' ਨਾਲ ਪੂਰੀ ਚੜ੍ਹਾਈ 'ਤੇ ਬੈਠਾ ਏ.ਐਸ. ਕੰਗ ਵੀ, ਕਈ ਸਾਜ਼ੀ ਵੀ ਆ ਗਏ ਤੇ ਦੋ-ਚਾਰ ਗਾਇਕਾਂ ਦੇ ਮਿੱਤਰ। ਲਿਖਦਾ ਤਾਂ ਮੈਂ ਸ਼ਾਇਦ ਉਦੋਂ ਵੀ ਕੱਚਾ ਪਿੱਲਾ ਹੀ ਹੋਵਾਂਗਾ, ਪਰ ਜਿਹੜੀ ਵਡਿਆਈ ਮਿਲੀ, ਉਹ ਸੋਹਣੀ ਦੇ ਪੱਕੇ ਘੜੇ ਵਰਗੀ ਲੱਗੀ।

ਹਾਲਾਤ ਪੁੱਠੇ ਜਿਹੇ ਸਨ, ਮੈਨੂੰ ਲੱਗ ਰਿਹਾ ਸੀ ਕਿ ਸਿਆਣਿਆਂ ਵਿਚ ਨਿਆਣਾ ਮੁੱਖ ਮਹਿਮਾਨ ਬਣ ਗਿਆ ਸੀ। ਚੱਲੋ! ਉਹ ਰਵਾਇਤੀ ਪੰਜਾਬੀ ਸੁਭਾਅ ਮੂਜਬ ਸਿਫ਼ਤਾਂ ਵਾਲੀ ਚਰਚਾ ਦੀ ਬੂੰਦੀ, ਗਾਇਕੀ ਦੇ ਲੱਡੂ ਵੱਟਣ ਲਈ ਨਿਕਲਦੀ ਰਹੀ। ਗੀਤ-ਸੰਗੀਤ ਦਾ ਦੋ ਕੁ ਘੰਟੇ ਦੌਰ ਚੱਲਿਆ, ਸਥਾਨ ਦਾ ਚੇਤਾ ਹੀ ਨਹੀਂ ਰਿਹਾ। ਥਾਂ ਸੀ ਬਰਮਿੰਘਮ ਦਾ ਕੁਈਨਜ਼ ਰੈਸਟੋਰੈਂਟ। ਸ਼ਾਲ ਮਿਲੀ, ਕੋਟ ਪੈਂਟ ਵੀ ਤੇ ਨਾਲ ਚਿੱਟਾ ਲਫ਼ਾਫ਼ਾ ਵੀ। ਫਿਰ ਤੁਰਨ ਲੱਗਿਆਂ ਮੇਰੀ ਜੇਬ ਕੰਗ ਨੇ ਵੀ ਹੱਥ ਪਾਇਆ, ਬਿਲਗੇ ਨੇ ਵੀ, ਰਾਣੀ ਨੇ ਵੀ ਤੇ ਹੋਰਨਾਂ ਵੀ ਕਈਆਂ ਨੇ।

ਸੋਲਵੇਂ ਦਿਨ ਜਦੋਂ ਪਿੰਡ ਪਰਤਿਆਂ ਤਾਂ ਕਈ ਗੱਲਾਂ ਹੋਈਆਂ। ਕੁਆਰੇ ਨੂੰ ਵੀਜ਼ਾ ਕਿਵੇਂ ਮਿਲ ਗਿਆ? ਬੈਂਕ ਖਾਤਾ ਤਾਂ ਇਹਦਾ ਊਂ ਹੀ ਨ੍ਹੀਂ ਹੋਣਾ? ਇਸ ਮੁੰਡੇ ਨੇ ਸਿਰ ਕੱਢ ਜਾਣੈ, ਤੇ ਉਹ ਵੀ ਯਾਦ ਹੈ ਜਦੋਂ ਕੁਝ ਦਿਨਾਂ ਬਾਅਦ ਘਰ ਵਿਚ ਬੇਬੇ ਦੀ ਰੱਖੀ ਗਾਂ ਲਈ ਕਮਾਦ ਛਿੱਲਣ ਗਿਆ ਤਾਂ ਮਾਲਕ ਨੇ ਜਿਵੇਂ ਈਰਖਾ ਨਾਲ ਭਰੀ ਪੂਰੀ ਕੂਹਣੀ ਬੱਖੀ ਵਿਚ ਮਾਰ ਦਿੱਤੀ ਹੋਵੇ। ਕਹਿਣ ਲੱਗਾ, "ਯਾਰ ਤੁਸੀਂ ਗਧੇ ਵਾਂਗ ਪੈਸੇ ਦੇ ਦੁਲੱਤੇ ਮਾਰਦੇ ਹੋ। ਗਿਆ ਸੀ ਤਾਂ ਰਹਿ ਲੈਂਦਾ ਵਲੈਤ ਵਿਚ, ਕਮਾਉਂਦਾ ਪੌਂਡ। ਮੁੜ ਕੇ ਤੂੰ ਕਿਤੇ ਡੀ.ਸੀ. ਲੱਗਣਾ ਸੀ।" ਪਰ ਉਹਨੂੰ ਮੈਂ ਕੀ ਦੱਸਦਾ ਕਿ ਮਿੱਤਰਾ! ਪੰਦਰਾਂ ਦਿਨਾਂ ਲਈ ਗਿਆ ਸਾਂ; ਪੰਜ ਸੌ ਮਲਕੀਤ ਦੇ ਗਿਆ, ਦੋ ਸੌ ਬਿਲਗਾ, ਢਾਈ ਸੌ ਕੰਗ, ਸੌ ਸੁਖਦੇਵ ਤੇ ਪੰਜਾਹ-ਪੰਜਾਹ ਕਈ ਹੋਰ। ਪੰਤਾਲੀ ਰੁਪਿਆਂ ਦਾ ਉਦੋਂ ਇਕ ਪੌਂਡ ਸੀ, ਤੇ ਜਹਾਜ਼ ਤੋਂ ਉਤਰਦਿਆਂ ਹੀ ਹਲਕੀ ਜੇਬ ਭਾਰੀ ਹੋ ਗਈ। ਪੌਂਡ ਤੁੜਾ ਕੇ ਪੂਰਾ ਸਤਾਸੀ ਹਜ਼ਾਰ ਬਣਿਆ।

ਸਿਰ 'ਤੇ ਕਰਜ਼ੇ ਦਾ ਭਾਰ ਚੜ੍ਹਨ ਦਾ ਝੋਰਾ ਕਰਨ ਵਾਲੀ ਮੇਰੀ ਮਾਂ ਨੇ ਉਦਣ ਮੈਨੂੰ ਘੁੱਟ ਕੇ ਜੱਫ਼ੀ ਪਾ ਲਈ ਸੀ, ਤੇ ਮੈਥੋਂ ਕੱਦ ਵਿਚ ਮਸਾਂ ਅੱਧਾ ਇੰਚ ਘੱਟ ਮਾਂ ਨੇ ਮੱਥਾ ਚੁੰਮ ਕੇ ਗੱਲ ਤਾਂ ਭਾਵੇਂ ਘੱਟ ਪੜ੍ਹੇ-ਲਿਖਿਆਂ ਹੋਣ ਵਾਲੀ ਕੀਤੀ ਹੋਵੇ, ਪਰ ਮਾਂ ਦੀ ਵਿਆਖਿਆ ਦੇ ਅਰਥ ਦੇਖੋ... ਉਹ ਲਾਡ ਕਰਦੀ ਬੋਲੀ, "ਪੁੱਤ! ਅਸੀਂ ਤਾਂ ਤੈਨੂੰ ਪੜ੍ਹਾਉਂਦੇ ਰਹੇ ਆਂ, ਪਰ ਲੋਕ ਆਂਹਦੇ ਨੇ ਤੂੰ ਲਿਖਦਾਂ।" ਉਹਨੇ ਇਹ ਗੱਲ ਵੀ ਸਵੀਕਾਰ ਲਈ ਸੀ ਕਿ ਅੱਖਰਾਂ ਵਿਚ ਸਿਰਫ਼ ਗਿਆਨ ਹੀ ਨਹੀਂ ਹੁੰਦਾ, ਧਨ ਵੀ ਹੁੰਦਾ ਹੈ।

ਗਾਇਕਾਂ ਨਾਲ ਅਜਿਹੇ ਕਈ ਕਾਰਨ ਸਨ ਕਿ ਇਨ੍ਹਾਂ ਨਾਲ ਮੇਰੇ ਤਿਹੁ ਦੀ ਪੱਟੀ ਮੱਥੇ 'ਤੇ ਘੁੱਟ ਕੇ ਬੱਝ ਗਈ ਸੀ। ਇੰਗਲੈਂਡ ਦੀ ਸਭ ਤੋਂ ਵੱਡੀ ਤੇ ਪਹਿਲੀ ਅਖ਼ਬਾਰ 'ਦੇਸ ਪਰਦੇਸ' ਦੇ ਸੰਪਾਦਕ ਤਰਸੇਮ ਪੁਰੇਵਾਲ ਨੂੰ ਮਿਲਣ ਗਿਆ ਤਾਂ ਉਹਨੇ ਗਾਇਕਾਂ ਬਾਰੇ ਦੋ ਕਿਸ਼ਤਾਂ ਵਿਚ ਲੰਮਾ ਲੇਖ ਮੈਥੋਂ ਲਿਖਾ ਕੇ ਛਾਪਿਆ, ਤੇ ਜੇਬ ਵਿਚ ਸੌ ਪੌਂਡ ਵੀ ਪਾਇਆ। 'ਪੰਜਾਬ ਟਾਈਮਜ਼' (ਯੂ.ਕੇ.) ਕੱਢਣ ਵਾਲੇ ਰਜਿੰਦਰ ਸਿੰਘ ਪੁਰੇਵਾਲ ਨੂੰ ਡਰਬੀ ਮਿਲਣ ਗਿਆ ਤਾਂ ਸਤਿਕਾਰ ਦਾ ਇਕ ਹੋਰ ਮਫ਼ਰਲ ਮੇਰੇ ਗੱਲ ਵਿਚ ਪਿਆ।

ਇੰਗਲੈਂਡ ਵਿਚਲੇ ਗਾਇਕਾਂ ਦੇ ਅੰਦਰ ਛੁਪਿਆ ਚਾਅ ਸੀ ਕਿ ਜਦੋਂ ਮੈਂ ਵਾਪਸ ਦੇਸ ਪਰਤਾਂਗਾ ਤਾਂ ਉਨ੍ਹਾਂ ਬਾਰੇ ਵਿਸਥਾਰ ਵਿਚ ਲਿਖਾਂਗਾ, ਤੇ ਇਉਂ ਇਹ ਚਾਅ ਮੈਂ ਭਾਜੀ ਬਰਜਿੰਦਰ ਸਿੰਘ ਦੀ ਪਿਆਰੀ ਤੇ ਮੁਹੱਬਤ ਭਰੀ 'ਹਾਂ' ਨਾਲ 'ਅਜੀਤ' ਦੇ ਐਤਵਾਰ ਅੰਕ ਵਿਚ ਲਿਖਿਆ ਤਾਂ ਇੰਗਲੈਂਡ ਦੇ ਪੰਜਾਬੀ ਸੰਗੀਤ ਵਿਚ ਮੇਰੀਆਂ ਡੂੰਘੀਆਂ ਜੜ੍ਹਾਂ ਲੱਗ ਗਈਆਂ। ਇਸੇ ਲਈ ਵਲੈਤ ਮੈਨੂੰ ਹਮੇਸ਼ਾ ਪੇਕਿਆਂ ਦੇ ਪਿੰਡ ਵਰਗਾ ਹੀ ਲਗਦਾ ਰਿਹਾ ਹੈ। ਉਥੇ ਹੀ ਸੂਫ਼ੀ ਤੇ ਦਮਦਾਰ ਕੱਵਾਲੀ ਗਾਇਨ ਦੇ ਸ਼ਾਹਸਵਾਰ ਨੁਸਰਤ ਫ਼ਤਿਹ ਅਲੀ ਖਾਨ ਨਾਲ ਮੇਰੀ ਪਹਿਲੀ ਤੇ ਆਖਰੀ ਗੱਲਬਾਤ ਹੋਈ।

ਇਸ ਲਿਖਤ ਵਿਚ ਲਾਲੇ ਦੇ ਮਿਹਣੇ ਜਾਂ ਤਾਅਨੇ ਦਾ ਅੰਤ ਵੀ ਕਰਨਾ ਚਾਹੁੰਨਾ। ਹੁਣ ਪਿਆਰੇ ਲਾਲ ਇਸ ਫ਼ਾਨੀ ਦੁਨੀਆਂ ਵਿਚ ਨਹੀਂ। ਗੁੱਸਾ ਭਾਵੇਂ ਮੇਰੇ ਪਿੰਡ ਵਾਲੇ ਵੀ ਕਰਨ, ਪਰ ਉਸ ਦੀ ਜਾਨ ਉਨੀ ਹੀ ਤੰਗ ਨਿਕਲੀ ਹੈ, ਜਿੰਨੀ ਵਿਆਜ ਲੈਣ ਵਾਲਿਆਂ ਦੀ ਨਿਕਲਦੀ ਹੁੰਦੀ ਐ। ਮੁੱਖ ਮੰਤਰੀ ਦੀ ਹੈਸੀਅਤ ਵੱਲੋਂ ਸਾਲ ਦੋ ਹਜ਼ਾਰ ਵਿਚ ਜਦੋਂ ਪ੍ਰਕਾਸ਼ ਸਿੰਘ ਬਾਦਲ ਮੇਰੇ ਘਰ ਆਇਆ ਤਾਂ ਲਾਲਾ ਜੀ ਵੀ ਕਿਸੇ ਕਾਗਜ਼ 'ਤੇ ਦਸਤਖ਼ਤ ਕਰਵਾਉਣ ਲਈ ਕਈ ਘੰਟੇ ਬੈਠੇ ਰਹੇ। ਦਸਤਖ਼ਤ ਤਾਂ ਮੈਂ ਕਰਵਾ'ਤੇ, ਪਰ ਜਾਣ ਲੱਗਿਆ ਤਾਂ ਛਿੱਟ ਕੁ ਪੀ ਕੇ ਟੱਲੀ ਹੋਏ ਲਾਲੇ ਨੂੰ ਮੈਂ ਪੁੱਛਿਆ, "ਲਾਲਾ ਜੀ! ਕਿੰਨੀ ਵਾਰ ਇੰਗਲੈਂਡ ਜਾ ਆਏ ਹੋ?"

"ਦੋ ਵਾਰ ਹੀ ਸੱਦਿਆ ਸੀ ਪੁੱਤ ਨੇ?"


ਤਾਅਨੇ ਵਾਲੀ ਫ਼ਿਰਕੀ ਪੁੱਠੀ ਘੁਮਾ ਕੇ ਜਦੋਂ ਮੈਂ ਕਿਹਾ, "ਮੇਰਾ ਤਾਂ ਨਾ ਭਰਾ, ਤੇ ਨਾ ਪਿਉ ਵਲੈਤ ਸੀ, ਮੈਂ ਤੇਈ ਵਾਰ ਜਾ ਆਇਆਂ। ਕਈ ਵੇਲਾਂ ਨੂੰ ਪਾਣੀ ਤੋਂ ਬਿਨਾਂ ਵੀ ਫ਼ਲ ਲੱਗ ਜਾਂਦੇ।"

... ਤੇ ਉਹ ਬੁੱਲ੍ਹਾਂ ਵਿਚ ਘੁੱਟਾ-ਬਾਟੀ ਖਚਰੀ ਹਾਸੀ ਨਾਲ ਕਹਿਣਾ ਲੱਗਾ, "ਨਾ ਨਾ ਪੁੱਤਰਾ... ਤੂੰ ਤਾਂ ਸਾਡੇ ਪਿੰਡ ਦਾ ਮਾਣ ਐਂ।"

ਮੰਨਣਾ ਪਵੇਗਾ ਕਿ ਅਣਬਣ ਹੋਣ ਦੀ ਸੂਰਤ ਵਿਚ ਅੱਗੇ ਦੀ ਸੋਚੋ, ਨਹੀਂ ਤਾਂ ਪਛੜ ਜਾਵੋਗੇ।



*ਕਵੈਂਟਰੀ ਵਿਚ ਸਨਮਾਨ ਸਮੇਂ ਇਕੋ ਮੰਚ ਉਤੇ ਪੰਦਰਾਂ ਸਾਲਾਂ ਬਾਅਦ ਪੰਜਾਬ ਦੀਆਂ ਅਹਿਮ ਸ਼ਖਸੀਅਤਾਂ ਬਲਦੇਵ ਮਸਤਾਨਾ, ਬਲਵਿੰਦਰ ਸਫਰੀ, ਏ.ਐਸ. ਕੰਗ, ਸ਼ਿੰਦਾ ਸੁਰੀਲਾ, ਪਲਵਿੰਦਰ ਧਾਮੀ ਤੇ ਕੁਮਾਰ ਹੀਰਾ।*



*ਡਰਬੀ ਵਿਚ 'ਪੰਜਾਬ ਟਾਈਮਜ਼' ਯੂ.ਕੇ. ਦੇ ਸੰਪਾਦਕ ਰਜਿੰਦਰ ਨਾਲ।*



*ਗਾਇਕਾ ਰਾਣੀ, ਮਲਕੀਤ, ਤਰਲੋਚਨ ਬਿਲਗਾ, ਕੇ.ਐਸ. ਭੰਵਰਾ, ਗੀਤਕਾਰ ਬੱਲ ਸਿੱਧੂ ਹੋਰਾਂ ਨਾਲ ਕੁਈਨਜ਼ ਰੈਸਟੋਰੈਂਟ ਵਿਚ।*

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਬੋਕ

ਚੌਦਵੀਂ ਦਾ ਉਹ ਡੁੱਬ ਗਿਆ ਚੜ੍ਹ ਕੇ ਤੇਰਾ ਚੰਦ।
ਨਹੀਂ ਵਿਆਹਿਆ ਜਾਵਣਾ ਬਾਪੂ ਹੁਣ ਫਰਜੰਦ।
ਜਾਭਾਂ ਅੰਦਰ ਵੜ ਗਈਆਂ ਮੁੱਠ ਕੁ ਜਿਹਾ ਸਰੀਰ,
ਭੁੱਲ ਕੇ ਕਿੱਦਾਂ ਲੈ ਲਊ ਨਾਲ ਇਹਦੇ ਕੋਈ ਨੰਦ।
ਵੇਚ-ਵੱਟ ਕੇ ਖਾ ਗਿਆ ਜਿਹੜੇ ਚਾਰ ਸਿਆੜ,
ਲਹਿ'ਈ ਪੁੱਤ ਪੰਚਾਇਤ 'ਚ ਪੱਗ ਵਿਚ ਫਸ'ਗੀ ਵਾੜ।
ਚਿੱਟਾ, ਕਾਲਾ ਸੱਭੋ ਕੁਝ ਅੰਦਰ ਲਿਆ ਏ ਸੁੱਟ,
ਇਹਦੇ ਗ਼ਮ ਵਿਚ ਬਾਬਲਾ ਰਹਿੰਨਾ ਏ ਤੂੰ ਗੁੱਟ।
ਏਦਾਂ ਦੇ ਨੇ ਹੋ ਗਏ ਹੁਣ ਮਾਂਵਾਂ ਦੇ ਪੁੱਤ,
ਤਾਹੀਓਂ ਵਿਚ ਬਸੰਤ ਦੇ ਹੋਈ ਉਦਾਸੀ ਰੁੱਤ।
ਐਵੇਂ ਖੰਭ ਖਿਲਾਰ ਕੇ ਫਿਰੇ ਕੂਕਦਾ ਮੋਰ,
ਬੀਬੇ ਬੰਦੇ ਉਜੜ ਗਏ ਚੋਰਾਂ ਦੇ ਹੱਥ ਡੋਰ।
ਚੁਬਾਰਿਓਂ ਹੇਠਾਂ ਉਤਰ ਆ ਲੱਗਾ ਢਹਿਣ ਮਹੱਲ,
ਦਿਲ ਦੀ ਕਿੱਦਾਂ ਰੱਖੀਏ ਦਿਲ ਦੇ ਅੰਦਰ ਗੱਲ।
ਚਰਖੇ ਵਰਗੇ ਲੀਡਰ 'ਭੌਰੇ' ਤਕਲੇ ਵਰਗੇ ਲੋਕ,
ਬੱਕਰੀਆਂ ਹੁਣ ਸੋਚਦੀਆਂ ਰਲ ਕੇ ਢਾਹੀਏ ਬੋਕ।

## ਗੁਰਮਤ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ

19ਵੀਂ ਪਉੜੀ ਤੱਕ ਗੁਰੂ ਰਾਮਦਾਸ ਰਚਿਤ ਗਉੜੀ ਦੀ ਵਾਰ ਵਿਚ ਜਿੰਨੇ ਵੀ ਸਲੋਕ ਆਏ ਹਨ, ਉਹ ਗੁਰੂ ਰਾਮਦਾਸ ਸਾਹਿਬ ਦੇ ਹੀ ਰਚੇ ਹੋਏ ਸਨ। 19ਵੀਂ ਪਉੜੀ ਤੋਂ ਬਾਅਦ ਇਹ 'ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ' ਪਹਿਲਾ ਸਲੋਕ ਤੀਸਰੀ ਨਾਨਕ ਜੋਤਿ ਗੁਰੂ ਅਮਰਦਾਸ ਸਾਹਿਬ ਦਾ ਹੈ। ਜਿਸ ਤਰ੍ਹਾਂ ਪਹਿਲਾਂ ਵੀ ਕਈ ਵਾਰ ਜ਼ਿਕਰ ਹੋ ਚੁੱਕਾ ਹੈ ਕਿ ਬਾਣੀ ਵਿਚ ਪਰਮਾਤਮ-ਪ੍ਰੇਮ ਦੇ ਅਨੁਭਵ ਨੂੰ ਦੱਸਣ ਲਈ ਅਤੇ ਜੀਵ ਨੂੰ ਸਮਝਾਉਣ ਲਈ ਆਮ ਜੀਵਨ ਵਿਚੋਂ ਬਿੰਬਾਂ, ਪ੍ਰਤੀਕਾਂ ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ। ਪਰਮਾਤਮਾ ਲਈ ਪੁਰਸ਼-ਪਤੀ ਅਤੇ ਮਨੁੱਖ ਜਾਂ ਜੀਵ ਲਈ ਇਸਤਰੀ-ਪਤਨੀ ਸ਼ਬਦ ਬਹੁਤ ਵਾਰ ਵਰਤੇ ਗਏ ਹਨ। ਇਸੇ ਤਰ੍ਹਾਂ ਗੁਰਮੁਖ ਲਈ ਸੁਲੱਖਣੀ ਜਾਂ ਸੁਹਾਗਣ ਇਸਤਰੀ ਦਾ ਪ੍ਰਤੀਕ ਅਤੇ ਮਨਮੁਖ ਲਈ ਦੁਹਾਗਣ ਜਾਂ ਕੁਲੱਖਣੀ ਇਸਤਰੀ ਦਾ ਪ੍ਰਤੀਕ ਵਰਤਿਆ ਗਿਆ ਹੈ। ਇਸ ਸਲੋਕ ਵਿਚ ਵੀ ਗੁਰੂ ਅਮਰਦਾਸ ਸਾਹਿਬ ਗਉੜੀ ਰਾਗ ਦੀ ਮਹੱਤਤਾ ਵੱਲ ਇਸ਼ਾਰਾ ਕਰਦੇ ਹਨ ਅਤੇ ਨਾਲ ਹੀ ਮਨੁੱਖ ਨੂੰ ਸਮਝਾਇਆ ਹੈ ਕਿ ਗਉੜੀ ਰਾਗ ਦੁਆਰਾ ਤਾਂ ਹੀ ਜੀਵ-ਰੂਪੀ ਇਸਤਰੀ ਸੁਲੱਖਣੀ ਹੋ ਸਕਦੀ ਹੈ ਅਰਥਾਤ ਮਨੁੱਖ ਗੁਰਮੁਖ ਲੱਛਣਾਂ ਵਾਲਾ ਤਾਂ ਹੀ ਹੋ ਸਕਦਾ ਹੈ ਜੇ ਕਰ ਉਸ ਦਾ ਮਨ ਪਰਮਾਤਮਾ ਵੱਲ ਲੱਗਿਆ ਹੋਇਆ ਹੈ, ਜੇ ਉਸ ਨੇ ਆਪਣੇ ਪਰਮੇਸ਼ਰ-ਪਤੀ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੋਇਆ ਹੈ। ਸੁਹਾਗਣ ਆਮ ਤੌਰ 'ਤੇ ਆਪਣੇ ਪਤੀ ਦੀ ਖੁਸ਼ੀ ਵਾਸਤੇ, ਉਸ ਨੂੰ ਚੰਗੀ ਲੱਗਣ ਲਈ ਹਾਰ-ਸ਼ਿੰਗਾਰ ਕਰਦੀ ਹੈ। ਇਥੇ ਗੁਰੂ ਸਾਹਿਬ ਉਪਦੇਸ਼ ਦਿੰਦੇ ਹਨ ਕਿ ਸਤਿਗੁਰ ਦੇ ਭਾਣੇ ਵਿਚ ਚੱਲਣਾ ਗੁਰਮੁਖਿ ਇਸਤਰੀ ਦਾ ਸ਼ਿੰਗਾਰ ਹੈ ਭਾਵ ਸਤਿਗੁਰੂ ਦੀ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ। ਇਥੇ ਗੁਰੂ ਸਾਹਿਬ ਨੇ ਸ਼ਬਦ ਨੂੰ ਪਤੀ ਕਿਹਾ ਹੈ ਅਤੇ ਉਪਦੇਸ਼ ਦਿੱਤਾ ਹੈ ਕਿ ਗੁਰਮੁਖਿ ਇਸਤਰੀ ਸ਼ਬਦ-ਰੂਪ ਪਤੀ ਦਾ ਸਦਾ ਅਨੰਦ ਮਾਣੇ ਅਰਥਾਤ ਆਪਣੇ ਆਪ ਨੂੰ ਸ਼ਬਦ ਨਾਲ ਓਤ-ਪੋਤ ਕਰੇ।

ਬਾਣੀ ਵਿਚ ਬਹੁਤ ਥਾਂਵਾਂ 'ਤੇ ਪਰਮਾਤਮਾ ਨਾਲ ਸੱਚੇ ਪ੍ਰੇਮ ਦੇ ਰੰਗ ਲਈ 'ਮਜੀਠ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਮਜੀਠ ਦਾ ਰੰਗ ਲਾਲ ਅਤੇ ਪੱਕਾ ਹੁੰਦਾ ਹੈ ਜੋ ਉਤਰਦਾ ਨਹੀਂ ਪਰ ਕਸੁੰਭੜੇ ਦਾ ਰੰਗ ਵੀ ਭਾਵੇਂ ਲਾਲ ਹੁੰਦਾ ਹੈ ਪਰ ਉਹ ਕੱਚਾ ਹੁੰਦਾ ਹੈ ਜੋ ਪਾਣੀ ਲੱਗਣ ਨਾਲ ਉਤਰ ਜਾਂਦਾ ਹੈ। ਇਸ ਲਈ ਜਿੱਥੇ ਸੱਚੇ ਪ੍ਰੇਮ ਲਈ 'ਰੰਗ ਮਜੀਠ' ਸ਼ਬਦ ਵਰਤਿਆ ਗਿਆ ਹੈ, ਉਥੇ ਝੂਠੇ ਜਾਂ ਮਾਇਆ ਦੇ ਪ੍ਰੇਮ ਲਈ 'ਰੰਗ ਕਸੁੰਭੜਾ' ਸ਼ਬਦ ਵਰਤਿਆ ਗਿਆ ਹੈ। ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਮਜੀਠ ਨੂੰ ਜਿਵੇਂ ਜਿਵੇਂ ਪਾਣੀ ਵਿਚ ਉਬਾਲੀਦਾ ਹੈ ਤਿਵੇਂ ਤਿਵੇਂ ਉਸ ਦਾ ਰੰਗ ਗੂੜ੍ਹਾ ਹੋ ਜਾਂਦਾ ਹੈ, ਇਸੇ ਤਰ੍ਹਾਂ ਜੀਵ ਭਾਵ ਮਨੁੱਖ ਅਕਾਲ ਪੁਰਖ ਤੋਂ ਸਦਕੇ ਜਾਵੇ ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਰੱਬ ਨੂੰ ਸਮਰਪਣ ਕਰ ਦੇਵੇ ਤਾਂ ਉਸ ਨੂੰ ਸੱਚੇ ਦੇ ਨਾਮ ਦਾ ਰੰਗ ਚੜ੍ਹ ਜਾਂਦਾ ਹੈ, ਉਹ ਰੱਬੀ ਪ੍ਰੇਮ ਵਿਚ ਗੂੜ੍ਹੀ ਤਰ੍ਹਾਂ ਰੰਗਿਆ ਜਾਂਦਾ ਹੈ, ਉਸ ਦਾ ਅਕਾਲ ਪੁਰਖ ਨਾਲ ਪ੍ਰੇਮ ਬਹੁਤ ਗਹਿਰਾ ਹੋ ਜਾਂਦਾ ਹੈ,

ਗਉੜੀ ਰਾਗਿ ਸੁਲਖਣੀ
ਜੇ ਖਸਮੈ ਚਿਤਿ ਕਰੇਇ॥
ਭਾਣੈ ਚਲੈ ਸਤਿਗੁਰੂ ਕੈ
ਐਸਾ ਸੀਗਾਰੁ ਕਰੇਇ॥
ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ॥
ਜਿਉ ਉਬਲੀ ਮਜੀਠੈ ਰੰਗੁ ਗਹਗਹਾ
ਤਿਉ ਸਚੇ ਨੋ ਜੀਉ ਦੇਇ॥
ਰੰਗਿ ਚਲੂਲੈ ਅਤਿ ਰਤੀ
ਸਚੇ ਸਿਉ ਲਗਾ ਨੇਹੁ॥

ਇਸ ਦੇ ਬਿਲਕੁਲ ਉਲਟ ਝੂਠ ਦਾ ਰੰਗ ਹੈ ਜੋ ਮੁਲੱਮਾ ਹੈ, ਕੱਚਾ ਹੈ, ਖੋਟਾ ਹੈ। ਗੁਰੂ ਅਮਰਦਾਸ ਸਾਹਿਬ ਦੱਸਦੇ ਹਨ ਕਿ ਕੂੜ ਅਤੇ ਠੱਗੀ ਛੁਪੇ ਹੋਏ ਨਹੀਂ ਰਹਿ ਸਕਦੇ ਭਾਵੇਂ ਇਨ੍ਹਾਂ ਨੂੰ ਛੁਪਾਉਣ ਲਈ ਜਿੰਨਾ ਮਰਜ਼ੀ ਲਪੇਟ ਕੇ ਰੱਖੀਏ। ਆਪਣੇ ਅੰਦਰ ਠੱਗੀ ਅਰਥਾਤ ਖੋਟ ਰੱਖਣ ਵਾਲੇ ਵਿਅਕਤੀ ਝੂਠੀ ਤਾਰੀਫ ਕਰਦੇ ਹਨ, ਵਡਿਆਈ ਕਰਦੇ ਹਨ ਅਤੇ ਉਨ੍ਹਾਂ ਦਾ ਪ੍ਰੇਮ ਝੂਠ ਨਾਲ ਹੁੰਦਾ ਹੈ ਅਤੇ ਉਨ੍ਹਾਂ ਦਾ ਇਹ ਝੂਠ ਨਾਲ ਪਿਆਰ ਲੁਕਿਆ ਨਹੀਂ ਰਹਿੰਦਾ। ਗੁਰੂ ਜੀ ਕਹਿੰਦੇ ਹਨ ਕਿ ਉਹ ਅਕਾਲ ਪੁਰਖ ਜੋ ਆਪ ਸੱਚਾ ਹੈ, ਉਹ ਹੀ ਮਿਹਰ ਕਰਦਾ ਹੈ ਤਾਂ ਮਨੁੱਖ ਦਾ ਮਨ ਝੂਠ ਨੂੰ ਛੱਡ ਕੇ ਸੱਚੇ ਪਾਸੇ ਲੱਗ ਜਾਂਦਾ ਹੈ,

ਕੂੜੁ ਠਗੀ ਗੁਝੀ ਨਾ ਰਹੈ
ਕੂੜੁ ਮੁਲੰਮਾ ਪਲੇਟਿ ਧਰੇਹੁ॥
ਕੂੜੀ ਕਰਨਿ ਵਡਾਈਆ
ਕੂੜੇ ਸਿਉ ਲਗਾ ਨੇਹੁ॥
ਨਾਨਕ ਸਚਾ ਆਪਿ ਹੈ
ਆਪੇ ਨਦਰਿ ਕਰੇਇ॥੧॥ (ਪੰਨਾ ੩੧੧)

ਇਸ ਤੋਂ ਅਗਲਾ ਸਲੋਕ ਗੁਰੂ ਰਾਮਦਾਸ ਸਾਹਿਬ ਦਾ ਹੈ। ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਪ੍ਰੇਮ-ਰੰਗ ਵਿਚ ਰੰਗੇ ਜਾਣ ਦੀ ਗੱਲ ਕੀਤੀ ਹੈ, ਜਿਸ ਪ੍ਰੇਮ ਦਾ ਰੰਗ ਮਜੀਠ ਦੇ ਰੰਗ ਵਾਂਗ ਪੱਕਾ ਹੈ, ਜੋ ਖੁਰਦਾ ਨਹੀਂ। ਇਸ ਰੰਗ ਵਿਚ ਰੰਗੇ ਜਾਣ ਲਈ ਸਭ ਤੋਂ ਸਮਰੱਥ ਸਾਧਨ ਸੰਗਤ ਨੂੰ ਮੰਨਿਆ ਹੈ, ਜਿੱਥੇ ਪ੍ਰੇਮ ਦਾ ਰੰਗ, ਨਾਮ ਦਾ ਰੰਗ ਚੜ੍ਹਦਾ ਹੈ। ਇਸ ਸਲੋਕ ਵਿਚ ਗੁਰੂ ਰਾਮਦਾਸ ਸਤਿ-ਸੰਗਤ ਦੀ ਗੱਲ ਕਰਦੇ ਹਨ ਕਿ ਇਹ ਅਜਿਹਾ ਸਥਾਨ ਹੈ, ਜਿੱਥੇ ਅਕਾਲ ਪੁਰਖ ਦੀ ਉਸਤਤਿ ਕੀਤੀ ਜਾਂਦੀ ਹੈ, ਵਡਿਆਈ ਕੀਤੀ ਜਾਂਦੀ ਹੈ, ਨਾਮ ਦੀ ਗੱਲ ਕੀਤੀ ਜਾਂਦੀ ਹੈ ਅਤੇ ਇਥੇ ਸਤਿਗੁਰੁ ਨਾਲ, ਗੁਰੂ ਨਾਲ ਗੁਰਸਿੱਖ, ਸੰਤ ਜਨ ਮਿਲਦੇ ਹਨ ਅਰਥਾਤ ਇਹ ਗੁਰੂ ਨੂੰ ਮਿਲਣ ਦਾ ਸਾਧਨ ਅਤੇ ਸਥਾਨ ਹੈ। ਇੱਥੇ ਸਤਿਗੁਰ ਨੂੰ ਮਿਲ ਕੇ ਮਨੁੱਖ ਪਰਉਪਕਾਰ ਵਰਗੇ ਗੁਣ ਆਪਣੇ ਅੰਦਰ ਪੈਦਾ ਕਰਦਾ ਹੈ ਅਤੇ ਹੋਰਾਂ ਨੂੰ ਵੀ ਅਜਿਹੇ ਗੁਣਾਂ ਦਾ ਉਪਦੇਸ਼ ਦਿੰਦਾ ਹੈ। ਅਜਿਹੇ ਮਨੁੱਖ ਧੰਨ ਹਨ ਜਿਹੜੇ ਦੂਸਰਿਆਂ ਨੂੰ ਵੀ ਪਰਉਪਕਾਰ ਲਈ ਉਪਦੇਸ਼ ਦਿੰਦੇ ਹਨ। ਉਹ ਆਪ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦੇ ਹਨ, ਦੂਸਰਿਆਂ ਅੰਦਰ ਅਕਾਲ ਪੁਰਖ ਦੇ ਨਾਮ ਨੂੰ ਦ੍ਰਿੜ ਕਰਵਾਉਂਦੇ ਹਨ, ਨਾਮ ਸਰਵਣ ਕਰਾਉਂਦੇ ਹਨ ਅਤੇ ਅਕਾਲ ਪੁਰਖ ਦੇ ਨਾਮ ਰਾਹੀਂ ਦੁਨੀਆਂ ਨੂੰ ਤਾਰਦੇ ਹਨ। ਇਹ ਸਭ ਕੁਝ ਸਤਿ-ਸੰਗਤ ਵਿਚ ਜਾਣ ਸਦਕਾ ਹੀ ਸੰਭਵ ਹੈ ਕਿਉਂਕਿ ਗੁਰੂ ਦੀ ਸੰਗਤ ਵਿਚ ਮਨੁੱਖ ਚੰਗੇ ਗੁਣਾਂ ਦਾ ਧਾਰਨੀ ਹੁੰਦਾ ਹੈ। ਗੁਰੂ ਦੇ ਦਰਸ਼ਨ ਕਰਨ ਦੀ ਹਰ ਕੋਈ ਰੀਝ ਰੱਖਦਾ ਹੈ ਅਤੇ ਜਗਤ ਵਿਚ ਨੌਂ ਖੰਡਾਂ ਦੇ ਜੀਵ ਸਤਿਗੁਰ ਦੇ ਚਰਨਾਂ ਵਿਚ ਆਪਣਾ ਸਿਰ ਨਿਵਾਉਂਦੇ ਹਨ। ਜਿਸ ਅਕਾਲ ਪੁਰਖ ਨੇ ਸਤਿਗੁਰ ਨੂੰ ਪੈਦਾ ਕੀਤਾ ਹੈ, ਉਸ ਨੇ ਆਪਣਾ ਆਪ ਸਤਿਗੁਰ ਵਿਚ ਲੁਕਾ ਰੱਖਿਆ ਹੈ ਅਤੇ ਉਸ ਨੇ ਆਪ ਹੀ ਗੁਰੂ ਨੂੰ ਸਵਾਰਿਆ ਹੈ ਅਰਥਾਤ ਸੁੰਦਰ ਬਣਾਇਆ ਹੈ। ਉਹ ਸਿਰਜਣਹਾਰ ਆਪ ਹੀ ਸਤਿਗੁਰੁ ਨੂੰ ਵਡਿਆਈ ਬਖਸ਼ਿਸ ਕਰਦਾ ਹੈ ਅਤੇ ਆਪ ਹੀ ਹੋਰਨਾਂ ਕੋਲੋਂ ਗੁਰੂ ਦੀ ਵਡਿਆਈ ਕਰਵਾਉਂਦਾ ਹੈ। ਭਾਵ ਇਹ ਸਭ ਪ੍ਰਾਪਤੀ ਪਰਵਰਦਗਾਰ ਦੀ ਮਿਹਰ ਸਦਕਾ ਹੁੰਦੀ ਹੈ,

ਸਤਸੰਗਤਿ ਮਹਿ ਹਰਿ ਉਸਤਤਿ ਹੈ
ਸੰਗਿ ਸਾਧੂ ਮਿਲੇ ਪਿਆਰਿਆ॥
ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ
ਉਪਦੇਸੁ ਕਰਹਿ ਪਰਉਪਕਾਰਿਆ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਨਾਮੇ ਜਗੁ ਨਿਸਤਾਰਿਆ॥
ਗੁਰ ਵੇਖਣ ਕਉ ਸਭੁ ਕੋਈ ਲੋਚੈ
ਨਵਖੰਡ ਜਗਤਿ ਨਮਸਕਾਰਿਆ॥
ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ
ਗੁਰੁ ਆਪੇ ਤੁਧੁ ਸਵਾਰਿਆ॥
ਤੂ ਆਪੇ ਪੂਜਹਿ ਪੂਜ ਕਰਾਵਹਿ
ਸਤਿਗੁਰ ਕਉ ਸਿਰਜਣਹਾਰਿਆ॥

ਅੱਗੇ ਦੱਸਿਆ ਹੈ ਕਿ ਜੋ ਮਨੁੱਖ ਸਤਿਗੁਰੂ ਤੋਂ ਬੇਮੁੱਖ ਹੋ ਜਾਂਦੇ ਹਨ ਅਤੇ ਗੁਰੂ ਤੋਂ ਵਿਛੜ ਜਾਂਦੇ ਹਨ ਉਨ੍ਹਾਂ ਦਾ ਮੂੰਹ ਕਾਲਾ ਹੋ ਜਾਂਦਾ ਹੈ ਅਤੇ ਅੱਗੇ ਜਾ ਕੇ ਜਮਾਂ ਦੀ ਮਾਰ ਪੈਂਦੀ ਹੈ। ਕਹਿਣ ਤੋਂ ਭਾਵ ਹੈ ਕਿ ਅਜਿਹਾ ਮਨੁੱਖ ਇੱਕ ਪਾਸੇ ਤਾਂ ਦੁਨੀਆਂ ਵਿਚ ਸ਼ਰਮਿੰਦਗੀ ਖੱਟਦਾ ਹੈ, ਦੂਸਰੇ ਪਾਸੇ ਸਦਾ ਹੀ ਮੌਤ ਦੇ ਭੈ ਵਿਚ ਜੀਵਨ ਬਸਰ ਕਰਦਾ ਹੈ। ਸਭ ਗੁਰਸਿੱਖਾਂ ਨੇ ਮਨ ਵਿਚ ਇਹ ਵਿਚਾਰ ਕੀਤੀ ਹੈ ਕਿ ਅਜਿਹੇ ਮਨੁੱਖ ਨੂੰ ਲੋਕ-ਪਰਲੋਕ ਵਿਚ ਕੋਈ ਆਸਰਾ ਨਹੀਂ ਮਿਲਦਾ। ਜਿਹੜੇ ਮਨੁੱਖ ਸਤਿਗੁਰੂ ਨੂੰ ਆ ਕੇ ਮਿਲਦੇ ਹਨ ਅਤੇ ਸੰਗਤ ਸਦਕਾ ਆਪਣੇ ਅੰਦਰ ਨਾਮ ਨੂੰ ਸੰਭਾਲ ਕੇ ਰੱਖਦੇ ਹਨ, ਉਹ ਇਸ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦੇ ਹਨ। ਗੁਰੂ ਸਾਹਿਬ ਗੁਰਸਿੱਖਾਂ ਨੂੰ ਉਪਦੇਸ਼ ਦਿੰਦੇ ਹਨ, ਹੇ ਅਕਾਲ ਪੁਰਖ ਦੇ ਦਾਸ ਗੁਰੂ ਦੇ ਸਿੱਖ ਪੁੱਤਰੋ ਤੁਸੀਂ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ ਜੋ ਇਸ ਸੰਸਾਰ ਸਮੁੰਦਰ ਤੋਂ ਪਾਰ ਲਗਾ ਦਿੰਦਾ ਹੈ,

ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ
ਤਿਸੁ ਕਾਲਾ ਮੁਹੁ ਜਮਿ ਮਾਰਿਆ॥
ਤਿਸੁ ਅਗੈ ਪਿਛੈ ਢੋਈ ਨਾਹੀ
ਗੁਰਸਿਖੀ ਮਨਿ ਵੀਚਾਰਿਆ॥
ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ
ਜਿਨ ਹਿਰਦੈ ਨਾਮੁ ਸਮਾਰਿਆ॥
ਜਨ ਨਾਨਕ ਕੇ ਗੁਰਸਿਖ ਪੁਤਹਹੁ
ਹਰਿ ਜਪਿਅਹੁ ਹਰਿ ਨਿਸਤਾਰਿਆ॥੨॥
(ਪੰਨਾ ੩੧੧-੧੨)

ਇਸ ਕੜੀ ਦਾ ਤੀਸਰਾ ਸਲੋਕ ਫਿਰ ਗੁਰੂ ਅਮਰਦਾਸ ਸਾਹਿਬ ਦਾ ਹੈ। ਬਾਣੀ ਵਿਚ ਹਉਮੈ ਨੂੰ ਮਨੁੱਖ ਦੇ ਗੁਰੂ ਅਤੇ ਅਕਾਲ ਪੁਰਖ ਨਾਲੋਂ ਵਿਛੋੜੇ ਦਾ ਕਾਰਨ ਮੰਨਿਆ ਹੈ। ਹਉਮੈ ਹੀ ਹੈ ਜੋ ਮਨੁੱਖ ਦੀ ਗੁਰੂ ਅਤੇ ਅਕਾਲ ਪੁਰਖ ਨਾਲੋਂ ਵਿੱਥ ਦਾ ਕਾਰਨ ਬਣਦੀ ਹੈ, ਮੇਲ ਨਹੀਂ ਹੋਣ ਦਿੰਦੀ। ਗੁਰੂ ਅਮਰਦਾਸ ਸਾਹਿਬ ਇਸੇ ਤੱਥ ਨੂੰ ਸਮਝਾਉਂਦੇ ਹਨ ਕਿ ਹਉਮੈ ਨੇ ਸੰਸਾਰ ਨੂੰ ਔਝੜੀਂ ਪਾਇਆ ਹੋਇਆ ਹੈ, ਕੁਰਾਹੇ ਪਾਇਆ ਹੋਇਆ ਹੈ ਜਿਸ ਕਰਕੇ ਖੋਟੀ ਬੁੱਧੀ ਕਾਰਨ ਮਨੁੱਖ ਮਾਇਆ ਵਿਚ ਫਸ ਕੇ ਵਿਕਾਰਾਂ ਵਿਚ ਲੱਗਾ ਹੋਇਆ ਹੈ। ਜਿਸ ਮਨੁੱਖ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ, ਉਸ ਦਾ ਗੁਰੂ ਨਾਲ ਮੇਲ ਹੋ ਜਾਂਦਾ ਹੈ ਪਰ ਆਪਣੇ ਮਨ ਦੇ ਪਿੱਛੇ ਲੱਗ ਕੇ ਚੱਲਣ ਵਾਲਾ ਮਨੁੱਖ ਅਕਲ ਦਾ ਅੰਨ੍ਹਾ ਹੁੰਦਾ ਹੈ ਅਤੇ ਅੰਧੇਰੇ ਵਿਚ ਰਹਿੰਦਾ ਹੈ (ਬਾਣੀ ਵਿਚ ਅਗਿਆਨ ਨੂੰ ਹਨੇਰਾ ਤੇ ਗਿਆਨ ਨੂੰ ਚਾਨਣ ਕਿਹਾ ਹੈ। ਹਉਮੈ ਅਗਿਆਨ ਹੈ)। ਗੁਰੂ ਅਮਰਦਾਸ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਮਨੁੱਖ 'ਤੇ ਅਕਾਲ ਪੁਰਖ ਆਪਣੀ ਮਿਹਰ ਕਰਦਾ ਹੈ, ਉਸ ਨੂੰ ਆਪ ਹੀ ਆਪਣੇ ਨਾਲ ਮੇਲ ਲੈਂਦਾ ਹੈ,

ਹਉਮੈ ਜਗਤੁ ਭੁਲਾਇਆ
ਦੁਰਮਤਿ ਬਿਖਿਆ ਬਿਕਾਰ॥
ਸਤਿਗੁਰੁ ਮਿਲੈ ਤ ਨਦਰਿ ਹੋਇ
ਮਨਮੁਖ ਅੰਧ ਅੰਧਿਆਰ॥
ਨਾਨਕ ਆਪੇ ਮੇਲਿ ਲਏ
ਜਿਸ ਨੋ ਸਬਦਿ ਲਾਏ ਪਿਆਰੁ॥੩॥
(ਪੰਨਾ ੩੧੨)

ਅੱਗੇ ਪਉੜੀ ਵਿਚ ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਸਾਹਿਬ ਉਸ ਅਕਾਲ ਪੁਰਖ ਦੀ ਸਿਫਤ-ਸਾਲਾਹ ਦਾ ਜ਼ਿਕਰ ਕਰਦੇ ਹਨ ਕਿ ਉਸ ਸਦਾ ਕਾਇਮ ਰਹਿਣ ਵਾਲੇ ਪਰਵਰਦਗਾਰ ਦੀ ਸਿਫਤ-ਸਾਲਾਹ ਵੀ ਸਦਾ ਕਾਇਮ ਰਹਿਣ ਵਾਲੀ ਹੈ, ਪਰ ਉਹ ਜਨ ਹੀ ਸਿਫਤ-ਸਾਲਾਹ ਕਰ ਸਕਦੇ ਹਨ, ਜਿਨ੍ਹਾਂ ਦਾ ਮਨ ਉਸ ਦੀ ਸਿਫਤ-ਸਾਲਾਹ 'ਚ ਲੱਗਾ ਹੋਇਆ ਹੋਵੇ, ਪਰਵਰਦਗਾਰ ਦੀ ਵਡਿਆਈ ਵਿਚ ਹਿਰਦਾ ਭਿੱਜਿਆ ਹੋਇਆ ਹੋਵੇ। ਜੋ ਮਨੁੱਖ ਮਨ ਦੀ ਇਕਸੁਰਤਾ ਨਾਲ, ਇਕਾਗਰ-ਚਿੱਤ ਹੋ ਕੇ ਉਸ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦਾ ਸਰੀਰ ਕਦੀ ਵਿਕਾਰਾਂ ਵਿਚ ਛਿੱਜਦਾ ਨਹੀਂ ਅਤੇ ਉਹ ਤੰਦਰੁਸਤ ਰਹਿੰਦੇ ਹਨ। ਅਜਿਹੇ ਮਨੁੱਖ ਧੰਨ ਹਨ, ਧੰਨਤਾ ਦੇ ਹੱਕਦਾਰ ਹਨ ਜੋ ਆਪਣੀ ਜੀਭ ਨਾਲ ਪਰਮਾਤਮਾ ਦੇ ਨਾਮ ਦਾ ਅੰਮ੍ਰਿਤ ਪੀਂਦੇ ਹਨ। ਜੋ ਮਨੁੱਖ ਸੱਚੇ ਮਨ ਨਾਲ ਅਕਾਲ ਪੁਰਖ ਦੇ ਪ੍ਰੇਮ ਵਿਚ ਲੱਗੇ ਹੋਏ ਹਨ, ਜਿਨ੍ਹਾਂ ਦੇ ਮਨ ਵਿਚ ਰੱਬ ਦਾ ਸੱਚਾ ਪਿਆਰ ਹੈ, ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚ ਸਤਿਕਾਰ ਮਿਲਦਾ ਹੈ। ਸੱਚ ਦੇ ਵਪਾਰ ਵਿਚ ਲੱਗੇ ਹੋਏ ਮਨੁੱਖਾਂ ਦਾ ਜਨਮ ਸਫਲ ਹੋ ਜਾਂਦਾ ਹੈ ਅਤੇ ਉਹ ਉਜਲ ਮੁੱਖ ਨਾਲ ਇਸ ਸੰਸਾਰ ਤੋਂ ਜਾਂਦੇ ਹਨ, ਅਕਾਲ ਪੁਰਖ ਉਨ੍ਹਾਂ ਨੂੰ ਸੁਰਖਰੂ ਕਰ ਦਿੰਦਾ ਹੈ,

ਸਚੁ ਸਚੇ ਕੀ ਸਿਫਤਿ ਸਲਾਹ ਹੈ
ਸੋ ਕਰੇ ਜਿਸੁ ਅੰਦਰੁ ਭਿਜੈ॥
ਜਿਨੀ ਇਕ ਮਨਿ ਇਕੁ ਅਰਾਧਿਆ
ਤਿਨ ਕਾ ਕੰਧੁ ਨ ਕਬਹੂ ਛਿਜੈ॥
ਧਨੁ ਧਨੁ ਪੁਰਖ ਸਾਬਾਸਿ ਹੈ
ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ॥
ਸਚੁ ਸਚਾ ਜਿਨ ਮਨਿ ਭਾਵਦਾ
ਸੇ ਮਨਿ ਸਚੀ ਦਰਗਹ ਲਿਜੈ॥
ਧਨੁ ਧੰਨੁ ਜਨਮੁ ਸਚਿਆਰੀਆ
ਮੁਖ ਉਜਲ ਸਚੁ ਕਰਿਜੈ॥੨੦॥
(ਪੰਨਾ ੩੧੨)

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਸਾਹਿਬ ਇਸ ਤੱਥ ਦਾ ਵਰਣਨ ਕਰਦੇ ਹਨ ਕਿ ਮਾਇਆਧਾਰੀ ਮਨੁੱਖ ਭਾਵੇਂ ਗੁਰੂ ਅੱਗੇ ਸਿਰ ਵੀ ਨਿਵਾਉਣ ਪਰ ਉਨ੍ਹਾਂ ਦੇ ਮਨ ਅੰਦਰੋਂ ਖੋਟ ਨਹੀਂ ਜਾਂਦੀ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਾਕਤ ਮਨੁੱਖ ਗੁਰੂ ਅੱਗੇ ਜਾ ਕੇ ਸਿਰ ਨਿਵਾਉਂਦੇ ਹਨ ਪਰ ਅੰਦਰ ਖੋਟ ਹੋਣ ਕਰਕੇ ਉਹ ਕੂੜ ਦੇ ਵਪਾਰੀ ਹੀ ਰਹਿੰਦੇ ਹਨ ਅਤੇ ਮਨ ਦੇ ਖੋਟੇ ਹੁੰਦੇ ਹਨ। ਜਦੋਂ ਸਤਿਗੁਰੁ ਸਿੱਖਾਂ ਨੂੰ ਸੁਚੇਤ ਹੋਣ ਦਾ ਅਦੇਸ਼ ਕਰਦੇ ਹਨ ਕਿ ਭਰਾਵੋ ਉਠੋ! ਤਾਂ ਉਹ ਵੀ ਗੁਰੂ ਦੇ ਸਿੱਖਾਂ ਵਿਚ ਰਲ ਕੇ ਬੈਠ ਜਾਂਦੇ ਹਨ। ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਗੁਰੂ ਦੇ ਸਿੱਖਾਂ ਦੇ ਹਿਰਦੇ ਵਿਚ ਤਾਂ ਸਤਿਗੁਰ ਵੱਸਦਾ ਹੈ ਪਰ ਸਾਕਤਾਂ ਦੇ ਮਨ ਵਿਚ ਕੂੜ ਹੁੰਦਾ ਹੈ। ਇਸ ਲਈ ਭਾਵੇਂ ਉਹ ਸਿੱਖਾਂ 'ਚ ਰਲ ਕੇ ਵੀ ਬੈਠ ਜਾਣ ਪਰ ਉਨ੍ਹਾਂ ਨੂੰ ਪਛਾਣ ਕੇ ਕੱਢ ਲਿਆ ਜਾਂਦਾ ਹੈ। ਗੁਰਸਿੱਖਾਂ ਅੰਦਰ ਸਤਿਗੁਰੁ ਕੰਮ ਕਰ ਰਿਹਾ ਹੁੰਦਾ ਹੈ, ਇਸ ਲਈ ਉਨ੍ਹਾਂ ਨੂੰ ਕੋਈ ਧੋਖਾ ਨਹੀਂ ਦੇ ਸਕਦਾ, ਉਹ ਇਨ੍ਹਾਂ ਉਪਰ ਦੱਸੇ ਪਖੰਡੀਆਂ ਨੂੰ ਚੁਣ ਕੇ ਵੱਖ ਕਰ ਲੈਂਦੇ ਹਨ। ਜਿਸ ਤਰ੍ਹਾਂ ਖੋਟਾ ਸਿੱਕਾ ਖਰੇ ਸਿੱਕਿਆਂ ਵਿਚ ਲੁਕ ਨਹੀਂ ਸਕਦਾ, ਇਸੇ ਤਰ੍ਹਾਂ ਇਹ ਸਾਕਤ ਵੀ ਭਾਵੇਂ ਅੱਗੇ ਪਿੱਛੇ ਹੋ ਕੇ ਆਪਣੇ ਆਪ ਨੂੰ ਛੁਪਾਉਂਦੇ ਹਨ ਪਰ ਪਛਾਣੇ ਜਾਂਦੇ ਹਨ,

ਸਾਕਤ ਜਾਇ ਨਿਵਹਿ ਗੁਰ ਆਗੈ
ਮਨਿ ਖੋਟੇ ਕੂੜਿ ਕੂੜਿਆਰੇ॥
ਜਾ ਗੁਰੁ ਕਹੈ ਉਠਹੁ ਮੇਰੇ ਭਾਈ
ਬਹਿ ਜਾਹਿ ਘੁਸਰਿ ਬਗੁਲਾਰੇ॥
ਗੁਰਸਿਖਾ ਅੰਦਰਿ ਸਤਿਗੁਰੁ ਵਰਤੈ
ਚੁਣਿ ਕਢੇ ਲਧੋਵਾਰੇ॥
ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ
ਨ ਰਲਨੀ ਖੋਟੇਆਰੇ॥

ਗੁਰੂ ਸਾਹਿਬ ਅੱਗੇ ਦੱਸਦੇ ਹਨ ਕਿ ਮਾਇਆਧਾਰੀਆਂ ਦਾ ਖਾਣਾ ਗੁਰਸਿੱਖਾਂ ਦੇ ਸੰਗ ਵਿਚ ਨਹੀਂ ਹੁੰਦਾ, ਇਸ ਲਈ ਉਹ ਭੇਡਾਂ ਦੀ ਤਰ੍ਹਾਂ ਕਿਧਰੇ ਹੋਰ ਜਾ ਕੇ ਕੂੜ ਨੂੰ ਲੱਭਦੇ ਹਨ (ਗੁਰਸਿੱਖਾਂ ਦੀ ਆਤਮਕ ਖੁਰਾਕ ਨਾਮ-ਸਿਮਰਨ ਹੈ ਅਤੇ ਸਾਕਤਾਂ ਦੀ ਮਾਇਆਵੀ ਹੈ ਕਿਉਂਕਿ ਉਨ੍ਹਾਂ ਦਾ ਮਨ ਵਿਕਾਰਾਂ ਵਿਚ ਲੱਗਾ ਹੁੰਦਾ ਹੈ, ਇਸ ਲਈ ਕੋਈ ਮੇਲ ਨਹੀਂ)। ਇਸੇ ਲਈ ਜੇਕਰ ਸਾਕਤ ਮਨੁੱਖਾਂ ਨੂੰ ਕੋਈ ਅਧਿਆਤਮਕ ਖੁਰਾਕ ਅਰਥਾਤ ਨਾਮ-ਸਿਮਰਨ ਦਾ ਭੋਜਨ ਦੇਣ ਦੀ ਇੱਛਾ ਵੀ ਰੱਖੇ ਤਾਂ ਵੀ ਉਹ ਆਪਣੇ ਮੁੱਖ ਤੋਂ ਨਿੰਦਾ-ਰੂਪੀ ਜ਼ਹਿਰ ਹੀ ਉਗਲ ਕੇ ਕੱਢਦਾ ਹੈ। ਗੁਰੂ ਸਾਹਿਬ ਰੱਬ ਦੇ ਭਗਤਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸਾਕਤਾਂ ਦੀ ਸੰਗਤ ਨਹੀਂ ਕਰਨੀ, ਉਨ੍ਹਾਂ ਤੋਂ ਦੂਰ ਹੀ ਰਹਿਣਾ ਹੈ ਕਿਉਂਕਿ ਕਰਤਾ ਪੁਰਖ ਨੇ ਆਪ ਹੀ ਉਨ੍ਹਾਂ ਨੂੰ ਪਰਮਾਤਮਾ ਦੇ ਨਾਮ ਵੱਲੋਂ ਮੁਰਦਾ ਕੀਤਾ ਹੋਇਆ ਹੈ। ਜਿਸ ਅਕਾਲ ਪੁਰਖ ਦਾ ਇਹ ਖੇਲ ਹੈ, ਉਹ ਆਪ ਹੀ ਇਸ ਦੀ ਰਚਨਾ ਕਰਕੇ ਇਸ ਨੂੰ ਦੇਖ ਰਿਹਾ ਹੈ। ਗੁਰੂ ਸਾਹਿਬ ਆਪਣੇ ਮਨ ਨੂੰ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਲਈ ਉਪਦੇਸ਼ਦੇ ਹਨ,

ਓਨਾ ਦਾ ਭਖੁ ਸੁ ਓਥੈ ਨਾਹੀ ਜਾਇ
ਕੂੜੁ ਲਹਨਿ ਭੇਡਾਰੇ॥
ਜੇ ਸਾਕਤੁ ਨਰੁ ਖਾਵਾਈਐ
ਲੋਚੀਐ ਬਿਖੁ ਕਢੈ ਮੁਖਿ ਉਗਲਾਰੇ॥
ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ
ਓਇ ਮਾਰੇ ਸਿਰਜਣਹਾਰੇ॥
ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ
ਜਨ ਨਾਨਕ ਨਾਮੁ ਸਮਾਰੇ॥੧॥
(ਪੰਨਾ ੩੧੨)

## ਗੁਰਬਾਣੀ ਗਿਆਨ

# ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ

**ਆਸਾ ਮਹਲਾ ੫**
ਸਾਈ ਅਲਖੁ ਅਪਾਰੁ
ਭੋਰੀ ਮਨਿ ਵਸੈ॥
ਦੂਖੁ ਦਰਦੁ ਰੋਗੁ ਮਾਹਿ
ਮੈਡਾ ਹਭੁ ਨਸੈ॥੧॥
ਹਉ ਵੰਞਾ ਕੁਰਬਾਣੁ
ਸਾਈ ਆਪਣੇ॥
ਹੋਵੈ ਅਨਦੁ ਘਣਾ
ਮਨਿ ਤਨਿ ਜਾਪਣੇ॥੧॥ਰਹਾਉ
ਬਿੰਦਕ ਗਾਲਿ ਸੁਣੀ
ਸਚੇ ਤਿਸੁ ਧਣੀ॥
ਸੂਖੀ ਹੂੰ ਸੁਖੁ ਪਾਇ
ਮਾਇ ਨ ਕੀਮ ਗਣੀ॥੨॥
ਨੈਣ ਪਸੰਦੋ ਸੋਇ
ਪੇਖਿ ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ॥੩॥
ਬੇਦ ਕਤੇਬ ਸੰਸਾਰ
ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ
ਦਿਸੈ ਜਾਹਰਾ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਮਿਹਰਵਾਨ ਪ੍ਰਭੂ ਦੇ ਗੁਣਾਂ ਦਾ ਵਰਣਨ ਇਵੇਂ ਕਰਦੇ ਹਨ- ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ, ਹੇ ਮੇਰੀ ਮਾਂ! ਉਹ ਅਲਖੁ ਜਿਸ ਦਾ ਸਰੂਪ ਬਿਆਨ ਨਾ ਕੀਤਾ ਜਾ ਸਕੇ, ਅਪਾਰੁ ਜਿਸ ਦਾ ਪਾਰਾਵਾਰ ਨਾ ਪਤਾ ਚਲ ਸਕੇ, ਉਹ ਐਸੇ ਬੇਅੰਤ ਪ੍ਰਭੂ ਜਦੋਂ ਪਲ ਕੁ ਸਮੇਂ ਲਈ ਭੀ ਮੇਰੇ ਮਨ ਵਿਚ ਆ ਵੱਸਦਾ ਹੈ; ਦੂਖੁ ਦਰਦੁ ਰੋਗੁ ਮਾਹਿ ਮੈਡਾ ਹਭੁ ਨਸੈ, ਤਾਂ ਉਸ ਦੇ ਦੀਦਾਰ ਨਾਲ ਮੇਰਾ ਹਰ ਦੁੱਖ ਦਰਦ, ਮੇਰਾ ਹਰ ਇਕ ਰੋਗ, ਸਾਰੇ ਹੀ ਦੂਰ ਨੱਸ ਜਾਂਦੇ ਹਨ।

ਹਉ ਵੰਞਾ ਕੁਰਬਾਣੁ
ਸਾਈ ਆਪਣੇ॥
ਹੋਵੈ ਅਨਦੁ ਘਣਾ
ਮਨਿ ਤਨਿ ਜਾਪਣੇ॥੧॥ਰਹਾਉ॥

ਗੁਰੂਦੇਵ ਫਰਮਾਉਂਦੇ ਹਨ, ਹੇ ਮਾਂ! ਜੋ ਅਲਖ ਹੈ, ਅਪਾਰ ਹੈ ਅਤੇ ਬੇਅੰਤ ਵੀ ਹੈ, ਮੈਂ ਆਪਣੇ ਐਸੇ ਸਾਈਂ ਮਾਲਕ ਪ੍ਰਭੂ ਤੋਂ ਸਦਾ ਹੀ ਕੁਰਬਾਨ ਜਾਂਦੀ ਹਾਂ, ਬਲਿਹਾਰ ਜਾਂਦੀ ਹਾਂ; ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ, ਭਾਵ ਬਹੁਤ ਅਨੰਦ ਹੀ ਅਨੰਦ ਆਉਂਦਾ ਹੈ। ਇਸ ਲਈ ਉਹ ਪ੍ਰੀਤਮ ਮੈਨੂੰ ਪਿਆਰਾ ਲਗਦਾ ਹੈ।

ਬਿੰਦਕ ਗਾਲਿ ਸੁਣੀ ਸਚੇ ਤਿਸੁ ਧਣੀ॥
ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ॥੨॥

ਹੁਣ ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਮੇਰੀ ਮਾਂ! ਉਸ ਸੱਚੇ ਪਰਮੇਸ਼ਰ ਪਰਮਾਤਮਾ, ਜੋ ਸਦਾ ਹੀ ਅਟੱਲ ਰਹਿਣ ਵਾਲਾ ਹੈ, ਜਦੋਂ ਕਿਤੇ ਬਿੰਦ ਕੁ, ਭਾਵ ਜ਼ਰਾ ਜਿੰਨੀ ਵੀ ਸਿਫ਼ਤ ਸਲਾਹ ਦੀ ਗੱਲ ਮੈਂ ਸੁਣ ਲੈਂਦੀ ਹਾਂ; ਤਾਂ ਹੇ ਮੇਰੀ ਮਾਂ! ਸੂਖੀ ਹੂੰ ਸੁਖੁ, ਭਾਵ ਜੋ ਸਾਰੇ ਹੀ ਸੁੱਖਾਂ ਤੋਂ ਉਪਰ ਵੱਡਾ ਅਨੰਦਮਈ ਸੁੱਖ ਹੈ, ਉਸ ਸੁੱਖ ਨੂੰ ਮੈਂ ਆਪਣੇ ਅੰਦਰ ਮਹਿਸੂਸ ਕਰਦੀ ਹਾਂ। ਮਾਂ! ਉਹ ਸੁੱਖ ਕਿੰਨਾ ਪਿਆਰਾ ਹੈ, ਉਸ ਦੀ ਕੀਮਤ ਨਹੀਂ ਦੱਸੀ ਜਾ ਸਕਦੀ।

ਨੈਣ ਪਸੰਦੋ ਸੋਇ
ਪੇਖਿ ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ॥੩॥

ਹੁਣ ਸਤਿਗੁਰੂ ਮਿਹਰਾਂ ਦੇ ਉਸ ਮਾਲਕ ਮਿਹਰਵਾਨ ਪ੍ਰਭੂ ਦੇ ਸੋਹਣੇ ਦੀਦਾਰ ਦੀ ਗੱਲ ਆਖਦੇ ਹਨ, ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ, ਹੇ ਮਾਂ! ਉਹ ਪਿਆਰਾ ਪ੍ਰੀਤਮ ਪ੍ਰਭੂ ਮੇਰੇ ਨੈਣਾਂ ਨੂੰ ਅਤਿ ਸੋਹਣਾ ਅਤੇ ਪਿਆਰਾ ਲਗਦਾ ਹੈ, ਤੇ ਉਸ ਨੂੰ ਵੇਖ ਕੇ ਮੈਂ ਆਪਣੀ ਸੁਧ-ਬੁਧ ਭੁਲ ਜਾਂਦੀ ਹਾਂ; ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ, ਹੇ ਮਾਂ! ਮੈਂ ਤਾਂ ਅਉਗਣਾਂ ਨਾਲ ਭਰੀ ਹੋਈ ਹਾਂ, ਮੇਰੇ ਵਿਚ ਕੋਈ ਗੁਣ ਨਹੀਂ ਹੈ, ਫਿਰ ਭੀ ਉਸ ਮਿਹਰਵਾਨ ਨੇ ਮੈਨੂੰ ਆਪਣੇ ਲੜ ਲਾ ਲਿਆ ਹੈ।

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਮੇਰੀ ਮਾਂ! ਮੇਰਾ ਉਹ ਪ੍ਰਭੂ ਨਿਰਾ ਸੰਸਾਰ ਵਿਚ ਹੀ ਨਹੀਂ ਵੱਸਦਾ, ਉਹ ਤਾਂ ਦਿਖਾਈ ਦੇ ਰਹੇ ਇਸ ਸੰਸਾਰ ਤੋਂ ਬਾਹਰ ਭੀ, ਹਰ ਥਾਂ ਵੱਸ ਰਿਹਾ ਹੈ, ਇਹ ਬੇਦ ਅਤੇ ਕਤੇਬ ਜੋ ਵੀ ਧਾਰਮਿਕ ਗ੍ਰੰਥ ਹਨ, ਉਸ ਪ੍ਰੀਤਮ ਦੇ ਸਰੂਪ ਨੂੰ ਕਦੀ ਵੀ ਬਿਆਨ ਨਹੀਂ ਕਰ ਸਕਦੇ। ਇਹ ਵੀ ਸਾਰੇ ਸੁਣੀਆਂ ਸੁਣਾਈਆਂ ਗੱਲਾਂ ਹੀ ਕਰਦੇ ਹਨ, ਪਰ ਹੇ ਮਾਂ! ਇਸ ਨਾਨਕ ਦਾ ਜੋ ਪਾਤਸ਼ਾਹ ਹੈ, ਉਹ ਹਰ ਥਾਂ ਪ੍ਰਤੱਖ ਦਿਸ ਰਿਹਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

## ਪੰਜਾਬੀ ਦਾ ਭਵਿੱਖ-2

# ਬੋਲੀਆਂ ਮਰਦੀਆਂ ਵੀ ਹਨ !

***ਪਰਵਾਸੀਆਂ ਦੇ ਪ੍ਰਸੰਗ ਵਿਚ ਭਾਸ਼ਾ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਅੰਕਾਂ ਵਿਚ ਛਪੇ ਮੇਰੇ ਤਿੰਨ ਲੇਖਾਂ ਦੇ ਹਵਾਲੇ ਨਾਲ ਕਈ ਪਾਠਕਾਂ ਨੇ ਸੁਝਾਅ ਦਿੱਤਾ ਹੈ ਕਿ ਇਸ ਦੌਰ ਦੀ ਸਮੁੱਚੀ ਭਾਸ਼ਾਈ ਹਾਲਤ ਦੇ ਚੌਖਟੇ ਵਿਚ ਪੰਜਾਬੀ ਦੇ ਭਵਿੱਖ ਬਾਰੇ ਲਿਖਿਆ ਜਾਵੇ। ਇਸ ਲੇਖ ਨਾਲ ਸ਼ੁਰੂ ਕਰ ਕੇ ਸਰਲ-ਸੌਖੇ ਸ਼ਬਦਾਂ ਵਿਚ ਪੰਜਾਬੀ ਦੀ ਹਾਲਤ ਨੂੰ ਨਿਰੋਲ ਇਤਿਹਾਸਕ, ਭਾਸ਼ਾ-ਵਿਗਿਆਨਕ ਅਤੇ ਸਮਾਜਕ-ਰਾਜਨੀਤਕ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। -ਲੇਖਕ***

ਪੰਜਾਹ ਸਾਲਾਂ ਵਿਚ ਪੰਜਾਬੀ ਖ਼ਤਮ ਹੋ ਜਾਣ ਸਬੰਧੀ ਉਹਦੇ ਨਾਂ ਨਾਲ ਜੋੜੇ ਗਏ ਫ਼ਤਵੇ ਤੋਂ ਯੂਨੈਸਕੋ ਨੇ ਸਾਫ਼ ਇਨਕਾਰ ਕਰ ਦਿੱਤਾ। ਇਹ ਤੱਥ ਦਿੱਸਣਜੋਗ ਸਮੇਂ ਲਈ ਪੰਜਾਬੀ ਦੇ ਭਵਿੱਖ ਨੂੰ ਸਪੱਸ਼ਟ ਕਰ ਦਿੰਦਾ ਹੈ। ਪਰ ਇਹ ਭਾਸ਼ਾਈ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਸ਼ਾਵਾਂ ਮਰਦੀਆਂ ਵੀ ਹਨ। ਇਹ ਗੱਲ ਚੇਤੇ ਰੱਖਣੀ ਵੀ ਜ਼ਰੂਰੀ ਹੈ ਕਿ ਹੁਣ ਉਹ ਵਿਗਿਆਨਕ-ਤਕਨਾਲੋਜੀਕਲ ਤੇ ਮਾਇਆਮੁਖੀ ਵਿਸ਼ਵੀਕ੍ਰਿਤ ਜੁੱਗ ਵਿਚ ਪਹਿਲਾਂ ਨਾਲੋਂ ਬਹੁਤ ਵੱਧ ਤੇਜ਼ੀ ਨਾਲ ਮਰ ਰਹੀਆਂ ਹਨ। ਇਸ ਕਰਕੇ ਇਸ ਸਮੇਂ ਭਾਸ਼ਾ-ਹਿਤੈਸ਼ੀ ਸਿਆਣਿਆਂ ਦੀ ਚਿੰਤਾ ਇਹ ਨਹੀਂ ਕਿ ਭਾਸ਼ਾਵਾਂ ਮਰ ਰਹੀਆਂ ਹਨ ਸਗੋਂ ਇਹ ਹੈ ਕਿ ਖ਼ੁਦ ਭਾਸ਼ਾ ਹੀ ਮਰ ਰਹੀ ਹੈ! ਬਿਨਾਂ ਬੋਲਿਆਂ ਗੱਲ ਦੂਜੇ ਤੱਕ ਪੁਜਦੀ ਕਰਨ ਦੀ ਕੰਪਿਊਟਰ-ਕਾਲ ਦੀ ਸਹੂਲਤ ਦੀ ਵਧੇਰੇ ਹੀ ਵਧੇਰੇ ਵਰਤੋਂ ਹੋਣ ਲੱਗੀ ਹੈ। ਇਉਂ ਬੋਲਣ ਨਾਲ ਬੋਲੀ ਵਿਚ ਲਗਾਤਾਰ ਆਉਂਦਾ ਰਹਿੰਦਾ ਸੱਜਰਾਪਨ ਖ਼ਤਮ ਹੁੰਦਾ ਜਾਵੇਗਾ ਅਤੇ ਉਹਦੇ ਵਿਕਾਸ ਵਿਚ ਖੜੋਤ ਆਵੇਗੀ। ਇਸੇ ਤਰ੍ਹਾਂ ਗੱਲ ਦੂਜੇ ਤੱਕ ਪੁਜਦੀ ਕਰਨ ਲਈ ਵਰਤੀਆਂ ਜਾਂਦੀਆਂ ਸੰਕੇਤਕ ਤੇ ਸੰਖੇਪ ਜੁਗਤਾਂ ਨੇ ਲਿਪੀ ਨੂੰ ਵੱਡੀ ਸੱਟ ਮਾਰਨੀ ਸ਼ੁਰੂ ਕਰ ਦਿੱਤੀ ਹੈ।


ਜੇ ਭਾਸ਼ਾ ਦੇ ਮਰ ਰਹੀ ਹੋਣ ਦੀ ਲੰਮੀ-ਚੌੜੀ ਗੱਲ ਨੂੰ ਅਜੇ ਲਾਂਭੇ ਰਹਿਣ ਦੇਈਏ, ਭਾਸ਼ਾਵਾਂ ਦੇ ਮਰਨ ਦਾ ਅਮਲ ਤਾਂ ਸਾਡੇ ਅੱਖਾਂ ਸਾਹਮਣੇ ਵਾਪਰ ਰਿਹਾ ਹੈ। ਵੱਡੀਆਂ ਭਾਸ਼ਾਵਾਂ ਦੇ ਸਾਮਰਾਜ ਛੋਟੀਆਂ ਭਾਸ਼ਾਵਾਂ ਨੂੰ ਆਪਣੇ ਅੰਦਰ ਖੋਰ ਰਹੇ ਹਨ। ਉਪ-ਭਾਸ਼ਾਵਾਂ ਕਿਸੇ ਹਿਲਜੁਲ ਜਾਂ ਰੌਲੇ ਤੋਂ ਬਿਨਾਂ ਭਾਸ਼ਾਵਾਂ ਵਿਚ ਲੀਨ ਹੋ ਰਹੀਆਂ ਹਨ। ਸਾਡੇ ਬਚਪਨ ਵਿਚ ਉਨ੍ਹਾਂ ਦੇ ਬੋਲਣ ਦੇ ਉਪਭਾਸ਼ਾਈ ਰੰਗ ਸਦਕਾ ਮਲਵਈਆਂ, ਮਝੈਲਾਂ, ਦੁਆਬੀਆਂ, ਪੁਆਧੀਆਂ ਆਦਿ ਦੀ ਪਛਾਣ ਸੌਖਿਆਂ ਹੀ ਹੋ ਜਾਂਦੀ ਸੀ। ਹੁਣ ਪੰਜਾਬ ਦੇ ਇਨ੍ਹਾਂ ਹਿੱਸਿਆਂ ਵਿਚਕਾਰ ਤਾਂ ਕੀ, ਦੇਸ਼ ਵਿਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿਚ ਆਵਾਜਾਈ ਸੌਖੀ ਤੇ ਆਮ ਹੋ ਗਈ ਹੈ। ਸਾਂਝੀਆਂ ਪਾਠ-ਪੁਸਤਕਾਂ ਰਾਹੀਂ ਫੈਲੀ ਵਿੱਦਿਆ ਇਕੋ ਸ਼ਬਦਾਵਲੀ ਤੇ ਇਕੋ ਉਚਾਰਨ ਦਾ ਆਧਾਰ ਬਣ ਗਈ ਹੈ। ਰੇਡੀਓ-ਟੀ.ਵੀ. ਦੀ ਵੀ ਉਪ-ਭਾਸ਼ਾਵਾਂ ਨੂੰ ਭਾਸ਼ਾ ਵਿਚ ਖੋਰਨ ਵਿਚ ਵੱਡੀ ਭੂਮਿਕਾ ਰਹੀ ਹੈ। ਮੁਲਾਜ਼ਮਾਂ ਦੀ ਅਦਲਾ-ਬਦਲੀ ਇਕ ਉਪ-ਭਾਸ਼ਾ ਬੋਲਦੇ ਲੋਕਾਂ ਨੂੰ ਦੂਜੀ ਉਪ-ਭਾਸ਼ਾ ਵਾਲਿਆਂ ਵਿਚਕਾਰ ਜਾ ਵਸਾਉਂਦੀ ਹੈ। ਇਹੋ ਜਿਹੇ ਕਾਰਨਾਂ ਨੇ ਉਪ-ਭਾਸ਼ਾਈ ਰੰਗ ਬਹੁਤ ਫਿੱਕੇ ਪਾ ਦਿੱਤੇ ਹਨ ਅਤੇ ਪਛਾਣ ਬਹੁਤ ਪਤਲੀ ਪਾ ਦਿੱਤੀ ਹੈ।

ਬਾਰਾਂ ਕੋਹ ਪਿਛੋਂ ਬੋਲੀ ਬਦਲਣ ਵਾਲੀ ਪੰਜਾਬੀ ਕਹਾਵਤ ਦੁਰੇਡੇ ਹੋਏ-ਬੀਤੇ ਦੀ ਗੱਲ ਬਣ ਕੇ ਰਹਿ ਗਈ ਹੈ। ਵੱਡੇ ਪੈਮਾਨੇ ਉਤੇ ਇਹੋ ਭਾਣਾ ਛੋਟੀਆਂ, ਖਾਸ ਕਰਕੇ ਕਾਨੂੰਨੀ ਰਾਖੀ ਤੋਂ ਵਿਰਵੀਆਂ ਬੋਲੀਆਂ ਨਾਲ ਵਾਪਰ ਰਿਹਾ ਹੈ। ਇਹਦੀ ਇਕ ਉਜਾਗਰ ਮਿਸਾਲ ਸਾਡੀ ਗੁਆਂਢੀ ਬੋਲੀ ਹਰਿਆਣਵੀ ਹੈ। ਆਪਣਾ ਇਲਾਕਾ ਹੋਣ ਦੇ ਬਾਵਜੂਦ, ਲਿਪੀ-ਵਿਹੂਣੀ ਅਤੇ ਗ਼ੈਰ-ਸੂਚੀਬੱਧ ਹੋਣ ਕਰਕੇ, ਉਹ ਹਿੰਦੀ ਐਲਾਨੇ ਜਾਣ ਕਾਰਨ ਸਕੂਲੀ-ਕਾਲਜੀ ਅਤੇ ਦਫ਼ਤਰੀ-ਸਰਕਾਰੀ ਹਿੰਦੀ ਵਿਚ ਤੇਜ਼ੀ ਨਾਲ ਖੁਰਦੀ ਜਾ ਰਹੀ ਹੈ।

ਆਇਰਿਸ਼ ਭਾਸ਼ਾ-ਵਿਗਿਆਨੀ ਜਾਰਜ ਐਬਰਾਹਮ ਗਰੀਅਰਸਨ ਨੇ ਤਿੰਨ ਸਾਲਾਂ ਦੀ ਮਿਹਨਤ ਨਾਲ ਹਿੰਦੁਸਤਾਨ ਦਾ ਪਹਿਲਾ ਭਾਸ਼ਾਈ ਸਰਵੇ 1898 ਵਿਚ ਨੇਪਰੇ ਚਾੜ੍ਹਿਆ ਸੀ। ਉਸ ਸਮੇਂ ਉਹਨੇ ਦੇਸ਼ ਵਿਚ 179 ਭਾਸ਼ਾਵਾਂ ਅਤੇ ਅਨੇਕ ਉਪ-ਭਾਸ਼ਾਵਾਂ ਦੀ ਪਛਾਣ ਕੀਤੀ ਸੀ। ਸਾਧਨਾਂ ਤੇ ਸਹੂਲਤਾਂ ਦੀ ਬੇਹੱਦ ਤਰੱਕੀ ਦੇ ਬਾਵਜੂਦ ਉਸ ਪਿੱਛੋਂ ਲੰਮੇ ਸਮੇਂ ਤੱਕ ਭਾਰਤੀ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦੀ ਗਿਣਤੀ ਜਾਣਨ ਦਾ ਕੋਈ ਭਰੋਸੇਜੋਗ ਉਪਰਾਲਾ ਨਾ ਕੀਤਾ ਗਿਆ। ਭਾਵੇਂ ਮਰਦਮਸ਼ੁਮਾਰੀ ਸਮੇਂ ਭਾਸ਼ਾਵਾਂ ਬਾਰੇ ਕੁਝ ਵੇਰਵਾ ਇਕੱਠਾ ਕੀਤਾ ਜਾਂਦਾ ਹੈ, ਪਰ ਉਹ ਸਰਬਪੱਖੀ ਨਹੀਂ ਹੁੰਦਾ। ਮਿਸਾਲ ਵਜੋਂ 2001 ਦੀ ਮਰਦਮਸ਼ੁਮਾਰੀ ਨੇ ਦੇਸ਼ ਦੀਆਂ ਬੋਲੀਆਂ ਦੀ ਗਿਣਤੀ 122 ਦੱਸੀ ਸੀ। ਇਸ ਵਿਚ ਵੱਡੀ ਘਾਟ ਇਹ ਸੀ ਕਿ ਦਸ ਹਜ਼ਾਰ ਤੋਂ ਘੱਟ ਲੋਕਾਂ ਦੀਆਂ ਬੋਲੀਆਂ ਨੂੰ ਗਿਣਤੀ ਵਿਚ ਨਹੀਂ ਸੀ ਲਿਆ ਗਿਆ। ਭਾਰਤ ਸਰਕਾਰ ਨੇ 2005 ਵਿਚ 'ਭਾਰਤ ਭਾਸ਼ਾ ਵਿਕਾਸ ਯੋਜਨਾ' ਦੇ ਨਾਂ ਨਾਲ ਅਤੇ ਫੇਰ 2007 ਵਿਚ 'ਨਿਊ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਦੇ ਨਾਂ ਨਾਲ ਭਾਸ਼ਾਈ ਵੇਰਵਾ ਇਕੱਤਰ ਕਰਨ ਦੇ ਯਤਨ ਕੀਤੇ। ਦੋਵੇਂ ਵਾਰ ਇਹ ਯਤਨ ਤਕਨੀਕੀ ਅਤੇ ਆਕਾਰੀ ਕਾਰਨਾਂ ਕਰਕੇ ਤਿਆਗਣੇ ਪਏ।

2009 ਵਿਚ ਬੜੋਦਰਾ ਦੀ ਇਕ ਗ਼ੈਰ-ਸਰਕਾਰੀ ਸੰਸਥਾ 'ਭਾਸ਼ਾ ਰੀਸਰਚ ਐਂਡ ਪਬਲੀਕੇਸ਼ਨ ਸੈਂਟਰ' ਨੇ ਇਹ ਕਾਰਜ ਕਿਸੇ ਸਰਕਾਰੀ ਮਦਦ ਤੋਂ ਬਿਨਾਂ ਆਪਣੇ ਹੱਥ ਲਿਆ। ਉਹਨੇ 85 ਸੰਸਥਾਵਾਂ ਅਤੇ ਤਿੰਨ ਹਜ਼ਾਰ ਵਾਲੰਟੀਅਰਾਂ ਦੀ ਮਦਦ ਜੁਟਾਈ। ਆਪਣੇ ਹੀ ਯਤਨਾਂ ਨਾਲ ਉਹ ਇਕ ਕਰੋੜ ਰੁਪਏ ਇਕੱਠੇ ਕਰਨ ਵਿਚ ਵੀ ਸਫਲ ਰਹੀ। ਆਖ਼ਰ ਚਾਰ ਸਾਲਾਂ ਦੀ ਸਖ਼ਤ ਘਾਲਨਾ ਤੇ ਵੱਡੇ ਖਰਚ ਨਾਲ ਰਿਪੋਰਟ ਤਿਆਰ ਹੋ ਗਈ। ਕੁੱਲ 35,000 ਪੰਨੇ ਦੀ ਇਸ ਰਿਪੋਰਟ ਦਾ ਨਾਂ 'ਪੀਪਲਜ਼ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਰੱਖਿਆ ਗਿਆ। ਇਹ 2013 ਦੇ ਅਧਿਆਪਕ ਦਿਵਸ ਸਮੇਂ 5 ਸਤੰਬਰ ਨੂੰ ਜਨਤਕ ਕਰ ਦਿੱਤੀ ਗਈ ਸੀ। ਇਸ ਰਿਪੋਰਟ ਨੇ ਕਈ ਦਿਲਚਸਪ ਭਾਸ਼ਾਈ ਤੱਥ ਪੇਸ਼ ਕੀਤੇ ਜੋ ਪੰਜਾਬੀ ਦੇ ਪ੍ਰਸੰਗ ਵਿਚ ਸਾਡਾ ਧਿਆਨ ਲੋੜਦੇ ਹਨ।

ਸੰਸਾਰ ਦੇ ਸਭ ਤੋਂ ਵੱਡੇ ਇਸ ਪੀਪਲਜ਼ ਸਰਵੇ ਨੇ ਕੁੱਲ 780 ਬੋਲੀਆਂ ਪਛਾਣੀਆਂ ਹਨ। ਇਨ੍ਹਾਂ ਵਿਚ 40 ਕਰੋੜ ਲੋਕਾਂ ਦੀ ਬੋਲੀ ਹਿੰਦੀ ਤੋਂ ਲੈ ਕੇ ਸਿਕਮ ਦੀ ਇਕ ਬੋਲੀ ਮਾਝੀ ਤੱਕ ਸ਼ਾਮਲ ਹਨ। ਮਾਝੀ ਸਿਰਫ਼ ਚਾਰ ਬੰਦਿਆਂ ਤੱਕ ਸੀਮਤ ਹੋ ਗਈ ਹੈ ਅਤੇ ਹੌਲੀ ਹੌਲੀ ਨਿਪਾਲੀ ਵਿਚ ਖੁਰ ਗਈ ਹੈ। ਇਨ੍ਹਾਂ ਵਿਚੋਂ 400 ਤੋਂ ਵੱਧ ਬੋਲੀਆਂ ਆਦਿਵਾਸੀ ਕਬੀਲਿਆਂ ਅਤੇ ਟਪਰੀਵਾਸਾਂ ਦੀਆਂ ਹਨ। ਸਰਵੇ ਦਾ ਇਹ ਵੀ ਕਹਿਣਾ ਹੈ ਕਿ ਸੌ ਦੇ ਕਰੀਬ ਬੋਲੀਆਂ ਅਜੇ ਵੀ ਉਨ੍ਹਾਂ ਦੀ ਨਜ਼ਰੋਂ ਓਹਲੇ ਰਹਿ ਗਈਆਂ ਹੋ ਸਕਦੀਆਂ ਹਨ। ਇਸ ਸਰਵੇ ਸਮੇਂ ਲੋਕ-ਗੀਤਾਂ, ਕਥਾਵਾਂ, ਰਿਸ਼ਤਿਆਂ, ਰੀਤੀ-ਰਿਵਾਜਾਂ, ਕਿਰਤ ਦੇ ਸੰਦਾਂ, ਘਰੇਲੂ ਵਸਤਾਂ, ਗਿਣਤੀ-ਮਿਣਤੀ, ਦਿਨਾਂ-ਮਹੀਨਿਆਂ, ਰੰਗਾਂ, ਬ੍ਰਿਛ-ਬੂਟਿਆਂ, ਆਦਿ ਦੇ ਨਾਂਵਾਂ ਵਾਸਤੇ ਵਰਤੇ ਜਾਂਦੇ ਸ਼ਬਦਾਂ ਦੇ ਫ਼ਰਕ ਨੂੰ ਵੱਖਰੀ ਬੋਲੀ ਮਿਥਣ ਵਾਸਤੇ ਆਧਾਰ ਬਣਾਇਆ ਗਿਆ। (ਇਸ ਕਸਵੱਟੀ ਅਨੁਸਾਰ ਪੰਜਾਬੀ ਦੀ ਘਟਦੀ ਮੌਲਿਕਤਾ ਅਤੇ ਨਿਵੇਕਲਤਾ ਦਾ ਅੰਦਾਜ਼ਾ ਕਰੀਬੀ ਰਿਸ਼ਤਿਆਂ ਤੇ ਘਰੇਲੂ ਵਸਤਾਂ ਦੇ ਸੈਂਕੜੇ ਗ਼ੈਰ-ਪੰਜਾਬੀ ਨਾਂਵਾਂ ਤੋਂ ਲਾਇਆ ਜਾ ਸਕਦਾ ਹੈ। ਮਾਂ-ਪਿਓ ਦਾ ਮੰਮੀ-ਡੈਡੀ, ਬਿਸਤਰੇ ਦਾ ਬੈਡ, ਮੇਜ਼-ਕੁਰਸੀ ਦਾ ਟੇਬਲ-ਚੇਅਰ, ਚਮਚੇ ਦਾ ਸਪੂਨ ਬਣਨਾ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਅਨੇਕ ਪੰਜਾਬੀ ਬੱਚੇ ਹੁਣ ਦਿਨਾਂ, ਰੁੱਤਾਂ, ਗਿਣਤੀਆਂ ਆਦਿ ਦੇ ਨਾਂ ਤਾਂ ਪੰਜਾਬੀ ਵਿਚ ਸਮਝਦੇ ਹੀ ਨਹੀਂ। ਉਨ੍ਹਾਂ ਲਈ ਐਤ-ਸੋਮ ਸੰਡੇ-ਮੰਡੇ, ਹੁਨਾਲ-ਸਿਆਲ ਸਮਰ-ਵਿੰਟਰ, ਛੁੱਟੀ ਵੈਕੇਸ਼ਨ ਅਤੇ ਪੰਦਰਾਂ-ਸੋਲਾਂ ਫਿਫਟੀਨ-ਸਿਕਸਟੀਨ ਹੋ ਗਏ ਹਨ।)




ਧਿਆਨਜੋਗ ਗੱਲ ਹੈ ਕਿ ਇਨ੍ਹਾਂ ਵਿਚੋਂ 96 ਫ਼ੀਸਦੀ ਬੋਲੀਆਂ ਦਾ ਸਰਕਾਰੇ-ਦਰਬਾਰੇ ਤਾਂ ਛੱਡੋ, ਭਾਸ਼ਾਈ-ਸਾਹਿਤਕ ਚਰਚਾ ਸਮੇਂ ਵੀ ਕਦੀ ਕਿਤੇ ਕੋਈ ਜ਼ਿਕਰ ਤੱਕ ਨਹੀਂ ਹੁੰਦਾ। ਸਰਵੇ ਨੇ ਪਿਛਲੇ ਪੰਜਾਹ ਸਾਲਾਂ ਵਿਚ ਕੋਈ ਪੱਚੀ ਫ਼ੀਸਦੀ ਬੋਲੀਆਂ ਦੇ ਖ਼ਾਤਮੇ ਬਾਰੇ ਚਿੰਤਾ ਪਰਗਟ ਕੀਤੀ ਹੈ। ਦੱਸਿਆ ਗਿਆ ਹੈ ਕਿ ਸੂਚੀਬੱਧ ਅਤੇ ਲਿਪੀਬੱਧ ਬੋਲੀਆਂ ਛੋਟੀਆਂ ਬੋਲੀਆਂ ਨੂੰ ਲਗਾਤਾਰ ਖਾ ਰਹੀਆਂ ਹਨ। ਇਸ ਦੇ ਨਾਲ ਹੀ ਇਹ ਤੱਥ ਵੀ ਧਿਆਨ ਮੰਗਦਾ ਹੈ ਕਿ ਬਹੁਤੀਆਂ ਸੂਚੀਬੱਧ ਤੇ ਲਿਪੀਬੱਧ ਜਾਂ ਸਾਹਿਤ ਅਕਾਦਮੀ ਦੀਆਂ ਪ੍ਰਵਾਨਿਤ ਭਾਸ਼ਾਵਾਂ ਦੀ ਆਪਣੀ ਹੈਸੀਅਤ ਵੀ ਕਈ ਕਾਰਨਾਂ ਕਰਕੇ ਕਮਜ਼ੋਰ ਪੈਂਦੀ ਜਾਂਦੀ ਹੈ।

ਸ਼ਿਮਲਾ ਦੀ 'ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟਡੀ' ਨੇ 11 ਤੋਂ 14 ਅਗਸਤ 2013 ਤੱਕ ਇਕ ਗੋਸ਼ਟੀ ਕਰਵਾਈ ਜਿਸ ਵਿਚ ਦੇਸ਼ ਦੀਆਂ ਲਗਭਗ ਸਾਰੀਆਂ ਮਾਨਤਾ-ਪ੍ਰਾਪਤ ਭਾਸ਼ਾਵਾਂ ਦੇ ਪ੍ਰਤੀਨਿਧਾਂ ਨੇ ਹਿੱਸਾ ਲਿਆ। ਉਥੇ ਕਈ ਮਹੱਤਵਪੂਰਨ ਗੱਲਾਂ ਉਭਰ ਕੇ ਸਾਹਮਣੇ ਆਈਆਂ। ਬੰਗਲਾ, ਮਲਿਆਲਮ, ਤਾਮਿਲ, ਤੈਲਗੂ ਜਿਹੀਆਂ ਭਾਸ਼ਾਵਾਂ ਨੂੰ ਸੁਭਾਗੀਆਂ ਕਿਹਾ ਗਿਆ। ਉਹ ਇਸ ਕਰਕੇ ਕਿ ਉਨ੍ਹਾਂ ਨੂੰ ਉਥੋਂ ਦੀਆਂ ਸਰਕਾਰਾਂ ਦਾ ਸਮਰਥਨ ਵੀ ਹਾਸਲ ਹੈ ਅਤੇ ਬੋਲਣ ਵਾਲਿਆਂ ਦਾ ਪਿਆਰ ਵੀ ਪ੍ਰਾਪਤ ਹੈ। ਉਨ੍ਹਾਂ ਤੋਂ ਬਿਨਾਂ ਬਾਕੀ ਸਭ ਭਾਸ਼ਾਵਾਂ ਸਰਕਾਰੀ ਮਦਦ ਦੀ ਘਾਟ, ਬੋਲਣ ਵਾਲਿਆਂ ਦੀ ਬੇਰੁਖ਼ੀ ਅਤੇ ਪਾਠਕਾਂ ਦੀ ਥੁੜ੍ਹ ਜਿਹੇ ਪੰਜਾਬੀ ਵਾਲੇ ਰੋਣੇ ਹੀ ਰੋ ਰਹੀਆਂ ਸਨ।

ਜਿਥੋਂ ਤੱਕ ਅੰਗਰੇਜ਼ੀ ਦੇ ਰੇਲੇ ਦਾ ਸਬੰਧ ਹੈ, ਉਸ ਤੋਂ ਤਾਂ ਜਿਨ੍ਹਾਂ ਨੂੰ ਅਸੀਂ ਸੁਭਾਗੀਆਂ ਭਾਸ਼ਾਵਾਂ ਕਿਹਾ ਹੈ, ਉਹ ਵੀ ਉਸ ਗੋਸ਼ਟੀ ਵਿਚ ਦੂਜੀਆਂ ਜਿੰਨੀਆਂ ਹੀ ਭੈਭੀਤ ਸਨ। ਡੋਗਰੀ, ਕੋਂਕਨੀ ਆਦਿ ਭਾਸ਼ਾਵਾਂ ਦੇ ਪ੍ਰਤੀਨਿਧਾਂ ਦਾ ਤਾਂ ਕਹਿਣਾ ਸੀ ਕਿ ਉਨ੍ਹਾਂ ਖੇਤਰਾਂ ਦੀਆਂ ਵੱਡੀਆਂ ਭਾਸ਼ਾਵਾਂ ਵਿਚ ਲਿਖਣ ਵਾਲੇ ਲੇਖਕ ਇਨਾਮ ਲੈਣ ਦੀ ਮਨਸ਼ਾ ਨਾਲ ਹੀ ਇਨ੍ਹਾਂ ਭਾਸ਼ਾਵਾਂ ਵਿਚ ਕੁਝ ਪੁਸਤਕਾਂ ਛਪਵਾਉਂਦੇ ਹਨ।

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਅਨੇਕ ਭਾਸ਼ਾਵਾਂ ਦੇ ਹੌਲੀ ਹੌਲੀ ਕਮਜ਼ੋਰ ਪੈਂਦੇ ਜਾਣ ਦੇ ਅਤੇ ਅੰਤ ਨੂੰ ਮਰ ਜਾਣ ਦੇ ਕਈ ਕਾਰਨ ਹਨ। ਉਪ-ਭਾਸ਼ਾਵਾਂ ਦਾ ਭਾਸ਼ਾਵਾਂ ਵਿਚ ਲੀਨ ਹੋਣਾ ਇਕ ਕੁਦਰਤੀ ਅਮਲ ਬਣ ਗਿਆ ਹੈ। ਲਿਪੀ ਤੋਂ ਵਿਰਵੀਆਂ ਭਾਸ਼ਾਵਾਂ ਗੁਆਂਢੀ ਲਿਪੀਦਾਰ ਭਾਸ਼ਾਵਾਂ ਸਾਹਮਣੇ ਮੈਦਾਨ ਛੱਡ ਰਹੀਆਂ ਹਨ। ਸੰਵਿਧਾਨ ਦੀ ਸੂਚੀ ਤੋਂ ਬਾਹਰਲੀਆਂ ਭਾਸ਼ਾਵਾਂ ਕੋਈ ਸਰਕਾਰੀ ਸਰਪ੍ਰਸਤੀ ਪ੍ਰਾਪਤ ਨਾ ਹੋਣ ਕਾਰਨ ਪਿੱਛੇ ਰਹਿੰਦੀਆਂ ਜਾਂਦੀਆਂ ਹਨ। ਛੋਟੀਆਂ ਭਾਸ਼ਾਵਾਂ ਉਤੇ ਵੱਡੀਆਂ ਦਾ ਪਰਛਾਵਾਂ ਪੈਂਦਾ ਰਹਿੰਦਾ ਹੈ ਅਤੇ ਉਨ੍ਹਾਂ ਸਭਨਾਂ ਉਤੇ ਅੰਗਰੇਜ਼ੀ ਦੀ ਸੰਘਣੀ ਕਾਲੀ ਛਾਂ ਪੈਂਦੀ ਰਹਿੰਦੀ ਹੈ।

ਇਸ ਸੂਰਤ ਵਿਚ ਜੇ ਕਿਸੇ ਭਾਸ਼ਾ ਨੂੰ ਬੋਲਣ ਵਾਲੇ ਉਹਦੇ ਬਚਾਅ ਅਤੇ ਵਿਕਾਸ ਵਾਸਤੇ ਸਚੇਤ ਤੇ ਜਾਗ੍ਰਿਤ ਨਹੀਂ ਹੋਣਗੇ, ਨੇੜੇ ਦੇ ਭਵਿੱਖ ਵਿਚ ਹੀ ਉਹਦੇ ਲਈ ਹਾਲਾਤ ਕੋਈ ਸੁਖਾਵੇਂ ਨਹੀਂ ਰਹਿਣ ਲੱਗੇ।

***(ਚਲਦਾ)***

The People's Linguistic Survey of India
BHASHA RESEARCH AND PUBLICATION CENTRE

***2009 ਵਿਚ ਬੜੋਦਰਾ ਦੀ ਇਕ ਗ਼ੈਰ-ਸਰਕਾਰੀ ਸੰਸਥਾ 'ਭਾਸ਼ਾ ਰੀਸਰਚ ਐਂਡ ਪਬਲੀਕੇਸ਼ਨ ਸੈਂਟਰ' ਨੇ ਇਹ ਕਾਰਜ ਕਿਸੇ ਸਰਕਾਰੀ ਮਦਦ ਤੋਂ ਬਿਨਾਂ ਆਪਣੇ ਹੱਥ ਲਿਆ। ਉਹਨੇ 85 ਸੰਸਥਾਵਾਂ ਅਤੇ ਤਿੰਨ ਹਜ਼ਾਰ ਵਾਲੰਟੀਅਰਾਂ ਦੀ ਮਦਦ ਜੁਟਾਈ। ਆਪਣੇ ਹੀ ਯਤਨਾਂ ਨਾਲ ਉਹ ਇਕ ਕਰੋੜ ਰੁਪਏ ਇਕੱਠੇ ਕਰਨ ਵਿਚ ਵੀ ਸਫਲ ਰਹੀ। ਆਖ਼ਰ ਚਾਰ ਸਾਲਾਂ ਦੀ ਸਖ਼ਤ ਘਾਲਨਾ ਤੇ ਵੱਡੇ ਖਰਚ ਨਾਲ ਰਿਪੋਰਟ ਤਿਆਰ ਹੋ ਗਈ। ਕੁੱਲ 35,000 ਪੰਨੇ ਦੀ ਇਸ ਰਿਪੋਰਟ ਦਾ ਨਾਂ 'ਪੀਪਲਜ਼ ਲਿੰਗੂਇਸਟਿਕ ਸਰਵੇ ਆਫ਼ ਇੰਡੀਆ' ਰੱਖਿਆ ਗਿਆ। ਇਹ 2013 ਦੇ ਅਧਿਆਪਕ ਦਿਵਸ ਸਮੇਂ 5 ਸਤੰਬਰ ਨੂੰ ਜਨਤਕ ਕਰ ਦਿੱਤੀ ਗਈ ਸੀ। ਇਸ ਰਿਪੋਰਟ ਨੇ ਕਈ ਦਿਲਚਸਪ ਭਾਸ਼ਾਈ ਤੱਥ ਪੇਸ਼ ਕੀਤੇ ਜੋ ਪੰਜਾਬੀ ਦੇ ਪ੍ਰਸੰਗ ਵਿਚ ਸਾਡਾ ਧਿਆਨ ਲੋੜਦੇ ਹਨ।***

## ਕਾਵਿ-ਜਗਤ

### ਮੇਰੀ ਕਥਾ

ਮੈਂ ਜਨਮ ਤੋਂ ਬਲੀ ਦੀ
ਭੇਟ ਚੜ੍ਹੀ ਹਾਂ।
ਮੈਂ ਜਨਮ ਤੋਂ ਆਪੇ
ਨਾਲ ਲੜੀ ਹਾਂ।

ਮਾਂ ਨੇ ਚੁੱਲ੍ਹੇ ਚੌਂਕੇ ਲਈ
ਘਰ ਰੱਖ ਲਿਆ,
ਮੈਂ ਕਿਸੇ ਸਕੂਲ ਵਿਚ
ਨਹੀਂ ਪੜ੍ਹੀ ਹਾਂ।

ਵੀਰ ਨੇ ਰਾਤ ਨੂੰ ਸੁਬ੍ਹਾ ਦਾ
ਰਸਤਾ ਦਿਖਾਇਆ,
ਪਰ ਮੈਂ ਬਰਸਾਂ ਤੋਂ
ਚੌਰਸਤੇ ਵਿਚ ਖੜ੍ਹੀ ਹਾਂ।

ਪਤੀ ਨੇ ਕੋਸ਼ਿਸ਼ ਨਾ ਕੀਤੀ
ਮੇਰੇ ਅਹਿਸਾਸ ਨੂੰ ਤੱਕਣ ਦੀ,
ਮੈਂ ਦਹਾਕਿਆਂ ਤੱਕ
ਹਿਜਰਾਂ ਵਿਚ ਸੜੀ ਹਾਂ।
ਟੁੱਟੇ ਪੱਤੇ ਵਾਂਗ ਹਵਾ ਨੇ
ਉਡਾਇਆ ਜਿੱਦਾਂ ਚਾਹਿਆ ਉਸ,
ਤੇ ਮੈਂ ਭੁਰ-ਭੁਰ ਕੇ
ਨੁੱਕਰਾਂ 'ਚ ਵੜੀ ਹਾਂ।

ਮੈਂ ਖਿੱਲਰੀ-ਪੁੱਲਰੀ ਬੇਸ਼ਕ
ਅਸੀਮ ਸ਼ਕਤੀ ਹਾਂ,
ਜਿਵੇਂ ਹਵਾ ਵਿਚ ਨਮੀ
ਮੈਂ ਨਿਰਾਸ਼ਾ ਨਾਲ ਲੜੀ ਹਾਂ।

ਮੈਂ ਕਦੀ ਹਾਰ ਮੰਨੀ ਨਹੀਂ
ਸਾਹਾਂ ਲਈ ਆਹਰ ਲੱਭਦੀ ਹਾਂ,
ਮੈਂ ਇਕ ਸੰਘਰਸ਼ ਹਾਂ
ਸੰਘਰਸ਼ਾਂ ਦੀ ਕੜੀ ਹਾਂ।

***-ਦੇਵਿੰਦਰ ਕੌਰ ਗੁਰਾਇਆ***
***ਫੋਨ: 571-315-9543***

---

### ਰੋਟੀ

ਰੋਟੀ ਸਭ ਦੀ ਖੇਡ ਖਿਡਾਵੀ
ਰੋਟੀ ਦੇ ਸਭ ਵਣਜ ਵਪਾਰ।

ਰੋਟੀ ਵਰਕੇ ਅੱਖਰ ਰੋਟੀ,
ਆਪੇ ਪੜ੍ਹਦੀ ਰੋਟੀ ਪੋਥੀ।
ਕਲਮ ਦਵਾਤ ਸਿਆਹੀ ਆਪੇ
ਆਪੇ ਰੋਟੀ ਲਿਖਣੇਹਾਰ।

ਰੋਟੀ ਹਰ ਇੱਕ ਬਾਤ ਬਤੋਲੀ,
ਜਾਦੂਗਰਨੀ, ਰਾਣੀ-ਗੋਲੀ।
ਤੋਤਾ-ਮੈਨਾ, ਸ਼ੇਰ-ਮੇਮਣਾ,
ਰੋਟੀ ਪਿੰਜਰਾ, ਜਾਲ਼ ਸ਼ਿਕਾਰ।

ਪੇਟ ਪਵੇ ਨਾ ਜਦ ਤਕ ਰੋਟੀ,
ਹਰ ਗੱਲ ਫਿੱਕੀ ਹਰ ਗੱਲ ਖੋਟੀ।
ਰੋਟੀ ਅੰਮਾ ਬਾਤ ਸੁਣਾਵੇ,
ਭਰੇ ਹੁੰਗਾਰਾ ਕੁੱਲ ਸੰਸਾਰ।

ਰੋਟੀ ਪਰਬਤ ਜੰਗਲ ਗਾਹੁੰਦੀ
ਵਿਚ ਆਕਾਸ਼ ਉਡਾਰੀ ਲਾਉਂਦੀ।
ਕੱਚੀ ਰੋਟੀ ਸੇਕਣ ਜਾਂਦੇ,
ਲੋਕੀਂ ਸੱਤ ਸਮੁੰਦਰ ਪਾਰ।

ਰੋਟੀ ਸਭ ਲੜਾਈਆਂ ਲਾਵੇ,
ਜੰਗ ਵਿਚ ਮਾਂਵਾਂ ਦੇ ਪੁੱਤ ਖਾਵੇ।
ਰੋਟੀ ਨਾਲ ਲੜੇ ਪਈ ਰੋਟੀ,
ਰੋਟੀ ਦੇ ਲੈ ਕੇ ਹਥਿਆਰ।

ਨਿੰਮ-ਨਿਮੋਲੀ ਗੁੜ ਦੀ ਰੋੜੀ,
ਰਸ-ਲੀਲ੍ਹਾ ਰੋਟੀ ਨੇ ਜੋੜੀ।
ਦੇਸ-ਵਿਦੇਸ਼ੀਂ ਦੁੱਖ ਸੁੱਖ ਰੋਟੀ
ਵਾਜੇ-ਗਾਜੇ, ਪਿੱਟ-ਪਿਟਾਰ।

ਰੋਟੀ ਗੋਰੀ, ਭੂਰੀ, ਕਾਲ਼ੀ,
ਅੱਗ ਤੇ ਪੱਕੀ ਅੱਗ ਨੇ ਖਾ ਲੀ।
ਰੋਟੀ ਦੇ ਦਰ ਸਭ ਸੁਆਲੀ
ਰੋਟੀ ਸਭ ਦੀ ਪ੍ਰਾਣ ਆਧਾਰ।

ਰੋਟੀ ਬੇਟੀ ਧਰਤੀ ਜਾਈ,
ਚੰਨ ਤੇ ਸੂਰਜ ਇਸ ਦੇ ਭਾਈ।
ਸਭ ਦੀ ਇੱਕੋ ਗੋਲ ਗੋਲਾਈ,
ਰੋਟੀ ਦਾ ਸਭ ਘਰ ਪਰਿਵਾਰ।
ਰੋਟੀ ਸਭ ਦੀ ਖੇਡ ਖਿਡਾਵੀ
ਰੋਟੀ ਦੇ ਸਭ ਵਣਜ ਵਪਾਰ।

***-ਉਂਕਾਰਪ੍ਰੀਤ ਸਿੰਘ, ਕੈਨੇਡਾ***

# ਨਿਮਾਣੀ ਹੱਟੀ ਦੀ ਬੁਲੰਦੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਅਮਰੀਕਾ ਦੇਸ਼ ਦੇ ਇੱਕ ਵੱਡੇ ਸ਼ਹਿਰ ਵਿਚ ਰਹਿੰਦਿਆਂ ਅੱਜ ਪਿੰਡ ਦੀ ਨਿਮਾਣੀ ਹੱਟੀ ਚੇਤੇ ਆ ਗਈ ਹੈ। ਵਿਗੋਚਾ ਇਸ ਗੱਲੋਂ ਵੀ ਹੈ ਕਿ ਸੌਦਾ ਨਾ ਵੀ ਲੈਣਾ ਹੋਵੇ, ਜਦ ਚਿੱਤ ਕੀਤਾ, ਬੜੀ ਬੇਤੁਕੱਲਫੀ ਨਾਲ ਗਲੀ ਦੇ ਸਿਰੇ 'ਤੇ ਪਾਈ ਹੋਈ ਹੱਟੀ ਵਿਚ ਜਾ ਵੜੀਦਾ ਸੀ। ਹੋਰ ਨਹੀਂ ਤਾਂ ਆਪਣੇ ਬੇਲੀ ਹਟਵਾਣੀਏ ਨਾਲ ਚਾਰ ਤਾਸ਼ ਦੀਆਂ ਬਾਜ਼ੀਆਂ ਹੀ ਲਾ ਲਈਦੀਆਂ ਸਨ। ਉਹ ਤਾਂ ਅਕਸਰ ਚਾਹ ਵੀ ਪਿਲਾ ਦਿੰਦਾ ਸੀ ਤੇ ਮੂੰਗਫਲੀ, ਰਿਉੜੀਆਂ ਵੀ ਛਕਾ ਦਿੰਦਾ ਸੀ। ਪਰ ਆਪਾਂ ਰਹੇ ਜਮਾਂਦਰੂ ਨੀਅਤ ਦੇ ਭੁਖੇ, ਚੋਰ ਅੱਖ ਨਾਲ ਪੀਪੇ ਵਿਚੋਂ ਮੁਰੱਬਾ ਜਾਂ ਗੁਲਕੰਦ ਕੱਢ ਕੇ ਘਾਊ-ਘੱਪ ਕਰ ਲਈਦਾ ਸੀ। ਫੁੱਲੀਆਂ ਜਾਂ ਮਖਾਣਿਆਂ ਦੇ ਫੱਕੇ ਤਾਂ ਮਾਰਦੇ ਹੀ ਰਹੀਦਾ ਸੀ। ਬੇਤੁਕੱਲਫੀ ਤਾਂ ਇਥੇ ਵੱਡੇ ਵੱਡੇ ਸਟੋਰਾਂ ਵਿਚ ਵੀ ਘੱਟ ਨਹੀਂ ਤੇ ਭਾਵੇਂ ਜੋ ਮਰਜ਼ੀ ਚੋਰੀ ਛੁਪੇ ਖਾਣ ਦਾ ਹੌਸਲਾ ਕਰ ਲਵੋ, ਕਦੇ ਕੋਈ ਨਹੀਂ ਦੇਖਦਾ ਪਰ ਇਥੇ ਪਰਮਾਤਮਾ ਵਾਂਗ ਸਰਬਵਿਆਪਕ ਤੇ ਅਦਿੱਖ ਕੈਮਰਾ ਤੁਹਾਡੀ ਹਰ ਹਰਕਤ 'ਤੇ ਨਜ਼ਰ ਰੱਖਦਾ ਹੈ। ਕਿਆ ਸਿਤਮਜ਼ਰੀਫੀ ਹੈ ਕਿ ਪਿੰਡ ਵਿਚ ਭਾਵੇਂ ਕਿੰਨੀ ਵੱਡੀ ਦੁਕਾਨ ਹੋਵੇ, ਵਿਚਾਰੀ ਕਹਾਉਂਦੀ ਹੱਟੀ ਹੀ ਹੈ ਤੇ ਸ਼ਹਿਰ ਵਿਚ ਜਿੰਨੀ ਮਰਜ਼ੀ ਛੋਟੀ ਹੱਟੀ ਹੋਵੇ, ਕਹਾਉਂਦੀ ਦੁਕਾਨ ਹੀ ਹੈ। ਤੇ ਏਧਰ, ਹਰ ਹੱਟੀ ਜਾਂ ਦੁਕਾਨ ਸਟੋਰ ਹੀ ਹੈ। ਪਿੰਡ ਦੇ ਕਈ ਹੱਟੀ ਵਾਲੇ ਕਈ ਵਾਰੀ ਵੱਧ ਤੋਂ ਵੱਧ ਆਪਣੀ ਹੱਟੀ ਨੂੰ ਹੱਟ ਕਹਿ ਲੈਣ ਵਿਚ ਤਸੱਲੀ ਕਰ ਲੈਂਦੇ ਹਨ। ਮੇਰੇ ਪਿੰਡ ਦੇ ਇਕ ਅਜਿਹੇ ਹਟਵਾਣੀਏ ਨੇ ਆਪਣੀ ਹੱਟੀ ਉਪਰ ਲਿਖ ਕੇ ਲਾਇਆ ਸੀ, "ਲੋਕਾਂ ਪਾਈਆਂ ਹੱਟੀਆਂ ਤੇ ਅਸਾਂ ਪਾਇਆ ਹੱਟ ਜੀ, ਚੀਜ਼ਾਂ ਦਿੰਦੇ ਮਹਿੰਗੀਆਂ ਤੇ ਪੈਸੇ ਲੈਂਦੇ ਘੱਟ ਜੀ।" ਭਾਈ ਵੀਰ ਸਿੰਘ ਨੇ ਗੁਲਾਬ ਦੇ ਫੁੱਲ ਨੂੰ ਹੀ 'ਹੱਟ ਮਹਿਕ ਦੀ' ਲਾਉਣ ਵਾਲਾ ਕਹਿ ਦਿੱਤਾ ਸੀ। ਉਂਜ ਹੱਟ ਸ਼ਬਦ ਵਧੇਰੇ ਕਰਕੇ ਬਹੁਤੀਆਂ ਹੱਟੀਆਂ ਜਾਂ ਮਾਰਕਿਟ ਲਈ ਸਮੂਹਵਾਚਕ ਸ਼ਬਦ ਹੈ। ਖੁੱਲ੍ਹੇ ਸੁਭਾਅ ਤੇ ਨਖਰੇਬਾਜ਼ ਕੁੜੀਆਂ/ਤੀਵੀਆਂ ਪਿੰਡ ਦੀਆਂ ਹੱਟੀਆਂ ਤੋਂ ਬਥੇਰਾ ਲਾਹਾ ਖੱਟ ਲੈਂਦੀਆਂ ਹਨ। ਨਜਾਬਤ ਦੇ ਸ਼ਬਦਾਂ ਵਿਚ,

ਤੈਨੂੰ ਚਸਕਾ ਬਹੁਤ ਜ਼ਬਾਨ ਦਾ,
ਲੇਖਾ ਹਰ ਹੱਟੀ।
ਮੈਥੋਂ ਨਾਹੀਂ ਭਰੀਂਦੀ, ਇਹ ਤੇਰੀ ਚੱਟੀ।
ਜਾਹ ਟੁਰ ਜਾ ਪੇਕੇ ਆਪਣੇ,
ਘਤ ਕੇਰੀ ਪੱਟੀ...।

ਪਿੰਡ ਦੇ ਹਟਵਾਣੀਏ ਤਾਂ ਵਿਚਾਰੇ ਪੀਲੂ ਦੇ ਜ਼ਮਾਨੇ ਤੋਂ ਹੀ ਇਨ੍ਹਾਂ ਪੱਟਣਹਾਰੀਆਂ ਤੋਂ ਪੱਟੇ ਜਾਂਦੇ ਰਹਿੰਦੇ ਹਨ,

ਸਾਹਿਬਾਂ ਗਈ ਤੇਲ ਨੂੰ,
ਗਈ ਪੰਸਾਰੀ ਦੀ ਹੱਟ।
ਤੇਲ ਭੁਲਾਵੇ ਭੁੱਲਾ ਬਾਣੀਆ,
ਦਿੱਤਾ ਸ਼ਾਹਿਦ ਉਲੱਟ।

ਪਰ ਇਸ਼ਕ ਦੇ ਬਾਜ਼ਾਰ ਵਿਚ ਮਰਦ ਤਾਂ ਘਾਟੇਵੰਦ ਸੌਦਾ ਹੀ ਕਰਦੇ ਹਨ। ਰਾਂਝੇ ਦੀ ਮੰਦਹਾਲੀ ਬਾਰੇ ਵਾਰਿਸ ਦੀ ਟਿੱਪਣੀ ਸੁਣੋ, "ਉਹ ਇਸ਼ਕ ਦੇ ਹੱਟ ਵਿਕਾਇ ਰਹਿਆ, ਮਹੀਂ ਕਿਸੇ ਦੀਆ ਚਾਰਦਾ ਪਿਆ ਸੀ।" ਬੁੱਲ੍ਹੇ ਸ਼ਾਹ ਦੇ ਸ਼ਬਦਾਂ ਵਿਚ ਇਸ਼ਕ ਨੇ 'ਯੂਸਫ ਹੱਟੋ ਹੱਟ ਵਿਕਾਇਉ।'

ਖੈਰ ਜੀ, ਹੱਟੀ ਕਹਿ ਲਵੋ ਜਾਂ ਹੱਟ, ਹੈ ਤਾਂ ਵਿਚੋਂ ਝੁੱਗਾ ਹੀ। ਉਂਜ ਇਸ ਝੁੱਗੇ ਵਿਚ ਵੀ ਵਿਕ ਕੇ ਸੌਦਾ ਪੱਤਾ ਅਖਵਾਉਂਦੀਆਂ ਚੀਜ਼ਾਂ ਵਸਤਾਂ ਦੇ ਅੰਬਾਰ ਲੱਗੇ ਹੁੰਦੇ ਹਨ। ਕਿਧਰੇ ਖਲ, ਵੜੇਵਿਆਂ, ਗੁੜ, ਖੰਡ ਦੀਆਂ ਬੋਰੀਆਂ ਦੀਆਂ ਧਾਕਾਂ, ਕਿਧਰੇ ਪੰਸਾਰ ਦੇ ਭਰੇ ਡੱਬਿਆਂ ਦੀ ਟਾਂਡ, ਕਿਧਰੇ ਖੁੱਲ੍ਹੇ ਘਿਉ, ਤੇਲ, ਦੁੱਧ ਦੇ ਟੀਨ ਤੇ ਕਿਧਰੇ ਭਾਂਤ ਸੁਭਾਂਤੀਆਂ ਦਾਲਾਂ, ਸਾਬਣ, ਸੋਡੇ ਦੇ ਕੱਟੇ। ਹੱਟੀ ਵਿਚ ਤੁਰਦਿਆਂ ਫਿਰਦਿਆਂ ਲੱਟੜ ਪੱਟੜ ਪੈਰਾਂ ਵਿਚ ਲਗਦਾ ਹੀ ਰਹਿੰਦਾ ਹੈ। ਪਿਛਵਾੜੇ ਚੂਹਿਆਂ ਨੇ ਆਪਣਾ ਤੋਰੀ ਫੁਲਕਾ ਚਲਾਇਆ ਹੁੰਦਾ ਹੈ। ਦਰਅਸਲ ਹੱਟੀ ਦਾ ਇਹ ਭੰਡਾਰਾ ਤੇ ਪਸਾਰਾ ਹੀ ਇਸ ਦੀ ਬੁਲੰਦੀ ਹੈ। ਚਲੋ ਜ਼ਰਾ ਹੱਟੀ ਸ਼ਬਦ ਤੋਂ ਇਸ ਦਾਅਵੇ ਦੀ ਤਸਦੀਕ ਕਰੀਏ। ਇਹ ਸ਼ਬਦ ਬਣਿਆ ਹੈ 'ਅੱਟ' ਧਾਤੂ ਤੋਂ ਜਿਸ ਵਿਚ ਹੱਦੋਂ ਬਾਹਰ ਜਾਣ, ਉਚਾ ਉਠਣ, ਲਗਾਤਾਰਤਾ ਆਦਿ ਦੇ ਭਾਵ ਹਨ। ਜਿਵੇਂ ਅਸੀਂ ਦੇਖਿਆ ਹੈ, ਹੱਟੀ ਦਾ ਸਾਰਾ ਮਾਲ ਉਪਰ ਤੱਕ ਲੱਦਿਆ ਤੇ ਚਾਰ ਚੁਫੇਰੇ ਤੂੜਿਆ ਹੁੰਦਾ ਹੈ। ਇਸ ਤਰ੍ਹਾਂ ਸ਼ਹਿਰ ਦੀ ਦੁਕਾਨ ਭਾਵੇਂ ਜਿੰਨੀ ਮਰਜ਼ੀ ਲੰਬੀ ਚੌੜੀ ਹੋਵੇ, ਉਸ ਉਤੇ "ਉਚੀ ਦੁਕਾਨ ਫਿੱਕਾ ਪਕਵਾਨ" ਕਹਾਵਤ ਢੁਕਾਈ ਜਾ ਸਕਦੀ ਹੈ ਪਰ ਨਿਮਾਣੀ ਹੱਟੀ ਬਾਰੇ ਘਟੋ ਘਟ ਮੁਢਲੇ ਅਰਥਾਂ ਪੱਖੋਂ ਇਹ ਗੱਲ ਬੇਥਵ੍ਹੀ ਹੈ। ਅਸਲ ਵਿਚ ਹੱਟੀ ਸ਼ਬਦ ਪੰਜਾਬੀ ਤੇ ਕੁਝ ਉਤਰ-ਪੱਛਮੀ ਭਾਰਤੀ ਬੋਲੀਆਂ ਵਿਚ ਹੀ ਪ੍ਰਚਲਿਤ ਹੈ, ਬਾਕੀਆਂ ਵਿਚ ਹੱਟ ਜਾਂ ਹਾਟ ਹੀ ਹੈ। ਹਾਂ, ਕਵਿਤਾ ਜਾਂ ਪੁਰਾਣੀ ਪੰਜਾਬੀ ਵਿਚ ਹੱਟ/ਹਾਟ ਸ਼ਬਦ ਚਲਦੇ ਹਨ, "ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰ ਕਰੀਵੈ॥" (ਗੁਰੂ ਰਾਮ ਦਾਸ); "ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ॥" (ਗੁਰੂ ਨਾਨਕ ਦੇਵ)।




ਦਿਲਚਸਪ ਗੱਲ ਹੈ ਕਿ ਮਹਾਨ ਕੋਸ਼ ਵਿਚ ਅੱਟ ਸ਼ਬਦ ਦਾ ਅਰਥ "ਅਟਾਰੀ, ਉਪਰਲੀ ਮੰਜ਼ਿਲ ਦਾ ਹਵਾਦਾਰ ਚੁਬਾਰਾ, ਦੇਖੋ ਅੰਗਰੇਜ਼ੀ attic" ਦਿੱਤਾ ਹੋਇਆ ਹੈ। ਭਾਵੇਂ ਅੱਟ ਦਾ ਅਰਥ ਅੰਗਰੇਜ਼ੀ ਐਟਿਕ ਜਿਹਾ ਹੀ ਹੈ ਪਰ ਨਿਰੁਕਤ-ਦ੍ਰਿਸ਼ਟੀ ਤੋਂ ਦੋਵਾਂ ਸ਼ਬਦਾਂ ਵਿਚਕਾਰ ਕੋਈ ਸੁਜਾਤੀ ਸਾਂਝ ਨਹੀਂ, ਇਥੇ ਧੁਨੀ ਸਮਾਨਤਾ ਤੇ ਅਰਥ ਸਮਾਨਤਾ ਭੁਲੇਖਾ ਪਾ ਰਹੀ ਹੈ। ਅੰਗਰੇਜ਼ੀ ਐਟਿਕ ਲਾਤੀਨੀ ਥਾਣੀਂ ਗਰੀਕ ਤੋਂ ਆਇਆ ਹੈ। ਪ੍ਰਾਚੀਨ ਗਰੀਸ ਵਿਚ ਇਥੋਂ ਦੇ ਸ਼ਹਿਰ ਏਥਨਜ਼ ਦੇ ਆਲੇ-ਦੁਆਲੇ ਐਟਿਕ ਵਾਲੀਆਂ ਇਮਾਰਤਾਂ ਬਣਾਈਆਂ ਜਾਂਦੀਆਂ ਸਨ। ਐਟਿਕ ਸ਼ਬਦ ਏਥਨਜ਼ ਨਾਲ ਸਬੰਧ ਰੱਖਦਾ ਹੈ। ਪ੍ਰਾਚੀਨ ਲਾਤੀਨੀ ਵਿਚ attikos ਦਾ ਮਤਲਬ ਏਥਨਜ਼ ਸਬੰਧੀ ਹੁੰਦਾ ਹੈ। ਹੱਟ ਸ਼ਬਦ ਕੁਝ ਸਥਾਨ ਨਾਂਵਾਂ ਵਿਚ ਵੀ ਆਇਆ ਹੈ ਜਿਵੇਂ ਅਸਾਮ ਦੇ ਸ਼ਹਿਰ ਗੁਹਾਟੀ ਵਿਚ। ਇਸ ਦਾ ਅਸਲੀ ਨਾਂ ਗੁਵਾਹਾਟੀ ਹੈ ਜਿਸ ਦਾ ਮਤਲਬ ਬਣਦਾ ਹੈ, ਗੁਵਾ ਦੀ ਹੱਟੀ। ਅਸਾਮੀ ਭਾਸ਼ਾ ਵਿਚ ਗੁਵਾ ਸਪਾਰੀ ਨੂੰ ਆਖਿਆ ਜਾਂਦਾ ਹੈ। ਅਸਾਮ ਵਿਚ ਸੁਪਾਰੀ ਬਹੁਤ ਹੁੰਦੀ ਹੈ। ਆਸਾਮ ਦਾ ਹੀ ਸ਼ਹਿਰ ਜੋਰਹਟ ਹੈ ਜਿਸ ਵਿਚ ਹਟ ਬੋਲਦਾ ਹੈ। ਇਹ ਬੋਗਦੋਈ ਨਦੀ ਦੇ ਦੋਨਾਂ ਕਿਨਾਰਿਆਂ ਤੇ ਸਥਿਤ ਦੋ "ਹੱਟਾਂ" ਮਚਰਹੱਟ ਅਤੇ ਚੌਕੀਹੱਟ ਦਾ (ਜੋਰ) ਜੋੜ ਹੈ। ਸੋਲਨ ਲਾਗੇ ਇਕ ਕਸਬੇ ਦਾ ਨਾਂ ਕੁਮਾਰਹੱਟੀ ਹੈ। ਐਮ.ਡੀ.ਐਚ. ਮਸਾਲੇ ਦਾ ਨਾਂ ਤਾਂ ਸਭ ਨੇ ਸੁਣਿਆ ਹੋਵੇਗਾ। ਕਈਆਂ ਨੇ ਇਹ ਮਸਾਲੇ ਚਖੇ ਵੀ ਹੋਣਗੇ। ਇਸ ਸੰਖੇਪ ਸ਼ਬਦ ਦਾ ਪੂਰਾ ਰੂਪ ਹੈ ਮਹਾਸ਼ਿਆਂ ਦੀ ਹੱਟੀ। ਮਹਾਸ਼ੇ ਚੂਨੀ ਲਾਲ ਨੇ ਇਹ ਕੰਪਨੀ 1919 ਵਿਚ ਸਿਆਲਕੋਟ ਤੋਂ ਸ਼ੁਰੂ ਕੀਤੀ ਸੀ।

ਸੰਸਕ੍ਰਿਤ ਵਿਚ ਅੱਟ ਸ਼ਬਦ ਦੇ ਹੱਟ ਵਾਲੇ ਹੀ ਅਰਥ ਹਨ- ਦੁਕਾਨ, ਮੰਡੀ, ਬਾਜ਼ਾਰ ਆਦਿ, ਯਾਨਿ ਜਿਥੇ ਉਰਾ-ਪਰਾ ਵਿਕਦਾ ਤੇ ਖਰੀਦਿਆ ਜਾਂਦਾ ਹੈ। ਅੱਟ ਦੇ ਮੁਢਲੇ ਅਰਥ ਉਚਾ ਹੋਣ ਤੋਂ ਹੀ ਇਸ ਦਾ ਇਕ ਅਰਥ ਹੈ ਸਿਖਰਲੀ ਛੱਤ ਤੇ ਬਣਿਆ ਕਮਰਾ, ਚੁਬਾਰਾ ਆਦਿ। ਅਸੀਂ ਇਸ ਨੂੰ ਰੌਂਟੀ ਵੀ ਕਹਿੰਦੇ ਹਾਂ ਪਰ ਬਹੁਤ ਪ੍ਰਚਲਿਤ ਸ਼ਬਦ ਹੈ ਅਟਾਰੀ। ਗੱਲ ਇਥੇ ਲਿਆਉਣੀ ਸੀ ਕਿ ਇਹ ਅਟਾਰੀ ਸ਼ਬਦ ਵੀ ਇਸੇ ਧਾਤੂ ਤੋਂ ਬਣਿਆ ਹੈ ਕਿਉਂਕਿ ਇਹ ਉਚਾਈ ਵਾਲੀ ਹੁੰਦੀ ਹੈ। ਇਸ ਸ਼ਬਦ ਦਾ ਪੂਰਬਲਾ ਰੂਪ ਅਟਾਲਿਕਾ ਹੈ ਜੋ ਅੱਗੋਂ ਅਟਾਲਿਆ ਤੋਂ ਬਣਿਆ ਹੈ। 'ਆਲਿਆ' ਦਾ ਅਰਥ ਹੁੰਦਾ ਹੈ ਆਸਰਾ, ਨਿਵਾਸ, ਰਿਹਾਇਸ਼। ਅਮੀਰਾਂ ਮਹਾਰਾਜਿਆਂ ਦੀ ਰਿਹਾਇਸ਼ ਲੰਮੀ ਚੌੜੀ ਹੁੰਦੀ ਸੀ ਇਸ ਲਈ ਅਟਾਰੀ ਦਾ ਅਰਥ ਮਹੱਲ, ਮਾੜੀ, ਬੁਰਜ, ਮੀਨਾਰ ਆਦਿ ਵੀ ਹੈ। ਸਰਹੱਦੀ ਕਸਬਾ ਅਟਾਰੀ ਵੀ ਇਥੇ ਥਾਂ ਸਿਰ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਇਸ ਪਿੰਡ ਦੇ ਮਹਾਨ ਜੋਧੇ ਸ਼ਾਮ ਸਿੰਘ ਨੇ ਸਭਰਾਵਾਂ ਦੀ ਲੜਾਈ 'ਚ ਸ਼ਹੀਦੀ ਪਾਈ ਸੀ। ਇਸ ਦੀ ਪੁਤਰੀ ਨਾਨਕੀ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਨੌਨਿਹਾਲ ਸਿੰਘ ਨਾਲ ਹੋਈ ਸੀ।

ਅੱਟ ਧਾਤੂ ਵਿਚ ਉਚਾਈ, ਬੁਲੰਦੀ ਦੇ ਭਾਵ ਹੋਣ ਕਾਰਨ ਇਸ ਤੋਂ ਇਕ ਹੋਰ ਸ਼ਬਦ ਬਣਿਆ ਹੈ ਜਿਸ ਦਾ ਤੁਹਾਨੂੰ ਅੰਦਾਜ਼ਾ ਹੋ ਜਾਣਾ ਚਾਹੀਦਾ ਹੈ। ਚਲੋ ਬੁਝਾਰਤ ਕੀ ਰੱਖਣੀ ਹੈ, ਸ਼ਬਦ ਹੈ ਅਟਾਲ, ਜਿਸ ਨੂੰ ਅਸੀਂ ਬੋਲਚਾਲ ਵਿਚ ਟਾਲ ਆਖ ਦਿੰਦੇ ਹਾਂ। ਅਟਾਲ ਆਪਣੇ ਤੌਰ 'ਤੇ ਉਕਤ ਅਟਾਲਿਆ ਦਾ ਹੀ ਬਦਲਿਆ ਰੁਪਾਂਤਰ ਹੈ। ਲੱਕੜੀਆਂ ਦਾ ਟਾਲ ਕਿਸ ਨੇ ਨਹੀਂ ਦੇਖਿਆ ਤੇ ਅਨੁਭਵ ਕੀਤਾ ਹੋਵੇਗਾ ਕਿ ਇਹ ਲੱਕੜੀ ਦੇ ਭਾਂਤ-ਸੁਭਾਂਤੇ ਟੁਕੜਿਆਂ ਦਾ ਇਕ ਲੰਬਾ ਚੌੜਾ ਅਤੇ ਉਚਾ ਅੰਬਾਰ ਹੀ ਹੁੰਦਾ ਹੈ। ਲੱਕੜੀ ਸਾਡੇ ਜੀਵਨ ਦੀ ਅਹਿਮ ਲੋੜ ਹੁੰਦੀ ਹੈ, ਮਰਨ ਸਮੇਂ ਤਾਂ ਇਸ ਦੀ ਲੋੜ ਜੀਵਨ ਨਾਲੋਂ ਵੀ ਵੱਧ ਹੁੰਦੀ ਹੈ। ਅਟਾਲ ਨਾਂ ਦੇ ਕੁਝ ਪਿੰਡ ਵੀ ਹਨ ਜਿਵੇਂ ਅਟਾਲ ਮਾਜਰਾ। ਮੇਰੇ ਪਿੰਡ ਦੇ ਲਾਗੇ ਇਕ ਪਿੰਡ ਦਾ ਨਾਂ ਹੈ ਅੱਟਾ। ਪਿੰਡ ਦੇ ਵਸਨੀਕ ਦੱਸਦੇ ਹਨ ਕਿ ਇਥੇ ਕਿਸੇ ਵੇਲੇ ਲੱਕੜਾਂ ਦਾ ਭਾਰੀ ਟਾਲ ਹੁੰਦਾ ਸੀ। ਇਥੋਂ ਦੇ ਕੁਝ ਲੋਕਾਂ ਨੇ ਅੱਟਾ ਪਿੰਡ ਛੱਡ ਕੇ ਜੂਹ ਤੋਂ ਥੋੜ੍ਹਾ ਪਰਾਂਹ ਜ਼ਮੀਨ ਲੈ ਲਈ ਤੇ ਪੱਕਾ ਬਸੇਰਾ ਬਣਾ ਲਿਆ। ਇਹ ਰਿਹਾਇਸ਼ੀ ਥਾਂ ਮੁਢਲੇ ਅੱਟੇ ਨਾਲੋਂ ਛੋਟੀ ਹੋਣ ਕਰਕੇ ਅੱਟੀ ਕਹਾਈ। ਕਈ ਨਵੇਂ ਵਸੇ ਪਿੰਡਾਂ ਦੇ ਨਾਂ ਇਸੇ ਤਰ੍ਹਾਂ ਪੈਂਦੇ ਹਨ। ਪਾਸਲਾ ਦੇ ਨਾਲ ਇਕ ਪਾਸਲੀ ਵੀ ਹੈ। ਪੰਜਾਬ ਵਿਚ ਅੱਟਾ ਨਾਂ ਦੇ ਦਰਜਨਾਂ ਪਿੰਡ ਹਨ।

ਆਪਟੇ ਦੇ ਸੰਸਕ੍ਰਿਤ ਕੋਸ਼ ਵਿਚ ਅੱਟ ਧਾਤੂ ਦਾ ਇਕ ਅਰਥ ਵਸਤੂ ਜਾਂ ਇਮਾਰਤ ਦੀ ਉਚਾਈ ਦੇ ਨਾਲ ਨਾਲ ਆਵਾਜ਼ ਦੀ ਉਚਾਈ ਵੀ ਦੱਸਿਆ ਗਿਆ ਹੈ। ਕੋਸ਼ ਵਿਚ ਇਸ ਤੋਂ ਬਣੇ ਇਕ ਸ਼ਬਦ 'ਅੱਟਹਾਸ' ਦਾ ਵੀ ਉਲੇਖ ਹੈ ਜਿਸ ਦਾ ਅਰਥ ਬਹੁਤ ਉਚਾ ਹਾਸਾ ਦੱਸਿਆ ਗਿਆ ਹੈ। ਇਸ ਨੂੰ ਅਸੀਂ ਪੰਜਾਬੀ ਵਿਚ ਠਹਾਕਾ ਕਹਿ ਸਕਦੇ ਹਾਂ। ਮਲੂਮ ਹੁੰਦਾ ਹੈ ਕਿ ਠਹਾਕਾ ਸ਼ਬਦ ਇਸ ਅੱਟਹਾਸ ਦਾ ਹੀ ਵਿਉਤਪਤ ਰੂਪ ਹੈ। ਅਜੀਤ ਵਡਨੇਰਕਰ ਅਨੁਸਾਰ ਇਸ ਦਾ ਵਿਕਾਸ ਕੁਝ ਇਸ ਤਰ੍ਹਾਂ ਹੋਇਆ ਹੋਵੇਗਾ : ਅੱਟਹਾਸ> ਅਠਹਾਸ> ਠਹਾਸ> ਠਹਾਕ> ਠਹਾਕਾ। ਆਪਟੇ ਅਨੁਸਾਰ ਹੜਤਾਲ ਸ਼ਬਦ ਵਿਚ ਵੀ ਹੱਟ ਬੋਲਦਾ ਹੈ। ਹੜਤਾਲ ਦਾ ਮੁਢਲਾ ਅਰਥ ਰੋਸ ਆਦਿ ਵਜੋਂ ਹੱਟੀਆਂ ਬੰਦ ਕਰਨਾ ਹੁੰਦਾ ਸੀ। ਸੋ, ਇਸ ਦਾ ਮੁਢਲਾ ਰੂਪ ਹਟਤਾਲ (ਹੱਟੀਆਂ ਨੂੰ ਤਾਲਾ) ਹੋਵੇਗਾ। ਟਰਨਰ ਨੇ ਚਹੁਟੇ (= ਚਾਰ ਹੱਟੀਆਂ) ਸ਼ਬਦ ਦਾ ਜ਼ਿਕਰ ਕੀਤਾ ਹੈ। ਇਸ ਤਰ੍ਹਾਂ ਚਹੁਟਾ ਇਕ ਤਰ੍ਹਾਂ ਮਾਰਕਿਟ ਹੋਇਆ ਜਿਸ ਨੂੰ ਅਜੋਕੀ ਭਾਸ਼ਾ ਵਿਚ ਪਲਾਜ਼ਾ ਵੀ ਕਿਹਾ ਜਾਂਦਾ ਹੈ। ਸ਼ਾਇਦ 'ਚਹੁੰਟੇ ਚੁੱਕਣਾ' ਮੁਹਾਵਰਾ ਇਥੋਂ ਬਣਿਆ ਅਰਥਾਤ ਹੱਟੀਆਂ ਦੇ ਦਰਵਾਜ਼ੇ ਬੰਦ ਕਰਵਾਉਣੇ। ਇਹ ਸਮੂਹਕ ਕਾਰਵਾਈ ਵੀ ਕਿਸੇ ਰੋਸ ਵਜੋਂ ਹੀ ਕੀਤੀ ਜਾਂਦੀ ਸੀ।

# ਬੰਦੇ ਕਰਮ ਤੋਂ ਪਛਾਣਿਆ ਕਰ ਬੰਦਿਆ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਜਦ ਪਤਾ ਲੱਗਾ ਕਿ ਸੰਪੂਰਨ ਸਿੰਘ ਇਸ ਦੁਨੀਆਂ ਤੋਂ ਚਲਿਆ ਗਿਆ ਹੈ, ਮੇਰੀਆਂ ਅੱਖਾਂ ਸੁੱਕੇ ਅੰਬਰੀਂ ਮੀਂਹ ਵਾਂਗ ਵਗ ਤੁਰੀਆਂ। ਉਹ ਮੇਰਾ ਕੋਈ ਸਕਾ ਚਾਚਾ-ਤਾਇਆ ਭਾਵੇਂ ਨਹੀਂ ਸੀ, ਪਰ ਇਨਸਾਨੀਅਤ ਦੇ ਤੌਰ 'ਤੇ ਉਸ ਦੇ ਜੀਵਨ 'ਤੇ ਝਾਤ ਮਾਰਦਿਆਂ ਮਨ ਬੇਕਾਬੂ ਹੋ ਗਿਆ। ਸੰਪੂਰਨ ਸਿੰਘ ਵਰਗੇ ਬੰਦੇ ਘੱਟ ਹੀ ਜਹਾਨ 'ਤੇ ਮਿਲਦੇ ਨੇ। ਉਹਨੂੰ ਬੇਸ਼ੱਕ ਆਪਣਾ ਬਚਪਨ ਜ਼ਾਲਮ ਤਾਈ ਹੇਠ ਬਿਤਾਉਣਾ ਪਿਆ ਸੀ, ਪਰ ਜਵਾਨੀ ਵਿਚ ਪੈਰ ਰੱਖਦਿਆਂ ਹੀ ਉਹ ਆਪਣੇ ਪੈਰੀਂ ਖੜ੍ਹਾ ਹੋ ਗਿਆ ਸੀ।

ਉਹ ਮਾਪਿਆਂ ਦਾ ਇਕਲੌਤਾ ਪੁੱਤ ਸੀ। ਉਹਦੀ ਮਾਂ ਉਹਨੂੰ ਜਨਮ ਦੇਣ ਤੋਂ ਬਾਅਦ ਰੱਬ ਨੂੰ ਪਿਆਰੀ ਹੋ ਗਈ। ਮਾਂ ਦੇ ਹਿੱਸੇ ਦੀਆਂ ਲੋਰੀਆਂ ਪਿਉ ਨੇ ਦਿੱਤੀਆਂ। ਪਿਉ ਆਪਣੇ ਭਰਾ ਨਾਲ ਖੇਤੀਂ ਕੰਮ ਵੀ ਕਰਵਾਉਂਦਾ, ਤੇ ਉਹਨੂੰ ਵੀ ਸਾਂਭਦਾ। ਤਾਈ ਦੇ ਆਪਣੇ ਚਾਰ ਧੀਆਂ ਸਨ, ਪੁੱਤ ਕੋਈ ਨਾ ਹੋਇਆ। ਫਿਰ ਵੀ ਉਹਨੇ ਸੰਪੂਰਨ ਸਿੰਘ ਨੂੰ ਹਿੱਕ ਨਾਲ ਨਹੀਂ ਲਾਇਆ। ਉਹ ਵਾਹਣਾਂ ਵਿਚ ਹੀ ਖੇਡਦਾ ਵੱਡਾ ਹੋਇਆ ਸੀ। ਉਹਨੂੰ ਪੜ੍ਹਨੇ ਨਹੀਂ ਪਾਇਆ ਗਿਆ, ਸਗੋਂ ਪਿਉ ਵਾਂਗ ਹਲ ਦੀ ਹੱਥੀ ਫੜਾ ਦਿੱਤੀ ਗਈ। ਉਸ 'ਤੇ ਜਵਾਨੀ ਨਿਖਰ ਕੇ ਆਈ। ਤਾਏ ਦੀਆਂ ਧੀਆਂ ਦਾ ਤਾਂ ਉਹ ਸੋਹਣਾ ਵੀਰਾ ਸੀ, ਪਰ ਤਾਈ ਦੀ ਅੱਖ ਵਿਚ ਰੜਕਦਾ ਰਹਿੰਦਾ ਸੀ। ਥੋੜ੍ਹੇ ਚਿਰ ਪਿਛੋਂ ਉਹਦਾ ਪਿਉ ਵੀ ਸਦਾ ਲਈ ਤੁਰ ਗਿਆ। ਜਿਹੜੀ ਤਿੰਨ ਕਿੱਲੇ ਜ਼ਮੀਨ ਸੀ, ਉਹ ਸੰਪੂਰਨ ਸਿੰਘ ਦੇ ਨਾਂ ਚੜ੍ਹ ਗਈ। ਤਾਈ ਦੇ ਜ਼ੁਲਮ ਤੋਂ ਬਚਣ ਲਈ ਉਹਨੇ ਆਪਣਾ ਰੋਟੀ-ਟੁੱਕ ਵੱਖ ਕਰ ਲਿਆ। ਜ਼ਮੀਨ ਮਾਮਲੇ 'ਤੇ ਦੇ ਦਿੱਤੀ, ਤੇ ਆਪ ਲੋਕ ਭਲਾਈ ਦੇ ਕੰਮਾਂ ਵਿਚ ਦਿਨ ਬਤੀਤ ਕਰ ਦਿੰਦਾ। ਉਹਨੂੰ ਦੇਖ ਕੇ ਮਹਿਸੂਸ ਹੁੰਦਾ ਸੀ ਕਿ ਉਹ ਨਿਰਾ ਰੱਬ ਦਾ ਭਗਤ ਹੈ। ਜੇ ਉਹ ਗਲੀ ਵਿਚ ਜਾ ਰਿਹਾ ਹੁੰਦਾ ਤਾਂ ਪਿਛਿਓਂ ਆਵਾਜ਼ ਆਉਂਦੀ, "ਵੇ ਸੰਪੂਰਨਾ! ਪੁੱਤ ਗੱਲ ਸੁਣੀਂ... ਆਹ ਰੋਟੀ ਆਪਣੇ ਚਾਚੇ ਨੂੰ ਖੇਤ ਫੜਾ ਦੇ, ਘਰ ਕੋਈ ਨਹੀਂ, ਤੇ ਮੱਝ ਸੂਣ ਵਾਲੀ ਐ। ਜਾਹ ਮੇਰਾ ਪੁੱਤ ਸ਼ੇਰ ਬਣ ਕੇ ਜਾਈਂ।" ਸ਼ਰੀਕੇ ਵਿਚੋਂ ਲਗਦੀ ਕੋਈ ਚਾਚੀ ਬੋਲਦੀ। ਸੰਪੂਰਨ ਸਿੰਘ ਝੱਟ ਰੋਟੀ ਫੜਦਾ ਤੇ ਡਾਕੀਏ ਵਾਂਗ ਖੇਤ ਜਾ ਖੜ੍ਹਦਾ। ਫਿਰ ਖੇਤ ਗਿਆ, ਉਥੇ ਹੀ ਕੰਮ ਕਰਵਾਉਣ ਲੱਗ ਪੈਂਦਾ।

ਉਨ੍ਹਾਂ ਦਿਨਾਂ ਵਿਚ ਸਾਈਕਲ ਦੀ ਬਹੁਤ ਚੜ੍ਹਾਈ ਹੁੰਦੀ ਸੀ। ਸਭ ਤੋਂ ਪਹਿਲਾਂ ਉਸ ਨੇ ਸਾਈਕਲ ਖਰੀਦਿਆ। ਉਂਜ ਉਹਦੀ ਇਕ ਗੱਲ ਪੱਕੀ ਸੀ ਕਿ ਉਹ ਆਪਣਾ ਸਾਈਕਲ ਕਿਸੇ ਨੂੰ ਨਹੀਂ ਸੀ ਫੜਾਉਂਦਾ। ਜੇ ਕਿਸੇ ਨੂੰ ਸਾਈਕਲ ਦੀ ਜ਼ਰੂਰਤ ਹੁੰਦੀ ਤਾਂ ਅੱਗਿਉਂ ਪੁੱਛਦਾ, "ਕਿੱਥੇ ਜਾਣਾ?" ਅਗਲਾ ਜਵਾਬ ਦਿੰਦਾ, "ਯਾਰ ਜਗਰਾਉਂ ਜਾਣਾ ਸੀ ਆੜ੍ਹਤੀਏ ਤੋਂ ਪੈਸੇ ਲੈਣ।" ਉਹ ਕਹਿੰਦਾ, "ਬੈਠ ਸਾਈਕਲ ਪਿੱਛੇ, ਆਪਾਂ ਹੁਣੇ ਚੱਲਦੇ ਆਂ।" ਅਗਲੇ ਨੂੰ ਖਿੱਚ ਕੇ ਜਗਰਾਉਂ ਲੈ ਜਾਂਦਾ। ਉਹਦੀ ਇਸ ਲੋਕ ਸੇਵਾ ਨੂੰ ਲੋਕ ਮੂਰਖਤਾ ਦਾ ਖਿਤਾਬ ਦਿੰਦੇ। ਇਕ ਵਾਰ ਨਕਲੀਆਂ ਦੀ ਬੁੜ੍ਹੀ ਕਹਿੰਦੀ, "ਵੇ ਪੁੱਤ ਸੰਪੂਰਨਾ, ਆਹ ਆਪਣੀ ਭੈਣ ਨੂੰ ਸੁਧਾਰ ਪ੍ਰੇਮਜੀਤ ਹਸਪਤਾਲ ਦਿਖਾ ਲਿਆ। ਬੱਚਾ ਹੋਣ ਵਾਲਾ। ਮੈਂ ਸੂਏ-ਸੂਏ ਤੁਰ ਕੇ ਆਉਂਦੀ ਆਂ।" ਸੰਪੂਰਨ ਸਿੰਘ ਨੇ ਸਾਈਕਲ ਦੇ ਪਿੱਛੇ ਖੇਸੀ ਦੀ ਤਹਿ ਲਾ ਕੇ ਕੁੜੀ ਨੂੰ ਬਿਠਾ ਲਿਆ ਤੇ ਸਾਈਕਲ ਤੋਰ ਦਿੱਤਾ। ਵਾਟ ਤਾਂ ਜ਼ਿਆਦਾ ਨਹੀਂ ਸੀ, ਪਰ ਸੁਧਾਰ ਪਹੁੰਚਣ ਤੋਂ ਪਹਿਲਾਂ ਹੀ ਕੁੜੀ ਨੂੰ ਦਰਦਾਂ ਉਠ ਖੜ੍ਹੀਆਂ। ਉਹ ਸਾਈਕਲ ਤੋਂ ਉਤਰ ਕੇ ਪਟੜੀ 'ਤੇ ਸੱਪ ਵਾਂਗ ਮੇਹਲਣ ਲੱਗ ਪਈ। ਸੰਪੂਰਨ ਸਿੰਘ ਇਸ ਕਾਰਜ ਤੋਂ ਅਣਜਾਣ ਸੀ। ਰੱਬ ਦੀ ਮਿਹਰ, ਉਹਨੂੰ ਕਪਾਹ ਚੁਗਦੀਆਂ ਜਨਾਨੀਆਂ ਦਿਖਾਈ ਦਿੱਤੀਆਂ। ਉਹ ਉਨ੍ਹਾਂ ਨੂੰ ਸੱਦ ਲਿਆਇਆ। ਜਨਾਨੀਆਂ ਨੇ ਪਰਦਾ ਕਰ ਕੇ ਨਿਆਣਾ ਪਟੜੀ 'ਤੇ ਹੀ ਜਮਾ ਲਿਆ।

ਉਦੋਂ ਤੱਕ ਕੁੜੀ ਦੀ ਮਾਂ ਪਹੁੰਚ ਗਈ। ਉਹ ਦੋਹਤਾ ਦੇਖ ਕੇ ਖੁਸ਼ੀ ਵਿਚ ਖੀਵੀ ਹੋ ਹੋ ਜਾਵੇ। ਸਾਰੀਆਂ ਜਨਾਨੀਆਂ ਨੇ ਇਕੱਠੀਆਂ ਹੋ ਕੇ ਕੁੜੀ ਦੀ ਦੇਖ-ਭਾਲ ਕੀਤੀ। ਖੇਤ ਵਾਲਾ ਕਿਸਾਨ ਆਪਣੀ ਰੇੜ੍ਹੀ ਜੋੜ ਕੇ ਕੁੜੀ ਤੇ ਮਾਂ ਨੂੰ ਘਰ ਉਤਾਰ ਗਿਆ। ਸੰਪੂਰਨ ਸਿੰਘ ਵੀ ਪਿੰਡ ਪਹੁੰਚ ਗਿਆ। ਬੁੜ੍ਹੀ ਉਹਨੂੰ ਕਹਿੰਦੀ, "ਸਾਈਕਲ ਹੌਲੀ ਚਲਾਇਆ ਕਰ, ਜੇ ਮੇਰੀ ਕੁੜੀ ਦੀ ਜਾਨ ਨਿਕਲ ਜਾਂਦੀ, ਕੌਣ ਜ਼ਿੰਮੇਵਾਰ ਸੀ ਫਿਰ? ਇਹ ਤਾਂ ਸ਼ੁਕਰ ਕਿ ਉਥੇ ਤੀਵੀਆਂ ਕਪਾਹ ਚੁਗਦੀਆਂ ਸੀ, ਉਨ੍ਹਾਂ ਨੇ ਕੁੜੀ ਸਾਂਭ ਲਈ।" ਬੁੜ੍ਹੀ ਦੀਆਂ ਗੱਲਾਂ ਸੁਣ ਕੇ ਉਹਨੂੰ ਲੱਗਿਆ, 'ਨੇਕੀ ਕਰ ਕੂਏਂ ਮੇਂ ਡਾਲ।' ਫਿਰ ਉਹ ਕਦੇ ਉਸ ਬੁੜ੍ਹੀ ਦੇ ਕੰਮ ਨਾ ਆਇਆ। ਉਂਜ, ਸਿਰੜੀ ਪੱਕਾ ਸੀ। ਜੇ ਕੋਈ ਬੁੜ੍ਹੀ ਕਹਿੰਦੀ, 'ਵੇ ਸੰਪੂਰਨਾ, ਜਾਹ ਆਪਣੀ ਭੈਣ ਨੂੰ ਸੁਧਾਰੋਂ ਦਵਾਈ ਦਿਵਾ ਲਿਆ', ਤਾਂ ਅੱਗਿਉਂ ਸੰਪੂਰਨ ਸਿੰਘ ਪੁੱਛ ਲੈਂਦਾ, 'ਤਾਈ ਨਿੱਕਾ ਨਿਆਣਾ ਤਾਂ ਨਹੀਂ ਹੋਣ ਵਾਲਾ।' ਅੱਗਿਉਂ ਬੁੜ੍ਹੀ ਵਿਚਕਾਰਲਾ ਜਿਹਾ ਮੂੰਹ ਬਣਾ ਲੈਂਦੀ, ਨਾ ਹਾਸਾ ਤੇ ਨਾ ਗੁੱਸਾ।

ਕਈ ਸੰਪੂਰਨ ਸਿੰਘ ਦੀਆਂ ਭਾਬੀਆਂ ਦੀ ਥਾਂ ਲੱਗਦੀਆਂ ਉਹਨੂੰ ਗੱਲਾਂ ਦਾ ਕੜਾਹ ਬਣਾ ਦਿੰਦੀਆਂ। ਕੋਈ ਕਹਿੰਦੀ, 'ਮੇਰੀ ਭੈਣ ਐ।' ਕੋਈ ਆਖਦੀ, 'ਮਾਮੇ ਦੀ ਧੀ ਐ'... ਤੇ ਕੋਈ ਭੂਆ ਦੀ ਧੀ ਦੀ ਦੱਸ ਪਾਉਂਦੀ, ਪਰ ਸਾਰੇ ਪਿੰਡ ਨੇ ਉਸ ਤੋਂ ਆਪਣੇ ਕੰਮ ਤਾਂ ਕਰਵਾ ਲਏ ਪਰ ਉਹਨੂੰ ਰਿਸ਼ਤਾ ਨਹੀਂ ਕਰਵਾਇਆ।

ਮੱਕੀ ਖਾਣੇ ਦੇਬੂ ਦੀ ਘਰ ਵਾਲੀ ਨੂੰ ਦੋ ਵਾਰੀ ਨਿਆਣੇ ਹੋਏ, ਹੋਣ ਸਾਰ ਹੀ ਮਰ ਜਾਂਦੇ ਰਹੇ। ਤੀਜੇ ਨਿਆਣੇ ਵਾਰੀ ਮੁੰਡ੍ਹੀਰ ਨੇ ਟਿੱਚਰ ਕੀਤੀ, 'ਦੇਖ ਬਾਈ ਦੇਬੂ! ਔਲਾਦ ਨਾਲੋਂ ਕਿਹੜੀ ਚੀਜ਼ ਚੰਗੀ ਐ, ਤੂੰ ਸੰਪੂਰਨ ਸਿੰਘ ਦੀ ਮਿੰਨਤ ਕਰ ਲੈ। ਜਦੋਂ ਐਤਕੀਂ ਭਰਜਾਈ ਨੂੰ ਨਿਆਣਾ ਹੋਣ ਵਾਲਾ ਹੋਊ, ਤਾਂ ਸੰਪੂਰਨ ਸਿੰਘ ਦੇ ਸਾਈਕਲ 'ਤੇ ਬਿਠਾ ਕੇ ਸੁਧਾਰ ਨੂੰ ਤੋਰ ਦੇਈਂ। ਦੇਖੀਂ ਬਾਈ ਸੀਖ ਦੀ ਪੁਲੀ ਨ੍ਹੀਂ ਟੱਪਣ ਦਿੰਦਾ, ਝੱਟ ਨਿਆਣਾ ਹੋ ਜਾਊ।'

ਦੇਬੂ ਨਾ ਗੁੱਸੇ ਹੋਇਆ, ਨਾ ਹੱਸਿਆ। ਉਹਨੇ ਵੀ ਸੰਪੂਰਨ ਸਿੰਘ ਨੂੰ ਪੁੱਛ ਲਿਆ। ਸੰਪੂਰਨ ਸਿੰਘ ਪਹਿਲਾਂ ਤਾਂ ਮੰਨਿਆ ਨਹੀਂ, ਫਿਰ ਤਿਆਰ ਹੋ ਗਿਆ। ਦੇਬੂ ਦੀ ਘਰ ਵਾਲੀ ਨੂੰ ਬਿਠਾ ਕੇ ਉਹ ਤੁਰ ਪਿਆ, ਸੁਧਾਰ ਪਹੁੰਚ ਗਏ, ਤੇ ਉਥੇ ਜਾ ਕੇ ਮੁੰਡਾ ਹੋ ਗਿਆ। ਦੇਬੂ ਤਾਂ ਸੰਪੂਰਨ ਸਿੰਘ ਦਾ ਸਾਈਕਲ ਚੁੰਮਦਾ ਫਿਰੇ, ਅਖੇ... ਇਹਦੇ ਵਿਚ ਹੀ ਕੋਈ ਕਰਾਮਾਤ ਐ।

ਸੰਪੂਰਨ ਸਿੰਘ ਇੱਜ਼ਤ ਪੱਖੋਂ ਪੂਰਾ ਕੱਟੜ ਸੀ। ਸਾਰੀ ਉਮਰ ਉਸ ਦਾ ਕੋਈ ਉਲਾਂਭਾ ਨਹੀਂ ਸੀ ਮਿਲਿਆ। ਉਹਨੇ ਕਦੇ ਕਿਸੇ ਤੋਂ ਰੁਪਏ ਨਹੀਂ ਲਿਆ ਸੀ, ਨਾ ਕਿਸੇ ਤੋਂ ਕੁਝ ਹੋਰ। ਜ਼ਮੀਨ ਦਾ ਮਾਮਲਾ ਜੋੜ ਕੇ ਉਹਨੇ ਘਰ ਵਧੀਆ ਬਣਾ ਲਿਆ। ਘਰ-ਬਾਰ ਬਣਿਆ ਦੇਖ ਦੇਬੂ ਦੀ ਘਰ ਵਾਲੀ ਕਹਿੰਦੀ, "ਮੈਂ ਤਾਂ ਕਹਿੰਦੀ ਆਂ ਮੇਰੇ ਨਾਲੋਂ ਛੋਟੀ ਸ਼ਿੰਦੀ ਦਾ ਰਿਸ਼ਤਾ ਸੰਪੂਰਨ ਸਿੰਘ ਨੂੰ ਕਰਵਾ ਦਿੰਨੇ ਆਂ। ਨਾ ਕੋਈ ਨਸ਼ਾ-ਪੱਤਾ, ਨਾ ਕੋਈ ਐਬ। ਸ਼ਿੰਦੀ ਮੌਜ ਕਰੂਗੀ।" ਅੱਗਿਉਂ ਦੇਬੂ ਮਤਲਬੀ

(ਬਾਕੀ ਸਫਾ 31 ਉਤੇ)

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਨਾਟਕਕਾਰ ਗੁਰਦਿਆਲ ਸਿੰਘ ਫੁੱਲ ਦਾ ਪਿੰਡ ਨੰਗਲ ਸ਼ਾਮਾਂ ਸੀ/ਹੈ। ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੇ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ 'ਯਾਦਗਾਰੀ ਹਾਈ ਸਕੂਲ' ਨਾਂ ਦੇ ਅਧਿਆਇ ਵਿਚ ਨਾਟਕਕਾਰ ਫੁੱਲ ਤੋਂ ਇਲਾਵਾ 1962 ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਮੇਜਰ ਦਰਸ਼ਨ ਸਿੰਘ ਦਾ ਜ਼ਿਕਰ ਕੀਤਾ ਹੈ। ਆਪਣੀ ਇਸ ਸਵੈ-ਜੀਵਨੀ ਵਿਚ ਦਲਬੀਰ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਆਪਣੇ ਹਰਮਨਪਿਆਰੇ ਕਾਲਮ 'ਜਗਤ ਤਮਾਸ਼ਾ' ਵਾਂਗ ਨਿਵੇਕਲੇ ਰੰਗ ਨਾਲ ਹਾਜ਼ਰ ਹੈ। ਆਪਣੀ ਧੀ ਸੁਪਨੀਤ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਹਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਇਕੱਲੇ ਨੰਗਲ ਸ਼ਾਮਾ ਪਿੰਡ ਬਾਰੇ ਨਹੀਂ, ਸਗੋਂ ਇਹ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਨ੍ਹਾਂ ਪਿੰਡਾਂ ਦੀ ਤਾਸੀਰ ਬਦਲ ਗਈ ਹੈ ਅਤੇ ਤੱਤ ਵੀ ਬਦਲ ਰਿਹਾ ਹੈ। ਦਲਬੀਰ ਨੇ ਇਹ ਰਚਨਾ ਧੜਕਦੇ ਦਿਲ ਨਾਲ ਕੀਤੀ ਹੈ, ਇਸੇ ਲਈ ਇਸ ਨੂੰ ਪੜ੍ਹਨ-ਸੁਣਨ ਵਾਲੇ ਦਾ ਦਿਲ ਵੀ ਉਸ ਰੌਂਅ ਵਿਚ ਧੜਕਨ ਲਗਦਾ ਹੈ। -ਸੰਪਾਦਕ*

ਤੇਰੀਆਂ ਗਲੀਆਂ-7

# ਯਾਦਗਾਰੀ ਹਾਈ ਸਕੂਲ

ਦਰਸ਼ਨ ਸਿੰਘ ਸਾਡੇ ਪਿੰਡ ਦਾ ਪਹਿਲਾ ਐਸਾ ਫੌਜੀ ਅਫ਼ਸਰ ਸੀ ਜਿਹੜਾ 1962 ਦੀ ਲੜਾਈ ਵਿਚ ਨੀਫ਼ਾ ਬਾਰਡਰ ਉਤੇ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਫੌਜ ਵਿਚ ਭਾਵੇਂ ਸਾਡੇ ਪਿੰਡ ਦੇ ਹੋਰ ਵੀ ਕਈ ਲੋਕ ਸਨ ਪਰ ਦੇਸ਼ ਲਈ ਸ਼ਹੀਦੀ ਪ੍ਰਾਪਤ ਕਰਨ ਵਾਲਾ ਉਹ ਪਹਿਲਾ ਬੰਦਾ ਸੀ। ਇਸ ਲਈ ਸਾਡਾ ਪਿੰਡ ਇਕ ਪਾਸੇ ਬੱਬਰ ਅਕਾਲੀ ਲਹਿਰ ਵਾਲੇ ਅੰਗਰੇਜ਼-ਭਗਤ ਨੰਬਰਦਾਰ ਬੂਟਾ ਸਿੰਘ ਕਰ ਕੇ ਜਾਣਿਆ ਜਾਂਦਾ ਸੀ, ਤੇ ਦੂਜੇ ਪਾਸੇ 1962 ਦੀ ਜੰਗ ਵਿਚ ਸ਼ਹੀਦ ਹੋਣ ਵਾਲੇ ਮੇਜਰ ਦਰਸ਼ਨ ਸਿੰਘ ਕਾਰਨ।

ਨੰਬਰਦਾਰ ਬੂਟਾ ਸਿੰਘ ਦੀ ਅੰਗਰੇਜ਼-ਭਗਤੀ ਅਤੇ ਦੋਆਬੇ ਦੇ ਪਿੰਡਾਂ ਵਿਚ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਚੱਲੀ ਬੱਬਰ ਅਕਾਲੀ ਲਹਿਰ ਵਿਚ ਸ਼ਾਮਲ ਦੇਸ਼ ਭਗਤਾਂ ਦੀ ਉਸ ਵੱਲੋਂ ਮੁਖਬਰੀ ਕੀਤੇ ਜਾਣ ਕਰ ਕੇ ਸਾਡੇ ਪਿੰਡ ਦਾ ਨਾਂ ਸਦਾ ਹੀ ਦੇਸ਼ ਭਗਤੀ ਤੋਂ ਉਲਟ ਵਾਲੇ ਪਾਸੇ ਲਿਆ ਜਾਂਦਾ ਰਿਹਾ ਹੈ। ਦੇਸ਼ ਭਗਤੀ ਦੀਆਂ ਕਿਤਾਬਾਂ ਵਿਚ ਨੰਬਰਦਾਰ ਬੂਟਾ ਸਿੰਘ ਨੂੰ ਸਦਾ ਬੂਟਾ ਨੰਬਰਦਾਰ ਹੀ ਕਿਹਾ ਜਾ ਲਿਖਿਆ ਜਾਂਦਾ ਹੈ। ਇਸ ਬੂਟਾ ਸਿੰਘ ਨੂੰ ਬੱਬਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ ਅਤੇ ਉਸ ਦੇ ਇਕ ਪੁੱਤਰ ਦੀ ਬਾਂਹ ਵੱਢ ਦਿੱਤੀ ਸੀ।

ਕਹਿੰਦੇ ਹਨ ਕਿ ਬੱਬਰ ਪਹਿਲਾਂ ਉਸ ਦੇ ਹਵੇਲੀ ਵਰਗੇ ਮਕਾਨ ਦੇ ਬਾਹਰ ਹੱਥ ਲਿਖਤ ਨੋਟਿਸ ਲਾ ਗਏ ਸਨ ਕਿ ਉਹ ਉਸ ਨੂੰ ਮਾਰਨ ਆਉਣਗੇ, ਪਰ ਬੂਟਾ ਨੰਬਰਦਾਰ ਨੇ ਇਸ ਵੱਲ ਬਹੁਤਾ ਧਿਆਨ ਨਾ ਦਿੱਤਾ। ਉਸ ਦਾ ਖਿਆਲ ਹੋਣਾ ਹੈ ਕਿ ਉਸ ਦੀ ਦੋਨਾਲੀ ਰਫ਼ਲ ਸਾਹਮਣੇ ਕੋਈ ਬੱਬਰ ਟਿਕ ਨਹੀਂ ਸਕੇਗਾ, ਪਰ ਬੱਬਰਾਂ ਨੇ ਅੱਧੀ ਰਾਤ ਵੇਲੇ ਹਮਲਾ ਕੀਤਾ ਤਾਂ ਪਹਿਲਾ ਵਾਰ ਖਾਲੀ ਗਿਆ। ਬੂਟਾ ਸਿੰਘ ਪਿਛਲੀ ਕੰਧ ਟੱਪ ਕੇ ਮਗਰਲੀ ਭੀੜੀ ਬੀਹੀ ਵਿਚ ਜਾ ਵੜਿਆ। ਇਕ ਬੱਬਰ ਨੇ ਪਿੱਛਾ ਕਰ ਕੇ ਕਰੀਬ ਦਸ ਘਰ ਪਰ੍ਹੇ ਜਾ ਕੇ ਉਸ ਦੇ ਦੂਜੀ ਗੋਲੀ ਦਾਗ ਦਿੱਤੀ ਸੀ।

ਪਿੰਡ ਵਿਚ ਦੇਸ਼ ਦਾ 'ਗੱਦਾਰ' ਹੋਣ ਕਰ ਕੇ ਵਾਸੀਆਂ ਨੂੰ ਦੇਸ਼ ਭਗਤ ਸ਼ਹੀਦ ਦੀ ਬਹੁਤ 'ਜ਼ਰੂਰਤ' ਮਹਿਸੂਸ ਹੁੰਦੀ ਸੀ। ਇਹ ਸ਼ਹੀਦ ਉਨ੍ਹਾਂ ਨੂੰ ਦਰਸ਼ਨ ਸਿੰਘ ਦੇ ਰੂਪ ਵਿਚ ਮਿਲਿਆ ਸੀ। ਇਸ ਲਈ ਪਿੰਡ ਵਾਸੀ ਇਹ ਗੱਲ ਬਹੁਤ ਮਾਣ ਨਾਲ ਕਿਹਾ ਕਰਦੇ ਸਨ ਕਿ ਉਨ੍ਹਾਂ ਦਾ ਪਿੰਡ ਹੁਣ ਸ਼ਹੀਦਾਂ ਦਾ ਪਿੰਡ ਹੋ ਗਿਆ ਹੈ। ਉਸ ਸ਼ਹੀਦ ਦੀ ਯਾਦ ਵਿਚ ਕੋਈ ਨਾ ਕੋਈ ਯਾਦਗਾਰ ਉਸਾਰਨ ਲਈ 1962 ਤੋਂ ਹੀ ਯਤਨ ਕੀਤੇ ਜਾਂਦੇ ਰਹੇ ਹਨ, ਪਰ ਲੰਮੇ ਸਮੇਂ ਤੱਕ ਕੋਈ ਵੀ ਯਤਨ ਸਿਰੇ ਨਹੀਂ ਸੀ ਚੜ੍ਹ ਸਕਿਆ। ਇਸ ਦਾ ਕਾਰਨ ਖਬਰੇ ਇਹੀ ਸੀ ਕਿ ਸ਼ਹੀਦ ਦਰਸ਼ਨ ਸਿੰਘ ਦੇ ਪਰਿਵਾਰ ਦੇ ਬਹੁਤੇ ਮੈਂਬਰ ਹੁਣ ਪਿੰਡ ਨਹੀਂ ਸੀ ਰਹਿ ਗਏ, ਵਿਦੇਸ਼ ਚਲੇ ਗਏ ਸਨ। ਉਨ੍ਹਾਂ ਦੇ ਵਿਦੇਸ਼ ਚਲੇ ਜਾਣ ਕਰ ਕੇ ਇਸ ਯਾਦਗਾਰ ਲਈ 'ਹੱਲਾ' ਮਾਰਨ ਵਾਲਾ ਕੋਈ ਨਹੀਂ ਸੀ ਰਹਿ ਗਿਆ।

ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਕਿ 'ਸ਼ਹੀਦ ਦਰਸ਼ਨ ਸਿੰਘ ਯਾਦਗਾਰੀ ਹਾਈ ਸਕੂਲ' ਕਿਸ ਦੇ ਨਾਂ ਉਤੇ ਬਣਿਆ ਹੈ ਅਤੇ ਸ਼ਹੀਦ ਦਰਸ਼ਨ ਸਿੰਘ ਨੇ ਸ਼ਹੀਦੀ ਕਿਵੇਂ ਪ੍ਰਾਪਤ ਕੀਤੀ ਸੀ। ਜੰਗਾਂ ਦਾ ਉਸ ਨੂੰ ਕੋਈ ਤਜਰਬਾ ਨਹੀਂ ਸੀ। ਟੈਲੀਵਿਜ਼ਨ ਦੇ ਕੌਮਾਂਤਰੀ ਚੈਨਲਾਂ ਉਤੇ ਭਾਵੇਂ ਸੰਸਾਰ ਦੇ ਵੱਖ-ਵੱਖ ਖੇਤਰਾਂ ਬਾਰੇ ਖਬਰਾਂ ਆਉਂਦੀਆਂ ਰਹਿੰਦੀਆਂ ਸਨ, ਪਰ ਉਸ ਦੀ ਸੁਰਤ ਵਿਚ ਕੋਈ ਵੱਡੀ ਲੜਾਈ ਸੰਸਾਰ ਵਿਚ ਕਿਤੇ ਨਹੀਂ ਸੀ ਹੋਈ। ਮਗਰੋਂ ਜਾ ਕੇ ਸੰਨ 2003 ਵਿਚ ਅਮਰੀਕਾ ਵੱਲੋਂ ਇਰਾਕ ਉਤੇ ਕੀਤੇ ਗਏ ਹਮਲੇ ਤੋਂ ਉਸ ਨੂੰ ਜ਼ਰੂਰ ਜੰਗ ਬਾਰੇ ਪਤਾ ਲੱਗਾ ਸੀ।

ਉਦੋਂ ਤੱਕ ਉਹ ਸੰਸਾਰ ਦੀ ਸਿਆਸਤ ਬਾਰੇ ਸਮਝਣ ਦੀ ਕੋਸ਼ਿਸ਼ ਕਰਨ ਲੱਗ ਪਈ ਸੀ ਅਤੇ ਉਸ ਦੇ ਆਪਣੇ ਵਿਚਾਰ ਵੀ ਬਣ ਗਏ ਸਨ, ਪਰ ਜਦੋਂ ਦੀ ਇਹ ਗੱਲ ਹੈ, ਉਦੋਂ ਤੱਕ ਭਾਰਤ ਅਤੇ ਪਾਕਿਸਤਾਨ ਵਿਚਾਲੇ ਦੁਸ਼ਮਣੀ ਦਾ ਉਸ ਨੂੰ ਪਤਾ ਲੱਗ ਗਿਆ ਹੋਇਆ ਸੀ। ਇਹ ਵੀ ਪਤਾ ਸੀ ਕਿ ਭਾਰਤ ਅਤੇ ਪਾਕਿਤਸਾਨ ਵਿਚਕਾਰ 1947 ਤੋਂ ਲੈ ਕੇ ਤਿੰਨ ਲੜਾਈਆਂ ਹੋ ਚੁੱਕੀਆਂ ਹਨ, ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਭਾਰਤ ਅਤੇ ਚੀਨ ਵਿਚਾਲੇ ਵੀ 1962 'ਚ ਲੜਾਈ ਹੋਈ ਸੀ।

ਉਸ ਨੂੰ ਮੈਂ 1962 ਦੀ ਲੜਾਈ ਦਾ ਸੰਖੇਪ ਵੇਰਵਾ ਦੱਸਦਾ ਹਾਂ ਕਿ ਕਿਵੇਂ ਚੀਨ ਨੇ ਨਵੇਂ ਆਜ਼ਾਦ ਹੋਏ ਦੇਸ਼ ਭਾਰਤ ਨਾਲ ਦੋਸਤੀ ਵਧਾਈ। ਫਿਰ ਕਿਵੇਂ 'ਹਿੰਦੀ ਚੀਨੀ-ਭਾਈ ਭਾਈ' ਦਾ ਨਾਅਰਾ ਲਾਇਆ। ਕਿਵੇਂ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਪੰਚਸ਼ੀਲ ਦੇ ਅਸੂਲਾਂ ਦਾ ਹਲਫ਼ਨਾਮਾ ਲਿਆ। ਚੀਨੀ ਪ੍ਰਧਾਨ ਮੰਤਰੀ ਚਓ ਇਨ ਲਾਈ ਭਾਰਤ ਆਇਆ ਤਾਂ ਭਾਰਤ ਵਾਸੀਆਂ ਨੇ ਉਸ ਦਾ ਕਿੰਨਾ ਸਵਾਗਤ ਕੀਤਾ।

ਭਾਰਤ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਹਜ਼ਾਰਾਂ ਮੀਲ ਲੰਮੀ ਸਰਹੱਦ ਉਤੇ ਚੀਨੀ ਫੌਜ ਨੇ 1962 ਵਿਚ ਅਚਨਚੇਤ ਹਮਲਾ ਬੋਲ ਦਿੱਤਾ। ਕਹਿ ਇਹ ਦਿੱਤਾ ਕਿ ਇਸ ਇਲਾਕੇ ਉਤੇ ਕਿਸੇ ਵੇਲੇ ਚੀਨੀ ਸਾਮਰਾਜ ਦਾ ਅਧਿਕਾਰ ਸੀ, ਇਸ ਲਈ ਇਹ ਇਲਾਕਾ ਚੀਨ ਦਾ ਹੈ। ਭਾਰਤ ਇਸ ਲੜਾਈ ਲਈ ਤਿਆਰ ਨਹੀਂ ਸੀ। ਦੂਜੇ ਪਾਸੇ ਸਖ਼ਤ ਸਰਦੀ ਦਾ ਮੌਸਮ ਸੀ। ਭਾਰਤੀ ਫੌਜੀਆਂ ਕੋਲ ਲੜਾਈ ਲਈ ਅਸਲਾ ਤਾਂ ਇਕ ਪਾਸੇ ਰਿਹਾ, ਸਰਦੀਆਂ ਵਿਚ ਪਾਉਣ ਲਈ ਕੱਪੜੇ ਤੱਕ ਨਹੀਂ ਸਨ। ਇਸ ਲਈ ਚੀਨੀ ਹਮਲੇ ਦੀ ਰੌਸ਼ਨੀ ਵਿਚ ਭਾਰਤੀ ਫੌਜੀ ਮਰਦੇ ਵੀ ਰਹੇ ਅਤੇ ਪਿਛਾਂਹ ਵੀ ਹਟਦੇ ਰਹੇ। ਉਧਰ ਚੀਨੀ ਹਮਲੇ ਉਤੇ ਹਮਲਾ ਕਰਦੇ ਰਹੇ। ਇਸੇ ਲਈ ਭਾਰਤ ਦੀ ਲੱਖਾਂ ਮੀਲ ਧਰਤੀ ਉਤੇ ਕਬਜ਼ਾ ਕਰ ਲਿਆ। ਆਖਰਕਾਰ ਭਾਰਤ ਨੂੰ ਹੀ ਕੌਮਾਂਤਰੀ ਭਾਈਚਾਰੇ ਕੋਲ ਅਪੀਲ ਕਰ ਕੇ ਜੰਗ ਬੰਦ ਕਰਾਉਣੀ ਪਈ।

ਇਸ ਲੜਾਈ ਵਿਚ ਹੀ ਮੇਜਰ ਦਰਸ਼ਨ ਸਿੰਘ ਦੀ ਨੀਫ਼ਾ ਬਾਰਡਰ ਉਤੇ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਉਸ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ ਆਪਣੀ ਜਾਨ ਦੀ ਕੁਰਬਾਨੀ ਦੇ ਦਿੱਤੀ। ਇਸ ਤਰ੍ਹਾਂ ਨਾਲ ਨੰਗਲ ਸ਼ਾਮਾ ਨੂੰ ਹੁਣ ਤੱਕ ਨਾਦਾਰਦ, 'ਸ਼ਹੀਦ' ਮਿਲ ਗਿਆ ਸੀ।

ਮੈਨੂੰ ਹੁਣ ਚੇਤਾ ਨਹੀਂ ਸੀ ਕਿ ਸ਼ਹੀਦ ਦਰਸ਼ਨ ਸਿੰਘ ਦੇ ਧੀਆਂ ਪੁੱਤਰ ਕਿੰਨੇ ਸਨ, ਪਰ ਇੰਨਾ ਜ਼ਰੂਰ ਚੇਤੇ ਹੈ ਉਸ ਦੀ ਭਰ ਜੁਆਨ ਪਤਨੀ ਕੁਝ ਚਿਰ ਸਾਡੇ ਪਿੰਡ, ਭਾਵ ਆਪਣੇ ਸਹੁਰੇ ਪਿੰਡ ਰਹਿ ਕੇ ਫਿਰ ਕਿਤੇ ਚਲੀ ਗਈ ਸੀ। ਉਸ ਦੇ ਬੱਚੇ ਬਹੁਤ ਨਿੱਕੇ-ਨਿੱਕੇ ਹੀ ਸਨ। ਇੰਨੇ ਨਿੱਕੇ ਜਿੰਨੇ ਹੁੰਦਿਆਂ ਸ਼ਹੀਦੀ ਤਾਂ ਕੀ, ਮੌਤ ਬਾਰੇ ਵੀ ਕੁਝ ਪਤਾ ਨਹੀਂ ਹੁੰਦਾ। ਫਿਰ ਪਤਾ ਲੱਗਾ ਸੀ ਕਿ ਉਹ ਅਤੇ ਉਸ ਦੇ ਜੇਠ ਦਾ ਸਾਰਾ ਪਰਿਵਾਰ ਅਮਰੀਕਾ ਜਾਂ ਕੈਨੇਡਾ ਚਲੇ ਗਏ ਸਨ।

ਸ਼ਹੀਦ ਦਰਸ਼ਨ ਸਿੰਘ ਦਾ ਨਾਂ ਅਮਰ ਕਰਨ ਲਈ ਪਿੰਡ ਵਿਚ ਬਹੁਤ ਵਾਰੀ ਸਕੀਮਾਂ ਬਣੀਆਂ

> ***ਲੜਾਈ ਵਿਚ ਹੀ ਮੇਜਰ ਦਰਸ਼ਨ ਸਿੰਘ ਦੀ ਨੀਫ਼ਾ ਬਾਰਡਰ ਉਤੇ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਉਸ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ ਆਪਣੀ ਜਾਨ ਦੀ ਕੁਰਬਾਨੀ ਦੇ ਦਿੱਤੀ। ਇਸ ਤਰ੍ਹਾਂ ਨਾਲ ਨੰਗਲ ਸ਼ਾਮਾ ਨੂੰ ਹੁਣ ਤੱਕ ਨਦਾਰਦ, 'ਸ਼ਹੀਦ' ਮਿਲ ਗਿਆ ਸੀ।... ਚੰਗੀ ਗੱਲ ਹੈ ਕਿ ਅਖ਼ਰਕਾਰ ਪਿੰਡ ਵਾਸੀਆਂ ਨੇ ਸ਼ਹੀਦ ਦਰਸ਼ਨ ਸਿੰਘ ਦੀ ਸਦੀਵੀ ਯਾਦ ਕਾਇਮ ਕਰਨ ਦਿੱਤੀ ਸੀ***

ਸਨ। ਇਕ ਵਾਰੀ ਪਿੰਡ ਦੀ ਨੌਜਵਾਨ ਸਭਾ ਨੇ ਫੈਸਲਾ ਕੀਤਾ ਸੀ ਕਿ ਜਲੰਧਰ ਛਾਉਣੀ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਸੜਕ ਉਤੇ ਪਿੰਡ ਦੇ ਰਸਤੇ ਉਤੇ ਸ਼ਹੀਦ ਦੇ ਨਾਂ ਉਤੇ ਗੇਟ ਦੀ ਉਸਾਰੀ ਕਰਵਾਈ ਜਾਵੇ, ਪਰ ਇਹ ਸਕੀਮ ਸਿਰੇ ਨਹੀਂ ਸੀ ਚੜ੍ਹ ਸਕੀ। ਇਕ ਵਾਰੀ ਸ਼ਹੀਦ ਦਰਸ਼ਨ ਸਿੰਘ ਦਾ ਬੁੱਤ ਲਾਉਣ ਦੀ ਚਰਚਾ ਵੀ ਛੇੜੀ ਗਈ, ਪਰ ਨਾ ਤਾਂ ਬੁੱਤ ਲਈ ਪੈਸੇ ਸਨ ਅਤੇ ਨਾ ਹੀ ਇਹ ਸਹਿਮਤੀ ਸੀ ਕਿ ਇਹ ਬੁੱਤ ਕਿਥੇ ਲੱਗੇਗਾ। ਇਕ ਵਾਰੀ ਇਹ ਚਰਚਾ ਵੀ ਚੱਲੀ ਸੀ ਕਿ ਪਿੰਡ ਦੀ ਡਿਓਢੀ ਦੇ ਬਾਹਰ ਸ਼ਹੀਦ ਦਰਸ਼ਨ ਸਿੰਘ ਦਾ ਨਾਂ ਉਕਰ ਦਿੱਤਾ ਜਾਵੇ, ਪਰ ਇਹ ਸਕੀਮ ਵੀ ਨਾ ਚੱਲ ਸਕੀ।

ਫਿਰ ਕੀ ਹੋਇਆ? ਬੇਟੀ ਦੇ ਇਸ ਸਵਾਲ ਦੇ ਜਵਾਬ ਵਿਚ ਮੈਂ ਦੱਸਿਆ ਕਿ ਫਿਰ ਮੈਂ ਪਿੰਡ ਛੱਡ ਕੇ ਜਲੰਧਰ ਸ਼ਹਿਰ ਜਾ ਵਸਿਆ ਜਿਥੇ ਰੇਲਵੇ ਵਿਚ ਹੋਣ ਕਾਰਨ ਮੇਰੇ ਪਿਤਾ ਜੀ ਨੂੰ ਸਰਕਾਰੀ ਕੁਆਰਟਰ ਮਿਲ ਗਿਆ ਸੀ। ਫਿਰ ਜਲੰਧਰ ਹੀ ਨੌਕਰੀ ਮਿਲ ਗਈ। ਜਲੰਧਰ ਨੌਕਰੀ ਕਰਦੇ ਸਮੇਂ ਪਿੰਡ ਨਾਲ ਥੋੜ੍ਹਾ ਜਿਹਾ ਵਾਹ-ਵਾਸਤਾ ਪੈਂਦਾ ਸੀ। ਮਗਰੋਂ ਲੁਧਿਆਣੇ ਅਤੇ ਫਿਰ ਚੰਡੀਗੜ੍ਹ ਜਾਣ ਕਾਰਨ ਇੰਨਾ ਵਾਸਤਾ ਵੀ ਨਾ ਰਿਹਾ।

ਬਹੁਤ ਦੇਰ ਪਹਿਲਾਂ ਤੋਂ ਹੀ, ਜਦੋਂ ਮੈਂ ਹਾਲੇ ਪਿੰਡ ਵਿਚ ਰਹਿੰਦਾ ਸਾਂ, ਪਿੰਡ ਵਾਲੇ ਇਹ ਮੰਗ ਕਰ ਰਹੇ ਸਨ ਕਿ ਜੇ ਹਾਈ ਸਕੂਲ ਨਹੀਂ ਤਾਂ ਘੱਟੋ-ਘੱਟ ਮਿਡਲ ਸਕੂਲ ਤਾਂ ਜ਼ਰੂਰ ਹੀ ਪਿੰਡ ਵਿਚ ਹੋਵੇ। ਇਸ ਤੋਂ ਪਹਿਲਾਂ ਪਿੰਡ ਵਿਚ ਦੋ ਪ੍ਰਾਇਮਰੀ ਸਕੂਲ ਸਨ- ਕੁੜੀਆਂ ਤੇ ਮੁੰਡਿਆਂ ਲਈ ਵੱਖਰੇ-ਵੱਖਰੇ। ਕੁੜੀਆਂ ਦੇ ਸਕੂਲ ਦੁਆਲੇ ਚਾਰ-ਦੀਵਾਰੀ ਸੀ ਅਤੇ ਦੋ ਦਰਵਾਜ਼ੇ ਲੱਗੇ ਹੋਏ ਸਨ। ਉਸ ਦੇ ਐਨ ਨਾਲ ਲਗਦਾ ਮੁੰਡਿਆ ਦਾ ਸਕੂਲ ਹੁੰਦਾ ਸੀ। ਇਸ ਦੁਆਲੇ ਤਾਂ ਚਾਰ-ਦੀਵਾਰੀ ਨਹੀਂ ਸੀ, ਇਸ ਲਈ ਕਿਸੇ ਦਰਵਾਜ਼ੇ ਦਾ ਸਵਾਲ ਹੀ ਨਹੀਂ ਸੀ। ਕੁੜੀਆਂ ਦਾ ਸਕੂਲ ਪੰਜਵੀਂ ਅਤੇ ਮੁੰਡਿਆਂ ਦਾ ਚੌਥੀ ਜਮਾਤ ਤੱਕ ਹੁੰਦਾ ਸੀ। ਚੌਥੀ ਤੋਂ ਬਾਅਦ ਮੁੰਡਿਆਂ ਨੂੰ ਹਜ਼ਾਰੇ ਜਾਂ ਜਲੰਧਰ ਛਾਉਣੀ ਜਾਂ ਜਲੰਧਰ ਸ਼ਹਿਰ ਦੇ ਕਿਸੇ ਸਕੂਲ ਵਿਚ ਦਾਖ਼ਲਾ ਲੈਣਾ ਪੈਂਦਾ ਸੀ। ਪੰਜਵੀਂ ਤੱਕ ਪਿੰਡ ਵਿਚ ਪੜ੍ਹਨ ਮਗਰੋਂ ਬਹੁਤੀਆਂ ਕੁੜੀਆਂ ਪੜ੍ਹਾਈ ਛੱਡ ਦਿੰਦੀਆਂ ਸਨ। ਥੋੜ੍ਹੀਆਂ ਜਿਹੀਆਂ ਹੀ ਵੱਡੇ ਸਕੂਲਾਂ ਵਿਚ ਪੜ੍ਹਨ ਜਾਂਦੀਆਂ ਸਨ।

ਇਸ ਲਈ ਕੋਸ਼ਿਸ਼ਾਂ ਸਨ ਕਿ ਸਕੂਲ ਅਪਗਰੇਡ ਹੋਵੇ ਤਾਂ ਕਿ ਬੱਚੇ ਦਸਵੀਂ ਤੱਕ ਹੀ ਪਿੰਡ ਵਿਚ ਪੜ੍ਹਾਈ ਕਰ ਸਕਣ, ਪਰ ਕਿਸੇ ਨੇ ਵੀ ਅੱਗੇ ਲੱਗ ਕੇ ਇਹ ਕੰਮ ਕਰਵਾਉਣ ਲਈ ਉਦਮ ਨਹੀਂ ਕੀਤੇ। ਇਹ ਹਾਈ ਸਕੂਲ ਉਸ ਵੇਲੇ ਬਣਿਆ ਜਿਸ ਵੇਲੇ ਪੰਜਾਬ ਵਿਚ ਕਾਂਗਰਸ ਦੀ ਹਕੂਮਤ ਆ ਗਈ ਅਤੇ ਗੁਰਦੇਵ ਸਿੰਘ ਦਾ ਪੁੱਤਰ ਕੰਵਲਜੀਤ ਸਿੰਘ ਲਾਲੀ ਪਿੰਡ ਦਾ ਸਰਪੰਚ ਬਣ ਗਿਆ। ਕੰਵਲਜੀਤ ਸਿੰਘ ਦੇ ਤਾਏ ਦਾ ਪੁੱਤ ਭਰਾ ਦਲਜੀਤ ਸਿੰਘ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੰਤੋਖ ਸਿੰਘ ਰੰਧਾਵਾ ਦੀ ਧੀ ਨੂੰ ਵਿਆਹਿਆ ਹੋਇਆ ਹੈ। ਇਨ੍ਹਾਂ ਦੇ ਯਤਨਾਂ ਸਦਕਾ ਹੀ ਪਿੰਡ ਵਿਚ ਹਾਈ ਸਕੂਲ ਬਣ ਸਕਿਆ ਹੈ।

ਇਹ ਚੰਗੀ ਗੱਲ ਹੈ ਕਿ ਆਖਰਕਾਰ ਪਿੰਡ ਵਾਸੀਆਂ ਨੇ ਸ਼ਹੀਦ ਦਰਸ਼ਨ ਸਿੰਘ ਦੀ ਸਦੀਵੀ ਯਾਦ ਕਾਇਮ ਕਰਨ ਦਿੱਤੀ ਸੀ, ਪਰ ਹਾਲੇ ਵੀ ਪਿੰਡ ਦੀ ਇਕ ਹੋਰ ਸ਼ਖਸੀਅਤ ਦੀ ਸਦੀਵੀ ਯਾਦ ਕਾਇਮ ਕਰਨ ਦੀ ਜ਼ਰੂਰਤ ਹੈ। ਉਹ ਵੀ ਪੰਜਾਬੀ ਸਾਹਿਤ ਵਿਚ ਬਹੁਤ ਉਚਾ ਨਾਂ ਬਣਾਉਣ ਵਾਲੇ ਸ੍ਰੀ ਗੁਰਦਿਆਲ ਸਿੰਘ ਫੁੱਲ ਜਿਨ੍ਹਾਂ ਨੇ ਨਾਵਲ, ਨਾਟਕ, ਕਹਾਣੀਆਂ ਹੀ ਨਹੀਂ, ਸਾਹਿਤ ਦੀਆਂ ਹੋਰ ਵਿਧਾਵਾਂ ਵਿਚ ਵੀ ਲਿਖਿਆ। ਉਹ ਲਗਭਗ ਸਾਰੀ ਉਮਰ ਅੰਮ੍ਰਿਤਸਰ ਸ਼ਹਿਰ ਜਾਂ ਅੰਮ੍ਰਿਤਸਰ ਦੇ ਇਲਾਕੇ ਵਿਚ ਪੜ੍ਹਾਉਂਦੇ ਰਹੇ। ਕੁਝ ਸਾਲ ਪਹਿਲਾਂ ਉਨ੍ਹਾਂ ਨੇ ਇਕ ਮੁਲਾਕਾਤ ਵਿਚ ਮੇਰੇ ਕੋਲ ਗਿਲਾ ਕੀਤਾ ਕਿ ਉਨ੍ਹਾਂ ਦੇ ਪਿੰਡ ਵਾਸੀ ਉਨ੍ਹਾਂ ਨੂੰ ਚੇਤੇ ਨਹੀਂ ਕਰਦੇ। ਉਨ੍ਹਾਂ ਦੀ ਬਹੁਤ ਸੱਧਰ ਸੀ ਕਿ ਇਕ ਵਾਰੀ ਪਿੰਡ ਵਿਚ ਉਨ੍ਹਾਂ ਦਾ ਸਨਮਾਨ ਹੋਵੇ, ਪਰ ਉਨ੍ਹਾਂ ਦੀ ਇਹ ਸੱਧਰ ਉਨ੍ਹਾਂ ਦੇ ਮਨ ਵਿਚ ਰਹਿ ਗਈ।

ਅੱਜ ਕੱਲ੍ਹ ਪਿੰਡ ਦੇ ਸਾਹਿਤਕ ਮੱਸ ਰੱਖਣ ਵਾਲੇ ਕੁਝ ਨੌਜਵਾਨਾਂ ਨੇ ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਾਹਿਤ ਸਭਾ ਬਣਾਈ ਹੈ ਜਿਸ ਵੱਲੋਂ ਹਰ ਸਾਲ ਸਮਾਗਮ ਕੀਤਾ ਜਾਂਦਾ ਹੈ। ਚਲੋ, ਮਰਨ ਤੋਂ ਬਾਅਦ ਹੀ ਸਹੀ, ਪਿੰਡ ਦੇ ਲੋਕਾਂ ਨੇ ਤਸਲੀਮ ਤਾਂ ਕੀਤਾ ਕਿ ਉਨ੍ਹਾਂ ਦੇ ਪਿੰਡ ਦਾ ਕੋਈ ਬੰਦਾ ਇੰਨਾ ਵੱਡਾ ਸਾਹਿਤਕਾਰ ਹੁੰਦਾ ਸੀ। ਬੇਟੀ ਨੂੰ ਕਹਿੰਦਾ ਹਾਂ ਕਿ ਕਿਸੇ ਦਿਨ ਮੈਂ ਮਰਹੂਮ ਗੁਰਦਿਆਲ ਸਿੰਘ ਫੁੱਲ ਬਾਰੇ ਵੀ ਵੇਰਵੇ ਨਾਲ ਦੱਸਾਂਗਾ ਕਿਉਂਕਿ ਜੇ ਸ਼ਹੀਦ ਦਰਸ਼ਨ ਸਿੰਘ ਪਿੰਡ ਦਾ ਮਾਣ ਸੀ ਤਾਂ ਗੁਰਦਿਆਲ ਸਿੰਘ ਫੁੱਲ ਉਸ ਤੋਂ ਵੀ ਵੱਡਾ ਮਾਣ ਸੀ ਅਤੇ ਇਹ ਗੱਲ ਕਿੰਨੇ ਕਮਾਲ ਦੀ ਹੈ ਕਿ ਮਰਹੂਮ ਗੁਰਦਿਆਲ ਸਿੰਘ ਫੁੱਲ ਦੀ ਯਾਦ ਵਿਚ ਹਰ ਸਾਲ ਹੋਣ ਵਾਲਾ ਸਮਾਗਮ ਸ਼ਹੀਦ ਦਰਸ਼ਨ ਸਿੰਘ ਦੇ ਨਾਂ ਉਤੇ ਬਣੇ ਸਕੂਲ ਦੇ ਵਿਹੜੇ ਵਿਚ ਹੁੰਦਾ ਸੀ।


(ਚੱਲਦਾ)



***ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਸੁਪਨੀਤ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***



ਸੁਪਨੀਤ ਕੌਰ



ਨਾਟਕਕਾਰ ਗੁਰਦਿਆਲ ਸਿੰਘ ਫੁੱਲ ਦੀ ਇਕ ਨਾਟ-ਪੁਸਤਕ ਦਾ ਟਾਈਟਲ

***ਪਿੰਡ ਦੇ ਸਾਹਿਤਕ ਮੱਸ ਰੱਖਣ ਵਾਲੇ ਕੁਝ ਨੌਜਵਾਨਾਂ ਨੇ ਗੁਰਦਿਆਲ ਸਿੰਘ ਫੁੱਲ ਯਾਦਗਾਰੀ ਸਾਹਿਤ ਸਭਾ ਬਣਾਈ ਹੈ ਜਿਸ ਵੱਲ ਹਰ ਸਾਲ ਸਮਾਗਮ ਕੀਤਾ ਜਾਂਦਾ ਹੈ। ਚਲੋ ਮਰਨ ਤੋਂ ਬਾਅਦ ਹੀ ਸਹੀ, ਪਿੰਡ ਦੇ ਲੋਕਾਂ ਨੇ ਤਸਲੀਮ ਤਾਂ ਕੀਤਾ ਕਿ ਉਨ੍ਹਾਂ ਦੇ ਪਿੰਡ ਦਾ ਕੋਈ ਬੰਦਾ ਇੰਨਾ ਵੱਡਾ ਸਾਹਿਤਕਾਰ ਹੁੰਦਾ ਸੀ। ਬੇਟੀ ਨੂੰ ਕਹਿੰਦਾ ਹਾਂ ਕਿ ਕਿਸੇ ਦਿਨ ਮੈਂ ਮਰਹੂਮ ਗੁਰਦਿਆਲ ਸਿੰਘ ਫੁੱਲ ਬਾਰੇ ਵੀ ਵੇਰਵੇ ਨਾਲ ਦੱਸਾਂਗਾ ਕਿਉਂਕਿ ਜੇ ਸ਼ਹੀਦ ਦਰਸ਼ਨ ਸਿੰਘ ਪਿੰਡ ਦਾ ਮਾਣ ਸੀ ਤਾਂ ਗੁਰਦਿਆਲ ਸਿੰਘ ਫੁੱਲ ਉਸ ਤੋਂ ਵੀ ਵੱਡਾ ਮਾਣ ਸੀ ਅਤੇ ਇਹ ਗੱਲ ਕਿੰਨੇ ਕਮਾਲ ਦੀ ਹੈ ਕਿ ਮਰਹੂਮ ਗੁਰਦਿਆਲ ਸਿੰਘ ਫੁੱਲ ਦੀ ਯਾਦ ਵਿਚ ਹਰ ਸਾਲ ਹੋਣ ਵਾਲਾ ਸਮਾਗਮ ਸ਼ਹੀਦ ਦਰਸ਼ਨ ਸਿੰਘ ਦੇ ਨਾਂ ਉਤੇ ਬਣੇ ਸਕੂਲ ਦੇ ਵਿਹੜੇ ਵਿਚ ਹੁੰਦਾ ਸੀ।***




ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

# ਬੱਸ ਏਨੀ ਕੁ ਅੰਮ੍ਰਿਤਾ-2

**ਕਾਨਾ ਸਿੰਘ ਨੇ ਆਪਣੇ ਚਿੱਤ-ਚੇਤੇ ਦੇ ਬੋਹੀਏ ਵਿਚੋਂ ਉਘੀ ਲੇਖਕਾ ਅੰਮ੍ਰਿਤਾ ਪ੍ਰੀਤਮ (31 ਅਗਸਤ 1919-31 ਅਕਤੂਬਰ 2005) ਦੇ ਨਾਂ ਦੀ ਪੂਣੀ ਕੱਤੀ ਹੈ। ਲੇਖਕਾ ਨੇ ਅੰਮ੍ਰਿਤਾ ਦੀਆਂ ਕੁਝ ਕਾਵਿ-ਸਤਰਾਂ ਨੂੰ ਆਧਾਰ ਬਣਾ ਕੇ ਆਪਣੇ ਦਿਲ ਦੀਆਂ ਗੱਲਾਂ ਆਪਣੇ ਲੰਮੇ ਲੇਖ 'ਬੱਸ ਏਨੀ ਕੁ ਅੰਮ੍ਰਿਤਾ' ਵਿਚ ਕੀਤੀਆਂ ਹਨ। ਇਸ ਲੇਖ ਦੀ ਪਹਿਲੀ ਕਿਸ਼ਤ ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁੱਕੇ ਹਨ। ਐਤਕੀਂ ਲੇਖ ਦੀ ਦੂਜੀ ਕਿਸ਼ਤ ਪੇਸ਼ ਕੀਤੀ ਜਾ ਰਹੀ ਹੈ ਜਿਸ ਵਿਚ ਲੇਖਕਾ ਨੇ ਅੰਮ੍ਰਿਤਾ ਨਾਲ ਆਪਣੇ ਨਿੱਘੇ ਰਿਸ਼ਤੇ ਦੀਆਂ ਪਰਤਾਂ ਫਰੋਲੀਆਂ ਹਨ। ਇਨ੍ਹਾਂ ਪਰਤਾਂ ਵਿਚ ਸਹਿਜ ਦੀਆਂ ਲੜੀਆਂ ਇਕ-ਦੂਜੇ ਵਿਚ ਮਸ਼ੀਨ ਦੇ ਦੰਦਿਆਂ ਵਾਂਗ ਫਸੀਆਂ ਮਹਿਸੂਸ ਹੁੰਦੀਆਂ ਹਨ। -ਸੰਪਾਦਕ**



ਇਮਰੋਜ਼: ਸਹਿਜ ਸਮਰਪਣ

'ਤੁਸੀਂ ਹੋਰ ਲੇਖਕਾਵਾਂ ਵਾਂਗ ਅੰਮ੍ਰਿਤਾ ਨਾਲ ਰਸ਼ਕ ਨਹੀਂ ਕਰਦੇ? ਜੇ ਆਪਣਾ ਸਥਾਨ ਉਸ ਨਾਲ ਵਟਾ ਸਕੋ...?' ਕਿਸੇ ਮੁਲਾਕਾਤੀ ਨੇ ਮੈਨੂੰ ਸਵਾਲ ਕੀਤਾ।

'ਬੇਸ਼ਕ ਮੇਰੇ ਮਨ ਵਿਚ ਅੰਮ੍ਰਿਤਾ ਲਈ ਅਥਾਹ ਸਤਿਕਾਰ ਹੈ ਪਰ ਰਸ਼ਕ ਮੈਨੂੰ ਇਮਰੋਜ਼ ਨਾਲ ਹੀ ਹੈ। ਜੇ ਕਿਸੇ ਅੰਮ੍ਰਿਤਾ ਦਾ ਮੈਨੂੰ ਇਮਰੋਜ਼ ਬਣਨਾ ਨਸੀਬ ਹੋਵੇ ਤਾਂ ਮੈਂ ਆਪਣੇ ਆਪ ਨੂੰ ਧੰਨ ਸਮਝਾਂ...।' ਮੇਰਾ ਸਹਿਜ ਸੁਭਾਅ ਉਤਰ ਸੀ।



ਅੰਮ੍ਰਿਤਾ: ਸੁਹਜ ਸਲੀਕਾ

ਸੰਨ ਚੁਰਾਸੀ ਦੇ ਕਤਲੇਆਮ ਮਗਰੋਂ ਵਕਤੀ ਤੌਰ 'ਤੇ ਪੰਜਾਬ ਪਰਵਾਸ ਕਰਨ ਦੇ ਮੁੱਦੇ ਨਾਲ ਘਰ ਲੱਭਣ ਲਈ ਮੈਂ ਆਪਣੀ ਪਟਿਆਲੇ ਵਾਲੀ ਭੈਣ ਦੇ ਘਰ ਚਾਰ ਦਿਨ ਠਹਿਰੀ। ਸਾਹਿਤਕ ਰੁਚੀਆਂ ਵਾਲਾ ਪਰਿਵਾਰ ਹੋਣ ਕਾਰਨ ਭੈਣ ਦੀ ਘਰੋਗੀ ਲਾਇਬਰੇਰੀ ਵਿਚ ਬੇਸ਼ੁਮਾਰ ਪੰਜਾਬੀ ਪੁਸਤਕਾਂ ਵੇਖਣ ਨੂੰ ਮਿਲੀਆਂ। ਉਤੇਜਿਤ ਹੋ ਕੇ ਵਰਕੇ ਫਰੋਲੇ। ਕਿਹੜੀ ਪੜ੍ਹਾਂ ਤੇ ਕਿਹੜੀ ਛੱਡਾਂ! ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ' ਉਤੇ ਨਜ਼ਰ ਪਈ। ਇਕੋ ਸਾਹੇ ਪੜ੍ਹ ਗਈ। ਹੈਂ!... ਅੰਮ੍ਰਿਤਾ ਸਾਹਿਰ ਲੁਧਿਆਣਵੀ ਦੀ ਦੀਵਾਨੀ ਸੀ? ਉਹ ਸਾਹਿਰ ਜਿਸ ਦਾ ਸਾਰਾ ਦਿਨ ਐਨ ਮੇਰੇ ਘਰ ਦੇ ਥੱਲੇ ਅਸ਼ਕ ਦੀ ਬੈਠਕ ਵਿਚ ਗੁਜ਼ਰਦਾ ਸੀ, ਉਹੀ ਅੰਮ੍ਰਿਤਾ ਦਾ ਅਕਾਸ਼ ਸੀ।

ਸਾਹਿਰ ਜਿਸ ਦੇ ਸਿਗਰਟਾਂ ਦਾ ਧੂੰਆਂ ਮੇਰੀ ਖਿੜਕੀ ਨੂੰ ਢੂੰਹਦਾ ਸੀ, ਉਸੇ ਦੇ ਜੂਠੇ ਟੋਟੇ ਅੰਮ੍ਰਿਤਾ...!

ਹੁਣ ਤਾਂ ਨਾ ਸਾਡਾ ਉਹ ਘਰ ਰਿਹਾ ਸੀ, ਨਾ ਓਮ ਪ੍ਰਕਾਸ਼ ਅਸ਼ਕ ਤੇ ਨਾ ਹੀ ਸਾਹਿਰ ਪਰ ਜਿਸ ਸਾਹਿਰ ਦੇ ਗੀਤਾਂ ਦੀ ਸਿਰਜਣ-ਪ੍ਰਕਿਰਿਆ ਦੌਰਾਨ ਮੈਂ ਆਪਣੇ ਘਰ ਵਿਚ ਸੂਈ ਡਿੱਗਣ ਦੀ ਆਵਾਜ਼ ਵੀ ਨਹੀਂ ਸਾਂ ਹੋਣ ਦਿੰਦੀ, ਅੰਮ੍ਰਿਤਾ ਦੀ ਸਿਰਜਣਾ ਦੇ 'ਸੁਨੇਹੜੇ' ਉਸੇ ਨੂੰ ਸਮਰਪਿਤ ਸਨ। ਕੀ 'ਚਰਨ ਤੇਰੇ ਸੁੱਚੇ...' ਦੇ ਅਹਿਸਾਸ ਦਾ ਪ੍ਰੇਰਨਾ ਸਰੋਤ ਸਾਹਿਰ ਹੀ ਸੀ?... ਹਾਇ ਜੇ ਪਤਾ ਹੁੰਦਾ?... ਪਰ ਜੇ ਪਤਾ ਵੀ ਹੁੰਦਾ ਤਾਂ ਮੈਂ ਕੀ ਕਰ ਲੈਣਾ ਸੀ?

ਮੇਰੇ ਹੋਠਾਂ 'ਤੇ ਅੰਮ੍ਰਿਤਾ ਦਾ ਨਾਂ ਆਉਣਾ ਗੁਨਾਹ ਸੀ। ਉਸ ਨੂੰ ਮੈਂ ਦਿੱਲੀ ਵਿਚ ਹੋਈ ਏਸ਼ਿਆਈ ਲੇਖਕ ਕਾਨਫਰੰਸ ਵਿਚ ਹੀ ਵੇਖਿਆ ਸੀ ਜਦੋਂ ਯੂਨੀਵਰਸਿਟੀ ਵਿਚ ਪੜ੍ਹਦੀ ਸਾਂ। ਬਸ! ਦੂਰੋਂ ਦੂਰੋਂ! ਭਾਲ ਨਹੀਂ ਸੀ ਝੱਲੀ ਗਈ ਮੈਥੋਂ ਉਸ ਦੇ ਨੂਰ ਦੀ। ਅੱਖਾਂ ਉਹਦੇ ਹੋਠਾਂ ਉਤੇ ਹੀ ਆ ਕੇ ਟਿਕ ਗਈਆਂ। ਮੈਂ ਜਦੋਂ ਵੀ ਅੰਮ੍ਰਿਤਾ ਦੀ ਕੋਈ ਤਸਵੀਰ ਵੇਖਦੀ, ਮੇਰੀ ਨਜ਼ਰ ਉਸ ਦੇ ਹੋਠਾਂ 'ਤੇ ਆ ਕੇ ਰੁਕ ਜਾਂਦੀ। ਅੰਮ੍ਰਿਤਾ ਦੇ ਹੋਠ ਮੈਨੂੰ ਹਮੇਸ਼ਾ ਕੋਈ ਅਦਿੱਖ ਚਰਨਾਂ ਨੂੰ ਚੁੰਮਦੇ ਜਾਪਦੇ ਤੇ ਮਸਤੀ ਵਿਚ ਮੈਂ ਗੁਣਗੁਣਾ ਉਠਦੀ,

ਚਰਨ ਤੇਰੇ ਸੁੱਚੇ ਹੋਠ ਮੇਰੇ ਜੂਠੇ...।

---

ਬਚਪਨ ਵਿਚ ਸਾਖੀ ਸੁਣੀ ਸੀ। ਕਿਸੇ ਕਥਾਕਾਰ ਤੋਂ, ਗੁਰਦੁਆਰੇ। ਸ਼ਾਇਦ ਸੁਥਰੇ ਜਾਂ ਕਿਸੇ ਹੋਰ ਗੁਰਸਿੱਖ ਨਾਲ ਸਬੰਧਤ। ਉਹ ਲੋਕਾਂ ਤੋਂ ਪੈਸੇ ਉਧਾਰ ਲੈ ਲੈ ਕੇ ਮੁੱਕਰ ਜਾਂਦਾ ਹੈ। ਵਾਪਸ ਮੋੜਦਾ ਹੀ ਨਹੀਂ। ਲੋਕੀਂ ਗੁਰੂ ਸਾਹਿਬ ਅੱਗੇ ਸ਼ਿਕਾਇਤਾਂ ਕਰਦੇ ਹਨ। ਗੁਰੂ ਸਾਹਿਬ ਦੇ ਪੁੱਛਣ 'ਤੇ ਉਸ ਦਾ ਜੁਆਬ ਹੁੰਦਾ, "ਮਹਾਰਾਜ ਗੁਰਬਾਣੀ ਹੀ ਤਾਂ ਕਹਿੰਦੀ ਹੈ, 'ਕੇਤੇ ਲੈ ਲੈ ਮੁਕਰੁ ਪਾਹਿ', ਬਸ ਮੈਨੂੰ ਉਨ੍ਹਾਂ ਕੇਤਿਆਂ ਵਿਚੋਂ ਹੀ ਇਕ ਸਮਝ ਲਵੋ।"

"...ਤੇ ਤੂੰ ਅਗਲੀ ਤੁੱਕ ਨਹੀਂ ਪੜ੍ਹੀ, ਕੇਤੇ ਮੂਰਖ ਖਾਹੀ ਖਾਹਿ।" ਗੁਰੂ ਸਾਹਿਬ ਪੁੱਛਦੇ ਹਨ।

"ਮਹਾਰਾਜ, ਆਪ ਹੀ ਤਾਂ ਫਰਮਾਉਂਦੇ ਹੋ ਕਿ ਗੁਰਬਾਣੀ ਦੀ ਇਕ ਸਤਰ ਉਤੇ ਵੀ ਜੇ ਕੋਈ ਅਮਲ ਕਰਨ ਲੱਗੇ ਤਾਂ ਉਸ ਦਾ ਜਨਮ ਸਫ਼ਲਾ ਹੋ ਜਾਵੇ। ਫਿਰ ਜੇ ਵੰਡਣ ਲੱਗੋ ਤਾਂ ਆਪ ਦੇ ਅਣਗਿਣਤ ਗੁਰਸਿੱਖਾਂ ਵਿਚੋਂ ਮੇਰੇ ਹਿੱਸੇ ਵਿਚ ਤਾਂ ਮਸਾਂ ਇਹ ਇਕੋ ਤੁੱਕ ਹੀ ਆਵੇਗੀ ਨਾ।" ਸੁਥਰੇ ਦਾ ਉਤਰ ਸੀ।

ਬਹੁਤ ਲਿਖਿਆ ਅੰਮ੍ਰਿਤਾ ਨੇ। ਲਿਖਦੀ ਹੀ ਰਹੀ। ਨਿਰੰਤਰ। ਨਾਗਮਣੀ ਦੇ ਮੈਂ ਕੁਝ ਅੰਕ ਵੇਖੇ-ਪੜ੍ਹੇ। ਜਿਓਤਿਸ਼, ਤਾਰੇ, ਨਛੱਤਰ, ਜਨਮ-ਜਨਮਾਂਤਰਾਂ ਦੇ ਸੰਜੋਗਾਂ-ਵਿਜੋਗਾਂ ਦੀਆਂ ਗੱਲਾਂ। ਰਹੱਸਵਾਦੀ, ਮਹਾਂ ਪੰਡਿਤ, ਗੂੜ੍ਹ ਗਿਆਨੀ ਦਾਰਸ਼ਨਿਕ ਜਿਹੀ ਲੱਗੀ। ਸਾਹਿਤਕ ਖੇਤਰ 'ਚੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਮੈਂ ਉਸ ਦੇ ਸਿਰੜ, ਅਧਿਐਨ, ਸਿਰਜਣਾ ਅਤੇ ਪ੍ਰਾਪਤੀਆਂ ਤੋਂ ਬਲ-ਬਲ ਜਾਵਾਂ। ਕੋਈ ਸਾਹ ਉਸ ਬਿਰਥਾ ਨਾ ਲੀਤਾ। ਆਪਣੇ ਅਕੀਦੇ ਅਤੇ ਕੀਮਤਾਂ ਮੁਤਾਬਕ ਹੀ ਜੀਵੀ ਉਹ, ਪਰ ਇਸ ਅੰਮ੍ਰਿਤਾ ਨਾਲ ਮੈਨੂੰ ਕੀ ਸਰੋਕਾਰ? ਮੇਰੇ ਅਨੁਭਵ ਵਿਚ ਘੁਲੀ-ਮਿਲੀ ਮੇਰੀ ਅੰਮ੍ਰਿਤਾ ਦਾ ਆਕਾਰ ਤਾਂ ਦੋ ਹੋਠਾਂ ਦੀ ਫਰਕਣ, 'ਚਰਨ ਤੇਰੇ ਸੁੱਚੇ...' ਦੇ ਮੇਚ ਜੇਡਾ ਹੀ ਰਿਹਾ।

ਮੈਨੂੰ ਲਗਦਾ ਕਿ ਇਸ ਜਨਮ ਵਿਚ ਮੇਰੇ ਹਿੱਸੇ ਦੀ ਬੱਸ ਏਨੀ ਕੁ ਅੰਮ੍ਰਿਤਾ ਹੀ ਕਾਫ਼ੀ ਹੈ।

ਸੱਠਵਿਆਂ ਵਿਚ ਮੇਰੀ ਦਿੱਲੀ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਪਾਕਿਸਤਾਨੋਂ ਆਏ ਕਿਸੇ ਲੇਖਕ ਦੇ ਸਨਮਾਨ ਦੇ ਪ੍ਰਸੰਗ ਵਿਚ ਅੰਮ੍ਰਿਤਾ ਵੀ ਆਈ। ਬੈਠਕ ਸਾਡੇ ਕਲਾਸ ਰੂਮ ਵਿਚ ਹੀ ਲੱਗੀ ਸੀ। ਸ਼ਾਹ ਕਾਲੀਆਂ ਜ਼ੁਲਫਾਂ ਸਾਹਵੇਂ ਅੰਮ੍ਰਿਤਾ ਦੀ ਕਾਲੀ ਸ਼ਾਲ ਮੱਧਮ ਪੈ ਰਹੀ ਸੀ। ਬੋਲੀ ਕੁਝ ਨਾ। ਬੱਸ ਬੈਠੀ ਰਹੀ ਪ੍ਰਧਾਨਗੀ ਕਰਦੀ, ਮੁਸਕਰਾਂਦੀ।... ਆਈ ਤੇ ਗਈ। ਖੁਸ਼ਬੂ!

'ਕਿਤਨੀ ਸੁਹਣੀ ਹੈ ਇਹ!' ਮੈਂ ਨਾਲ ਬੈਠੇ ਆਪਣੇ ਜਮਾਤੀ ਗੁਰਸ਼ਰਨ ਨੂੰ ਕਿਹਾ।

'ਚਾਲ੍ਹੀਆਂ ਤੋਂ ਉਪਰ ਤੇ ਇੰਨੀ ਜੁਆਨ, ਗਠੀਲੀ, ਉਫ਼।' ਮੇਰੇ ਹੋਠ ਫੁਸਫੁਸਾਏ।

'ਡਾ. ਹਰਿਭਜਨ ਸਿੰਘ ਕਹਿੰਦੇ ਹਨ ਕਿ ਇਹੋ ਜਿਹੀਆਂ ਖੂਬਸੂਰਤ ਤੇ ਸੰਵੇਦਨਸ਼ੀਲ ਇਸਤਰੀਆਂ ਕਦੇ ਬੁੱਢੀਆਂ ਨਹੀਂ ਹੁੰਦੀਆਂ।' ਗੁਰਸ਼ਰਨ ਡਾ. ਹਰਿਭਜਨ ਸਿੰਘ ਦਾ ਚਹੇਤਾ ਸ਼ਿਸ਼ ਸੀ।

'ਪਰ ਉਹ ਕਹਿੰਦੇ ਹਨ ਕਿ ਅਜਿਹੀਆਂ ਦੀ ਜੁਆਨੀ ਅਤੇ ਬੁਢਾਪੇ ਵਿਚ ਬੱਸ ਇਕ ਛਿਣ-ਮਾਤਰ ਦੀ ਹੀ ਵਿੱਥ ਹੁੰਦੀ ਹੈ।'

'ਮਤਲਬ?'

ਨਾ ਉਹ ਦੱਸ ਸਕਿਆ ਤੇ ਨਾ ਮੈਂ ਸਮਝ ਸਕੀ।... ਵਕਤ ਪਾ ਕੇ ਮੈਂ ਫਿਲਮ ਵੇਖੀ, ਤਾਜਮਹੱਲ।... ਬੇਗ਼ਮ ਮੁਮਤਾਜ਼ ਦੀ ਮੌਤ ਮਗਰੋਂ ਬਾਦਸ਼ਾਹ ਸ਼ਾਹ ਜਹਾਨ (ਪ੍ਰਦੀਪ ਕੁਮਾਰ) ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲੈਂਦਾ ਹੈ। ਚੰਦ ਦਿਨਾਂ ਮਗਰੋਂ ਵਾਰ-ਵਾਰ ਮਿੰਨਤਾਂ ਕਰ ਕੇ ਜਦੋਂ ਉਸ ਨੂੰ ਦਵਾਰ ਖੋਲ੍ਹਣ ਲਈ ਆਖਿਆ ਜਾਂਦਾ ਹੈ ਤਾਂ ਵੇਖਦੇ ਹਨ ਕਿ ਸ਼ਾਹ ਜਹਾਨ ਦਾ ਸਿਰ ਤੇ ਦਾੜ੍ਹੀ ਬਰਫ਼-ਚਿੱਟੇ! ਉਹ ਬਿਰਧ ਲੱਗਦਾ ਹੈ। ਉਸ ਦਾ ਪਿਆਰ ਜੋ ਮਰ ਗਿਆ ਸੀ।

ਉਮੀਦ ਹੀ ਜ਼ਿੰਦਗੀ ਹੈ। ਔਰਤ ਕੀ ਤੇ ਮਰਦ ਕੀ। ਸਾਥ ਵਿਛੁੰਨੇ ਹੋਏ ਨਹੀਂ ਕਿ ਕੁਮਲਾਏ ਨਹੀਂ। ਡਾ. ਹਰਿਭਜਨ ਸਿੰਘ ਦੀ ਕਹੀ 'ਛਿਣ ਮਾਤਰ ਦੀ ਵਿੱਥ' ਮੈਂ ਇਹੀ ਸਮਝ ਸਕੀ।

ਸੁੰਦਰ ਮਨ, ਸੁੰਦਰ ਵਿਚਾਰ ਤੇ ਸੁੰਦਰ ਰਹਿਣੀ, ਅੰਮ੍ਰਿਤਾ ਸਦਾ ਸੁੰਦਰ ਰਹੀ। ਉਸ ਆਪਣਾ ਪਿਆਰ ਸਰੋਤ ਕਦੇ ਨਾ ਮੁੱਕਣ ਦਿੱਤਾ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਾ ਤੇ ਇੰਦਰਜੀਤ ਦੀਆਂ ਅਫਵਾਹਾਂ ਉਡ ਰਹੀਆਂ ਸਨ। ਉਹ ਉਸ ਨਾਲ ਮੁੰਬਈ ਚਲੀ ਗਈ ਸੀ, ਤੇ ਫਿਰ ਇਕੱਲੀ ਵਾਪਸ ਆ ਗਈ ਸੀ। ਉਸ ਤੋਂ ਮਗਰੋਂ ਕੀ ਹੋਇਆ, ਮੈਨੂੰ ਇਸ ਦੀ ਕੋਈ ਸਾਰ ਨਹੀਂ ਸੀ। ਮੈਂ ਫਰਵਰੀ 1962 ਵਿਚ ਜੀਵਨ ਬੀਮਾ ਨਿਗਮ ਦੀ ਨੌਕਰੀ ਦੇ ਸਬੱਬ ਮੁੰਬਈ ਗਈ ਕਿ ਉਥੇ ਦੀ ਹੀ ਹੋ ਕੇ ਰਹਿ ਗਈ। ਉਹ ਇੰਦਰਜੀਤ ਹੀ ਅੱਜ ਦਾ ਇਮਰੋਜ਼ ਹੈ, ਇਹ ਮੈਨੂੰ ਪੰਜੀ ਸਾਲਾਂ ਦੇ ਲੰਮੇ ਅਰਸੇ ਮਗਰੋਂ ਪੰਜਾਬ ਫੇਰੀ ਉਤੇ ਹੀ ਪਤਾ ਲੱਗਾ। ਤੇ ਫਿਰ ਵਕਤ ਪਾ ਕੇ ਇਥੇ ਹੀ ਰੱਬ ਸਬੱਬੀਂ ਦੂਰਦਰਸ਼ਨ ਤੋਂ ਅੰਮ੍ਰਿਤਾ 'ਤੇ ਆਧਾਰਤ ਟੈਲੀਫਿਲਮ ਵੇਖੀ।

'ਸਾਹਿਰ ਮੇਰਾ ਅਕਾਸ਼ ਹੈ ਤੇ ਇਮਰੋਜ਼ ਛੱਤ...।' ਅੰਮ੍ਰਿਤਾ ਕਹਿ ਰਹੀ ਸੀ।

ਇਮਰੋਜ਼ ਪਸਿੱਤਾ-ਪਸਿੱਤਾ ਬੈਕਗਰਾਊਂਡ ਵਿਚ ਹੀ ਰਹਿ ਕੇ ਸੰਤੁਸ਼ਟ, ਸਵੇਰੇ-ਸਵੇਰੇ ਸੌਣ-ਸੁਫ਼ੇ ਦੇ ਪਰਦੇ ਹਟਾ ਕੇ ਚਾਹ ਦੇ ਕੱਪ ਨਾਲ ਅੰਮ੍ਰਿਤਾ ਨੂੰ ਸ਼ੁਭ ਸਵੇਰ ਆਖਦਾ, ਉਸ ਦੇ ਸਰੀਰਕ ਸੁੱਖ ਅਤੇ ਸਾਹਿਤ ਸਿਰਜਣਾ ਲਈ ਵੱਧ ਤੋਂ ਵੱਧ ਅਰਾਮ ਦੇਣ ਦੇ ਆਹਰ ਵਿਚ ਦਰਸਾਇਆ ਗਿਆ। ਇਕ ਪਰਵਾਸੀ ਸਾਹਿਤਕਾਰ ਮੈਨੂੰ ਮਿਲਣ ਆਏ। ਉਹ ਦਿੱਲੀਓਂ ਅੰਮ੍ਰਿਤਾ ਵਲੋਂ ਹੁੰਦੇ ਆਏ ਸਨ। 'ਕੀ ਹਾਲ ਏ ਅੰਮ੍ਰਿਤਾ ਦਾ?' ਮੈਂ ਪੁੱਛਿਆ।

'ਉਹ ਠੀਕ ਨਹੀਂ ਸੀ। ਕਾਫ਼ੀ ਬਿਮਾਰ ਸੀ ਤੇ ਫਿਰ ਵੀ ਉਸ ਆਪੇ ਮੇਰੇ ਲਈ ਚਾਹ ਦਾ ਕੱਪ ਬਣਾਇਆ...।'

ਉਹ ਤੜਕੇ-ਤੜਕੇ ਹੀ ਗਏ ਸਨ ਅੰਮ੍ਰਿਤਾ ਨੂੰ ਮਿਲਣ।

'ਤੇ ਇਮਰੋਜ਼?'

ਉਹ ਘਰ ਨਹੀਂ ਸੀ। ਦੁੱਧ ਲੈਣ ਗਿਆ ਹੋਇਆ ਸੀ।

'ਦੁੱਧ ਲੈਣ?'

'ਹਾਂ, ਉਹ ਆਪੇ ਦੁੱਧ ਲੈਣ ਜਾਂਦਾ ਹੈ। ਬਿਨਾ ਨਾਗਾ।' ਉਨ੍ਹਾਂ ਦਾ ਉਤਰ ਸੀ।

ਕਿਸੇ ਅੰਮ੍ਰਿਤਾ ਦੇ ਚਾਹ ਦੇ ਕੱਪ ਲਈ ਕੋਈ ਇਮਰੋਜ਼ ਆਪੇ ਹੀ ਤਾਂ ਜਾਏਗਾ ਦੁੱਧ ਲੈਣ-ਗਰਮੀ ਸਰਦੀ, ਝੱਖੜ ਹਨੇਰੀ, ਵਾਵਰੋਲੇ...।

ਨੇਹੁੰ ਸਿਦਕ ਦੇ ਤੈਰਾਕ ਅਜੇ ਵੀ ਹਨ। ਕੀ ਹੋਇਆ ਜੁ ਕੱਚੇ-ਪੱਕੇ ਘੜੇ ਨਹੀਂ ਰਹੇ ਤੇ ਨਾ ਹੀ ਉਹ ਦਰਿਆ... ਮੈਂ ਸੋਚਦੀ ਰਹੀ।

'ਤੁਸੀਂ ਹੋਰ ਲੇਖਕਾਵਾਂ ਵਾਂਗ ਅੰਮ੍ਰਿਤਾ ਨਾਲ ਰਸ਼ਕ ਨਹੀਂ ਕਰਦੇ? ਜੇ ਆਪਣਾ ਸਥਾਨ ਉਸ ਨਾਲ ਵਟਾ ਸਕੋ...?' ਕਿਸੇ ਮੁਲਾਕਾਤੀ ਨੇ ਮੈਨੂੰ ਸਵਾਲ ਕੀਤਾ।

'ਬੇਸ਼ਕ ਮੇਰੇ ਮਨ ਵਿਚ ਅੰਮ੍ਰਿਤਾ ਲਈ ਅਥਾਹ ਸਤਿਕਾਰ ਹੈ ਪਰ ਰਸ਼ਕ ਮੈਨੂੰ ਇਮਰੋਜ਼ ਨਾਲ ਹੀ ਹੈ। ਜੇ ਕਿਸੇ ਅੰਮ੍ਰਿਤਾ ਦਾ ਮੈਨੂੰ ਇਮਰੋਜ਼ ਬਣਨਾ ਨਸੀਬ ਹੋਵੇ ਤਾਂ ਮੈਂ ਆਪਣੇ ਆਪ ਨੂੰ ਧੰਨ ਸਮਝਾਂ...।' ਮੇਰਾ ਸਹਿਜ ਸੁਭਾਅ ਉਤਰ ਸੀ।

ਮਨਭਾਉਂਦੇ ਲੇਖਕਾਂ, ਕਲਾਕਾਰਾਂ ਜਾਂ ਫਿਲਮ ਅਦਾਕਾਰਾਂ ਨਾਲ ਰੱਬ ਸਬੱਬੀ ਵੀ ਜੇ ਕਦੇ ਟਾਕਰਾ ਹੋਇਆ, ਮੈਂ ਮਿਲਣੋਂ ਸੰਗ ਜਾਂਦੀ। ਪਸਿੱਤੀ ਵੀ ਹੋ ਜਾਂਦੀ ਕਿ ਉਨ੍ਹਾਂ ਦੀ ਨਜ਼ਰ ਵੀ ਮੇਰੇ 'ਤੇ ਨਾ ਪਵੇ। ਸੰਜੀਵ ਕੁਮਾਰ ਦੀ ਅਦਾਕਾਰੀ ਦੀ ਦੀਵਾਨੀ ਸਾਂ, ਤੇ ਫਿਲਮ ਸੰਸਾਰ ਦੇ ਚਹੇਤੇ ਮੇਰੇ ਡਾਕਟਰ ਪਤੀ ਰਾਹੀਂ ਮੌਕੇ ਵੀ ਬੜੇ ਮਿਲਦੇ ਸਨ, ਪਰ ਮੈਂ ਮਿਲਣ ਲਈ ਕਦੇ ਨਾ ਮੰਨੀ।

---

ਦਿੱਲੀ ਅਕਸਰ ਜਾਣਾ ਪੈ ਜਾਂਦਾ ਹੈ। ਕਦੇ-ਕਦੇ ਕਿਸੇ ਕੰਮ ਲਈ ਹਫਤਿਆਂ ਬੱਧੀ ਵੀ ਰੁਕੀ। ਸਾਊਥ ਐਕਸਟੈਂਸ਼ਨ ਸਥਿਤ ਮੇਰੇ ਪੇਕੇ ਘਰ ਤੋਂ ਚੰਦ ਮੀਲਾਂ ਅਤੇ ਕੁਝ ਫੋਨ ਘੰਟੀਆਂ ਦੀ ਵਿੱਥ ਉਤੇ ਹੀ ਤਾਂ ਹੁੰਦੀ ਸੀ ਅੰਮ੍ਰਿਤਾ; ਫਿਰ ਵੀ ਮਿਲਣ ਦਾ ਹੀਆ ਨਾ ਪਿਆ। ਕਵੀ ਜੋਗਾ ਸਿੰਘ ਦੀ ਮੈਂ ਮੁਲਾਕਾਤ ਕੀਤੀ, ਲਿਖੀ, ਛਪੀ- 'ਐਤਵਾਰ ਵਾਲਾ ਜੋਗਾ'। ਮੁਲਾਕਾਤ ਦੀਆਂ ਬੈਠਕਾਂ ਦੌਰਾਨ ਅੰਮ੍ਰਿਤਾ ਦਾ ਕਾਫ਼ੀ ਜ਼ਿਕਰ ਆਉਂਦਾ ਰਿਹਾ।

'ਉਹ ਬੜੀ ਖ਼ੂਬਸੂਰਤ ਤੇ ਖ਼ੂਬ-ਸੀਰਤ ਔਰਤ ਹੈ। ਉਸ ਨੂੰ ਜ਼ਰੂਰ ਮਿਲੋ' ਜੋਗਾ ਸਿੰਘ ਦਾ ਤਕੀਆ ਕਲਾਮ ਵਰਗਾ ਦੁਹਰਾਓ ਹੁੰਦਾ।

'ਮੈਂ ਉਸ ਦਾ 1960 ਤੋਂ ਬਾਅਦ ਦਾ ਰਚਿਆ ਸਾਹਿਤ ਤਾਂ ਪੜ੍ਹਿਆ ਹੀ ਨਹੀਂ। ਬਗੈਰ ਪੜ੍ਹਿਆਂ ਮਿਲਣ ਜਾਣਾ ਤਾਂ ਮੱਥਾ ਟੇਕਣ ਵਾਲੀ ਗੱਲ ਹੈ।' ਮੇਰਾ ਉਤਰ ਹੁੰਦਾ।

---

ਮਾਰਚ 1988 ਵਿਚ ਮੇਰਾ ਪਲੇਠਾ ਕਾਵਿ-ਸੰਗ੍ਰਹਿ 'ਲੋਹਿਓਂ ਪਾਰਸ' ਪ੍ਰਕਾਸ਼ਿਤ ਹੋਇਆ। ਬੜੇ ਚਾਅ ਨਾਲ ਕਰਤਾਰ ਸਿੰਘ ਦੁੱਗਲ, ਪ੍ਰੀਤਮ ਸਿੰਘ ਸਫ਼ੀਰ, ਬਲਵੰਤ ਗਾਰਗੀ, ਖ਼ੁਸ਼ਵੰਤ ਸਿੰਘ, ਡਾ. ਹਰਿਭਜਨ ਸਿੰਘ, ਸਤਿੰਦਰ ਸਿੰਘ ਨੂਰ ਅਤੇ ਹੋਰ ਵੀ ਸਿਖ਼ਰ ਦੇ ਕਈ ਚਿੰਤਕਾਂ, ਬੁੱਧੀਜੀਵੀਆਂ ਦੇ ਨਾਲ ਅੰਮ੍ਰਿਤਾ ਪ੍ਰੀਤਮ ਨੂੰ ਵੀ ਇਕ ਕਾਪੀ ਭੇਜੀ। ਬਾਕੀ ਤਾਂ ਲਗਭਗ ਸਾਰਿਆਂ ਵਲੋਂ ਹੀ ਪਹੁੰਚ ਰਸੀਦਾਂ ਨਾਲ ਚੰਦ ਬੋਲ ਜਾਂ ਹੁੰਗਾਰੇ ਮਿਲੇ ਪਰ ਅੰਮ੍ਰਿਤਾ ਵਲੋਂ ਕੋਈ ਉੱਘ-ਸੁੱਘ ਨਾ।

'ਲੋਹਿਓਂ ਪਾਰਸ' ਪਹੁੰਚੀ ਨਾ ਪਹੁੰਚੀ, ਜੇ ਸੂਚਿਤ ਕਰ ਸਕੋ- ਸ਼ਬਦਾਂ ਨਾਲ ਵਾਪਸੀ ਕਾਰਡ ਪਾਇਆ ਤਾਂ ਉਹ ਬਿਨਾਂ ਅੰਮ੍ਰਿਤਾ ਦੇ ਦਸਤਖ਼ਤ ਦੇ ਵੀ ਕੋਰਾ ਪਰਤ ਆਇਆ। ਮਨ ਨੂੰ ਥੋੜ੍ਹੀ ਤਕਲੀਫ਼ ਹੋਈ ਪਰ ਵਕਤੀ ਹੀ। ਸਾਹਿਤ ਖੇਤਰ ਵਿਚ ਮੈਂ ਮਸਾਂ ਪੈਰ ਹੀ ਪਾਇਆ ਸੀ। ਕਾਵਿ-ਸੰਗ੍ਰਹਿ ਤੋਂ ਇਲਾਵਾ ਜਦੋਂ ਕੁਝ ਵਿਅੰਗ, ਕਹਾਣੀਆਂ, ਮੁਲਾਕਾਤਾਂ ਤੇ ਰੇਖਾ ਚਿੱਤਰ ਵੀ ਮਾਸਿਕ ਪੱਤਰਾਂ ਵਿਚ ਛਪਣ ਲੱਗੇ ਤਾਂ ਪਾਠਕਾਂ ਪ੍ਰਸ਼ੰਸਕਾਂ ਦੇ ਇੰਨੇ ਪੱਤਰ ਆਉਣ ਲੱਗੇ ਕਿ ਹਰ ਖ਼ਤ ਦਾ ਤੱਤ-ਖੜੱਤ ਜਵਾਬ ਦੇਣਾ ਨਾਮੁਮਕਿਨ ਦੀ ਹੱਦ ਤੱਕ ਮੁਸ਼ਕਿਲ ਹੋ ਗਿਆ। ਮਾਸਿਕ ਪੱਤਰਾਂ ਵਿਚ ਲਏ ਮੇਰੇ ਚੰਦ ਮੁਲਾਕਾਤੀ ਲੇਖਾਂ ਤੋਂ ਕਈਆਂ ਨੂੰ ਤਾਂ ਮੇਰੇ ਆਲੋਚਕ ਹੋਣ ਦਾ ਵੀ ਭੁਲੇਖਾ ਪੈਣ ਲੱਗਾ ਤੇ ਆਏ ਦਿਨ ਡਾਕ ਵਿਚ ਕੋਈ ਨਾ ਕੋਈ ਕਿਤਾਬ ਹੁੰਦੀ। ਨਾਟਕ, ਨਾਵਲ, ਕਹਾਣੀ ਜਾਂ ਕਾਵਿ ਸੰਗ੍ਰਹਿ। ਮੈਂ ਜਿਸ ਨੂੰ ਪੰਜਾਬੀ ਸਾਹਿਤ ਦਾ ਕਦੇ ਇੰਨਾ ਤਰਸੇਵਾਂ ਸੀ, ਹੁਣ ਕਈ ਵਾਰ ਮਹੀਨਿਆਂ ਬੱਧੀ ਵੀ ਪੁਸਤਕ ਪੜ੍ਹ ਕੇ ਉਸ ਦੇ ਲੇਖਕ ਨਾਲ ਆਪਣੇ ਮਨ ਉਤੇ ਪਏ ਪ੍ਰਭਾਵ ਸਾਂਝੇ ਨਾ ਕਰ ਸਕਦੀ। ਫਿਰ ਅੰਮ੍ਰਿਤਾ ਵਰਗੀ ਅੰਤਰ-ਦੇਸ਼ੀ ਪ੍ਰਸਿੱਧੀ ਦੀ ਸਾਹਿਤਕਾਰ, ਰਾਜ ਸਭਾ ਦੀ ਮੈਂਬਰ, ਲੱਖਾਂ ਦੀ ਗਿਣਤੀ ਵਿਚ ਜਿਸ ਦੇ ਪਾਠਕ ਤੇ ਪ੍ਰਸ਼ੰਸਕ ਰਹੇ, ਸਿਰਜਣਾ, ਸੰਪਾਦਨ, ਅਨੁਵਾਦ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਸਾਹਿਤਕ, ਸਮਾਜਕ ਅਤੇ ਨਿੱਜੀ ਰੁਝੇਵਿਆਂ ਵਿਚ ਖਲਤ-ਮਲਤ, ਸੂਖ਼ਮ ਸਰੀਰ ਤੇ ਵਡੇਰੀ ਉਮਰ, ਉਹ ਕਿਸ ਕਿਸ ਨੂੰ ਖ਼ਤ ਪਾਉਂਦੀ ਤੇ ਕਿਸ ਕਿਸ ਨੂੰ ਜੁਆਬ ਦਿੰਦੀ?

ਮੈਂ ਮਨ ਨੂੰ ਸਮਝਾ ਲਿਆ।

---

ਫਰਵਰੀ 1988 ਦੀ ਗੱਲ ਹੈ। ਕਾਵਿ-ਸੰਗ੍ਰਹਿ 'ਲੋਹਿਓਂ ਪਾਰਸ' ਦੇ ਟਾਈਟਲ ਲਈ ਫੋਟੋ ਖਿਚਵਾਣੀ ਪਈ। ਫੋਟੋਗ੍ਰਾਫਰ ਨੇ ਦੋ ਪੋਜ਼ ਲਏ। ਇਕ ਵਿਚ ਬਿਨਾਂ ਐਨਕ ਦੇ ਮੈਂ ਵਰਤਮਾਨ ਦੀ ਉਮਰ ਤੋਂ ਦਸ ਸਾਲ ਛੋਟੀ ਦਿਸਦੀ ਸਾਂ, ਤੇ ਇਕ ਵਿਚ ਸਣੇ ਐਨਕ ਦੇ ਪ੍ਰੌੜ ਅਤੇ ਦਸ ਸਾਲ ਵਡੇਰੀ। ਸੁਚੇਤ ਤੌਰ 'ਤੇ ਮੈਂ ਆਪਣੀ ਉਮਰ ਲੁਕਾਉਣ ਦਾ ਕਦੇ ਯਤਨ ਨਾ ਕੀਤਾ। ਆਸਕਰ ਵਾਈਲਡ ਇਕ ਥਾਂ ਕਹਿੰਦਾ ਹੈ ਕਿ ਜਿਹੜੀ ਔਰਤ ਆਪਣੀ ਸਹੀ ਉਮਰ ਦੱਸ ਸਕਦੀ ਹੈ, ਉਹ ਕੁਝ ਵੀ ਸਹੀ ਦੱਸ ਸਕਦੀ ਹੈ। ਕਿਸੇ ਹੋਰ ਔਰਤ ਬਾਰੇ ਤਾਂ ਪਤਾ ਨਹੀਂ, ਪਰ ਮੇਰੇ ਉਪਰ ਇਹ ਸ਼ਬਦ ਪੂਰੇ ਢੁਕਦੇ ਹਨ।

ਮੈਂ ਜੁਆਨ ਦਿੱਖ ਵਾਲੀ ਛੱਡ ਕੇ ਪ੍ਰਕਾਸ਼ਕ ਨੂੰ ਵਡੇਰੀ ਉਮਰ ਵਾਲੀ ਤਸਵੀਰ ਭੇਜ ਦਿੱਤੀ। ਛਪਣ ਉਪਰੰਤ ਬਹੁਤੇ ਪਾਠਕਾਂ ਦਾ ਪਹਿਲਾ ਪ੍ਰਤੀਕਰਮ ਸੀ ਕਿ ਇਹ ਤਸਵੀਰ ਅੰਮ੍ਰਿਤਾ ਦਾ ਭੁਲੇਖਾ ਪਾਉਂਦੀ ਹੈ। ਆਪਣੀ ਉਮਰ ਲੁਕਾਵਾਂ ਬੇਸ਼ਕ, ਇਹ ਮੈਂ ਕਦੇ ਨਹੀਂ ਸੋਚਿਆ ਪਰ ਅੰਮ੍ਰਿਤਾ ਵਰਗੀ ਦਿਸਾਂ, ਇਹ ਤਾਂ ਅਸਲੋਂ ਹੀ ਨਹੀਂ। ਮੈਂ ਫ਼ੌਰਨ ਹੀ ਵਕਤੀ ਤੌਰ 'ਤੇ ਕਿਤਾਬ ਦੀ ਵਿਕਰੀ ਰੋਕ ਕੇ ਆਪਣੇ ਖਰਚੇ ਉਪਰ ਪੁਸਤਕ ਦਾ ਲਿਬਾਸ ਬਦਲ ਦਿੱਤਾ, ਤੇ ਨਾਲ ਹੀ ਆਪਣੀ ਤਸਵੀਰ ਵੀ।

ਹੁਣ ਜਦੋਂ ਵੀ ਉਸ ਫੋਟੋ ਨੂੰ ਗਹੁ ਨਾਲ ਵੇਖਦੀ ਹਾਂ ਤਾਂ ਮੈਨੂੰ ਇੰਜ ਲੱਗਦਾ ਹੈ ਕਿ ਸਮਰੂਪਤਾ ਜ਼ਰੂਰ ਹੈ ਕੁਝ ਪਰ ਇਹ ਸਮਰੂਪਤਾ ਨਕਸ਼ਾਂ ਜਾਂ ਮੁਹਾਂਦਰੇ ਦੀ ਨਹੀਂ ਸਗੋਂ ਇਹ ਹੈ ਸ਼ਿੱਦਤ ਦੀ ਸ਼ਿੱਦਤ ਨਾਲ, ਦਰਦ ਦੀ ਦਰਦ ਨਾਲ, ਸਾਹਸ ਦੀ ਸਾਹਸ ਨਾਲ ਅਤੇ ਜੁਝਾਰੂ ਅਨੁਭਵ ਕਾਰਨ ਆਪਣੇ ਅੰਦਰ ਦੇ ਬਲਵਾਨ ਪੁਰਸ਼ ਪੱਖ ਦੇ ਵਿਕਸਿਤ ਹੁੰਦਿਆਂ-ਸੁੰਦਿਆਂ ਵੀ ਇਸਤਰੀਅਤ ਨੂੰ ਕਾਇਮ ਰੱਖਣ ਦੇ ਅਨੁਭਵ ਦੀ ਸਾਂਝ ਦੇ ਕਾਰਨ ਕਮਾਈ ਹੋਈ ਸਵੈ-ਭਰੋਸੇ ਦੀ ਮੁਸਕਰਾਹਟ ਦੀ ਮੁਸਕਰਾਹਟ ਨਾਲ!

ਸੰਘਣੇ ਬਦਲਾਂ ਵਿਚੋਂ ਝਾਤ ਮਾਰਦੇ ਏਕਮ ਦੇ ਚੰਨ ਵਾਂਗ ਸਭ ਤੋਂ ਵੱਧ ਦਿਲਕਸ਼ ਮੁਸਕਾਨ ਉਦਾਸ ਲੋਕਾਂ ਦੀ ਹੁੰਦੀ ਹੈ। ਫਿਲਮ ਅਭਿਨੇਤਰੀ ਮੀਨਾ ਕੁਮਾਰੀ ਦੀ ਲਕੀਰ ਜਿਹੀ ਮੁਸਕੜੀ ਇਸ ਦੀ ਲਾਜਵਾਬ ਮਿਸਾਲ ਹੈ ਜਿਸ ਦਾ ਝਾਉਲਾ ਕਦੇ-ਕਦੇ, ਕਿਸੇ-ਕਿਸੇ ਉਦਾਸ ਸੁੰਦਰੀ ਦੀਆਂ ਬੁੱਲ੍ਹੀਆਂ ਉਤੇ ਵੀ ਝਲਕ ਪੈਂਦਾ ਹੈ।

ਕੀ ਇਹ ਸੱਚ ਨਹੀਂ ਕਿ ਹਮਖ਼ਿਆਲ ਮਿੱਤਰਾਂ ਦੇ ਨਕਸ਼ਾਂ, ਚਿਹਨ-ਚੱਕਰਾਂ ਅਤੇ ਹਾਵ-ਭਾਵਾਂ ਵਿਚ ਸਹਿਜ ਸੁਭਾਅ ਹੀ ਸਮਰੂਪਤਾ ਝਲਕਣ ਲੱਗ ਪੈਂਦੀ ਹੈ? ਬੇਸ਼ਕ ਵਕਤ ਪਾ ਕੇ ਉਹ ਸਥਾਨ ਦੀ ਵਿੱਥ ਜਾਂ ਕਿਸੇ ਹੋਰ ਕਾਰਨ-ਵੱਸ ਅੱਡ ਹੀ ਹੋ ਜਾਣ, ਉਨ੍ਹਾਂ ਦਾ ਲਹਿਜ਼ਾ, ਬੋਲ-ਚਾਲ ਤੇ ਸਲੀਕਾ ਸੁੱਤੇ-ਸਿੱਧ ਹੀ ਇਕ-ਦੂਜੇ ਦੀ ਯਾਦ ਕਰਾਉਂਦਾ ਹੈ।

ਫਿਲਮ ਨਿਰਦੇਸ਼ਕ, ਗੁਲਜ਼ਾਰ, ਸਾਗਰ ਸਰਹੱਦੀ, ਐਸ. ਸਵਰਨ (ਚੇਤਨਾ), ਪ੍ਰੀਤਮ ਬੇਲੀ, ਕੇਵਲ ਸੂਰੀ, ਗੁਰਵੇਲ ਪੰਨੂੰ ਇਹ ਸਾਰੇ ਹੀ ਮੈਨੂੰ ਵੱਖ-ਵੱਖ ਪ੍ਰਸੰਗ ਵਿਚ ਅੱਡ-ਅੱਡ ਥਾਂਵਾਂ ਅਤੇ ਵਕਤ ਦੇ ਵਕਫੇ ਨਾਲ ਮਿਲੇ ਪਰ ਜਿਸ ਨੂੰ ਵੀ ਮਿਲਾਂ, ਦੂਜੇ ਦੇ ਨਕਸ਼, ਅਵਾਜ਼ ਤੇ ਅੰਦਾਜ਼ ਦਾ ਚੇਤਾ ਆਵੇ। ਜ਼ਿਕਰ ਕਰਨ 'ਤੇ ਪਤਾ ਲੱਗਾ ਕਿ ਇਹ ਸਾਰੇ ਇਕ ਚੰਗੇ ਚੋਖੇ ਅਰਸੇ ਤੱਕ, ਜੁਆਨ ਉਮਰੇ, ਜੋਬਨ ਰੁੱਤੇ, ਮੁੰਬਈ ਸ਼ਹਿਰ ਵਿਚ ਇਕੱਠੇ ਰਹੇ, ਵਿਕਸੇ ਅਤੇ ਵਿਗਸੇ। ਗਹਿਰੇ ਮਿੱਤਰ। ਸਾਂਝੀ ਸੋਚ। ਸਾਂਝੇ ਅਨੁਭਵ।

ਅਕਸਰ ਵੇਖਣ ਵਿਚ ਆਇਆ ਹੈ ਕਿ

(ਬਾਕੀ ਅਗਲੇ ਸਫੇ 'ਤੇ)

ਅੱਡੋ-ਅੱਡ ਸੂਰਤ ਅਤੇ ਦਿੱਖ ਵਾਲੇ ਪਤੀ ਪਤਨੀ ਵੀ ਜੇ ਹਮਖ਼ਿਆਲ ਹੋਣ ਅਤੇ ਉਨ੍ਹਾਂ ਦੇ ਰਿਸ਼ਤੇ ਵਿਚ ਸੁਖਾਵਾਂ ਤਾਲਮੇਲ ਹੋਵੇ ਤਾਂ ਵਕਤ ਪਾ ਕੇ ਉਨ੍ਹਾਂ ਦੀਆਂ ਸ਼ਖਸੀਅਤਾਂ ਸਮਰੂਪ ਲੱਗਣ ਲੱਗ ਪੈਂਦੀਆਂ ਹਨ। ਜੇ ਵਿਸ਼ਾ ਵਸਤੂ ਨੂੰ ਰੂਪ ਦਿੰਦਾ ਹੈ ਤਾਂ ਕੀ ਰੂਹ ਕਲਬੂਤ ਨੂੰ ਨਹੀਂ?

ਅੰਮ੍ਰਿਤਾ ਨਾਲੋਂ ਵੱਖਰੀ ਰਹਿਣ-ਥੀਣ ਨਾਲ ਸੰਤੁਸ਼ਟ ਹੁੰਦਿਆਂ ਹੋਇਆਂ ਵੀ ਉਸ ਨਾਲ ਮੁਸਕਰਾਹਟ ਦੀ ਸਮਾਨਤਾ ਉਪਰ ਮੈਨੂੰ ਹਮੇਸ਼ਾਂ ਫ਼ਖ਼ਰ ਰਿਹਾ।

ਮੈਂ ਅੰਮ੍ਰਿਤਾ ਪ੍ਰੀਤਮ ਨੂੰ ਆਪਣੀ ਸਾਹਿਤਕ ਪਛਾਣ ਦੇ ਆਧਾਰ 'ਤੇ ਹੀ ਮਿਲਣਾ ਚਾਹੁੰਦੀ ਸਾਂ, ਭਾਵੇਂ ਇਹ ਪਛਾਣ ਸੂਰਜ ਸਾਹਵੇਂ ਦੀਵਾ ਹੀ ਕਿਉਂ ਨਾ ਹੋਵੇ। 'ਲੋਹਿਓਂ ਪਾਰਸ' ਦਾ ਉਸ ਕੋਈ ਹੁੰਗਾਰਾ ਨਾ ਭਰਿਆ। ਕੀ ਪਤਾ ਬਿਨ ਪੜ੍ਹਿਆਂ ਹੀ ਰੱਦੀ 'ਚ ਕੱਢ ਦਿੱਤੀ ਹੋਵੇ, ਨਿਰੂਪਮਾ ਦੱਤ ਵਾਂਗ।

ਨਵੀਂ-ਨਵੀਂ ਪੰਜਾਬ ਵਿਚ ਆਉਣ ਟਿਕਣ ਕਾਰਨ ਪੰਜਾਬੀ ਸਾਹਿਤਕਾਰਾਂ ਦੀਆਂ ਕਿਰਤਾਂ ਤਾਂ ਕੀ, ਬਾਹਲਿਆਂ ਦੇ ਨਾਂਵਾਂ ਤੋਂ ਵੀ ਅਨਜਾਣ ਸਾਂ। ਪਹਿਲੀ ਪੁਸਤਕ ਦਾ ਬੜਾ ਚਾਅ ਹੁੰਦਾ ਹੈ, ਤੇ ਉਹ ਵੀ ਜ਼ਿੰਦਗੀ ਦੇ ਤੀਜੇ ਪੜਾਅ ਵਿਚ। ਇਹ ਤਾਂ ਚਿੱਟੇ ਸਿਰ ਨਾਲ ਔਲਾਦ ਦਾ ਮੂੰਹ ਵੇਖਣ ਵਾਲਾ ਅਨੁਭਵ ਹੈ। ਇਹ ਮੇਰਾ ਨਵਾਂ ਜਨਮ ਸੀ।

ਸਾਥੀਆਂ ਮਿੱਤਰਾਂ ਤੋਂ ਪ੍ਰਾਪਤ ਸੂਚੀ ਦੇ ਆਧਾਰ 'ਤੇ ਮੈਂ ਪੁਸਤਕਾਂ ਭੇਜ ਦਿੱਤੀਆਂ। ਇਨ੍ਹਾਂ ਵਿਚੋਂ ਇਕ ਨਾਂ ਨਿਰੂਪਮਾ ਦੱਤ ਦਾ ਵੀ ਸੀ। ਸਾਲ ਕੁ ਮਗਰੋਂ ਨਿਰੂਪਮਾ ਨੂੰ ਭੇਟਾ ਕੀਤੀ ਪੁਸਤਕ ਇਕ ਸਾਹਿਤਕਾਰ ਨੇ ਪਟੜੀ ਤੋਂ ਦਸ ਰੁਪਏ ਦੀ ਖਰੀਦ ਕੇ ਮੈਨੂੰ ਲਿਆ ਵਿਖਾਈ। ਮੈਂ ਸਾਹਿਤਕ ਰਸਮਾਂ ਤੋਂ ਨਾਵਾਕਫ਼ ਸਾਂ। ਨਾ ਤਾਂ ਮੈਨੂੰ ਇਹ ਕੋਈ ਵੱਡੀ ਗੱਲ ਲੱਗੀ, ਤੇ ਨਾ ਹੀ ਮੈਂ ਇਸ ਦਾ ਜ਼ਿਕਰ ਕਿਸੇ ਹੋਰ ਅੱਗੇ ਕੀਤਾ, ਪਰ ਇਕ ਨਿੱਕੀ ਜਿਹੀ ਲਾਪ੍ਰਵਾਹੀ ਕਾਰਨ ਸਾਹਿਤਕ ਖੇਤਰ ਵਿਚ ਨਿਰੂਪਮਾ ਨੂੰ ਕਿੱਥੇ-ਕਿੱਥੇ ਤੇ ਕੀ-ਕੀ ਸੁਣਨਾ ਪਿਆ, ਬਾਅਦ ਵਿਚ ਚੰਗੀ ਵਾਕਫ਼ ਹੋ ਜਾਣ ਉਤੇ ਨਿਰੂਪਮਾ ਨੇ ਆਪ ਹੀ ਮੈਨੂੰ ਦੱਸਿਆ।

ਲੇਖਕ ਬਾਹਲੇ ਹਨ ਤੇ ਪਾਠਕ ਥੋੜ੍ਹੇ। ਧੜਾਧੜ ਕਿਤਾਬਾਂ ਛਪਦੀਆਂ ਹਨ, ਉਤਮ ਘਟ ਤੇ ਹਲਕੀਆਂ ਵੱਧ। ਕੋਈ ਕਿਸ ਨੂੰ ਪੜ੍ਹੇ ਤੇ ਕਿਸ ਨੂੰ ਛੱਡੇ ਜਿਸ ਲੇਖਕ ਨਾਲ ਆਲੋਚਕ ਦਾ ਵੀ ਤਮਗਾ ਲੱਗ ਜਾਵੇ, ਉਸ ਦਾ ਤਾਂ ਰੱਬ ਹੀ ਰਾਖਾ। ਉਸ ਕੋਲ ਇੰਨਾ ਕੁਝ ਪੜ੍ਹਨ ਨੂੰ ਇਕੱਠਾ ਹੋ ਜਾਂਦਾ ਹੈ ਕਿ ਉਹ ਕੁਝ ਵੀ ਨਹੀਂ ਪੜ੍ਹ ਸਕਦਾ। ਇੱਦਾਂ ਉਤਮ ਸਾਹਿਤ ਵੀ ਹਲਕੇ ਸਾਹਿਤ ਦੇ ਅੰਬਾਰਾਂ ਹੇਠ ਦੱਬ ਜਾਂਦਾ ਹੈ। ਅਸਾਧਾਰਨ ਅਨੁਭਵ ਵਾਲੇ ਚੋਟੀ ਦੇ ਬੁੱਧੀਜੀਵੀਆਂ ਲਈ ਸਾਧਾਰਨ ਅਤੇ ਪੇਤਲੀ ਪੁਸਤਕ ਨੂੰ ਪੜ੍ਹਨਾ ਉਤਨਾ ਹੀ ਕਠਿਨ ਹੈ ਜਿੰਨਾ ਮਿੱਠੇ ਦੇ ਮਾਰੂ ਲਈ ਚਰਾਇਤੇ-ਕਰਾਇਤੇ ਦਾ ਘੁੱਟ ਭਰਨਾ।

ਅਤੀਤ ਵਿਚ ਡੁੱਬੀ ਹੋਈ ਕੋਲੋਂ ਵਾਰਤਕ ਦੀ ਪਹਿਲੀ ਰਚਨਾ, ਇਕ ਰੇਖਾ ਚਿੱਤਰ ਲਿਖ ਹੋ ਗਿਆ। ਇਹ ਸਾਹਿਰ ਲੁਧਿਆਣਵੀ ਨਾਲ ਸਬੰਧਤ ਸੀ, ਚਿੱਤ ਚੇਤਾ। ਮੈਂ ਆਰਸੀ ਵਿਚ ਛਪਣ ਲਈ ਭੇਜ ਦਿੱਤਾ। ਤਿੰਨ ਚਾਰ ਮਹੀਨੇ ਲੰਘ ਗਏ ਪ੍ਰਵਾਨਗੀ-ਅਪ੍ਰਵਾਨਗੀ ਦੀ ਕੋਈ ਖ਼ਬਰ ਨਾ ਆਈ। ਮੈਂ ਲੇਖ ਦੀ ਦੂਜੀ ਕਾਪੀ ਅੰਮ੍ਰਿਤਾ ਨੂੰ ਭੇਜ ਦਿੱਤੀ। ਨਾਲ ਹੀ ਸਬੰਧਤ ਨੋਟ ਸੀ- 'ਲੇਖ ਭੇਜ ਰਹੀ ਹਾਂ, ਜੇ ਆਪ 'ਸਮਦਰਸ਼ੀ' ਜਾਂ 'ਨਾਗਮਣੀ' ਵਿਚ ਸਥਾਨ ਦੇ ਸਕੋ। ਜੇ ਨਾਮਨਜ਼ੂਰ ਹੋਵੇ ਤਾਂ ਕਿਰਪਾ ਕਰ ਕੇ ਸੂਚਿਤ ਜ਼ਰੂਰ ਕਰ ਦੇਣਾ।' ਡੇਢ-ਦੋ ਮਹੀਨੇ ਲੰਘ ਗਏ। ਕੋਈ ਖ਼ਬਰ ਨਾ ਆਈ।

ਹੁਣ ਕੀ ਆਉਣੀ, ਸੋਚ ਹੀ ਰਹੀ ਸਾਂ ਕਿ ਡਾਕ ਵਿਚ ਲਿਫ਼ਾਫਾ ਮਿਲਿਆ। ਚਿੱਟਾ ਦੁੱਧ ਨਾਗਮਣੀ ਦੇ ਛਾਪੇ ਵਾਲਾ ਤੇ ਉਪਰ ਅੰਗਰੇਜ਼ੀ ਖੁਸ਼ਖ਼ਤ ਵਿਚ ਮੇਰਾ ਨਾਂ। ਲਿਫ਼ਾਫ਼ੇ ਉਪਰ ਲੱਗੇ ਇਕ ਰੁਪਏ ਦੇ ਟਿਕਟ ਉਪਰ ਡਾਕ ਵਿਭਾਗ ਦੀ ਮੋਹਰ ਨਹੀਂ ਸੀ। ਇਸ ਤੋਂ ਤਿੰਨ-ਚਾਰ ਸਾਲ ਪਹਿਲਾਂ ਦੀ ਗੱਲ ਹੈ। ਇਕ ਨਾਮਵਰ ਸਰਬਾਂਗੀ ਸਾਹਿਤਕਾਰ ਮੇਰੇ ਇਲਾਜ ਹੇਠਾਂ ਸਨ। ਹਰ ਹਫ਼ਤੇ ਦੁਆਈ ਲੈਣ ਆਉਂਦੇ। ਉਨ੍ਹਾਂ ਦੇ ਬੈਠਿਆਂ ਹੀ ਇਕ ਵੇਰਾਂ ਡਾਕ ਆਈ। ਅਣਖੋਲ੍ਹੀ ਹੀ ਮੇਜ਼ ਉਤੇ ਰੱਖ ਮੈਂ ਉਨ੍ਹਾਂ ਦੀ ਦਵਾਈ ਬਣਾਉਣ ਅੰਦਰ ਚਲੀ ਗਈ। ਹੱਥ ਵਿਚ ਸ਼ੀਸ਼ੀ ਫੜੀ ਜਦੋਂ ਪਰਤੀ ਤਾਂ ਉਨ੍ਹਾਂ ਨੇ ਹੱਸਦਿਆਂ-ਹੱਸਦਿਆਂ ਇਕ ਟਿਕਟ ਫੜਾਉਂਦਿਆਂ ਮੈਨੂੰ ਆਖਿਆ: 'ਔਹ ਲਓ ਕਾਨਾ ਜੀ, ਇਹ ਟਿਕਟ ਤੁਸੀਂ ਮੁੜ ਵਰਤ ਸਕਦੇ ਹੋ। ਇਸ ਉਪਰ ਡਾਕ ਦੀ ਮੋਹਰ ਨਹੀਂ ਲੱਗੀ ਹੋਈ।'

ਪਹਿਲਾਂ ਵੀ ਇੰਜ ਹੁੰਦਾ ਹੋਵੇਗਾ ਪਰ ਮੇਰਾ ਇਸ ਪਾਸੇ ਕਦੇ ਧਿਆਨ ਨਹੀਂ ਸੀ ਗਿਆ। ਉਸ ਦਿਨ ਤੋਂ ਮਗਰੋਂ ਮੈਂ ਲੈਟਰ ਬਾਕਸ 'ਚੋਂ ਡਾਕ ਕੱਢਦਿਆਂ ਸਭ ਤੋਂ ਪਹਿਲਾਂ ਲਿਫ਼ਾਫ਼ਿਆਂ ਦੀਆਂ ਟਿਕਟਾਂ ਵਲ ਹੀ ਵੇਖਦੀ ਕਿ ਉਹ ਮੁਹਰ-ਬੱਧ ਹਨ ਜਾਂ ਨਹੀਂ, ਤੇ ਬੇਮੋਹਰੀਆਂ ਟਿਕਟਾਂ ਇਕਦਮ ਲਾਹ ਲੈਂਦੀ। ਇਹ ਸਾਰੀਆਂ ਟਿਕਟਾਂ ਇਕ ਲਿਫ਼ਾਫ਼ੇ ਵਿਚ ਸੰਭਾਲ ਲੈਂਦੀ, ਵੇਲੇ ਕੁਵੇਲੇ ਲਈ। ਜਿਸ ਦਿਨ ਚਵੰਨੀ, ਅਠੰਨੀ ਜਾਂ ਰੁਪਏ ਦੋ ਦੀ ਵਾਧੂ ਕਮਾਈ ਹੋ ਜਾਂਦੀ, ਮਨ ਖੁਸ਼ ਹੁੰਦਾ। ਮੁਫ਼ਤ ਦੀ ਕਮਾਈ ਦਾ ਆਪਣਾ ਹੀ ਨਸ਼ਾ ਹੈ, ਬਚਪਨ ਵਿਚ ਪੁੱਠੇ ਹੱਥ 'ਤੇ ਲਏ ਕੁਲਫ਼ੀ ਦੇ ਡੂੰਗੇ ਵਰਗਾ ਮਜ਼ਾ।

ਹਰ ਟਿਕਟ ਲਾਹੁਣ ਵੇਲੇ ਉਸ ਸਤਿਕਾਰਤ ਸਾਹਿਤਕਾਰ ਦੀ ਯਾਦ ਵੀ ਉਸੇ ਤਰ੍ਹਾਂ ਹੀ ਆਉਂਦੀ ਰਹੀ ਹੈ ਜਿਸ ਤਰ੍ਹਾਂ ਹਰ ਚਰਨ-ਚੁੰਮਣ ਵੇਲੇ ਅੰਮ੍ਰਿਤਾ ਦੀ। ... ਤੇ ਮੈਂ ਮਨ ਹੀ ਮਨ ਮੁਸਕਰਾ ਪੈਂਦੀ ਹਾਂ।

ਲੇਖਕ, ਕਵੀ ਜਾਂ ਕਲਾਕਾਰ ਕਿੱਥੇ-ਕਿੱਥੇ, ਕਿਸ-ਕਿਸ ਦੇ ਅੰਦਰ ਜੀ ਰਹੇ ਹੁੰਦੇ ਹਨ, ਸਾਹੋ-ਸਾਹ, ਘੁੱਟੋ-ਘੁੱਟ, ਘੜੀਓ-ਘੜੀ। ਪ੍ਰੇਤ ਜਾਂ ਦੇਵ-ਰੂਪ ਉਹ ਕੀ ਜਾਣਨ। ਉਨ੍ਹਾਂ ਦੇ ਤਾਂ ਚਿੱਤ ਚੇਤੇ ਵੀ ਨਹੀਂ ਹੁੰਦਾ ਕਿ ਉਨ੍ਹਾਂ ਦਾ 'ਚੱਪਾ ਚੰਨ ਤੇ ਮੁੱਠ ਕੁ ਤਾਰੇ' ਕਿਸ-ਕਿਸ ਦਾ ਅਸਮਾਨ ਮਲ ਬੈਠੇ ਹੁੰਦੇ ਨੇ।



ਆਪਣੀ ਇਕ ਕਵਿਤਾ ਦੀ ਰਿਕਾਰਡਿੰਗ ਵੇਲੇ ਅੰਮ੍ਰਿਤਾ।

ਲੇਖਕ ਲਿਖਦੇ ਹਨ ਤੇ ਬਸ ਲਿਖਦੇ ਹਨ- ਆਪਣੀਆਂ, ਇਕ ਦੂਜੇ ਦੀਆਂ ਜੀਵਨੀਆਂ, ਰੇਖਾ-ਚਿੱਤਰ, ਸ਼ਰਧਾਂਜਲੀਆਂ। ਇਹ ਸਭ ਕੁਝ ਕਿਸ ਹੱਦ ਤੱਕ ਸਹੀ ਹੁੰਦਾ ਹੈ ਤੇ ਕਿਸ ਹੱਦ ਤੱਕ ਭਾਜੀਆਂ ਦਾ ਆਦਾਨ-ਪ੍ਰਦਾਨ, ਕੌਣ ਜਾਣੇ। ਅਸਲੀ ਸ਼ਲਾਘਾ ਗੁੰਗੀ ਹੀ ਹੁੰਦੀ ਹੈ, ਪਾਠਕ ਮਨਾਂ 'ਚ। ਅਬੋਲ! ਅਸ਼ਬਦ, ਅਥਾਹ! ਸਦੀਵੀ ਸਹਿਕ!

ਅੰਮ੍ਰਿਤਾ ਵਾਲੇ ਲਿਫ਼ਾਫ਼ੇ ਦੇ ਟਿਕਟ ਉਪਰ ਵੀ ਡਾਕ-ਮੋਹਰ ਨਹੀਂ ਸੀ ਲੱਗੀ ਹੋਈ ਪਰ ਉਹ ਮੈਂ ਲਾਹ ਨਾ ਸਕੀ। ਉਹ ਉਸੇ ਤਰ੍ਹਾਂ ਹੀ ਮੇਰੇ ਅਨਮੋਲ ਪੱਤਰਾਂ ਦੀ ਫਾਈਲ ਵਿਚ ਉਸ ਦੇ ਖ਼ਤ ਨਾਲ ਨੱਥੀ ਕੀਤਾ ਹੋਇਆ ਸਾਂਭਿਆ ਪਿਆ ਹੈ। ਅੰਮ੍ਰਿਤਾ ਨੇ ਲਿਖਿਆ ਸੀ, 'ਪਿਆਰੀ ਕਾਨਾ, ਚਿੱਤ ਚੇਤਾ ਸਿਲਸਿਲੇ ਦੀ ਕੜੀ ਵਿਚ ਤੇਰਾ ਲੇਖ ਮਿਲਿਆ। ਬੜੇ ਅਹਿਸਾਸ ਨਾਲ ਲਿਖਿਆ ਹੈ। ਛਾਪ ਰਹੀ ਹਾਂ- ਅੰਮ੍ਰਿਤਾ ਪ੍ਰੀਤਮ।

ਉਸ ਆਪਣੀ ਕਲਮ ਦੀ ਚੁੰਝ ਨਾਲ ਮੇਰਾ ਨਾਂ ਫੜਿਆ! ਉਹ ਮੈਨੂੰ ਜਾਣ ਗਈ ਸੀ, ਮੇਰੀ ਰਚਨਾ ਰਾਹੀਂ! 'ਪਿਆਰੀ ਕਾਨਾ' ਆਖ ਕੇ ਮੇਰੇ ਨਾਂ ਨਾਲੋਂ ਸਿੰਘ ਲਾਹ ਕੇ ਉਸ ਮੈਨੂੰ ਅਪਣੱਤ ਦਾ ਅਹਿਸਾਸ ਦਿਵਾਇਆ ਸੀ। ਮੈਂ ਗਦਗਦ ਹੋ ਗਈ।

'ਤੁਸੀਂ ਆਪ ਖ਼ਤ ਲਿਖੋਗੇ ਤੇ ਉਹ ਵੀ ਇੰਨੇ ਨਿੱਘੇ ਸੰਬੋਧਨ ਨਾਲ? ਇਸ ਦੀ ਤਾਂ ਮੈਂ ਕਲਪਨਾ ਵੀ ਨਹੀਂ ਸਾਂ ਕਰ ਸਕਦੀ। ਮੈਨੂੰ ਤਾਂ ਕਿਸੇ ਕਲਰਕ ਦੀ ਹੱਥ-ਲਿਖਤ ਜਾਂ ਟਾਈਪ ਕੀਤੀ ਹੋਈ ਰਸਮੀ ਜਿਹੀ ਪ੍ਰਵਾਨਗੀ/ਅਪ੍ਰਵਾਨਗੀ ਦੀ ਸੂਚਨਾ ਮਾਤਰ ਦੀ ਹੀ ਉਡੀਕ ਸੀ।' ਮੇਰੇ ਧੰਨਵਾਦੀ ਜੁਆਬ ਪੱਤਰ ਦਾ ਇਹ ਮਜ਼ਮੂਨ ਸ਼ਾਇਦ ਅੰਮ੍ਰਿਤਾ ਤੱਕ ਹਾਲੇ ਅੱਪੜਿਆ ਵੀ ਨਹੀਂ ਹੋਣਾ ਕਿ ਇਧਰੋਂ ਆਰਸੀ ਵਲੋਂ ਵੀ ਆਉਂਦੇ ਪਰਚੇ ਵਿਚ ਲੇਖ ਛਪਣ ਦੀ ਸੂਚਨਾ ਆ ਗਈ। ਰੱਬ ਸਬੱਬੀਂ ਉਸੇ ਦਿਨ ਮਿਲਣ ਆਏ ਇਕ-ਦੋ ਲੇਖਕਾਂ ਨਾਲ ਮੈਂ ਇਸ ਦਾ ਜ਼ਿਕਰ ਕੀਤਾ।

'ਉਹ ਬੜੀ ਟੱਚੀ ਹੈ, ਹੁਣ ਸਾਰੀ ਉਮਰ ਨਾਰਾਜ਼ ਰਹੇਗੀ ਤੇਰੇ ਨਾਲ।' ਉਨ੍ਹਾਂ ਕਿਹਾ।

'ਕਿਹੜੀ ਉਮਰ?'... ਕੀ ਅੰਮ੍ਰਿਤਾ ਕਿਸੇ ਉਮਰ ਦੀ ਹੱਦ ਤੱਕ ਸੀਮਿਤ ਹੈ? ਮੈਂ ਸੋਚ ਰਹੀ ਸਾਂ।

'ਝੱਲੀਏ, ਇਕੋ ਰਚਨਾ ਦੋ ਪਰਚਿਆਂ ਵਿਚ ਨਹੀਂ ਭੇਜੀਦੀ... ਪ੍ਰੈਸ ਵਿਚ ਭੇਜ ਦਿੱਤਾ ਸੀ। ਵਾਪਸ ਮੰਗਾ ਲਿਆ ਹੈ।' ਰਾਜ ਸਭਾ ਦੇ ਪੈਡ ਵਾਲੇ ਇਸ ਦੂਜੇ ਪੱਤਰ ਵਿਚ ਅੰਮ੍ਰਿਤਾ ਵੱਲੋਂ ਮਿੱਠੀ ਜਿਹੀ ਤਾੜਨਾ ਜ਼ਰੂਰ ਸੀ, ਪਰ ਗੁੱਸਾ ਨਹੀਂ। ਸਾਹਿਤਕ ਖੇਤਰ ਵਿਚ ਅੰਮ੍ਰਿਤਾ ਪ੍ਰਤੀ ਇਕ ਰੋਸ ਅਕਸਰ ਹੀ ਸੁਣਦੀ ਰਹੀ ਮੈਂ, ਕਿ ਪੰਜਾਬ ਦੀ ਤ੍ਰਾਸਦੀ ਉਪਰ ਉਸ ਇਕ ਸਤਰ ਨਾ ਲਿਖੀ। 'ਅੱਜ ਆਖਾਂ ਵਾਰਿਸ ਸ਼ਾਹ ਨੂੰ...' ਦੀ ਵੰਗਾਰ ਵਾਲੀ ਅੰਮ੍ਰਿਤਾ ਖ਼ਾਮੋਸ਼ ਰਹੀ। ਇਹ ਕਿੱਥੋਂ ਤੱਕ ਸੱਚ ਹੈ?... ਮੈਂ ਸੋਚਦੀ।

ਇੰਨੀ ਹਸਾਸ ਔਰਤ ਕਿਵੇਂ ਬੇਲਾਗ ਰਹਿ ਸਕੀ? ਜੇ ਰਹਿ ਸਕੀ ਤਾਂ ਕੀ ਅਥਾਹ ਸਦਮੇ ਦੀ ਹਾਲਤ ਵਿਚ ਸੁੰਨ ਅਵਸਥਾ ਕਾਰਨ? ਜਿੰਨਾ ਵੀ ਸਾਹਿਤ ਉਸ ਤ੍ਰਾਸਦੀ ਦੌਰਾਨ ਲਿਖਿਆ ਗਿਆ, ਕੀ ਉਸ ਵਿਚੋਂ ਬਹੁਤਾ ਪੇਤਲਾ, ਉਪਭਾਵਕ, ਰਿਵਾਜੀ ਜਾਂ ਬਦੋਬਦੀ ਦਾ ਨਹੀਂ ਸੀ? ਕੌਣ ਤੇ ਕਿੰਨਾ ਕੁਝ ਸਮਝ ਸਕਿਆ ਹੈ, ਪੰਜਾਬ ਦੀ ਸਮੱਸਿਆ ਤੇ ਉਸ ਦੀ ਤ੍ਰਾਸਦੀ ਨੂੰ?

ਕਹਾਵਤ ਹੈ, ਭੈੜੇ ਰੋਣੇ ਤੋਂ ਚੁੱਪ ਭਲੀ...।

---

ਮੈਂ ਅੰਮ੍ਰਿਤਾ ਨੂੰ ਇਹ ਵੀ ਲਿਖਿਆ ਸੀ ਕਿ ਮੈਂ ਅਗਲੇ ਮਹੀਨੇ ਦੀ ਫੇਰੀ ਦੌਰਾਨ ਉਸ ਨੂੰ ਮਿਲਣ ਜਾਵਾਂਗੀ। ਜੁਲਾਈ ਤੇ ਅਗਸਤ ਦੇ ਪੂਰੇ ਦੋ ਮਹੀਨੇ ਮੈਂ ਨੋਇਡਾ ਦੇ ਮਕਾਨ ਦੀ ਮੁੱਢਲੀ ਉਸਾਰੀ ਕਾਰਨ ਉਥੇ ਹੀ ਸਾਂ, ਪਰ ਨਾ ਮਿਲੀ। ਇੰਨੀ ਤਪਸ਼ ਨਾਲ ਝੁਲਸਦੇ ਮੌਸਮ ਵਿਚ ਅੰਮ੍ਰਿਤਾ ਨੂੰ ਮਿਲਾਂ? ਨਾ! ਨਾ! ਕੰਧਾਂ ਦੀ ਚਿਣਾਈ, ਮਿੱਟੀ ਘੱਟਾ, ਸੀਮਿੰਟ ਸਰੀਆ, ਇੱਟਾਂ ਰੋੜੇ ਤੇ ਚਿੱਕੜ ਗਾਰਿਆਂ ਦੀ ਦਲਦਲ ਵਿਚ ਫਸੀ ਹੋਈ ਹਾਲੋਂ-ਬੇਹਾਲ ਤੇ ਅੰਮ੍ਰਿਤਾ ਨੂੰ ਮਿਲਾਂ? ਨਹੀਂ! ਨਹੀਂ!

ਇਕ ਖਾਲਮਖ਼ਾਲੀ ਇਮਾਰਤ ਦੀ ਬਰਸਾਤੀ ਵਿਚ ਰਹਿੰਦੀ, ਸਟੋਵ ਉਤੇ ਰੋਟੀਆਂ ਲੂੰਹਦੀ, ਕਦੇ ਢਾਬਿਆਂ 'ਤੇ ਖਾਂਦੀ, ਤੇ ਕਦੇ ਫ਼ਾਕੇ ਕੱਟਦੀ, ਪਾਟੀਆਂ ਖਰ੍ਹਵੀਆਂ ਅੱਡੀਆਂ ਤੇ ਘਸੀਆਂ ਘਸਮੈਲੀਆਂ ਚੱਪਲਾਂ ਧਰੀਕਦੀ ਮੈਂ ਅੰਮ੍ਰਿਤਾ ਨੂੰ ਮਿਲਣ ਜਾਵਾਂ? ਛੀ! ਛੀ!

---

ਇਕ ਬਜ਼ੁਰਗ ਸਾਹਿਤਕਾਰ ਕੋਲ ਬੈਠੀ ਸਾਂ, ਨੋਇਡਾ। ਉਨ੍ਹਾਂ ਅੰਮ੍ਰਿਤਾ ਦਾ ਨੰਬਰ ਘੁਮਾਇਆ।

'ਗੱਲ ਕਰੇਂਗੀ?' ਉਨ੍ਹਾਂ ਪੁੱਛਿਆ।

ਕੀਕੂੰ ਦੱਸਦੀ ਕਿ ਜਦ ਤਕ ਮੈਂ ਸੁਹਣੀ ਤਰ੍ਹਾਂ ਵਾਲ ਨਾ ਵਾਹੇ ਹੋਣ, ਸਾਫ਼-ਸੁਥਰੀ ਫੱਬਵੀਂ ਪੁਸ਼ਾਕ ਨਾ ਪਾਈ ਹੋਵੇ, ਮੇਰੇ ਹੋਠਾਂ ਉਤੇ ਗੁਲਾਬੀ ਭਾਅ ਨਾ ਹੋਵੇ, ਭਿੰਨੀ-ਭਿੰਨੀ, ਤਾਜ਼ੀ-ਤਾਜ਼ੀ ਮੇਰੀ ਸੁਗੰਧ ਨਾ ਹੋਵੇ ਅਤੇ ਸ਼ੀਸ਼ਾ ਮੈਨੂੰ ਪਿਆਰ ਦਾ ਹੁੰਗਾਰਾ ਨਾ ਭਰੇ, ਮੈਂ ਤਾਂ ਕਿਸੇ ਵੀ ਸਨੇਹੀ ਮਿੱਤਰ ਨੂੰ ਫੋਨ ਨਹੀਂ ਕਰ ਸਕਦੀ, ਖ਼ਤ ਨਹੀਂ ਲਿਖ ਸਕਦੀ ਤੇ ਫਿਰ ਅੰਮ੍ਰਿਤਾ ਨੂੰ? ਅਸੰਭਵ!

ਚੰਗਿਆਂ ਪਿਆਰਿਆਂ ਨਾਲ ਗੁਫ਼ਤਗੂ ਕਰਨੀ ਜਾਂ ਖ਼ਤ ਲਿਖਣਾ ਮੇਰੇ ਲਈ ਇਬਾਦਤ ਦਾ ਆਲਮ ਹੈ। ਘਰ, ਆਲਾ-ਦੁਆਲਾ, ਆਪਣੀ ਸਗਲੀ ਹੋਂਦ ਨੂੰ ਸਮੇਟ-ਸੁਆਰ, ਸਜਾ ਕੇ ਹੀ ਮੈਂ ਦੀਦਾਰ ਕਰ ਸਕਦੀ ਹਾਂ ਉਨ੍ਹਾਂ ਦੇ। ਫ਼ੋਨ ਕਰਾਂ ਜਾਂ ਚਿੱਠੀ ਪਾਵਾਂ, ਉਹ ਮੇਰੇ ਸਾਹਮਣੇ ਹੁੰਦੇ ਹਨ। ਕੋਲ, ਨਾਲ, ਸਾਹਵੇਂ, ਸਾਕਾਰ ਤੇ ਸ਼ਾਇਦ ਇਸੇ ਲਈ ਬਿਨਾਂ ਫੱਬੇ-ਸੰਵਰੇ ਮੈਥੋਂ ਸਾਹਿਤ ਸਿਰਜਣਾ ਹੋਣੀ ਵੀ ਅਸੰਭਵ ਹੈ।

ਹਿੱਸੇ ਬੁਝੇ ਸਾਡੇ ਨਕਸ਼ਾਂ ਉਪਰ  
ਚੁੰਮਣ-ਰਸ ਵਰਸਾਇਓ ਨਾ  
ਪ੍ਰਭ ਜੀ ਅੰਗ ਲਗਾਇਓ ਨਾ

...

ਜਦੂੰ ਨਵਾਂ ਫਿਰ ਜਨਮ ਹੋਵਸੀ  
ਸੱਜਰਾ ਸੁੱਚੜਾ ਰੂਪ ਥੀਵਸੀ  
ਹਰ ਇਕ ਅੰਗ ਸਾਡਾ  
ਬੁਲ੍ਹ ਬੁਲ੍ਹ ਹੋਸੀ  
ਹਰ ਇਕ ਬੁਲ੍ਹ ਫਿਰ  
ਡੁਲ੍ਹ ਡੁਲ੍ਹ ਪਉਸੀ  
ਰੁੱਤ ਬਸੰਤੀ ਰੁੱਤ ਬਹਾਰ  
ਚੜ੍ਹਸੀ ਜੋਬਨ ਬੇਸ਼ੁਮਾਰ  
ਫੁੱਟ ਫੁੱਟ ਪੈਣਾ ਅੰਗ ਰਸ ਓਦਣ  
ਪੀਨਿਆਂ ਹੋਠ ਹਟਾਇਓ ਨਾ  
ਫਿਰ ਆਇਓ ਤੈ ਜਾਇਓ ਨਾ...

ਰੁੱਤ ਆਪਣਾ ਭੇਸ ਵਟਾ ਰਹੀ ਸੀ। ਮੌਸਮ ਠੰਢਾ-ਕੋਸਾ, ਚੰਗਾ ਚੰਗੇਰਾ।

"ਛੇਤੀ ਹੀ ਮਕਾਨ 'ਘਰ' ਬਣ ਜਾਵੇਗਾ, ਤੇ ਉਸ ਵਿਚ ਕੁਝ ਦਿਨ ਰਹਿ ਕੇ ਮੈਂ ਸੁਸਤਾਵਾਂਗੀ, ਅਲਸਾਵਾਂਗੀ, ਨਿਖਰਾਂਗੀ"... ਮੈਂ ਸੋਚਦੀ:

ਫਗਣੇ ਚੇਤਰੇ ਨੀ ਬਹਾਰ ਹੋਸੀ ਖਿੜੀ ਖਿੜੀ ਅਰ ਰੂਹ ਅਲਾਸੀ।

ਚਰਨ ਤੇਰੇ ਸੁੱਚੇ/ਹੋਠ ਮੇਰੇ ਜੂਠੇ...  
ਤੇ ਮੈਂ ਮਿਲਣ ਵੈਸਾਂ ਅੰਮ੍ਰਿਤਾ ਨੂੰ...  
ਰੱਬ ਖੈਰ ਕਰੇ/ਰੱਬ ਖੈਰ ਕਰੇ...  
ਮੈਂ ਗੁਣਗੁਣਾਉਂਦੀ ਰਹੀ! ...

*(ਸਮਾਪਤ)*

# ਬੰਦੇ ਕਰਮ ਤੋਂ ਪਛਾਣਿਆ ਕਰ ਬੰਦਿਆ...

*(ਸਫਾ 29 ਦੀ ਬਾਕੀ)*

ਯਾਰ ਕਹਿੰਦਾ, "ਤੂੰ ਪਾਗਲ ਤਾਂ ਨਹੀਂ ਹੋ ਗਈ। ਸ਼ਿੰਦੀ ਘਰੇ ਉਡੀਕਿਆ ਕਰੂ, ਤੇ ਇਹ ਕਿਸੇ ਦੀ ਮੱਝ ਵਿਕਾਉਣ ਮੰਡੀ ਤੁਰਿਆ ਫਿਰੂ।"

"ਨਹੀਂ ਜੀ, ਇਸ ਤਰ੍ਹਾਂ ਨਹੀਂ ਹੁੰਦਾ। ਜਦੋਂ ਬੰਦੇ ਦੇ ਘਰ ਜਨਾਨੀ ਹੁੰਦੀ ਹੈ, ਫਿਰ ਉਹ ਬਾਹਰ ਨੂੰ ਤੁਰਿਆ ਨਹੀਂ ਰਹਿੰਦਾ, ਸਗੋਂ ਆਪਣੇ ਘਰ-ਗ੍ਰਹਿਸਥੀ ਜੀਵਨ ਵਿਚ ਢਲ ਜਾਂਦਾ ਹੈ।" ਦੇਬੂ ਦੀ ਘਰ ਵਾਲੀ ਸਿਆਣਾ ਉਤਰ ਦੇ ਗਈ, ਪਰ ਦੇਬੂ ਫਿਰ ਵੀ ਨਾ ਮੰਨਿਆ। ਸੰਪੂਰਨ ਸਿੰਘ ਦਾ ਤਾਇਆ ਵੀ ਜਹਾਨੋਂ ਚਲਿਆ ਗਿਆ। ਤਾਈ ਦੀ ਅੱਖਾਂ ਦੀ ਰੋਸ਼ਨੀ ਤਾਂ ਚਲੀ ਗਈ, ਪਰ ਆਕੜ ਵਾਲਾ ਵੱਟ ਨਾ ਮਰਿਆ। ਉਹਨੇ ਸੰਪੂਰਨ ਸਿੰਘ ਨੂੰ ਇਕ ਦਿਨ ਵੀ 'ਪੁੱਤ' ਕਹਿ ਨਾ ਬੁਲਾਇਆ। ਉਹਦੀ ਉਮਰ ਵਧਦੀ ਗਈ, ਪਰ ਕਿਸੇ ਨੇ ਛੁਹਾਰਾ ਮੂੰਹ ਨਾ ਪਾਇਆ। ਉਹਨੇ ਆਪ ਵੀ ਕਿਸੇ ਨੂੰ ਰਿਸ਼ਤੇ ਬਾਰੇ ਨਹੀਂ ਕਿਹਾ। ਉਹ ਕਹਿ ਛੱਡਦਾ, 'ਜੇ ਸਾਡੇ ਕਰਮਾਂ ਵਿਚ ਲਿਖੀ ਹੋਊ, ਤਾਂ ਜ਼ਰੂਰ ਮਿਲ ਜਾਊ' ਪਰ ਸ਼ਾਇਦ ਨਹੀਂ ਸੀ ਲਿਖੀ।

ਕਹਿੰਦੇ... ਇਕ ਵਾਰ ਹੜ੍ਹ ਆ ਗਏ। ਸਾਉਣੀ ਦੀ ਫਸਲ ਤਬਾਹ ਹੋ ਗਈ। ਜਿਸ ਬੰਦੇ ਨੇ ਸੰਪੂਰਨ ਸਿੰਘ ਦੀ ਜ਼ਮੀਨ ਮਾਮਲੇ 'ਤੇ ਲਈ ਹੋਈ ਸੀ, ਉਹ ਕਹਿੰਦਾ ਕਿ ਸੰਪੂਰਨ ਸਿਆਂ! ਐਤਕੀਂ ਮੈਂ ਸਾਉਣ ਦਾ ਮਾਮਲਾ ਨਹੀਂ ਦੇਣਾ, ਸਾਰੀ ਫਸਲ ਤਾਂ ਤਬਾਹ ਹੋ ਗਈ ਐ। ਅੱਗਿਉਂ ਸੰਪੂਰਨ ਸਿੰਘ ਕਹਿੰਦਾ, "ਤਾਇਆ ਤੂੰ ਹਾੜ੍ਹੀ ਦਾ ਮਾਮਲਾ ਵੀ ਨਾ ਦੇਈਂ, ਸਾਰਾ ਸਾਲ ਤੈਨੂੰ ਮੁਆਫ਼।" ਉਹ ਬੰਦਾ ਸੰਪੂਰਨ ਸਿੰਘ ਦੇ ਪੈਰੀਂ ਹੱਥ ਲਾਉਣ ਲਈ ਅਹੁਲਿਆ ਤਾਂ ਸੰਪੂਰਨ ਸਿੰਘ ਨੇ ਉਸ ਦੀਆਂ ਬਾਹਾਂ ਫੜ ਲਈਆਂ, "ਤਾਇਆ, ਇਹ ਕੀ ਕਰਦਾਂ।" ਉਸ ਸਾਲ ਬਾਕੀ ਕਿਸੇ ਨੇ ਵੀ ਕਿਸੇ ਨੂੰ ਮਾਮਲਾ ਨਹੀਂ ਸੀ ਛੱਡਿਆ।

ਫਿਰ ਸੰਪੂਰਨ ਸਿੰਘ ਦੀ ਜ਼ਿੰਦਗੀ ਵਿਚ ਨਵਾਂ ਮੋੜ ਆ ਗਿਆ। ਜਦੋਂ ਸਿੱਖ ਕੌਮ ਆਪਣਾ ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਵਸ ਮਨਾ ਰਹੀ ਸੀ, ਉਹਨੂੰ ਕਿਸੇ ਮਹਾਂਪੁਰਸ਼ ਨੇ ਕਿਹਾ ਕਿ ਅੱਜ ਦੇ ਦਿਨ ਖਾਲਸਾ ਸਾਜਿਆ ਸੀ, ਤੂੰ ਵੀ ਖਾਲਸਾ ਸਜ ਜਾ, ਗੁਰੂ ਵਾਲਾ ਬਣ ਜਾ, ਤੇਰਾ ਜੀਵਨ ਸਫ਼ਲਾ ਹੋ ਜਾਊ। ਸੰਪੂਰਨ ਸਿੰਘ ਦੇ ਗੱਲ ਖਾਨੇ ਪੈ ਗਈ, ਤੇ ਉਹ ਸਿੰਘ ਸਜ ਗਿਆ। ਹੌਲੀ-ਹੌਲੀ ਉਹਨੇ ਗੁਰਬਾਣੀ ਦੀ ਸਿੱਖਿਆ ਲੈ ਲਈ ਤੇ ਪਾਠੀ ਬਣ ਗਿਆ। ਨਾ ਤਾਂ ਉਹ ਸਹਿਜ ਪਾਠ ਦੀ ਭੇਟਾ ਲੈਂਦਾ ਸੀ, ਨਾ ਅਖੰਡ ਪਾਠ ਦੀਆਂ ਰੌਲਾਂ ਦੀ ਭੇਟਾ ਘਰ ਲਿਆਉਂਦਾ ਸੀ। ਚੌਦਾਂ ਸਾਲ ਉਹਨੇ ਨਿਸ਼ਕਾਮ ਸੇਵਾ ਕੀਤੀ। ਉਹ ਲੋਕ ਭਲਾਈ ਵੀ ਕਰਦਾ ਰਿਹਾ; ਜਿਥੇ ਉਹਦੀ ਲੋੜ ਹੁੰਦੀ, ਖੜ੍ਹਦਾ ਰਿਹਾ। ਹੁਣ ਉਹਨੂੰ ਸਾਰੇ ਬਾਬਾ ਜੀ ਕਹਿਣ ਲੱਗ ਗਏ ਸਨ। ਉਹਦਾ ਬਿਰਧ ਹੋ ਰਿਹਾ ਸਰੀਰ ਹੋਰ ਵੀ ਸੋਹਣਾ ਲੱਗਦਾ। ਚਿੱਟਾ ਦਾੜ੍ਹਾ, ਸੰਤਰੀ ਪੱਗ, ਗਲ ਨੀਲਾ ਹਜ਼ੂਰੀਆ ਤੇ ਚਿੱਟਾ ਚੋਲਾ। ਮੁੱਖ 'ਤੇ ਨੂਰ ਚਮਕਦਾ। ਮਨ ਨਾਲ ਪੜ੍ਹੀ ਹੋਈ ਗੁਰਬਾਣੀ ਮੁੱਖ ਤੋਂ ਸਾਫ਼ ਪੜ੍ਹੀ ਜਾਂਦੀ ਸੀ।

ਇਕ ਦਿਨ ਸੰਪੂਰਨ ਸਿੰਘ ਗੁਰਦੁਆਰਿਉਂ ਆ ਰਿਹਾ ਸੀ। ਦੇਬੂ ਨੇ ਫਤਿਹ ਬੁਲਾ ਕੇ ਅੰਦਰ ਆਉਣ ਲਈ ਕਿਹਾ। ਸੰਪੂਰਨ ਸਿੰਘ ਅੰਦਰ ਚਲਿਆ ਗਿਆ। ਬੈਠਦਿਆਂ ਹੀ ਦੇਬੂ ਨੇ ਕਿਹਾ, "ਬਾਬਾ ਜੀ, ਆਪਣੀ ਭਰਜਾਈ ਨੂੰ ਸਮਝਾਓ, ਮੈਂ ਆਪਣੀ ਧੀ ਦਾ ਰਿਸ਼ਤਾ ਮੜ੍ਹੀ ਵਾਲੇ ਸੰਤ ਨਾਲ ਕਰਨ ਲੱਗਿਆਂ, ਪਰ ਇਹ ਮੰਨਦੀ ਨਹੀਂ। ਕਹਿੰਦੀ, ਮੈਂ ਉਸ ਲੁੱਚੜ ਸੰਤ ਨਾਲ ਆਪਣੀ ਧੀ ਨਹੀਂ ਵਿਆਹੁਣੀ। ਕੋਈ ਦਾਜ-ਦਹੇਜ ਨਹੀਂ, ਸਿਰਫ਼ ਤਿੰਨ ਕੱਪੜਿਆਂ ਵਿਚ ਧੀ ਤੋਰਨੀ ਐ।" ਦੇਬੂ ਨੇ ਗੱਲ ਮੁਕਾਈ।

"ਕਿਉਂ ਭਾਈ ਬੀਬਾ, ਕੀ ਗੱਲ ਐ?" ਸੰਪੂਰਨ ਸਿੰਘ ਨੇ ਪੁੱਛਿਆ।

"ਬਾਬਾ ਜੀ ਉਹ ਸੰਤ ਨਹੀਂ, ਨਿਰਾ ਗੰਦਾ ਹੈ। ਮੈਨੂੰ ਪਤਾ ਹੈ, ਉਥੇ ਕੀ ਹੁੰਦਾ ਹੈ। ਇਹ ਤਾਂ ਸ਼ਰਾਬ ਪੀ ਕੇ ਧੌਣ ਸੁੱਟ ਜਾਂਦਾ ਹੈ, ਸਾਰਾ ਪਿੰਡ ਕਹਿੰਦਾ ਹੈ ਕਿ ਉਹ ਹਰ ਸੋਹਣੀ ਕੁੜੀ ਦੇ ਘਰਦਿਆਂ ਨੂੰ ਵਿਆਹ ਦਾ ਲਾਲਚ ਦੇ ਕੇ ਕੁੜੀਆਂ ਨਾਲ ਹੱਦ ਟੱਪ ਜਾਂਦਾ। ਜੇ ਕੋਈ ਰੌਲਾ ਪਾਉਣ ਦੀ ਕੋਸ਼ਿਸ਼ ਕਰਦਾ, ਤਾਂ ਸਰਕਾਰ-ਦਰਬਾਰ ਦਾ ਡਰਾਵਾ ਦੇ ਦਿੰਦਾ। ਆਪਣੇ ਆਪ ਨੂੰ ਤਾਂ ਉਹ ਸੰਤ ਅਖਵਾਉਂਦਾ ਹੈ, ਪਰ ਹੈ ਉਹ ਬਲਾਤਕਾਰੀ। ਮੈਂ ਆਪਣੀ ਧੀ ਉਸ ਨਾਲ ਨਹੀਂ ਤੋਰਨੀ।" ਨਾਲ ਹੀ ਉਹ ਬੋਲੀ, "ਮੈਨੂੰ ਦੱਸੋ ਬਾਬਾ ਜੀ, ਤੁਹਾਡੇ ਵਿਚ ਕਿਹੜੀ ਕਮੀ-ਪੇਸ਼ੀ ਸੀ। ਤੁਹਾਨੂੰ ਮੈਂ ਆਪਣੀ ਭੈਣ ਸ਼ਿੰਦੀ ਦਾ ਰਿਸ਼ਤਾ ਕਰਵਾਉਂਦੀ ਸੀ ਪਰ ਆਹ ਤੁਹਾਡਾ ਭਰਾ ਨਹੀਂ ਮੰਨਿਆ। ਕਹਿੰਦਾ, ਵਿਹਲੜ ਐ, ਸ਼ਿੰਦੀ ਭੁੱਖੀ ਮਾਰਨੀ ਐ। ਲੋਕਾਂ ਦੇ ਧੰਦੇ ਸੰਵਾਰਦਾ ਫਿਰਦਾ।... ਪੁੱਛੋ ਇਹਨੂੰ, ਉਸ ਵਕਤ ਤਾਂ ਇਸ ਨੂੰ ਅਸਲੀ ਦੇਵਤਾ ਦਿਖਾਈ ਨਹੀਂ ਦਿੱਤਾ, ਤੇ ਅੱਜ ਇਹਨੂੰ ਨਕਲੀ ਸੰਤ ਰੱਬ ਦਿਖਾਈ ਦਿੰਦੇ ਆ। ਡੇਰਿਆਂ ਵੱਲ ਤੀਵੀਆਂ ਆਪ ਨਹੀਂ ਡਾਰਾਂ ਬੰਨ੍ਹ ਕੇ ਜਾਂਦੀਆਂ, ਇਸ ਵਰਗੇ ਧੱਕੇ ਨਾਲ ਤੋਰਦੇ ਆ। ਆਪਣੀਆਂ ਕਮੀਆਂ ਤੀਵੀਆਂ ਗਲ ਮੜ੍ਹਦੇ ਆ।"

ਦੇਬੂ ਆਪਣੀ ਘਰ ਵਾਲੀ ਦੀਆਂ ਸੱਚੀਆਂ ਸੁਣ ਕੇ ਸੰਪੂਰਨ ਸਿੰਘ ਦੇ ਪੈਰੀਂ ਡਿੱਗ ਪਿਆ। ਉਹਨੇ ਉਠ ਕੇ ਹਿੱਕ ਨਾਲ ਲਾਇਆ, ਆਖਿਆ, "ਜੋ ਬੀਤ ਗਿਆ, ਸੋ ਬੀਤ ਗਿਆ। ਅਗਾਂਹ ਵਾਸਤੇ ਸੋਚੋ।"

ਆਪਣੀ ਸਾਦੀ ਤੇ ਸਾਫ਼ ਸੁਥਰੀ ਜ਼ਿੰਦਗੀ ਬਤੀਤ ਕਰਦਾ ਹੋਇਆ ਸੰਪੂਰਨ ਸਿੰਘ ਗੁਰ ਚਰਨਾਂ ਵਿਚ ਜਾ ਬਿਰਾਜਿਆ ਤੇ ਆਪਣੀ ਜ਼ਮੀਨ ਗੁਰਦੁਆਰੇ ਨਾਂ ਕਰਵਾ ਗਿਆ। ਘਰ ਕਿਸੇ ਗਰੀਬ ਨੂੰ ਦੇ ਗਿਆ। ਮੈਂ ਰੋਂਦਾ ਹੋਇਆ ਸੰਪੂਰਨ ਸਿੰਘ ਦੀ ਜ਼ਿੰਦਗੀ ਵਿਚੋਂ ਬਹੁਤ ਕੁਝ ਲੱਭਿਆ। ਜੋ ਕੁਝ ਲੱਭਿਆ, ਉਹ ਅੱਜ ਦੇ ਸੰਤਾਂ ਵਿਚੋਂ ਗਾਇਬ ਹੈ। ਕਈ ਵਾਰ ਅੱਕਾਂ ਦਾ ਦੁੱਧ ਵੀ ਕੰਮ ਆ ਜਾਂਦਾ ਹੈ, ਤੇ ਕਈ ਵਾਰ ਦੁੱਧ ਅੱਕਾਂ ਨਾਲੋਂ ਵੀ ਭੈੜਾ ਨਿਕਲ ਜਾਂਦਾ ਹੈ।

## ਇਹ ਕੀ ਹੋ ਗਿਐ ਹਜ਼ੂਰ

ਤੇਰੇ ਮੁੱਖੜੇ ਦਾ ਨੂਰ!  
ਜਾਪੇਂ ਅਰਸ਼ਾਂ ਦੀ ਹੂਰ।  
ਦੇਖ ਚੜ੍ਹਿਆ ਸਰੂਰ,  
ਇਹ ਕੀ ਹੋ ਗਿਐ ਹਜ਼ੂਰ!  
ਆਵੇ ਸਾਹਾਂ 'ਚੋਂ ਸੁਗੰਧ,  
ਮੁਸਕਾਨ, ਮੰਦ-ਮੰਦ।  
ਪਾਣ ਦਿਲ 'ਚ ਫ਼ਤੂਰ,  
ਇਹ ਕੀ ਹੋ ਗਿਐ ਹਜ਼ੂਰ!  
ਤੈਨੂੰ ਕਰਦਾਂ ਪਿਆਰ,  
ਆਵੇ ਕੋਈ ਵਿਚਕਾਰ।  
ਮੈਨੂੰ ਨਹੀਂ ਮਨਜ਼ੂਰ,  
ਇਹ ਕੀ ਹੋ ਗਿਐ ਹਜ਼ੂਰ!

ਬਾਹਾਂ ਗਲ਼ ਵਿਚ ਪਾ ਕੇ,  
ਮੇਰੇ ਸੀਨੇ ਅੱਗ ਲਾ ਕੇ।  
ਹੁਣ ਰਹੇਂ ਦੂਰ-ਦੂਰ,  
ਇਹ ਕੀ ਹੋ ਗਿਐ ਹਜ਼ੂਰ!  
ਕੀਤਾ ਜਿਗਰਾ ਬਥੇਰਾ,  
ਦਿਲ ਤੋੜੋ ਨਾ ਜੀ ਮੇਰਾ।  
ਨਹੀਂ ਚੰਗਾ ਦਸਤੂਰ,  
ਇਹ ਕੀ ਹੋ ਗਿਐ ਹਜ਼ੂਰ!  
ਆਵੇ ਸਮਝ ਨਾ ਮੈਨੂੰ,  
ਖ਼ਤ ਲਿਖਦਾ ਏ ਤੈਨੂੰ।  
'ਰਾਠੀ' ਹੋ ਕੇ ਮਜਬੂਰ,  
ਇਹ ਕੀ ਹੋ ਗਿਐ ਹਜ਼ੂਰ!

*-ਰਾਠੇਸ਼ਵਰ ਸਿੰਘ ਸੂਰਾਪੁਰੀ*  
*ਫੋਨ: 916-969-9337*

# ਛਾਤੀ 'ਤੇ ਬੈਠਾ ਸ਼ੇਰ

**ਪਹਿਲਵਾਨ ਕਰਤਾਰ ਸਿੰਘ ਨੇ ਕੁਸ਼ਤੀ ਦੀ ਖੇਡ ਵਿਚ ਲੰਮਾ ਸਮਾਂ ਧਾਕ ਬਿਠਾ ਛੱਡੀ। ਉਸ ਨੇ ਅਨੇਕਾਂ ਕੁਸ਼ਤੀ ਮੁਕਾਬਲੇ ਜਿੱਤੇ। ਉਹ ਦੋ ਵਾਰ ਏਸ਼ੀਅਨ ਜੇਤੂ ਬਣਿਆ। ਇਕ ਸਮੇਂ ਉਹ ਭਾਰਤ ਦਾ ਸਭ ਤੋਂ ਤਕੜਾ ਪਹਿਲਵਾਨ ਸੀ। ਉਮਰ ਵੱਡੀ ਹੋ ਜਾਣ ਦੇ ਬਾਵਜੂਦ ਉਹਨੇ ਕੁਸ਼ਤੀ ਦਾ ਸਾਥ ਨਹੀਂ ਛੱਡਿਆ। ਉਹ ਪਿਛਲੇ ਦੋ ਦਹਾਕਿਆਂ ਤੋਂ ਵਿਸ਼ਵ ਵੈਟਰਨ ਕੁਸ਼ਤੀ ਮੁਕਾਬਲਿਆਂ ਵਿਚ ਭਾਗ ਲੈ ਰਿਹਾ ਹੈ ਤੇ ਲਗਾਤਾਰ ਸੁਨਹਿਰੀ ਜਿੱਤਾਂ ਜਿੱਤਦਾ ਆ ਰਿਹਾ ਹੈ। ਇਸੇ ਹਫ਼ਤੇ ਸਰਬੀਆ ਵਿਚ ਬੈਲਗਰੇਡ ਵਿਚ ਹੋਏ ਵਿਸ਼ਵ ਕੁਸ਼ਤੀ ਮੁਕਾਬਲਿਆਂ ਵਿਚ ਉਹਨੇ ਅਠ੍ਹਾਰਵੀਂ ਵਾਰ ਗੋਲਡ ਮੈਡਲ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਹੈ। ਵਰਿਆਮ ਸਿੰਘ ਸੰਧੂ ਵੱਲੋਂ ਉਹਦੀ ਲਿਖੀ ਜੀਵਨੀ 'ਕੁਸ਼ਤੀ ਦਾ ਧਰੂ ਤਾਰਾ' ਵਿਚੋਂ ਉਹਦੇ ਕੁਸ਼ਤੀ ਜੀਵਨ ਦੇ ਪਹਿਲੇ ਸਮੇਂ ਦੀ ਇਕ ਕੁਸ਼ਤੀ ਦਾ ਦਿਲਚਸਪ ਬਿਰਤਾਂਤ ਪੇਸ਼ ਹੈ।**


ਪਹਿਲਵਾਨ ਕਰਤਾਰ ਸਿੰਘ

ਵਰਿਆਮ ਸਿੰਘ ਸੰਧੂ
waryamsandhu@gmail.com

ਚਾਰ ਸਾਲਾਂ ਬਾਅਦ ਹੁੰਦੀਆਂ ਏਸ਼ੀਅਨ ਖੇਡਾਂ ਵਿਚ ਤਾਂ ਸਾਰੀਆਂ ਖੇਡਾਂ ਸ਼ਾਮਲ ਹੁੰਦੀਆਂ ਹਨ। ਭਾਰਤੀ ਕੁਸ਼ਤੀ ਫੈਡਰੇਸ਼ਨ ਦੀ ਸਲਾਹ ਨਾਲ ਏਸ਼ੀਆ ਦੇ ਕੁਸ਼ਤੀ ਅਦਾਰੇ ਨੇ ਚਾਹਿਆ ਕਿ ਇਨ੍ਹਾਂ ਖੇਡਾਂ ਤੋਂ ਬਿਨਾਂ ਕੇਵਲ ਕੁਸ਼ਤੀ ਨੂੰ ਹੁਲਾਰੇ ਲਈ ਨਿਰੋਲ ਕੁਸ਼ਤੀ ਦੀ ਚੈਂਪੀਅਨਸ਼ਿਪ ਕਰਵਾਈ ਜਾਣੀ ਚਾਹੀਦੀ ਹੈ। ਫ਼ੈਸਲਾ ਸਿਰੇ ਚੜ੍ਹ ਗਿਆ। ਸਭ ਤੋਂ ਪਹਿਲੀ ਚੈਂਪੀਅਨਸ਼ਿਪ ਭਾਰਤ ਵਿਚ ਕਰਾਉਣ ਦਾ ਹੀ ਫੈਸਲਾ ਹੋਇਆ। ਭਾਰਤ ਵਿਚੋਂ ਵੀ ਇਸ ਦਾ ਗੁਣਾ ਪੰਜਾਬ 'ਤੇ ਪੈ ਗਿਆ। ਇੰਜ ਏਸ਼ੀਅਨ ਗੇਮਜ਼ 1978 ਤੋਂ ਇਕ ਸਾਲ ਪਿਛੋਂ 1979 ਵਿਚ ਪੰਜਾਬ ਦੇ ਸ਼ਹਿਰ ਜਲੰਧਰ ਵਿਚ ਪਹਿਲੀ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਕਰਵਾਉਣ ਦੇ ਫ਼ੈਸਲੇ ਦੀ ਖ਼ਬਰ ਸੁਣ ਕੇ ਕੁਸ਼ਤੀ ਪ੍ਰੇਮੀਆਂ ਦੇ ਮਨਾਂ ਵਿਚ ਚਾਅ ਤੇ ਖ਼ੁਸ਼ੀ ਕਰਵਟਾਂ ਲੈਣ ਲੱਗੇ।

ਇਸ ਚੈਂਪੀਅਨਸ਼ਿਪ ਵਿਚ ਏਸ਼ੀਆ ਦੇ ਸਿਰੇ ਦੇ ਭਲਵਾਨ ਆਪਣੀ ਯੁੱਧ ਕਲਾ ਦੇ ਜੌਹਰ ਵਿਖਾਉਣ ਲਈ ਆ ਰਹੇ ਸਨ। ਉਧਰ ਪਟਿਆਲੇ ਦੇ ਕੈਂਪ ਵਿਚ ਭਾਰਤ ਦੇ ਭਲਵਾਨਾਂ ਵਿਚੋਂ ਹਰ ਵਰਗ ਦੇ ਭਲਵਾਨ ਦੀ ਚੋਣ ਕਰਨ ਲਈ ਟਰਾਇਲ ਹੋਣ ਲੱਗੇ। 90 ਕਿਲੋ ਵਜ਼ਨ ਵਿਚ ਐਤਕੀਂ ਕਰਤਾਰ ਦਾ ਮੁਕਾਬਲਾ ਬੁੱਧ ਸਿੰਘ ਨਾਲ ਸੀ। ਕਿਰਲਗੜ੍ਹ ਦੀ ਛਿੰਝ ਵਿਚ ਕਰਤਾਰ ਨਾਲ ਸਾਵਾਂ ਘੁਲ ਕੇ ਉਹ ਹੌਂਸਲੇ ਵਿਚ ਸੀ। ਉਧਰ ਕਰਤਾਰ ਨੂੰ ਇਹ ਮਾਣ ਸੀ ਕਿ ਉਥੇ ਜ਼ਖ਼ਮੀ ਹੋਣ ਕਰ ਕੇ ਵੀ ਉਹ ਬੁੱਧ ਸਿੰਘ ਨਾਲ ਬਰਾਬਰੀ 'ਤੇ ਘੁਲ ਗਿਆ ਹੈ, ਦੂਜਾ ਉਸ ਨੂੰ ਇਹ ਵੀ ਮਾਣ ਸੀ ਕਿ ਗੱਦੇ ਦੀ ਕੁਸ਼ਤੀ 'ਤੇ ਉਸ ਦਾ ਵਧੇਰੇ ਅਨੁਭਵ ਹੋਣ ਕਰ ਕੇ ਬੁੱਧ ਸਿੰਘ ਉਸ ਅੱਗੇ ਟਿਕਣ ਨਹੀਂ ਲੱਗਾ। ਪਹਿਲੇ ਛੇ ਮਿੰਟ ਉਹ ਪੂਰੇ ਜ਼ੋਰ ਨਾਲ ਬੁੱਧ ਸਿੰਘ ਨੂੰ ਪਿਆ, ਪਰ ਉਹ ਅੱਗਿਉਂ ਬਚਾ ਕਰ ਜਾਂਦਾ ਰਿਹਾ। ਅਖ਼ੀਰ 'ਤੇ ਗੁੱਸੇ ਵਿਚ ਆ ਕੇ ਕਰਤਾਰ ਨੇ ਤਹੱਮਲ ਗਵਾ ਲਿਆ ਅਤੇ ਆਖ਼ਰੀ ਪਲਾਂ 'ਚ ਉਸ ਨੂੰ ਲੱਗ ਕੇ ਦੋ ਪੁਆਇੰਟ ਦੇ ਬੈਠਾ।

ਅਧਿਕਾਰੀਆਂ ਨੂੰ ਨਿਰਾਸ਼ਾ ਹੋਈ। ਉਹ ਇਹ ਚਾਹੁੰਦੇ ਸਨ ਕਿ ਕਰਤਾਰ ਜਿਹਾ ਜ਼ੋਰਦਾਰ ਤੇ ਤਜਰਬੇਕਾਰ ਭਲਵਾਨ ਇਸ ਚੈਂਪੀਅਨਸ਼ਿਪ ਵਿਚ ਭਾਗ ਲੈਣੋਂ ਵਾਂਝਿਆ ਨਹੀਂ ਰਹਿਣਾ ਚਾਹੀਦਾ। 90 ਕਿਲੋ ਵਿਚ ਤਾਂ ਬੁੱਧ ਸਿੰਘ ਚੁਣ ਲਿਆ ਗਿਆ। ਹੁਣ ਅਧਿਕਾਰੀਆਂ ਨੇ ਕਿਹਾ ਕਿ ਜੇ ਉਹ ਚਾਹੇ ਤਾਂ ਉਤਲੇ ਵਰਗ ਵਿਚ ਟਰਾਇਲ ਦੇ ਸਕਦਾ ਹੈ। ਕਰਤਾਰ ਤਿਆਰ-ਬਰ-ਤਿਆਰ ਸੀ। ਸਤਪਾਲ ਤਾਂ 100 ਕਿਲੋ ਤੋਂ ਉਪਰ ਹੈਵੀ ਵੇਟ ਵਿਚ ਚਲਾ ਗਿਆ ਸੀ। 100 ਕਿਲੋ ਵਿਚ ਈਸ਼ਵਰ ਨਾਲ ਕਰਤਾਰ ਦਾ ਪੰਜਾ ਪੈ ਗਿਆ, ਤੇ ਉਹ 100 ਕਿਲੋ ਵਜ਼ਨ ਵਿਚ ਚੁਣ ਲਿਆ ਗਿਆ।

ਕੁਸ਼ਤੀਆਂ ਦਾ ਨਿਸ਼ਚਿਤ ਦਿਨ ਆ ਪਹੁੰਚਾ। ਕੁਸ਼ਤੀ ਨਾਲ ਪਿਆਰ ਕਰਨ ਵਾਲੀਆਂ ਹਸਤੀਆਂ ਦੂਰੋਂ-ਦੂਰੋਂ ਪੰਜਾਬ ਦੇ ਜਲੰਧਰ ਸ਼ਹਿਰ ਵਿਚ ਪਹੁੰਚ ਗਈਆਂ। ਦਾਰਾ ਸਿੰਘ, ਗੁਰੂ ਹਨੂੰਮਾਨ ਜਿਹੇ ਨਾਮੀ ਲੋਕਾਂ ਦੇ ਉਤਾਰੇ ਵੀ ਹੋ ਗਏ। 100 ਕਿਲੋ ਵਜ਼ਨ ਵਿਚ ਏਸ਼ੀਆ ਦੇ ਤਿੰਨ ਮਹਾਂਬਲੀ ਭਲਵਾਨ ਭਾਗ ਲੈ ਰਹੇ ਸਨ। ਪਹਿਲਾ ਤਾਂ ਕਰਤਾਰ ਸੀ ਜੋ ਭਾਰ ਪੱਖੋਂ ਤਾਂ ਉਨ੍ਹਾਂ ਦੋਹਾਂ ਨਾਲੋਂ ਹੌਲਾ ਸੀ, ਕਿਉਂਕਿ ਉਹ ਆਪਣੇ ਤੋਂ ਵੱਡੇ ਵਜ਼ਨ ਵਿਚ ਕੁਸ਼ਤੀ ਲੜ ਰਿਹਾ ਸੀ। ਦੂਜਾ ਪਹਿਲਵਾਨ ਈਰਾਨ ਦਾ ਸੁਲੇਮਾਨੀ ਸੀ ਅਤੇ ਉਹ ਜੂਨੀਅਰ ਵਿਚ ਸੰਸਾਰ ਦਾ ਜੇਤੂ ਰਹਿ ਚੁਕਾ ਸੀ। ਤੀਜਾ ਜਪਾਨੀ ਭਲਵਾਨ ਉਹ ਸੀ ਜਿਸ ਪਿਛਲੇ ਸਾਲ ਏਸ਼ੀਅਨ ਗੇਮਜ਼ ਵਿਚ ਸਤਪਾਲ ਨੂੰ ਹਰਾਇਆ ਸੀ ਅਤੇ ਹੁਣ ਉਹ ਆਪਣਾ ਵਜ਼ਨ ਘਟਾ ਕੇ 100 ਕਿਲੋ ਵਿਚ ਲੜ ਰਿਹਾ ਸੀ। ਉਂਜ ਦੋਵੇਂ ਭਲਵਾਨ ਅਜਿਹੇ ਸਨ ਜਿਵੇਂ ਸਟੀਲ ਦੇ ਥੰਮ੍ਹ ਹੋਣ, ਜਿਨ੍ਹਾਂ ਦੇ ਪਿੰਡੇ 'ਚ ਉਂਗਲ ਨਹੀਂ ਸੀ ਖੁਭਦੀ।

ਕਰਤਾਰ ਦੀ ਪਹਿਲੀ ਕੁਸ਼ਤੀ ਜਪਾਨੀ ਭਲਵਾਨ ਨਾਲ ਹੋਈ। ਦੋਵੇਂ ਏਸ਼ੀਅਨ ਗੋਲਡ ਮੈਡਲ ਜੇਤੂ। ਕਰਤਾਰ ਨੇ ਗੱਦੇ 'ਤੇ ਆਉਂਦਿਆਂ ਹੀ ਬਿਜਲੀ ਵਰਗੀ ਫੁਰਤੀ ਨਾਲ ਜਪਾਨੀ ਉਪਰ ਹਮਲੇ ਸ਼ੁਰੂ ਕਰ ਦਿੱਤੇ। ਜਪਾਨੀ ਕਰਤਾਰ ਦੀ ਤੇਜ਼ੀ ਵੇਖ ਕੇ ਦਹਿਲ ਗਿਆ ਅਤੇ ਅੱਗੇ ਵਧ ਕੇ ਹਮਲਾ ਕਰਨ ਦੀ ਥਾਂ ਪਿੱਛੇ ਰਹਿ ਕੇ ਬਚਾਅ ਕਰਨ ਲੱਗਾ। ਉਸ ਨੂੰ ਸੁਸਤ ਹੁੰਦਿਆਂ ਅਤੇ ਹੱਥ ਨਾ ਹਿਲਾਉਂਦਿਆਂ ਵੇਖ ਕਾਸ਼ਨ ਮਿਲਣ ਲੱਗੇ। ਕਰਤਾਰ ਦਾ ਵਾਰ-ਵਾਰ ਹਮਲਾ ਤੇ ਉਸ ਦਾ ਵਾਰ-ਵਾਰ ਪਿੱਛੇ ਹਟਣਾ ਜਾਰੀ ਸੀ। ਇਕ ਤੋਂ ਬਾਅਦ ਇਕ ਪੂਰੇ ਤਿੰਨ ਕਾਸ਼ਨ ਜਪਾਨੀ ਨੂੰ ਮਿਲੇ। ਕੁਸ਼ਤੀ ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਇਕ ਕਾਸ਼ਨ ਉਸ ਨੂੰ ਹੋਰ ਮਿਲਣ ਵਾਲਾ ਸੀ ਜੋ ਪਤਾ ਨਹੀਂ ਕਿਸ ਕਾਰਨ ਨਹੀਂ ਦਿੱਤਾ ਗਿਆ। ਅਗਰ ਉਹ ਕਾਸ਼ਨ ਮਿਲ ਜਾਂਦਾ ਤਾਂ ਉਹ ਖੜਾ-ਖੜੋਤਾ ਹੀ ਕੁਸ਼ਤੀ ਹਾਰ ਗਿਆ ਸੀ। ਕੁਝ ਲੋਕਾਂ ਦਾ ਇਹ ਵੀ ਖ਼ਿਆਲ ਹੈ ਕਿ ਜਪਾਨੀ ਕੁਸ਼ਤੀ ਅਧਿਕਾਰੀ 'ਜੁੰਮੇ' ਦੀ ਹੋਂਦ ਦਾ ਖ਼ਿਆਲ ਕਰ ਕੇ ਇਹ ਕਾਸ਼ਨ ਰੋਕ ਲਿਆ ਗਿਆ।

ਫਿਰ ਵੀ ਹੁਣ ਜੇ ਉਹ ਜਪਾਨੀ ਸੁਸਤ ਰਹਿੰਦਾ ਤਾਂ ਕਾਸ਼ਨ ਮਿਲਣ ਦਾ ਖ਼ਤਰਾ ਸੀ। ਹੁਣ ਤਾਂ ਉਸ ਨੂੰ ਮਰਦਿਆਂ ਵੀ ਲੜਨਾ ਪੈਣਾ ਸੀ। ਆਪਣੀ ਗਤੀ ਦਾ ਪ੍ਰਗਟਾਵਾ ਕਰਨ ਲਈ ਉਹ ਇਕ ਦਮ ਕਰਤਾਰ ਦੇ ਪੱਟਾਂ ਵੱਲ ਹੱਥ ਪਾਉਣ ਲਈ ਅਹੁਲਿਆ। ਉਹਦੇ ਆਪਣੇ ਪੱਟਾਂ ਵੱਲ ਝੁਕੇ ਜਿਸਮ ਨੂੰ ਉਤੋਂ ਦੱਬਣ ਲਈ ਕਰਤਾਰ ਨੇ ਉਹਦੇ ਉਪਰ ਉੱਲਰ ਕੇ ਉਸ ਨੂੰ ਕਾਬੂ ਕਰਨਾ ਚਾਹਿਆ ਤਾਂ ਜਪਾਨੀ ਨੇ ਪੱਟਾਂ ਵਲੋਂ ਹਟ ਕੇ ਉਪਰੋਂ ਬਚਣ ਲਈ ਪੂਰੇ ਜ਼ੋਰ ਨਾਲ ਆਪਣਾ ਸਿਰ ਸਿੱਧਾ ਖੜਾ ਕਰਨ ਲਈ ਉਤਾਂਹ ਨੂੰ ਚੁੱਕਿਆ ਤਾਂ ਉਹਦਾ ਝੋਟੇ ਦੇ ਸਿਰ ਵਰਗਾ ਸਖ਼ਤ ਅਸਪਾਤੀ ਸਿਰ ਉਸ ਉਪਰ ਝੁਕੇ ਹੋਏ ਕਰਤਾਰ ਦੇ ਮੂੰਹ ਨਾਲ ਵੱਜਾ। ਉਹਦੇ ਸਿਰ ਤੇ ਕਰਤਾਰ ਦੇ ਜਬਾੜਿਆਂ ਦੇ ਆਪਸ 'ਚ ਟਕਰਾਉਣ ਦੀ ਆਵਾਜ਼ ਸਟੇਡੀਅਮ ਵਿਚ ਇੰਜ ਗੂੰਜੀ ਜਿਵੇਂ ਪੱਥਰ ਉਤੇ ਪੱਥਰ ਵੱਜਾ ਹੋਵੇ।

ਉਹਦੇ ਸਿਰ ਦੀ ਮਾਰੂ ਸੱਟ ਨੇ ਕਰਤਾਰ ਦੇ ਦੰਦਾਂ ਦੇ ਦੋਵੇਂ ਹੀ ਪੀਹੜ ਅੰਦਰ ਨੂੰ ਧਸਾ ਦਿੱਤੇ। ਜਿਵੇਂ ਖੜੀ-ਖੜੋਤੀ ਕੰਧ ਡਿੱਗਣ ਲਈ ਉੱਲਰ ਪਈ ਹੋਵੇ। ਦੰਦ ਅੰਦਰਵਾਰ ਨੂੰ ਹਿੱਲ ਕੇ ਟੇਢੇ ਹੋ ਗਏ ਅਤੇ ਧੁਰ ਜੜ੍ਹਾਂ ਤੱਕ ਝੰਜੋੜੇ ਅਤੇ ਪੁੱਟੇ ਗਏ। ਮੂੰਹ ਵਿਚੋਂ ਖ਼ੂਨ ਦੀਆਂ ਬੋਟੀਆਂ ਡਿੱਗਣ ਲੱਗੀਆਂ। ਗੱਦੇ ਉਤੇ ਖ਼ੂਨ ਦੇ ਛਿੱਟੇ ਮੀਂਹ ਦੀ ਬਾਰੀਕ ਵਾਛੜ ਵਾਂਗ ਕਿਰਨ ਲੱਗੇ, ਪਰ ਕਰਤਾਰ ਨੇ ਨਾ ਹੀ ਕੋਈ ਹਾਲ-ਪਾਹਰਿਆ ਕੀਤੀ, ਨਾ ਹੀ ਚੀਕ-ਚਿਹਾੜਾ ਪਾਇਆ ਤੇ ਨਾ ਹੀ ਕੁਸ਼ਤੀ ਰੋਕਣ ਲਈ ਕਿਹਾ।

ਵੇਖਣ ਵਾਲਿਆਂ ਨੂੰ ਕੀ ਪਤਾ ਸੀ ਕਿ ਸੱਟ ਕਿੰਨੀ ਕੁ ਹੈ? ਆਖ਼ਰਕਾਰ ਜਦੋਂ ਲਹੂ ਬੰਦ ਹੀ ਨਾ ਹੋਇਆ ਤਾਂ ਕੁਸ਼ਤੀ ਰੋਕ ਲਈ ਗਈ। ਡਾਕਟਰ ਭੱਜਾ ਆਇਆ, ਕੋਚ ਤੇ ਹਮਦਰਦ ਦੌੜੇ ਆਏ। ਦੰਦਾਂ ਦੇ ਪੀਹੜ ਬੁਰੀ ਤਰ੍ਹਾਂ ਉੱਖੜ ਗਏ ਸਨ, ਲਹੂ ਦੀਆਂ ਘਰਾਲਾਂ ਵਗੀ ਜਾ ਰਹੀਆਂ ਸਨ। ਸਾਥੀਆਂ, ਅਧਿਕਾਰੀਆਂ ਤੇ ਡਾਕਟਰ ਨੇ ਸਲਾਹ ਦਿੱਤੀ ਕਿ ਇਸ ਹਾਲਤ ਵਿਚ ਡਹਿਣਾ ਹੁਣ ਖ਼ਤਰੇ ਤੋਂ ਖ਼ਾਲੀ ਨਹੀਂ। ਏਨੇ ਚਿਰ ਵਿਚ ਕਰਤਾਰ ਦਾ ਮੂੰਹ ਸੁੱਜ ਚੁੱਕਾ ਸੀ ਅਤੇ ਸ਼ਕਲ ਪਛਾਣੀ ਨਹੀਂ ਸੀ ਜਾਂਦੀ, ਪਰ ਕਰਤਾਰ ਇੰਜ ਹਾਰ ਮੰਨਣ ਵਾਲਾ ਨਹੀਂ ਸੀ। ਉਸ ਨੇ ਕੁਸ਼ਤੀ ਲੜਨੀ ਜਾਰੀ ਰੱਖੀ। ਹਟ-ਹਟ ਕੇ ਵਾਰ ਕਰਦਾ ਰਿਹਾ, ਪਰ ਅੰਤਿਮ ਛਿਣਾਂ ਤੱਕ ਪਹੁੰਚਦਿਆਂ ਉਹ ਜ਼ਖ਼ਮੀ ਤੇ ਪੀੜੋ-ਪੀੜ ਹੋਣ ਕਰ ਕੇ ਇਕ ਅੰਕ 'ਤੇ ਕੁਸ਼ਤੀ ਹਾਰ ਗਿਆ।

ਕਰਤਾਰ ਨੂੰ ਇਹ ਕੁਸ਼ਤੀ ਹਾਰ ਜਾਣ ਦਾ ਬੜਾ ਹਿਰਖ ਸੀ, ਪਰ ਬਾਕੀ ਸਭ ਨੂੰ ਉਸ ਦੀ ਹਾਲਤ ਵੇਖ ਕੇ ਉਸ ਦਾ ਇਲਾਜ ਕਰਾਉਣ ਦਾ ਫ਼ਿਕਰ ਪਿਆ ਹੋਇਆ ਸੀ। ਉੱਖੜੇ ਹੋਏ ਦੰਦਾਂ, ਵਗਦੇ ਲਹੂ ਤੇ ਸੁੱਜੇ ਹੋਏ ਮੂੰਹ ਨੂੰ ਵੇਖ ਕੇ ਕੁਝ ਆਪਣੇ ਤਾਂ ਨਾਰਾਜ਼ ਹੀ ਹੋ ਗਏ ਕਿ ਕੁਸ਼ਤੀ ਵਿਚੋਂ ਹੀ ਕਿਉਂ ਨਾ ਛੱਡੀ? ਕਰਤਾਰ ਹੁਣ ਕੁਝ ਬੋਲ ਸਕਣ ਤੋਂ ਅਸਮਰਥ ਸੀ, ਪਰ ਉਹਦੀਆਂ ਅੱਖਾਂ ਇਹ ਰਾਇ ਦੇਣ ਵਾਲੇ ਨੂੰ ਇੰਜ ਦੇਖ ਰਹੀਆਂ ਸਨ ਜਿਵੇਂ ਕਹਿ ਰਹੀਆਂ ਹੋਣ, "ਰਣ ਵਿਚੋਂ ਭੱਜਣਾਂ ਗੀਦੀਆਂ ਦਾ ਕੰਮ ਹੈ, ਸੂਰਮਿਆਂ ਦਾ ਨਹੀਂ।"

ਉਹਨੇ ਮੂੰਹ ਖੋਲ੍ਹਣਾ ਚਾਹਿਆ ਆਪਣੇ ਵਡੇਰਿਆਂ ਦਾ ਕਥਨ ਬੋਲਣ ਲਈ ਪਰ ਨਾ ਜੀਭ ਅਤੇ ਨਾ ਜਬਾੜਿਆਂ ਨੇ ਉਹਦਾ ਕਿਹਾ ਮੰਨਿਆ। ਉਸ ਦੇ ਮਨ ਵਿਚ ਉੱਠੀ ਆਵਾਜ਼ ਉਹਦੇ ਆਪਣੇ ਹੀ ਗੁੰਬਦ ਵਿਚ ਗੂੰਜ ਪਈ, "ਪੁਰਜ਼ਾ ਪੁਰਜ਼ਾ ਕੱਟ ਮਰੇ... ਕਬਹੂੰ ਨਾ ਛੋਡਹਿ ਖੇਤ...।"

ਕਰਤਾਰ ਹੁਰਾਂ ਦਾ ਉਤਾਰਾ ਰਾਜ ਮਹਿਲ ਹੋਟਲ ਜਲੰਧਰ ਵਿਚ ਸੀ, ਪਰ ਉਧਰ ਜਾਣ ਦੀ ਥਾਂ ਉਹ ਉਸ ਨੂੰ ਹਸਪਤਾਲ ਨੂੰ ਲੈ ਤੁਰੇ। ਸਰਵਣ, ਅਮਰ ਸਿੰਘ, ਨਾਜ਼ਰ ਸਿੰਘ ਤੇ ਕੁਝ ਹੋਰ ਦੋਸਤ-ਮਿੱਤਰ ਨਾਲ ਤੁਰ ਪਏ।

ਲੇਡੀ ਡਾਕਟਰ ਹੈਰਾਨ ਰਹਿ ਗਈ ਇਹ ਸੁਣ ਕੇ ਕਿ ਇਸ ਹਾਲਤ ਵਿਚ ਵੀ ਕਰਤਾਰ ਕੁਸ਼ਤੀ ਲੜਦਾ ਰਿਹਾ ਸੀ। ਉਹਦੇ ਅਗਲੇ ਕੁਝ ਦੰਦ ਤਾਂ ਬਿਲਕੁਲ ਹੀ ਜਵਾਬ ਦੇ ਗਏ ਸਨ ਪਰ ਲੇਡੀ ਡਾਕਟਰ ਨੇ ਬੜੀ ਹਿੰਮਤ ਨਾਲ ਬੜਾ ਸਮਾਂ ਲਾ ਕੇ ਕਰਤਾਰ ਦਾ ਇਕੱਲਾ-ਇਕੱਲਾ ਦੰਦ ਸਿੱਧਾ ਕੀਤਾ ਅਤੇ ਤਾਰਾਂ ਪਾ ਕੇ ਬੰਨ੍ਹ ਦਿੱਤਾ। ਦੰਦਾਂ ਦੀ ਵਿਆਕੁਲ ਕਰਨ ਵਾਲੀ ਪੀੜ ਪੈਰਾਂ ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਤਿੱਖੀ ਅੱਗ ਵਿਚ ਭਖ਼ਦੀ, ਜ਼ਹਿਰ ਵਿਚ ਭਿੱਜੀ ਛੁਰੀ ਵਾਂਗ ਫਿਰ ਰਹੀ ਸੀ। ਮੂੰਹ ਵਿਚੋਂ ਬੋਲ ਨਹੀਂ ਸੀ ਨਿਕਲ ਰਿਹਾ। ਹੋਰ ਕੁਝ ਤਾਂ ਖਾਣ-ਪੀਣ ਦਾ ਸੁਆਲ ਹੀ ਨਹੀਂ ਸੀ ਰਹਿ ਗਿਆ। ਰਾਤ ਨੂੰ ਥੋੜ੍ਹਾ ਜਿਹਾ ਮੱਖਣ ਮੰਗਵਾਇਆ ਗਿਆ। ਨਾਜ਼ਰ ਪਹਿਲਵਾਨ ਹੌਲੇ ਜਿਹੇ ਉਸ ਦਾ ਮੂੰਹ ਖੁਲ੍ਹਵਾਉਂਦਾ ਅਤੇ ਚਮਚਾ ਲੰਘਣ ਜਿੰਨਾ ਰਾਹ ਬਣਨ ਪਿੱਛੋਂ ਕਰਤਾਰ ਦੇ ਗਲ਼ੇ ਵਿਚ ਮੱਖਣ ਦਾ ਚਮਚਾ ਉਲੱਦ ਦਿੰਦਾ। ਇੰਜ ਕੁਝ ਚਮਚੇ ਮੱਖਣ ਦੇ ਹੀ ਉਹ ਅੰਦਰ ਨੂੰ ਤਰਾਵਟ ਦੇਣ ਲਈ ਨਿਗਲ ਸਕਿਆ। ਸਾਰੀ ਰਾਤ ਪੀੜ ਨਾਲ ਉਸ ਨੂੰ ਨੀਂਦ ਨਹੀਂ ਆਈ। ਡਾਕਟਰ ਨੇ ਬਿਸਤਰੇ ਤੋਂ ਨਾ ਉੱਠਣ ਦੀ ਸਖ਼ਤ ਹਦਾਇਤ ਦਿੱਤੀ ਹੋਈ ਸੀ। ਕਰਤਾਰ ਸੋਚ ਰਿਹਾ ਸੀ, "ਇਹ ਕੇਹੀ ਬਦਕਿਸਮਤੀ ਹੈ, ਆਪਣੇ ਘਰ ਵਿਚ ਆਪਣੇ ਲੋਕਾਂ ਸਾਹਮਣੇ ਕੁਝ ਕਰ ਕੇ ਵਿਖਾਉਣ ਦਾ ਮੌਕਾ ਮਿਲਿਆ ਤਾਂ ਰੱਬ ਨੇ ਇਹ ਸੱਟ ਮਾਰ ਦਿੱਤੀ। ਫਿਰ ਇਹ ਮੌਕਾ ਖ਼ਬਰੇ ਜ਼ਿੰਦਗੀ ਵਿਚ ਕਦੀ ਵੀ ਨਾ ਮਿਲੇ...।"


ਜਿੱਤ ਦੇ ਜਸ਼ਨ: ਆਪਣੇ ਪ੍ਰਸ਼ੰਸਕਾਂ ਵਿਚ ਘਿਰਿਆ ਕਰਤਾਰ ਸਿੰਘ

ਉਸ ਨੇ ਪੋਲੇ-ਪੋਲੇ ਹੱਥਾਂ ਨਾਲ ਆਪਣਾ ਚਿਹਰਾ ਸਹਿਲਾਇਆ। ਉੱਖੜੇ ਹੋਏ ਦੰਦਾਂ ਨੂੰ ਜੀਭ ਨਾਲ ਪੋਲਾ-ਪੋਲਾ ਛੋਹਿਆ। ਪੀੜ ਦੀ ਲਹਿਰ ਜਿਸਮ ਵਿਚ ਫੈਲ ਗਈ। ਇਨ੍ਹਾਂ ਕੁਸ਼ਤੀਆਂ ਵਿਚ ਤਿੰਨ ਭਲਵਾਨ ਹੀ ਤਾਂ ਸਨ। ਜੇ ਉਹ ਅਗਲੇ ਦਿਨ ਈਰਾਨੀ ਭਲਵਾਨ ਨਾਲ ਘੁਲਣ ਲਈ ਵਜ਼ਨ ਕਰਵਾ ਲਵੇ ਤਾਂ ਉਸ ਨੂੰ ਤਾਂਬੇ ਦਾ ਤਮਗਾ ਮਿਲ ਸਕਦਾ ਸੀ, ਪਰ ਉਸ ਨੂੰ ਵਜ਼ਨ ਕਿਸ ਨੇ ਕਰਵਾਉਣ ਦੇਣਾ ਸੀ। ਉਹ ਤਾਂ ਬਿਸਤਰੇ ਤੋਂ ਨਹੀਂ ਸੀ ਉੱਠ ਸਕਦਾ। ਉੱਠਣਾ ਉਸ ਨੂੰ ਮਨ੍ਹਾ ਸੀ।

ਉਸ ਨੇ ਆਪਣੇ ਕੋਚ ਭਗਵਤ ਸਾਹਿਬ ਨੂੰ ਇਸ਼ਾਰੇ ਨਾਲ ਬੁਲਵਾਇਆ ਤੇ ਮੂੰਹ ਵਿਚੋਂ ਹੌਲੀ ਜਿਹੀ ਬੁੜਬੁੜ ਕੀਤੀ। ਨਾਜ਼ਰ ਸਿੰਘ ਨੇ ਸਮਝਾਇਆ, "ਭਗਵਤ ਸਾਹਿਬ, ਇਹ ਕਹਿੰਦੈ ਮੇਰਾ ਵਜ਼ਨ ਹੀ ਕਰਵਾ ਦਿਓ ਤਾਂ ਕਿ ਮੈਂ ਕਾਂਸੀ ਦੇ ਤਮਗ਼ੇ ਦਾ ਹੱਕਦਾਰ ਬਣ ਸਕਾਂ।"

ਭਗਵਤ ਸਾਹਿਬ ਨੇ ਕਰਤਾਰ ਦੀਆਂ ਅੱਖਾਂ ਵੱਲ ਵੇਖਿਆ। ਦ੍ਰਿੜਤਾ ਭਰੀ ਲਿਸ਼ਕ ਵੇਖ ਕੇ ਉਨ੍ਹਾਂ ਦਾ ਚਿਹਰਾ ਮੁਸਕਾਨ ਨਾਲ ਭਰ ਗਿਆ।

"ਪਰ ਡਾਕਟਰ ਦੀ ਸਲਾਹ ਤੋਂ ਬਿਨਾਂ ਇਹ ਕਿਵੇਂ ਮੁਮਕਿਨ ਹੋ ਸਕਦਾ ਹੈ।" ਚਾਹੁੰਦੇ ਹੋਏ ਵੀ ਭਗਵਤ ਸਾਹਿਬ ਕੋਈ ਖ਼ਤਰਾ ਮੁੱਲ ਨਹੀਂ ਸਨ ਲੈਣਾ ਚਾਹੁੰਦੇ।

ਕਰਤਾਰ ਦਾ ਚਿਹਰਾ ਬੁਝ ਗਿਆ। ਉਹਦੀ ਨਿਰਾਸ਼ਾ ਨੂੰ ਭਾਂਪ ਕੇ ਸਾਥੀਆਂ ਦੀ ਸਲਾਹ ਨਾਲ ਭਗਵਤ ਸਾਹਿਬ ਨੇ ਡਾਕਟਰਾਂ ਤੋਂ ਸਵੇਰੇ ਸਿਰਫ਼ ਵਜ਼ਨ ਕਰਵਾਉਣ ਲਈ ਛੁੱਟੀ ਲੈਣੀ ਚਾਹੀ। ਡਾਕਟਰ ਨੇ ਸਾਫ਼ ਇਨਕਾਰ ਕਰ ਦਿੱਤਾ। ਉਸ ਨੂੰ ਵਾਰ-ਵਾਰ ਕਰਤਾਰ ਦੀਆਂ ਭਾਵਨਾਵਾਂ ਦਾ ਖ਼ਿਆਲ ਕਰਨ ਲਈ ਪ੍ਰੇਰਨਾ ਚਾਹਿਆ, ਪਰ ਡਾਕਟਰ ਨੇ ਇਕ ਹੀ ਨੰਨਾ ਫੜੀ ਰੱਖਿਆ। ਆਖ਼ਰ ਰਾਤ ਦੇ ਇਕ ਵਜੇ ਡਾਕਟਰ ਨੂੰ ਮਨਾਇਆ ਜਾ ਸਕਿਆ ਕਿ ਕਰਤਾਰ ਨੂੰ ਬੜੀ ਸਾਵਧਾਨੀ ਨਾਲ ਸਟੇਡੀਅਮ ਵਿਚ ਲਿਜਾਇਆ ਜਾਵੇਗਾ ਅਤੇ ਸਿਰਫ਼ ਵਜ਼ਨ ਕਰਵਾ ਕੇ ਵਾਪਸ ਲੈ ਆਂਦਾ ਜਾਵੇਗਾ।

ਆਗਿਆ ਮਿਲ ਜਾਣ 'ਤੇ ਕਰਤਾਰ ਨੇ ਸੁੱਖ ਦਾ ਸਾਹ ਲਿਆ ਪਰ ਅਜੇ ਵੀ ਉਹਦਾ ਮਨ ਪੀੜ-ਪੀੜ ਸੀ। ਸੂਲਾਂ ਤੇ ਸੂਈਆਂ ਨਾਲ ਵਿੰਨ੍ਹਿਆ ਪਿਆ। ਜਿਸਮ ਦੀ ਪੀੜ ਤੋਂ ਮਨ ਦੀ ਪੀੜ ਹੋਰ ਵੀ ਡੂੰਘੀ ਹੋ ਗਈ ਸੀ।

"ਮੈਂ ਸ਼ਾਇਦ ਦੰਦ ਬੋੜਾ ਬਾਬਾ ਹੀ ਬਣ ਜਾਵਾਂ।" ਪਲ ਭਰ ਉਸ ਦਾ ਧਿਆਨ ਇਸ ਪਾਸੇ ਗਿਆ ਪਰ ਅਗਲੇ ਛਿਣ ਹੀ ਉਹ ਫਿਰ ਭੀੜ ਭਰੇ ਸਟੇਡੀਅਮ ਵਿਚ ਦਰਸ਼ਕਾਂ ਦੀਆਂ ਤਾੜੀਆਂ ਦੀ ਗੂੰਜ ਵਿਚ ਆਪਣੇ ਆਪ ਨੂੰ ਘੁਲ ਰਿਹਾ ਵੇਖਦਾ, ਜਿੱਤ ਕੇ ਖ਼ੁਸ਼ੀ ਵਿਚ ਉੱਛਲਦਾ, ਮੰਚ ਉਤੇ ਖਲੋਤਾ ਸੋਨੇ ਦਾ ਮੈਡਲ ਗਲ ਵਿਚ ਪੁਆ ਰਿਹਾ, ਉਹ ਮੁਹੱਬਤੀ ਲੋਕਾਂ ਦੀਆਂ ਤਾੜੀਆਂ ਦਾ ਜੁਆਬ ਮਿੱਠੀ ਮੁਸਕਰਾਹਟ ਨਾਲ ਹੱਥ ਹਿਲਾ ਕੇ ਦੇ ਰਿਹਾ ਹੁੰਦਾ।

ਜਦੋਂ ਉਹ ਆਪਣੇ ਹੀ ਜੇਤੂ ਚਿਹਰੇ ਨੂੰ ਪਛਾਣਨ ਦੀ ਕੋਸ਼ਿਸ਼ ਕਰਦਾ ਤਾਂ ਉਥੇ ਕੋਈ ਹੋਰ ਹੀ ਚਿਹਰਾ ਨਜ਼ਰ ਆਉਣ ਲੱਗ ਪੈਂਦਾ। ਉਹ ਹੈਰਾਨ ਸੀ, ਹੁਣੇ ਹੀ ਘੁਲ ਕੇ ਜਿੱਤਣ ਵਾਲਾ ਉਹਦਾ ਆਪਣਾ ਆਪ ਕਿੱਥੇ ਸੀ! ਇਹ ਤਾਂ ਕੋਈ ਹੋਰ ਸੀ ਜਿਸ ਨੂੰ ਵੇਖ ਕੇ ਲੋਕ ਤਾੜੀਆਂ ਮਾਰ ਰਹੇ ਸਨ, ਛਾਤੀ ਨਾਲ ਘੁੱਟ ਰਹੇ ਸਨ, ਉਹ ਆਪ ਤਾਂ ਭੀੜ ਦੇ ਪਿਛਲੇ ਪਾਸੇ ਇੱਕਲਵੰਝੇ ਆਪਣਾ ਮੂੰਹ ਛੁਪਾਈ ਲੁਕਿਆ ਖਲੋਤਾ ਸੀ। ਲੰਮੇ ਪਏ ਪਏ ਕਰਤਾਰ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ। ਉਹਨੇ ਆਪਣੇ ਆਪ ਨੂੰ ਢਾਰਸ ਦੇਣ ਦਾ ਯਤਨ ਕੀਤਾ। "ਚੱਲ, ਵਜ਼ਨ ਕਰਾਉਣ ਦੀ ਆਗਿਆ ਮਿਲ ਗਈ। ਕਾਂਸੀ ਦਾ ਤਮਗ਼ਾ ਤਾਂ ਖਰਾ ਹੈ।"

"ਪਰ ਕੀ ਮੈਂ ਉਸ ਈਰਾਨੀ ਭਲਵਾਨ ਨਾਲ ਕੁਸ਼ਤੀ ਨਹੀਂ ਲੜ ਸਕਾਂਗਾ?"

ਉਸ ਨੇ ਆਪਣੇ ਆਪ ਨੂੰ ਸੁਆਲ ਕੀਤਾ, ਤੇ ਕੋਈ ਸੰਤੋਸ਼ਜਨਕ ਜੁਆਬ ਨਾ ਪਾ ਕੇ ਗੁੰਮ-ਸੁੰਮ ਹੋ ਗਿਆ।

ਦਿਨ ਚੜ੍ਹਿਆ, ਡੂੰਘੀ ਉਦਾਸੀ ਦੇ ਆਲਮ ਵਿਚ ਭਿੱਜਾ ਉਹ ਵਜ਼ਨ ਕਰਾਉਣ ਲਈ ਸਟੇਡੀਅਮ ਜਾਣ ਲਈ ਤਿਆਰ ਹੋਣ ਲੱਗਾ। ਇਹ ਸ਼ਾਇਦ ਹੁਣ ਤੱਕ ਦੀ, ਕੁਸ਼ਤੀ ਦੇ ਇਤਿਹਾਸ ਵਿਚ, ਉਸ ਨੂੰ ਸਭ ਤੋਂ ਸੋਗੀ ਸਵੇਰ ਲੱਗੀ ਜਿਸ ਵਿਚ ਘਰੋਂ ਆਈਆਂ ਬਰਕਤਾਂ ਵਾਪਸ ਮੁੜ ਜਾਣ ਦਾ ਗਮ ਉਹਦੇ ਮਨ ਨੂੰ ਸੱਲ੍ਹ ਗਿਆ।

ਸਟੇਡੀਅਮ ਵਿਚ ਉਹਦੇ ਪ੍ਰਸ਼ੰਸਕਾਂ ਦੀ ਭੀੜ ਉਹਦੇ ਆਲੇ-ਦੁਆਲੇ ਇਕੱਠੀ ਹੋ ਗਈ। ਸੁੱਖ-ਸਾਂਦ ਪੁੱਛਣ ਲੱਗੇ। ਅਫ਼ਸੋਸ ਕਰਨ ਲੱਗੇ ਕਿ ਉਹ ਕਰਤਾਰ ਦੀ ਕੁਸ਼ਤੀ ਨਹੀਂ ਵੇਖ ਸਕਣ ਲੱਗੇ। ਉਹਦੇ ਦੋਵੇਂ ਗੁਰੂ ਹਨੂੰਮਾਨ ਅਤੇ ਦਾਰਾ ਸਿੰਘ ਉਹਦੇ ਨਾਲ ਹਮਦਰਦੀ ਭਿੱਜੀਆਂ ਗੱਲਾਂ ਕਰ ਕੇ ਉਸ ਨੂੰ ਹੌਂਸਲਾ ਰੱਖਣ ਲਈ ਕਹਿ ਰਹੇ ਸਨ। ਚੈਂਪੀਅਨਸ਼ਿਪਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਸਰੀਰ ਠੀਕ ਰਹਿਣਾ ਚਾਹੀਦਾ ਹੈ। ਬੰਦਾ ਜਿਉਂਦਾ ਵਸਦਾ ਰਹੇ, ਰਾਜ਼ੀ ਬਾਜ਼ੀ ਰਹੇ!

ਪਰ ਕਰਤਾਰ ਨੂੰ ਇਹ ਹਮਦਰਦੀ ਵੀ ਪੀੜੀ

(ਬਾਕੀ ਅਗਲੇ ਸਫੇ 'ਤੇ)


ਪਹਿਲਵਾਨ ਕਰਤਾਰ ਸਿੰਘ ਤੇ ਲੇਖਕ ਵਰਿਆਮ ਸਿੰਘ ਸੰਧੂ

# ਕਰਤਾਰ ਸਿੰਘ ਅਠਾਰਵੀਂ ਵਾਰ ਵਿਸ਼ਵ ਵੈਟਰਨ ਚੈਂਪੀਅਨ

ਇਹ ਗਿੰਨੀਜ਼ ਬੁੱਕ ਵਿਚ ਆਉਣ ਵਾਲਾ ਰਿਕਾਰਡ ਹੈ। ਪਹਿਲਵਾਨ ਕਰਤਾਰ ਸਿੰਘ ਨੇ ਬੈਲਗਰੇਡ ਵਿਚ ਹੋਈ ਕੁਸ਼ਤੀ ਦੀ ਵਿਸ਼ਵ ਵੈਟਰਨ ਚੈਂਪੀਅਨਸ਼ਿਪ 18ਵੀਂ ਵਾਰ ਜਿੱਤ ਲਈ ਹੈ। ਉਸ ਨੇ 55 ਤੋਂ 60 ਸਾਲ ਦੀ ਉਮਰ ਦੇ 90 ਤੋਂ 100 ਕਿੱਲੋ ਵਜ਼ਨ ਵਰਗ ਵਿਚ ਭਾਗ ਲਿਆ। ਕੁਆਟਰ ਫਾਈਨਲ 'ਚ ਕਜ਼ਾਕਿਸਤਾਨ ਦੇ ਬੈਕਲਿਚ ਅੰਤਲੇ, ਸੈਮੀ ਫਾਈਨਲ ਵਿਚ



ਪ੍ਰਿੰ. ਸਰਵਣ ਸਿੰਘ, ਕੈਨੇਡਾ
ਫੋਨ: 905-799-1661

ਇਰਾਨ ਦੇ ਸ਼ਰੀਫ ਸਸਹਿਰ ਤੇ ਫਾਈਨਲ ਵਿਚ ਤੁਰਕੀ ਦੇ ਬਾਗੀ ਇਸਮਤ ਨੂੰ ਹਰਾ ਕੇ ਲਗਾਤਾਰ 18ਵਾਂ ਗੋਲਡ ਮੈਡਲ ਜਿੱਤਿਆ। ਉਸ ਨੇ ਤਿੰਨ ਓਲੰਪਿਕ ਖੇਡਾਂ, ਤਿੰਨ ਏਸ਼ਿਆਈ ਖੇਡਾਂ, ਤਿੰਨ ਏਸ਼ਿਆਈ ਚੈਂਪੀਅਨਸ਼ਿਪਾਂ, ਤਿੰਨ ਕਾਮਨਵੈਲਥ ਖੇਡਾਂ ਤੇ ਉਨੀ ਵਿਸ਼ਵ ਵੈਟਰਨ ਚੈਂਪੀਅਨਸ਼ਿਪਾਂ ਵਿਚ ਭਾਗ ਲਿਆ ਹੈ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ 'ਚੋਂ ਸੋਨੇ, ਚਾਂਦੀ ਤੇ ਤਾਂਬੇ ਦੇ 29 ਤਮਗੇ ਜਿੱਤੇ ਹਨ। ਉਸ ਨੇ ਪੰਜਾਬ ਕੇਸਰੀ ਤੋਂ ਲੈ ਕੇ ਭਾਰਤ ਕੁਮਾਰ, ਭਾਰਤ ਕੇਸਰੀ, ਮਹਾਪੌਰ ਕੇਸਰੀ, ਭਾਰਤ ਮੱਲ ਸਮਰਾਟ, ਰੁਸਤਮੇ ਹਿੰਦ ਤੇ ਰੁਸਤਮੇ ਜ਼ਮਾਂ ਤਕ ਸਾਰੇ ਖ਼ਿਤਾਬ ਹਾਸਲ ਕੀਤੇ ਹੋਏ ਹਨ।

ਉਹ ਸਕੂਲਾਂ-ਕਾਲਜਾਂ ਤੋਂ ਲੈ ਕੇ ਏਸ਼ੀਆ ਤੇ ਕਾਮਨਵੈਲਥ ਖੇਡਾਂ ਅਤੇ ਵਿਸ਼ਵ ਵੈਟਰਨ ਕੁਸ਼ਤੀ ਮੁਕਾਬਲਿਆਂ ਤਕ ਦੀਆਂ ਅਨੇਕਾਂ ਗੁਰਜਾਂ ਸਾਂਭੀ ਬੈਠਾ ਹੈ। ਬੈਠਾ ਕਿਥੇ! ਪੰਜਾਬ ਪੁਲਿਸ ਦਾ ਆਈ. ਜੀ. ਬਣ ਕੇ ਤੇ ਹੁਣ ਰਿਟਾਇਰ ਹੋ ਕੇ ਵੀ ਰੋਜ਼ਾਨਾ ਜ਼ੋਰ ਕਰਦਾ ਹੈ। ਬਹੁਤੇ ਖਿਡਾਰੀ ਤਾਂ ਹਵਾਲਦਾਰ ਜਾਂ ਠਾਣੇਦਾਰ ਦੀ ਨੌਕਰੀ ਲੈਣ ਸਾਰ ਹੀ ਆਪਣੀ ਖੇਡ ਨੂੰ ਅਲਵਿਦਾ ਕਹਿ ਦਿੰਦੇ ਹਨ!

ਉਹਦਾ ਜਨਮ ਮਾਝੇ ਦੇ ਮਸ਼ਹੂਰ ਪਿੰਡ ਸੁਰ ਸਿੰਘ ਵਿਚ ਸਾਧਾਰਨ ਕਿਸਾਨ ਕਰਨੈਲ ਸਿੰਘ ਢਿੱਲੋਂ ਦੇ ਘਰ ਹੋਇਆ ਸੀ। ਉਹਦੀਆਂ ਕੁਸ਼ਤੀਆਂ ਦਾ ਦੌਰ 1968 ਤੋਂ ਸ਼ੁਰੂ ਹੋਇਆ ਜੋ ਦਹਾਕਿਆਂ ਤਕ ਚੱਲਿਆ। 1970-71 ਵਿਚ ਉਹ ਆਲ ਇੰਡੀਆ ਸਕੂਲਾਂ ਦਾ ਨੈਸ਼ਨਲ ਚੈਂਪੀਅਨ ਬਣਿਆ। ਫਿਰ ਯੂਨੀਵਰਸਿਟੀ ਤੇ ਇੰਟਰਵਰਸਿਟੀ ਜਿੱਤਣ ਪਿੱਛੋਂ 1974 'ਚ ਮਾਸਕੋ ਦੇ ਵਿਸ਼ਵ ਯੂਨੀਵਰਸਿਟੀਜ਼ ਕੁਸ਼ਤੀ ਮੁਕਾਬਲਿਆਂ 'ਚ ਗਿਆ। 1978 ਤੇ 82 'ਚ ਏਸ਼ਿਆਈ ਤੇ ਕਾਮਨਵੈਲਥ ਖੇਡਾਂ 'ਚੋਂ ਮੈਡਲ ਜਿੱਤੇ। 1986 'ਚ ਸਿਓਲ ਦੀਆਂ ਏਸ਼ਿਆਈ ਖੇਡਾਂ 'ਚੋਂ ਸੋਨ-ਤਮਗਾ ਜਿੱਤਣ ਵਾਲਾ ਉਹ ਇਕੱਲਾ ਭਾਰਤੀ ਮਰਦ ਸੀ।

1978 'ਚ ਉਹ ਬੀ. ਐਸ. ਐਫ. ਵਿਚ ਭਰਤੀ ਹੋਇਆ ਸੀ। ਪਹਿਲਾਂ ਉਸ ਨੇ ਪਹਿਲਵਾਨ ਦਾਰਾ ਸਿੰਘ ਨੂੰ ਉਸਤਾਦ ਧਾਰਿਆ ਸੀ ਜਿਸ ਨੇ ਉਸ ਨੂੰ ਗੁਰੂ ਹਨੂਮਾਨ ਜੀ ਦੇ ਲੜ ਲਾ ਦਿੱਤਾ। ਗੁਰੂ ਹਨੂਮਾਨ ਦੇ ਅਖਾੜੇ ਵਿਚ ਉਸ ਨੇ ਕਈ ਸਾਲ ਮਿਹਨਤ ਕੀਤੀ। ਉਥੇ ਮੈਂ ਉਹਨੂੰ ਪਹਿਲੀ ਵਾਰ ਮਿਲਿਆ ਸਾਂ। ਅਖਾੜੇ ਦਾ ਤੰਗ ਜਿਹਾ ਹਾਤਾ ਭਲਵਾਨਾਂ ਨਾਲ ਭਰਿਆ ਪਿਆ ਸੀ। ਅਲੂੰਏਂ ਪੱਠੇ ਸ਼ਰਦਾਈਆਂ ਰਗੜ ਰਹੇ ਸਨ ਤੇ ਕਈ ਰੱਸਿਆਂ ਨਾਲ ਝੂਟ ਰਹੇ ਸਨ। ਕਿਧਰੇ ਡੰਡ ਬੈਠਕਾਂ ਲੱਗ ਰਹੀਆਂ ਸਨ ਤੇ ਕਿਧਰੇ ਮੱਲਾਂ ਦੇ ਜੋੜ ਅਖਾੜੇ ਦੀ ਮਿੱਟੀ ਵਿਚ ਮਿੱਟੀ ਹੋਏ ਪਏ ਸਨ। ਸਾਰਾ ਅਖਾੜਾ ਮੁੜ੍ਹਕੇ ਵਿਚ ਭਿੱਜਿਆ ਪਿਆ ਸੀ ਜਿਸ 'ਚੋਂ ਤੇਲੀਆ ਮਹਿਕ ਆ ਰਹੀ ਸੀ। ਗੁਰੂ ਹਨੂਮਾਨ ਦੀ ਉਹ ਅਨੋਖੀ ਟਕਸਾਲ ਸੀ ਜਿਥੇ ਹੱਡ ਮਾਸ ਦੇ ਜੁੱਸੇ ਫੌਲਾਦੀ ਬਣਾਏ ਜਾ ਰਹੇ ਸਨ। ਅੰਦਰ ਗੱਦੇ ਉਤੇ ਪ੍ਰੈਕਟਿਸ ਕਰਨ ਤੋਂ ਵਿਹਲਾ ਹੋ ਕੇ ਕਰਤਾਰ ਸਿੰਘ ਮਿਲਿਆ ਤਾਂ ਉਹਦਾ ਗੋਰਾ ਬਦਨ ਪਸੀਨੇ ਵਿਚ ਤਰ ਸੀ ਤੇ ਭਖਿਆ ਹੋਇਆ ਸੂਹੀ ਭਾਅ ਮਾਰ ਰਿਹਾ ਸੀ। ਉਦਣ ਸਾਰਾ ਦਿਨ ਮੈਂ ਕਰਤਾਰ ਹੋਰਾਂ ਕੋਲ ਰਿਹਾ।

ਉਹਦਾ ਬਚਪਨ ਆਮ ਕਿਸਾਨ ਮੁੰਡਿਆਂ ਵਾਂਗ ਸਕੂਲੇ ਜਾਂਦਿਆਂ ਤੇ ਡੰਗਰ ਚਾਰਦਿਆਂ ਲੰਘਿਆ ਸੀ। ਉਹਦੇ ਅੰਦਰ ਛੁਪੇ ਬੈਠੇ ਰੁਸਤਮ ਦਾ ਉਦੋਂ ਕਿਸੇ ਨੂੰ ਖ਼ਾਬ ਖ਼ਿਆਲ ਵੀ ਨਹੀਂ ਸੀ। ਸਾਡੇ ਬੱਚਿਆਂ ਅੰਦਰ ਕੀ ਕੁਝ ਛੁਪਿਆ ਹੋਇਆ ਹੈ- ਇਹਦਾ ਵੀ ਸਾਨੂੰ ਕਿੰਨਾ ਕੁ ਪਤਾ ਹੈ?



ਬੁੱਦਾਪੈਸਟ (ਹੰਗਰੀ) ਵਿਚ ਜੂਝਣ ਦੀ ਤਿਆਰੀ ਕਰ ਰਿਹਾ ਕਰਤਾਰ ਸਿੰਘ

ਕਰਤਾਰ ਸਿੰਘ ਨੇ ਪਿੰਡੋਂ ਦਸ ਪੜ੍ਹ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲੈ ਲਿਆ। ਫਿਰ ਪੜ੍ਹਾਈ ਵਿਚੇ ਛੱਡ ਕੇ ਕੁਲਵਕਤੀ ਪਹਿਲਵਾਨ ਬਣ ਗਿਆ ਤੇ ਪਹਿਲਵਾਨੀ ਦੇ ਸਿਰ 'ਤੇ ਨੌਕਰੀ ਲੈਣ ਪਿੱਛੋਂ ਤਰੱਕੀਆਂ ਕਰਦਾ ਪੰਜਾਬ ਪੁਲਿਸ ਦਾ ਆਈ. ਜੀ. ਬਣਿਆ। ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਵੀ ਰਿਹਾ। ਉਹ ਪੰਜਾਬ ਕੁਸ਼ਤੀ ਸੰਘ ਦਾ ਪ੍ਰਧਾਨ ਤੇ ਭਾਰਤੀ ਕੁਸ਼ਤੀ ਸੰਘ ਦਾ ਜਨਰਲ ਸਕੱਤਰ ਵੀ ਰਿਹਾ। ਉਸ ਨੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਕੁਸ਼ਤੀ ਦੇ ਅੰਤਰਰਾਸ਼ਟਰੀ ਦੰਗਲ ਕਰਵਾਏ। ਪੰਜਾਬ ਸਰਕਾਰ ਨੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਅਤੇ ਭਾਰਤ ਸਰਕਾਰ ਨੇ ਪਦਮਸ੍ਰੀ ਤੇ ਅਰਜਨਾ ਐਵਾਰਡ ਨਾਲ ਸਨਮਾਨਿਆ। ਉਸ ਦਾ ਵਿਆਹ 1985 ਵਿਚ ਬੀਬੀ ਗੁਰਿੰਦਰ ਕੌਰ ਨਾਲ ਹੋਇਆ ਸੀ ਤੇ ਉਨ੍ਹਾਂ ਦੇ ਇਕ ਬੇਟਾ ਤੇ ਦੋ ਬੇਟੀਆਂ ਹਨ। ਉਨ੍ਹਾਂ ਦਾ ਪੱਕਾ ਟਿਕਾਣਾ ਜਲੰਧਰ ਹੈ।

ਕਰਤਾਰ ਸਿੰਘ ਮਿੱਟੀ ਦੇ ਅਖਾੜੇ ਤੇ ਗੱਦੇ ਦੀਆਂ ਕੁਸ਼ਤੀਆਂ ਦਾ ਮਾਹਿਰ ਹੈ। ਉਸ ਨੇ ਪਿੰਡਾਂ ਦੀਆਂ ਛਿੰਝਾਂ ਤੋਂ ਕੁਸ਼ਤੀ ਮੁਕਾਬਲੇ ਸ਼ੁਰੂ ਕੀਤੇ ਸਨ ਤੇ ਰਵਾਇਤੀ ਦਾਅ ਢਾਕ ਮਾਰਨਾ, ਹਫਤਾ ਚਾੜ੍ਹਨਾ, ਧੋਬੀ ਪਾਟ, ਨਕਾਲ, ਬਗਲ ਡੁੱਬ, ਗਾਧਾਲੋਟ, ਪੁਠੀ ਸਿਧੀ ਸਾਲਤੋਂ ਤੇ ਮੋਡਾ ਮਾਰਨ ਦੀ ਮੁਹਾਰਤ ਹਾਸਲ ਕੀਤੀ ਸੀ। ਬਾਅਦ ਵਿਚ ਉਸ ਨੇ ਗੱਦੇ ਦੇ ਦਾਅ ਭਾਰਨਦਾਜ਼, ਪੱਟ ਖਿਚਣਾ, ਫਿਤਲੇ ਤੇ ਟੰਗੀ ਆਦਿ ਵੀ ਸਿੱਖੇ ਤੇ ਰਵਾਂ ਕੀਤੇ।

ਉਸ ਨੇ 1968 ਤੋਂ 2014 ਤਕ ਹਜ਼ਾਰਾਂ ਕੁਸ਼ਤੀਆਂ ਲੜੀਆਂ ਹਨ। ਕਿਸੇ ਪਹਿਲਵਾਨ ਵੱਲੋਂ ਏਨਾ ਲੰਮਾ ਸਮਾਂ ਸਰਗਰਮ ਪਹਿਲਵਾਨ ਰਹਿਣ ਦਾ ਇਹ ਅਨੋਖਾ ਰਿਕਾਰਡ ਹੈ। ਉਹਦੇ ਗਰਾਂਈਂ ਵਰਿਆਮ ਸਿੰਘ ਸੰਧੂ ਨੇ ਉਹਦੀ ਜੀਵਨੀ ਲਿਖੀ ਹੈ-ਕੁਸ਼ਤੀ ਦਾ ਧਰੂ ਤਾਰਾ। ਉਹਨੂੰ ਪੜ੍ਹਨ ਨਾਲ ਪਹਿਲਵਾਨ ਦੇ ਪਿਛੋਕੜ, ਪਰਿਵਾਰ, ਜੁੱਸੇ ਤੇ ਮਨ ਦੀਆਂ ਅਨੇਕਾਂ ਪਰਤਾਂ ਦੇ ਦਰਸ਼ਨ ਹੁੰਦੇ ਹਨ। ਉਹ ਪੰਜਾਬੀਆਂ ਦਾ ਮਾਣ ਹੈ ਤੇ ਭਾਰਤ ਦੀ ਸ਼ਾਨ।

## ਛਾਤੀ 'ਤੇ ਬੈਠਾ ਸ਼ੇਰ

ਜਾ ਰਹੀ ਸੀ। ਆਪਣੇ ਇਨ੍ਹਾਂ ਮਿੱਤਰ ਪਿਆਰਿਆਂ ਤੇ ਪ੍ਰਸ਼ੰਸਕਾਂ ਸਾਹਮਣੇ ਉਹ ਅਪਾਹਜ ਹੋ ਕੇ ਪਾਸੇ ਬੈਠਾ ਰਹੇਗਾ ਤੇ ਹੋਰ ਲੋਕ ਗਲਾਂ ਵਿਚ ਸੋਨੇ ਚਾਂਦੀ ਦੇ ਤਮਗੇ ਲਟਕਾ ਕੇ ਤੁਰ ਜਾਣਗੇ। "ਹਾਏ ਓਇ ਰੱਬਾ! ਇਹ ਕੀ ਗੱਲ ਹੋ ਗਈ?"

'ਕੀ ਭਲਾ ਮੈਂ ਇਸ ਹਾਲਤ ਵਿਚ ਵੀ ਕੁਸ਼ਤੀ ਨਹੀਂ ਲੜ ਸਕਦਾ!' ਇਕ ਪਲ ਲਈ ਇਹ ਖ਼ਿਆਲ ਜਿਵੇਂ ਬਿਜਲੀ ਵਾਂਗ ਉਹਦੇ ਮਨ 'ਚ ਲਿਸ਼ਕਿਆ। ਨਾਜ਼ਰ ਸਿੰਘ ਨੇ ਉਹਦੀਆਂ ਅੱਖਾਂ ਦੀ ਉਦਾਸ ਲਿਸ਼ਕ ਵਿਚੋਂ ਜਿਵੇਂ ਇਹ ਸੁਆਲ ਪੜ੍ਹ ਲਿਆ ਸੀ। ਉਹ ਕਰਤਾਰ ਨੂੰ ਬਾਹੋਂ ਫੜ ਕੇ ਸਟੇਡੀਅਮ ਦੇ ਪਿਛਲੇ ਪਾਸੇ ਪਈਆਂ ਕੁਰਸੀਆਂ ਵੱਲ ਇਕਲਵਾਂਝੇ ਲੈ ਗਿਆ। ਨਾਜ਼ਰ ਸਿੰਘ ਵੀ ਆਪਣੇ ਵੱਲ ਲੋਕਾਂ ਦੀਆਂ ਨਜ਼ਰਾਂ ਮੁੜਦੀਆਂ ਵੇਖ ਕੇ ਅੰਦਰੇ-ਅੰਦਰ ਸ਼ਰਮ ਮਹਿਸੂਸ ਕਰ ਰਿਹਾ ਸੀ।

ਕੁਰਸੀ 'ਤੇ ਬੈਠ ਕੇ ਨਾਜ਼ਰ ਸਿੰਘ ਨੇ ਕਰਤਾਰ ਨੂੰ ਸਾਹਮਣੇ ਬਿਠਾ ਕੇ ਆਪਣੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਸੁਣਨ ਲਈ ਆਖਿਆ। ਕਰਤਾਰ ਚੇਤੰਨ ਹੋ ਕੇ ਨਾਜ਼ਰ ਸਿੰਘ ਦੇ ਮੂੰਹ ਵੱਲ ਵੇਖਣ ਲੱਗਾ।

"ਤੂੰ ਜ਼ਿਲ੍ਹੇ ਕਿਹੜੇ 'ਚ ਜੰਮਿਐਂ? ਅੰਮ੍ਰਿਤਸਰ 'ਚ ਨਾ?" ਨਾਜ਼ਰ ਨੇ ਆਪੇ ਹੀ ਸੁਆਲ ਕਰ ਕੇ ਆਪ ਹੀ ਜੁਆਬ ਦੇ ਦਿੱਤਾ। ਕਰਤਾਰ ਬੋਲ ਨਹੀਂ ਸੀ ਸਕਦਾ, ਉਸ ਨੇ ਸਿਰਫ਼ ਸਿਰ ਹਿਲਾ ਕੇ ਹਾਮੀ ਭਰੀ।

"ਤੂੰ ਸਿੱਖ ਕੌਮ 'ਚ ਜੰਮਿਐਂ ਨਾ?"

'ਹਾਂ' ਵਿਚ ਕਰਤਾਰ ਦਾ ਸਿਰ ਹਿੱਲ ਰਿਹਾ ਸੀ।

"ਤੇਰਾ ਪਿੰਡ ਸੁਰ ਸਿੰਘ ਹੀ ਹੈ ਨਾ?"

ਕਰਤਾਰ ਮੁਸਕਰਾ ਰਿਹਾ ਸੀ। ਉਹ ਨਾਜ਼ਰ ਸਿੰਘ ਦੀਆਂ ਗੱਲਾਂ ਦੇ ਅਰਥਾਂ ਦੀ ਤਹਿ ਤੱਕ ਉਤਰਨ ਦਾ ਯਤਨ ਕਰਨ ਲੱਗਾ।

"ਤੇਰੇ ਪਿੰਡ ਦਾ ਬਿਧੀ ਚੰਦ ਬਲਦੇ ਭੱਠ ਵਿਚ ਬਹਿ ਗਿਆ ਸੀ ਨਾ? ਬਾਬਾ ਮਹਾਂ ਸਿੰਘ ਤੀਰਾਂ ਤਲਵਾਰਾਂ ਨਾਲ ਵਿੰਨ੍ਹਿਆ ਖ਼ਿਦਰਾਣੇ ਦੀ ਢਾਬ ਕੰਢੇ ਦਸਮੇਸ਼ ਪਿਤਾ ਦੀ ਝੋਲੀ ਵਿਚ ਜਾ ਪਿਆ ਸੀ ਨਾ?"

ਨਾਜ਼ਰ ਸਿੰਘ ਬੋਲੀ ਜਾ ਰਿਹਾ ਸੀ। ਕਰਤਾਰ ਸੁਣੀ ਜਾ ਰਿਹਾ ਸੀ। ਹਰ ਬੋਲ ਜਿਵੇਂ ਉਹਦੇ ਜੰਮੇ ਹੋਏ ਖ਼ੂਨ ਨੂੰ ਖੋਰੀ ਜਾ ਰਿਹਾ ਸੀ। "ਕਰਤਾਰ, ਤੁਹਾਡੇ ਪਿੰਡ ਤੋਂ ਪਰ੍ਹੇ ਤੁਹਾਡੀਆਂ ਪੈਲੀਆਂ ਤੋਂ ਥੋੜ੍ਹੀ ਦੂਰ ਹੀ ਪੂਹਲਿਆਂ ਵਾਲੇ ਭਾਈ ਤਾਰੂ ਸਿੰਘ ਦਾ ਗੁਰਦੁਆਰਾ ਹੈ, ਉਹਦੇ ਸਿਰ ਤੋਂ ਖੋਪਰ ਲਾਹ ਦਿੱਤਾ ਸੀ ਨਾ ਸੂਬੇ ਨੇ! ਪਰ ਲੱਥੀ ਖੋਪਰੀ ਤੋਂ ਪਿੱਛੋਂ ਵੀ ਸਿੰਘ ਓਨਾ ਚਿਰ ਜਿਉਂਦਾ ਰਿਹਾ ਤੇ ਮੌਤ ਨਾਲ ਲੜਦਾ ਰਿਹਾ, ਜਿੰਨਾ ਚਿਰ ਆਪਣੇ ਛਿੱਤਰ ਅੱਗੇ ਲਾ ਕੇ ਸੂਬੇ ਨੂੰ ਨਾਲ ਨਹੀਂ ਲੈ ਗਿਆ।"

ਕਰਤਾਰ ਕੁਰਸੀ ਤੋਂ ਉੱਠ ਕੇ ਖਲੋ ਗਿਆ ਪਰ ਨਾਜ਼ਰ ਸਿੰਘ ਹਟਿਆ ਨਹੀਂ। ਉਹ ਸਿੱਖ ਇਤਿਹਾਸ ਦੇ ਹਵਾਲੇ ਉਸ ਦੇ ਆਲੇ ਦੁਆਲਿਓਂ ਹੀ ਚੁਣ-ਚੁਣ ਕੇ ਦੇਈ ਜਾ ਰਿਹਾ ਸੀ।


"ਪੂਹਲਿਆਂ ਦੇ ਨਾਲ ਲਗਦਾ, ਖ਼ਾਲੜੇ ਵਾਲੀ ਸੜਕ 'ਤੇ ਪੈਂਦਾ, ਪਹੂੰਵਿੰਡ ਪਿੰਡ ਪਤਾ ਈ ਕਿਸ ਸੂਰਮੇ ਦਾ?..."

ਐਤਕੀਂ ਨਾਜ਼ਰ ਨੇ ਆਪ ਜੁਆਬ ਨਹੀਂ ਦਿੱਤਾ, ਉਹਨੇ ਕਰਤਾਰ ਦੇ ਸਾਹਮਣੇ ਖੜ੍ਹੇ ਹੋ ਕੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕੀਲ ਲੈਣ ਵਾਲੀ ਨਜ਼ਰ ਨਾਲ ਵੇਖਿਆ ਤਾਂ ਕਰਤਾਰ ਦਾ ਚਿਹਰਾ ਅੰਦਰਲੇ ਸੇਕ ਨਾਲ ਜਿਵੇਂ ਭਖ ਕੇ ਲਾਲ ਸੂਹਾ ਹੋ ਗਿਆ।

"ਕੀਹਦਾ ਪਿੰਡ ਐ ਪਹੂੰਵਿੰਡ? ਮੈਂ ਤੈਨੂੰ ਪੁੱਛਦਾਂ?" ਨਾਜ਼ਰ ਨੇ ਦ੍ਰਿੜ ਆਵਾਜ਼ ਵਿਚ ਦੁਬਾਰਾ ਪੁੱਛਿਆ।

"ਬ...ਬ... ਬ...ਬਾ... ਦੀਪ ਸਿੰਘ ਦਾ...!" ਸੁੱਜੇ ਹੋਏ ਮੂੰਹ ਵਿਚੋਂ ਕਰਤਾਰ ਦੇ ਬੁੜਬੁੜਾਉਂਦੇ ਬੋਲ ਨਿਕਲੇ।

"ਓਇ ਜੇ ਤੇਰੇ ਵੱਡੇ ਵਡੇਰੇ ਵੱਢੇ ਹੋਏ ਸਿਰ ਨਾਲ ਲੜ ਸਕਦੇ ਨੇ, ਤਾਂ ਤੂੰ ਸਿਰਫ਼ ਟੁੱਟੇ ਹੋਏ ਦੰਦਾਂ ਕਰ ਕੇ ਨਹੀਂ ਲੜ ਸਕਦਾ! ਕਾਹਦਾ ਸਿੰਘ ਐਂ ਤੂੰ ... ਕੱਲ੍ਹ ਤੂੰ ਏਸ਼ੀਆ 'ਚੋਂ ਫ਼ਸਟ ਆਇਐਂ ਤੇ ਅੱਜ ਤੂੰ ਕੁਛ ਵੀ ਨਾ ਆਵੇਂ, ਤੇਰੇ ਪੱਲੇ ਹੀ ਕੀ ਰਹਿੰਦੈ... ਜੇ ਅੱਜ ਤੂੰ ਚਾਂਦੀ ਦਾ ਤਮਗਾ ਹੀ ਲੈ ਜਾਵੇਂ, ਚਲੋ ਸੋਨੇ ਦਾ ਤਾਂ ਗਿਆ, ਤਾਂ ਇਹ ਕੋਈ ਘੱਟ ਗੱਲ ਤਾਂ ਨਹੀਂ। ਲੋਕੀਂ ਤਾਂ ਸਟੇਟ 'ਚੋਂ ਚਾਂਦੀ ਦਾ ਤਮਗਾ ਲੈਣ ਲਈ ਦੰਦੀਆਂ ਵਿਲਕਦੇ ਫਿਰਦੇ ਨੇ...। ਹੁਣ ਜੇ ਤੂੰ ਨਹੀਂ ਲੜਦਾ ਤਾਂ ਤੈਨੂੰ ਬਦਨਾਮੀ ਐ... ਸਾਨੂੰ ਬਦਨਾਮੀ ਐ... ਪੂਰੀ ਸਿੱਖ ਕੌਮ ਨੂੰ ਬਦਨਾਮੀ ਐ...।"



ਪਹਿਲਵਾਨ ਕਰਤਾਰ ਸਿੰਘ ਆਪਣੇ ਪਰਿਵਾਰ ਨਾਲ

ਅਜੇ ਨਾਜ਼ਰ ਸਿੰਘ ਦਾ ਲੈਕਚਰ ਖ਼ਤਮ ਨਹੀਂ ਸੀ ਹੋਇਆ ਕਿ ਕਰਤਾਰ ਜੋਸ਼ ਵਿਚ ਬੁੜ੍ਹਕਣ ਲੱਗ ਪਿਆ। ਉਸ ਨੂੰ 'ਵਾਰਮ ਅੱਪ' ਹੁੰਦਾ ਵੇਖ ਕੇ ਨਾਜ਼ਰ ਸਿੰਘ ਨੂੰ ਚਾਅ ਚੜ੍ਹ ਗਿਆ। ਉਸ ਨੇ ਜਾ ਕੇ ਗੱਲ ਕੀਤੀ ਕਿ ਕਰਤਾਰ ਕੁਸ਼ਤੀ ਲੜੇਗਾ।

"ਨਹੀਂ ਇਹ ਬਹੁਤ ਖ਼ਤਰੇ ਵਾਲੀ ਗੱਲ ਐ... ਇਹ ਰਿਸਕ ਨਹੀਂ ਲੈਣਾ।" ਭਗਵਤ ਸਾਹਿਬ ਨੇ ਰਾਇ ਦਿੱਤੀ।

"ਇਹਦੇ ਦੰਦਾਂ ਨੂੰ ਰਤਾ ਵੀ ਸੱਟ ਲੱਗ ਗਈ ਤਾਂ ਜਾਹ ਜਾਂਦੀਏ ਹੋ ਜੂਗੀ।" ਕਿਸੇ ਹੋਰ ਨੇ ਕਿਹਾ।

ਟੁੱਟਵੇਂ ਬੋਲਾਂ ਤੇ ਇਸ਼ਾਰੇ ਨਾਲ ਕਰਤਾਰ ਨੇ ਸਮਝਾਇਆ ਕਿ ਦੰਦ ਟੁੱਟ ਜਾਣਗੇ ਤਾਂ ਮੂੰਹ 'ਚੋਂ ਦੰਦਾਂ ਦਾ ਪੀਹੜ ਕੱਢ ਕੇ ਬਾਹਰ ਸੁੱਟ ਦਿਆਂਗਾ ਪਰ ਮੈਂ ਲੜਾਂਗਾ ਜ਼ਰੂਰ।

ਡਾਕਟਰਾਂ ਨਾਲ ਸਲਾਹ ਕੀਤੀ। ਉਨ੍ਹਾਂ ਫਿਰ ਮਨ੍ਹਾਂ ਕਰ ਦਿੱਤਾ। ਹੁਣ ਕਰਤਾਰ ਸਿਰਫ਼ ਆਪਣੇ ਰਿਸਕ 'ਤੇ ਲੜ ਸਕਦਾ ਸੀ, ਤੇ ਇਹ ਰਿਸਕ ਲੈਣ ਲਈ ਉਹ ਹੁਣ ਹਰ ਹਾਲਤ ਵਿਚ ਤਿਆਰ ਸੀ। ਕਰਤਾਰ ਦੀ ਇਹ ਹਿੰਮਤ ਵੇਖ ਕੇ ਪੂਰਾ ਸਟੇਡੀਅਮ ਤਾੜੀਆਂ ਦੀ ਗੜਗੜਾਹਟ ਨਾਲ ਗੂੰਜ ਉਠਿਆ।

ਉਧਰ ਈਰਾਨੀ ਪਹਿਲਵਾਨ ਸੁਲੇਮਾਨੀ ਅਖਾੜੇ ਵਿਚ ਪਹੁੰਚ ਚੁੱਕਾ ਸੀ ਅਤੇ ਉਹਨੂੰ ਵਾਕ ਓਵਰ ਮਿਲ ਜਾਣ ਦੀਆਂ ਆਖਰੀ ਆਵਾਜ਼ਾਂ ਪੈਣੀਆਂ ਸ਼ੁਰੂ ਹੋ ਗਈਆਂ ਸਨ। ਐਨੇ ਚਿਰ ਵਿਚ ਹੀ ਕਰਤਾਰ ਤਾੜੀਆਂ ਦੀ ਗੂੰਜ ਵਿਚ ਉੱਛਲਦਾ ਕੁੱਦਦਾ ਗੱਦੇ ਉੱਪਰ ਪਹੁੰਚ ਗਿਆ। ਉਹਦੇ ਕੰਨਾਂ ਵਿਚ ਪਿੱਛੋਂ ਆਉਂਦੀਆਂ ਨਾਜ਼ਰ ਸਿੰਘ ਦੀਆਂ ਆਵਾਜ਼ਾਂ ਉਹਦੇ ਜਿਸਮ ਦੇ ਲੂੰ-ਕੰਡੇ ਖੜ੍ਹੇ ਕਰ ਰਹੀਆਂ ਸਨ:

"ਮੈਂ ਸੁਣਿਐ ਕਰਤਾਰ ਸਿਆਂ! ਜੇ ਕੋਈ ਜ਼ਖ਼ਮੀ ਸ਼ੇਰ ਜੰਗਲ ਵਿਚ ਵੜ ਜਾਵੇ ਤਾਂ ਫਿਰ ਕਿਸੇ ਜੰਗਲ ਦੇ ਜੀਅ ਨੂੰ ਉਹ ਜਿਉਂਦਿਆਂ ਨਹੀਂ ਰਹਿਣ ਦਿੰਦਾ, ਉਹ ਚੱਬ ਜਾਂਦੈ ਸਭ ਨੂੰ, ਉਹਦੇ ਹੁੰਦਿਆਂ ਜੂਹ ਵਿਚ ਹੋਰ ਕੋਈ ਜਨੌਰ ਨਹੀਂ ਟਿਕਦਾ ਫਿਰ! ਤੇ ਤੂੰ ਹੁਣ ਜ਼ਖ਼ਮੀ ਸ਼ੇਰ ਐਂ, ਸ਼ੇਰ ਵੀ ਸਿੱਖ ਕੌਮ ਦਾ, ਜ਼ਖ਼ਮੀ ਸ਼ੇਰ ਤਾਂ ਹੋਰ ਵੀ ਖੂੰਖ਼ਾਰ ਹੋ ਜਾਂਦੈ, ਤੇ ਤੂੰ ਹੁਣ ਇਹਨੂੰ ਕਿੱਥੇ ਛੱਡਣ ਲੱਗੈਂ...।"

ਅਸਲ ਵਿਚ ਈਰਾਨੀ ਪਹਿਲਵਾਨ ਜਪਾਨੀ ਪਹਿਲਵਾਨ ਨਾਲੋਂ ਵੀ ਦੋ ਰੱਤੀਆਂ ਉਤੇ ਸੀ। ਦੂਜੇ ਪਾਸੇ ਜਿੰਨੇ ਵੀ ਈਰਾਨੀ ਪਹਿਲਵਾਨ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਆਏ ਸਨ, ਸਾਰੇ ਹੀ ਜਿੱਤ ਗਏ ਸਨ ਤੇ ਕਰਤਾਰ ਦੇ ਜ਼ਖ਼ਮੀ ਹੋਣ ਕਰ ਕੇ ਇਸ ਈਰਾਨੀ ਦੀ ਜਿੱਤ ਤਾਂ ਨਿਸ਼ਚਿਤ ਹੀ ਸਮਝ ਲਈ ਗਈ ਸੀ। ਈਰਾਨੀ ਵਿਦਿਆਰਥੀਆਂ ਦੀਆਂ ਭੀੜਾਂ ਪਤਾ ਨਹੀਂ ਕਿੱਧਰੋਂ ਸਟੇਡੀਅਮ ਵਿਚ ਉਮੜ ਆਈਆਂ ਸਨ। ਉਨ੍ਹਾਂ ਨੇ ਹੱਥਾਂ ਵਿਚ ਈਰਾਨ ਦੇ ਝੰਡੇ ਫੜੇ ਹੋਏ ਸਨ ਤੇ ਉਚੀ ਤੋਂ ਉਚੀ ਆਵਾਜ਼ ਵਿਚ ਅੱਗੇ ਝੁਕ-ਝੁਕ ਕੂਕਾਂ ਮਾਰਦੇ "ਈਰਾਨ! ਈਰਾਨ!"

ਈਰਾਨੀ ਪ੍ਰਸ਼ੰਸਕਾਂ ਦੀਆਂ ਆਵਾਜ਼ਾਂ ਤੋਂ ਪ੍ਰੇਰਿਤ ਹੋ ਕੇ ਪੂਰੇ ਜ਼ੋਰ ਨਾਲ ਈਰਾਨੀ ਭਲਵਾਨ ਹਮਲਾ ਕਰਨ ਲਈ ਅਹੁਲਿਆ ਤੇ ਕਰਤਾਰ ਨੂੰ ਫੜ ਲਿਆ। ਉਸ ਨੂੰ ਇਹ ਸੌ ਪ੍ਰਤੀਸ਼ਤ ਆਸ ਸੀ ਕਿ ਜ਼ਖ਼ਮੀ ਹੋਇਆ ਕਰਤਾਰ ਉਹਦੇ ਅੱਗੇ ਟਿਕਣ ਹੀ ਨਹੀਂ ਲੱਗਾ।

ਉਸ ਨੇ ਕਰਤਾਰ ਨੂੰ ਟੰਗੀ ਪਾਈ ਅਤੇ ਚਿੱਤ ਕਰਨ ਦੀ ਕੋਸ਼ਿਸ਼ ਕਰਨ ਲੱਗਾ।

"ਮੈਂ ਨਾ ਜੀ... ਰੱਬ ਦਾ ਨਾਂ ਲਿਆ...। ਮੈਨੂੰ ਡਰ ਸੀ ਕਿ ਰਤਾ ਕੁ ਮੇਰੇ ਦੰਦਾਂ ਨੂੰ ਉਹ ਵੱਜ ਗਿਆ ਤਾਂ ਮੇਰੇ ਦੰਦ ਬਾਹਰ ਜਾ ਪੈਣੇ ਨੇ...।" ਕਰਤਾਰ ਉਨ੍ਹਾਂ ਪਲਾਂ ਨੂੰ ਯਾਦ ਕਰਦਾ ਹੈ।

"ਮੈਂ ਮੂੰਹ ਹੇਠਾਂ ਨੂੰ ਬਚਾ ਕੇ ਫੁਰਤੀ ਨਾਲ ਧੂਰਲੀ ਜਿਹੀ ਮਾਰੀ ਤੇ ਉਹਦੇ ਥੱਲਿਓਂ ਨਿਕਲ ਗਿਆ।"

ਪੰਜਾਬੀ ਪ੍ਰਸ਼ੰਸਕਾਂ ਦੀਆਂ ਆਵਾਜ਼ਾਂ ਈਰਾਨੀ ਪ੍ਰਸ਼ੰਸਕਾਂ ਨਾਲੋਂ ਉੱਚੀ ਆਵਾਜ਼ ਵਿਚ ਉਭਰੀਆਂ। ਕਰਤਾਰ ਨੂੰ ਬਾਬਾ ਦੀਪ ਸਿੰਘ ਦਾ ਖ਼ਿਆਲ ਆਇਆ। ਕੱਟਿਆ ਹੋਇਆ ਸੀਸ ਤਲੀ 'ਤੇ ਧਰ ਕੇ ਖੰਡਾ ਵਾਹੁੰਦਾ, ਮਾਰੋ-ਮਾਰ ਕਰਦਾ ਦੁਸ਼ਮਣ ਦਲਾਂ ਨੂੰ ਚੀਰਦਾ ਜਾ ਰਿਹਾ ਬਾਬਾ ਦੀਪ ਸਿੰਘ। ਉਹ ਰੋਹ ਵਿਚ ਭਰ ਕੇ ਸਚਮੁਚ ਜ਼ਖ਼ਮੀ ਸ਼ੇਰ ਵਾਂਗ ਟੁੱਟ ਕੇ ਪੈ ਗਿਆ ਉਸ ਨੂੰ।

ਨਾਜ਼ਰ ਸਿੰਘ ਨੂੰ ਯਾਦ ਆਉਂਦੀ ਹੈ, "ਇਸ ਨੇ ਫਿਰ ਜਾ ਕੇ ਐਸੀ ਖੂੰਖ਼ਾਰ ਕੁਸ਼ਤੀ ਲੜੀ, ਸਭ ਕੁਝ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ। ਤਾਹੀਓਂ ਖ਼ੋਰੇ... ਥਕਾ, ਤਰੋੜ ਮਰੋੜ, ਬੇਹੋਸ਼ ਕਰ... ਸਹੀ ਮਾਇਨਿਆਂ 'ਚ ਨਾ... ਇਹਨੇ ਉਸ ਵੇਲੇ ਸ਼ੇਰ ਬਣ ਕੇ ਵਿਖਾ ਦਿੱਤਾ। ਮੈਨੂੰ ਪਿਕਚਰ ਯਾਦ ਐ ਕਿ ਇਹ ਉਹਨੂੰ ਐਂ ਪਿਆ ਫਿਰ... ਜਿਵੇਂ ਉਹਨੂੰ ਖਾ ਹੀ ਜਾਣਾ ਹੋਵੇ। ਏਨੀ ਤੇਜ਼ ਕੁਸ਼ਤੀ ਮੈਂ ਇਸ ਦੀ ਜ਼ਿੰਦਗੀ ਭਰ ਨਹੀਂ ਵੇਖੀ। ਇਹਨੇ ਜਿੰਦਾਂ ਵੇਲਣੇ 'ਚ ਗੰਨਾ ਪੀੜੀਦੈ- ਉਹਨੂੰ ਪਲਾਂ 'ਚ ਪੀੜ ਕੇ ਰਸ ਕੱਢ ਕੇ, ਨਿਚੋੜ ਕੇ ਤੇ ਫੋਗ ਬਣਾ ਕੇ ਧਰਤੀ 'ਤੇ ਸੁੱਟ ਦਿੱਤਾ ਅਤੇ ਉਹਦੀ ਹਿੱਕ ਉਤੇ ਬੈਠ ਗਿਆ।"

ਮੈਟ 'ਤੇ ਸੁਹਾਗੇ ਵਾਂਗ ਅਰਧ-ਬੇਹੋਸ਼ੀ ਦੀ ਹਾਲਤ ਵਿਚ ਈਰਾਨ ਦਾ ਸੰਸਾਰ ਪ੍ਰਸਿੱਧ ਭਲਵਾਨ ਸੁਲੇਮਾਨੀ ਪਿੱਠ ਪਰਨੇ ਪਿਆ ਸੀ ਅਤੇ ਉਹਦੀ ਛਾਤੀ ਉਤੇ ਚੜ੍ਹਿਆ ਕਰਤਾਰ ਹਵਾ ਵਿਚ ਬਾਹਵਾਂ ਲਹਿਰਾ ਕੇ ਭੰਗੜਾ ਪਾ ਰਿਹਾ ਸੀ। ਈਰਾਨੀ ਦੀ ਏਨੀ ਬੁਰੀ ਹਾਲਤ ਹੋ ਗਈ ਸੀ ਕਿ ਉਹ ਥੱਲਿਓਂ ਪਾਸਾ ਪਲਟ ਕੇ ਉਠ ਸਕਣ ਦੀ ਹਿੰਮਤ ਵੀ ਨਹੀਂ ਸੀ ਕਰ ਸਕਦਾ।

ਸਟੇਡੀਅਮ ਵਿਚ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜ ਉਠੇ। ਸੁਲੇਮਾਨੀ ਦੀ ਛਾਤੀ ਉਤੇ ਬੈਠੇ ਸ਼ੇਰ ਦੀਆਂ ਤਸਵੀਰਾਂ ਲੈਣ ਲਈ ਸੈਂਕੜੇ ਕੈਮਰੇ ਕਲਿੱਕ ਕਲਿੱਕ ਕਰਦੇ ਕੜਕ ਖੜਕ ਰਹੇ ਸਨ।

ਜਲੰਧਰ ਦਾ ਇਕ ਫੋਟੋਗ੍ਰਾਫਰ ਕਪੂਰ ਜਦੋਂ ਈਰਾਨੀ ਦੀ ਛਾਤੀ 'ਤੇ ਬੈਠੇ ਕਰਤਾਰ ਦੀ ਫੋਟੋ ਐਨ ਨਜ਼ਦੀਕ ਤੋਂ ਖਿੱਚਣ ਲਈ ਨੇੜੇ ਹੋਇਆ ਤਾਂ ਸੁਲੇਮਾਨੀ ਦੀ ਇਕ ਈਰਾਨੀ ਪ੍ਰਸ਼ੰਸਕ ਕੁੜੀ ਭੁੱਬਾਂ ਮਾਰ ਕੇ ਰੋਂਦੀ ਹੋਈ ਅੱਗੇ ਲਪਕੀ ਤੇ ਤੇਜ਼ੀ ਨਾਲ ਝਪਟ ਮਾਰ ਕੇ ਉਸ ਦਾ ਕੈਮਰਾ ਧੂਹ ਕੇ ਪਰ੍ਹੇ ਵਗਾਹ ਮਾਰਿਆ ਤੇ ਫਿਰ ਫੁੱਟ-ਫੁੱਟ ਕੇ ਰੋਣ ਲੱਗੀ।

ਅਗਲੇ ਦਿਨ ਈਰਾਨੀ ਦੀ ਛਾਤੀ 'ਤੇ ਸ਼ੇਰ ਵਾਂਗ ਗਰਜਦੇ ਬੈਠੇ ਕਰਤਾਰ ਦੀ ਫੋਟੋ ਦੇਸ਼ ਦੇ ਸਭ ਪ੍ਰਸਿੱਧ ਅਖ਼ਬਾਰਾਂ ਵਿਚ ਛਪੀ ਤੇ ਨਾਲ ਹੀ ਕੁਸ਼ਤੀ ਦਾ ਹਾਲ ਛਪਿਆ ਤਾਂ ਲੋਕਾਂ ਨੂੰ ਜਾਪਣ ਲੱਗਾ ਕਿ ਅਸਲ ਵਿਚ ਇਹ ਚਾਂਦੀ ਦਾ ਮੈਡਲ ਨਹੀਂ, ਸਗੋਂ ਸੋਨੇ ਦਾ ਮੈਡਲ ਹੀ ਮਿਲਿਐ ਕਰਤਾਰ ਨੂੰ। ਬਾਅਦ ਵਿਚ ਕਰਤਾਰ ਦੇ ਦੰਦਾਂ ਦਾ ਕਈ ਮਹੀਨੇ ਇਲਾਜ ਚਲਦਾ ਰਿਹਾ ਤੇ ਇਸ ਕੁਸ਼ਤੀ ਦੀਆਂ ਗੱਲਾਂ ਕਈ ਸਾਲ ਦੰਦ-ਕਥਾ ਵਾਂਗ ਚਲਦੀਆਂ ਰਹੀਆਂ।

ਕਹਾਣੀ

# ਸੱਤੇ ਹੀ ਕੁਆਰੀਆਂ

***'ਸੱਤੇ ਹੀ ਕੁਆਰੀਆਂ' ਵਰਗੀ ਕਹਾਣੀ ਕੋਈ ਔਰਤ ਹੀ ਲਿਖ ਸਕਦੀ ਹੈ। ਇਸ ਕਹਾਣੀ ਵਿਚ ਲੇਖਕਾ ਰਾਜਿੰਦਰ ਕੌਰ ਨੇ ਧੀਮੀ ਸੁਰ ਵਿਚ ਹੀ ਸਹੀ, ਔਰਤ-ਮਨ ਨੂੰ ਆਵਾਜ਼ ਤੇ ਕੁਝ ਬੋਲ ਬਖਸ਼ੇ ਹਨ। ਇਸ ਆਵਾਜ਼ ਵਿਚ ਅੰਤਾਂ ਦੀ ਪੀੜ ਅਤੇ ਉਸ ਤੋਂ ਵੀ ਕਿਤੇ ਵੱਧ ਆਸ ਦੀਆਂ ਕਿਰਨਾਂ ਸਮੋਈਆਂ ਹੋਈਆਂ ਹਨ। ਕੁੜੀਆਂ ਦੀ ਮਾਨਸਿਕ ਅਵੱਸਥਾ ਨੂੰ ਉਹਨੇ ਆਪਣੇ ਨਜ਼ਰੀਏ ਨਾਲ ਫੜਨ ਤੇ ਵਿਚਾਰਨ ਦਾ ਯਤਨ ਕੀਤਾ ਹੈ ਅਤੇ ਇਸ ਵਿਚ ਕੋਈ ਅਤਿ-ਕਥਨੀ ਵੀ ਨਹੀਂ ਹੈ। -ਸੰਪਾਦਕ***

**ਰਾਜਿੰਦਰ ਕੌਰ**

ਉਹ ਸੱਤ ਸਨ, ਸੱਤੇ ਹੀ ਕੁਆਰੀਆਂ, ਤੇ ਸੱਤੇ ਹੀ ਜੁਆਨ। ਉਨ੍ਹਾਂ ਸੱਤਾਂ ਨੂੰ ਹਾਲੀ ਤੱਕ ਪ੍ਰਾਹੁਣੇ ਨਸੀਬ ਨਹੀਂ ਸਨ ਹੋਏ।

ਉਹ ਸਕੀਆਂ ਭੈਣਾਂ ਨਹੀਂ ਸਨ। ਸਹੇਲੀਆਂ? ਨਹੀਂ, ਉਹ ਸਹੇਲੀਆਂ ਵੀ ਨਹੀਂ ਸਨ। ਉਹ ਤਾਂ ਬੱਸ ਸੱਤ ਕੁੜੀਆਂ ਸਨ। ਰਹਿੰਦੀਆਂ ਤਾਂ ਇਕੱਠੀਆਂ ਹੀ ਸਨ, ਪਰ ਆਮ ਤੌਰ 'ਤੇ ਉਹ ਸ਼ਾਮ ਨੂੰ ਹੀ ਇਕੱਠੀਆਂ ਹੁੰਦੀਆਂ, ਜਾਂ ਫਿਰ ਐਤਵਾਰ ਜਾਂ ਛੁੱਟੀ ਵਾਲੇ ਕਿਸੇ ਹੋਰ ਦਿਨ ਉਨ੍ਹਾਂ ਦਾ ਸਾਰਾ ਦਿਨ ਇਕੱਠੇ ਹੀ ਗੁਜ਼ਰਦਾ। ਸਾਰਾ ਦਿਨ ਉਨ੍ਹਾਂ ਨੂੰ ਕੰਮ ਕਰਨਾ ਪੈਂਦਾ ਤੇ ਸ਼ਾਮ ਨੂੰ ਵਿਹਲੀਆਂ ਹੋ ਕੇ ਉਹ ਆਪਣੀ ਮਜਲਸ ਲਾ ਬਹਿੰਦੀਆਂ। ਤਾਸ਼ ਦੀਆਂ ਬਾਜ਼ੀਆਂ ਸ਼ੁਰੂ ਹੋ ਜਾਂਦੀਆਂ- ਸੀਪ, ਰੰਮੀ, ਭਾਬੋ ਆਦਿ। ਵਾਰੀ-ਵਾਰੀ ਸਾਰੀਆਂ ਖੇਡਾਂ ਖੇਡੀਆਂ ਜਾਂਦੀਆਂ। ਫਿਰ ਜਿਹੜੀ ਭਾਬੋ ਬਣ ਜਾਂਦੀ, ਉਹਨੂੰ ਆਪਣੀ ਜੇਬ ਹਲਕੀ ਕਰਨੀ ਪੈਂਦੀ। ਗੁਲਸ਼ੱਰੇ ਉਡਦੇ। ਜਿਹੜੀ ਭਾਬੋ ਬਣਦੀ, ਉਹਨੂੰ ਪੀੜ੍ਹੀ ਉਤੇ ਬਿਠਾ, ਮੋਟੇ ਦੁਪੱਟੇ ਦੀ ਬੁਕਲ ਮਰਵਾ, ਘੁੰਡ ਕਢਵਾ ਕੇ ਪੂਰੀ ਭਾਬੋ ਬਣਾ ਛੱਡਦੀਆਂ। ਹੱਸ-ਹੱਸ ਉਹ ਲੋਟ-ਪੋਟ ਹੋ ਜਾਂਦੀਆਂ। ਕਈ ਵਾਰ 'ਭਾਬੋ' ਰੋਣਹਾਕੀ ਹੋ ਜਾਂਦੀ।

ਜਦੋਂ ਖੇਡ ਤੋਂ ਤੰਗ ਆਉਂਦੀਆਂ ਤਾਂ ਸਭ ਗਾਉਣ ਲੱਗ ਪੈਂਦੀਆਂ। ਸੁਰ ਚਾਹੇ ਮਿਲੇ ਨਾ ਮਿਲੇ। ਸਭ ਆਪਣਾ-ਆਪਣਾ ਰਾਗ ਅਲਾਪਦੀਆਂ ਰਹਿੰਦੀਆਂ।

ਈਸ਼ ਆਪਣੀ ਦਰਦ ਭਰੀ ਆਵਾਜ਼ ਵਿਚ ਆਪਣਾ ਪਿਆਰਾ ਗਾਣਾ 'ਜਾਏਂ ਤੋਂ ਜਾਏਂ ਕਹਾਂ' ਸ਼ੁਰੂ ਕਰ ਦਿੰਦੀ। ਸਭ ਦੇ ਦਿਲਾਂ ਉਤੇ ਉਦਾਸੀ ਛਾ ਜਾਂਦੀ। ਸਭ ਸੋਚਣਾ ਸ਼ੁਰੂ ਕਰ ਦਿੰਦੀਆਂ, 'ਆਖਿਰ ਜਾਈਏ ਤਾਂ ਕਿਥੇ ਜਾਈਏ?' ਉਨ੍ਹਾਂ ਨੂੰ ਹਾਲੇ ਇਸ ਸੁਆਲ ਦਾ ਜਵਾਬ ਮਿਲਿਆ ਹੀ ਨਾ ਹੁੰਦਾ, ਉਨ੍ਹਾਂ ਦੇ ਖਿਆਲਾਂ ਦੀ ਲੜੀ ਰੱਜੀ ਦੀ ਜੋਸ਼ ਭਰੀ ਆਵਾਜ਼ ਆ ਤੋੜਦੀ, ਤੇ ਸਾਰੀਆਂ ਕੋਸ਼ਿਸ਼ ਕਰਦੀਆਂ ਉਹਦੀ ਆਵਾਜ਼ ਨਾਲ ਆਵਾਜ਼ ਮਿਲਾਉਣ ਦੀ। ਈਸ਼ ਮੇਜ਼ ਉਤੇ ਹੱਥਾਂ ਨਾਲ ਤਬਲਾ ਵਜਾਉਂਦੀ। ਦੇਵੀ ਆਪਣੇ ਦੋਹਾਂ ਹੱਥਾਂ ਦੀਆਂ ਤਾਲੀਆਂ ਵਜਾ ਕੇ ਕਈ ਤਰ੍ਹਾਂ ਦੇ ਤਾਲ ਕੱਢਦੀ। ਜੀਤੀ ਆਪਣੇ ਦੋਹਾਂ ਹੱਥਾਂ ਦੇ ਅੰਗੂਠਿਆਂ ਤੇ ਵੱਡੀਆਂ-ਵੱਡੀਆਂ ਉਂਗਲਾਂ ਨਾਲ ਸੁਰ ਪੈਦਾ ਕਰ ਕੇ ਨਾਲ-ਨਾਲ ਸਿਰ ਹਿਲਾਉਂਦੀ, ਜਿਵੇਂ ਕੋਈ 'ਦੇਵੀ' ਛੜੀ ਲੱਗਣ 'ਤੇ ਖੁੱਲ੍ਹੇ ਸਿਰ ਖੇਡਦੀ ਹੈ। ਗੁਣੀ ਦੀਆਂ ਸਿੱਪੀਆਂ ਵਰਗੀਆਂ ਅੱਖਾਂ ਚਮਕ ਪੈਂਦੀਆਂ। ਈਸ਼ ਦੇ ਮੋਟੇ ਠੁੱਲ੍ਹੜ ਬੁੱਲ੍ਹ ਫ਼ਰਕਣ ਲੱਗਦੇ। ਉਮੀ ਦੇ ਹੇਠਾਂ ਨੂੰ ਲਮਕਦੇ ਲੰਮੇ-ਲੰਮੇ ਕੰਨ ਜਿਵੇਂ ਖੋਤੇ ਦੇ ਹੋਣ, ਲਾਲ ਸੂਹੇ ਹੋ ਜਾਂਦੇ। ਪਤਲੀ ਪਤੰਗ ਇੰਦਰ ਸਾਰੀ ਦੀ ਸਾਰੀ ਕੰਬਣ ਲੱਗਦੀ। ਰੱਜੀ ਦਾ ਮੂੰਹ ਗਾਉਂਦਿਆਂ-ਗਾਉਂਦਿਆਂ ਲੋਹੇ ਵਰਗਾ ਸਖਤ ਹੋਣਾ ਸ਼ੁਰੂ ਹੋ ਜਾਂਦਾ। ਦੇਵੀ ਲਈ ਬੈਠਣਾ ਮੁਸ਼ਕਿਲ ਹੋ ਜਾਂਦਾ ਤੇ ਉਹਨੂੰ ਉਚੜ-ਪੈੜੇ ਲੱਗ ਜਾਂਦੇ। ਉਹ ਖੜ੍ਹੀ ਹੋ ਕੇ ਗੇਂਦ ਵਰਗੇ ਸਰੀਰ ਨੂੰ ਬੁੜ੍ਹਕਾਣ ਲੱਗਦੀ, ਇਸ ਉਮੀਦ 'ਤੇ ਕਿ ਸ਼ਾਇਦ ਇਸੇ ਬਹਾਨੇ ਪਤਲੀ ਹੋ ਜਾਵੇ। ਇਸ ਜੋਸ਼ ਵਿਚ ਸਭ ਨੂੰ ਆਪਣਾ-ਆਪ ਭੁੱਲ ਜਾਂਦਾ। ਇਕ ਗੀਤ ਬਾਅਦ ਦੂਜਾ, ਦੂਜੇ ਬਾਅਦ ਤੀਜਾ, ਲਗਾਤਾਰ ਕਈ ਗੀਤਾਂ ਦੀ ਲੜੀ ਚਲਦੀ ਰਹਿੰਦੀ। ਆਸ-ਪਾਸ ਦੀਆਂ ਕਈ ਕੁੜੀਆਂ-ਚਿੜੀਆਂ, ਅਧਖੜ੍ਹ ਬੁੱਢੀਆਂ ਇਕੱਠੀਆਂ ਹੁੰਦੀਆਂ ਤੇ ਸਾਹ ਰੋਕੀ ਖੜ੍ਹੀਆਂ ਰਹਿੰਦੀਆਂ। ਮੋਟੀਆਂ, ਪਤਲੀਆਂ, ਖੂਬਸੂਰਤ, ਬਦਸੂਰਤ, ਚੁੰਨ੍ਹੀਆਂ, ਠੁੱਲ੍ਹੀਆਂ- ਹਰ ਤਰ੍ਹਾਂ ਦੀਆਂ ਅੱਖਾਂ ਟੱਡੀਆਂ ਜਾਂਦੀਆਂ। ਮੂੰਹ ਖੁੱਲ੍ਹੇ ਰਹਿ ਜਾਂਦੇ। ਕੰਨ ਖੜ੍ਹੇ ਹੋ ਜਾਂਦੇ ਤੇ ਇੰਜ ਖਲੋਤੀਆਂ ਉਹ ਗੀਤ ਸੁਣਦੀਆਂ ਰਹਿੰਦੀਆਂ।

ਫ਼ਿਰ ਹੌਲੀ-ਹੌਲੀ ਇਹ ਜੋਸ਼ ਮੱਧਮ ਹੋਣ ਲਗਦਾ। ਗੁਣੀ ਦਾ ਗਲਾ ਬਹਿ ਜਾਂਦਾ। ਈਸ਼ ਦੀਆਂ ਚੀਕਾਂ ਨਿਕਲਣ ਲਗਦੀਆਂ। ਜੀਤੀ ਦੀ ਆਵਾਜ਼ ਬੇਤਾਲ ਹੋ ਜਾਂਦੀ। ਬਾਕੀ ਦੀਆਂ ਵੀ ਥੱਕ ਜਾਂਦੀਆਂ। ਜੋਸ਼ ਦੀ ਲਾਲੀ ਖਤਮ ਹੁੰਦੀ-ਹੁੰਦੀ ਪੀਲੀ ਪੈ ਜਾਂਦੀ। ਇਕੱਠੇ ਹੋਏ ਝੁਰਮਟ ਵਿਚੋਂ ਇਕ-ਅੱਧ ਬੋਲ ਉਠਦੀ, "ਬਈ! ਇਕ ਗੀਤ ਹੋਰ ਸੁਣਾ ਦਿਓ।" ਉਹਨੂੰ ਬੋਲਦੀ ਵੇਖ ਹੋਰ ਦਹੁੰ-ਚਹੁੰ ਦੇ ਬੁੱਲ੍ਹ ਫ਼ਰਕ ਉਠਦੇ, ਪਰ ਉਨ੍ਹਾਂ ਸੱਤਾਂ ਗਾਇਕਾਵਾਂ ਦੀ ਮੰਡਲੀ ਇਥੋਂ ਖਿਸਕਣਾ ਸ਼ੁਰੂ ਕਰ ਦਿੰਦੀ।

ਸਭ ਦੇ ਬਿਸਤਰੇ ਇਕ ਕਮਰੇ ਵਿਚ ਨਾਲ-ਨਾਲ ਹੁੰਦੇ। ਰੋਟੀ ਖਾਣ ਤੋਂ ਬਾਅਦ ਸਭ ਆਪਣੀਆਂ-ਆਪਣੀਆਂ ਰਜਾਈਆਂ ਵਿਚ ਵੜ ਬਹਿੰਦੀਆਂ ਤੇ ਇਧਰ-ਉਧਰ ਦੀਆਂ ਗੱਲਾਂ ਛੂਹ ਦਿੰਦੀਆਂ।

ਇੰਦਰ ਦੇ ਪਤਲੇ ਸਰੀਰ ਵਿਚੋਂ ਪਾਲਾ ਜਾਂਦਾ ਹੀ ਨਾ। ਉਹ ਜੀਤੀ ਦੇ ਹਾਲੇ ਕੱਢਦੀ, "... ਤਾਂ ਕੀ ਹੋਇਆ? ਮੇਰੇ ਕੋਲ ਆ ਕੇ ਸੌਂ ਜਾ। ਮੈਨੂੰ ਤਾਂ ਪਾਲਾ ਖਾਈ ਜਾ ਰਿਹੈ...।"

ਗੁਣੀ ਵਿਚੋਂ ਝਟ ਹੀ ਬੋਲ ਉਠਦੀ, "ਜੀਤੀ, ਤੇਰੇ ਕੋਲ ਭਲਾ ਕਿੰਨੀ ਦੇਰ ਬੈਠੀ ਰਹੇਗੀ। ਤੈਨੂੰ ਨਿੱਘਿਆਂ ਕਰਨ ਲਈ ਹੋਰ ਬੰਦੋਬਸਤ ਸੋਚਣਾ ਪਵੇਗਾ, ਇੰਦਰੀਏ...।"

ਜੀਤੀ ਕਹਿੰਦੀ, "ਲੈ ਇਹਦੇ ਵਿਚ ਖਿਝਣ ਦੀ ਕੀ ਲੋੜ ਹੈ? ਬੰਦੋਬਸਤ ਤਾਂ ਹਰ ਇਕ ਨੂੰ ਕਰਨਾ ਪੈਣਾ ਹੈ, ਪਰ ਗੱਲ ਇਹ ਹੈ ਕਿ ਕੋਈ ਵਸੀਲਾ ਹੀ ਨਹੀਂ ਬਣਦਾ। ਇਸ ਤਰ੍ਹਾਂ ਕਦ ਤੱਕ ਕੁਆਰਾ ਕੋਠਾ ਪਾ ਕੇ ਬੈਠੀਆਂ ਰਹਾਂਗੀਆਂ...।"

ਗੱਲਬਾਤ ਦਾ ਸਿਲਸਿਲਾ ਛਿੜਿਆ ਵੇਖ ਸਭ ਚੌਕੰਨੀਆਂ ਹੋ ਜਾਂਦੀਆਂ। ਨੀਂਦਰ ਕਿਧਰ ਦੀ ਕਿਧਰ ਉਡ ਜਾਂਦੀ ਤੇ ਸਾਰੀਆਂ ਇਕ-ਦੂਜੀ ਦੇ ਨੇੜੇ ਹੋ-ਹੋ ਬਹਿ ਜਾਂਦੀਆਂ। ਹੌਲੇ-ਹੌਲੇ ਸ਼ਰਮ ਦਾ ਪਰਦਾ ਲਹਿਣ ਲਗਦਾ ਤੇ ਗੁਣੀ ਕਹਿੰਦੀ, "ਅਸੀਂ ਛੇ ਭੈਣਾਂ ਹਾਂ। ਮੇਰੇ ਬਾਪੂ ਨੇ ਸਾਰੀਆਂ ਲਈ ਪ੍ਰਾਹੁਣੇ ਲੱਭ ਲਏ ਨੇ, ਪਰ ਪਤਾ ਨਹੀਂ ਮੈਨੂੰ ਕਿਉਂ ਭੁੱਲ ਗਿਐ। ਕਿਸੇ ਲਈ ਲੰਬੜਦਾਰ ਲੱਭਿਆ, ਕਿਸੇ ਲਈ ਪ੍ਰੋਫੈਸਰ। ਕਿਸੇ ਲਈ ਖੌਰੇ ਕੀ ਕਹਿੰਦੇ ਨੇ ਉਹਨੂੰ... ਹਾਂ! ਯਾਦ ਆ ਗਿਆ, ਇੰਜੀਨੀਅਰ ਤੇ ਮੇਰੇ ਲਈ ਤਾਂ ਕੋਈ ਐਰਾ-ਗੈਰਾ ਹੀ ਰਹਿ ਗਿਆ। ਮੇਰੇ ਬਾਪੂ ਨੇ ਤਾਂ ਸਾਰੀਆਂ ਭੈਣਾਂ ਲਈ ਵਰ ਟੋਲਦੇ-ਟੋਲਦੇ ਜੁੱਤੀਆਂ ਘਸਾ ਛੱਡੀਆਂ ਨੇ। ਹੁਣ ਮੇਰੀ ਵਾਰੀ ਸ਼ਾਇਦ ਮੁੰਡਾ ਹੀ ਕੋਈ ਨਹੀਂ ਰਿਹਾ। ਪਿੰਡੋਂ ਚੱਲ ਤਾਂ ਪੈਂਦਾ ਏ ਉਹ ਦੂਜੇ-ਤੀਜੇ ਦਿਨ। ਰਾਹ ਵਿਚ ਹੀ ਕੋਈ ਪੁਛਦਾ ਹੈ, 'ਕਿਥੇ ਜਾ ਰਿਹੈਂ ਸੋਹਣ ਸਿਹਾਂ?' ਉਹ ਤੁਰੰਤ ਜਵਾਬ ਦਿੰਦਾ ਹੈ, 'ਪਰਸਾ ਸਿਹੁੰ ਤੋਂ ਪਤਾ ਲੱਗਾ ਏ, ਬਈ ਨਾਲ ਦੇ ਦੋਂਹ ਪਿੰਡਾਂ ਨੂੰ ਛੱਡ ਕੇ ਅਗਲੇ ਪਿੰਡ ਇਕ ਮੁੰਡਾ ਏ। ਕੁੜੀ ਮੁਟਿਆਰ ਹੋ ਗਈ ਏ, ਕੁਝ ਕਰਨਾ ਹੀ ਹੋਇਆ।' ਤੇ ਫਿਰ ਪਤਾ ਨਈਂ ਬਾਪੂ ਨੂੰ ਉਹ ਮੁੰਡੇ ਪਸੰਦ ਕਿਉਂ ਨਹੀਂ ਆਉਂਦੇ।"

ਈਸ਼ ਕਹਿੰਦੀ, "ਜਦੋਂ ਮੇਰਾ ਵਿਆਹ ਹੋਊ, ਮੈਂ ਤਾਂ ਆਪਣੀ ਸੱਸ ਨਾਲ ਲੜ ਪੈਣਾ ਏ, ਬਈ ਤੂੰ ਆਪਣੇ ਮੁੰਡੇ ਨੂੰ ਬੁੱਢਿਆਂ ਕਰ ਕੇ ਹੀ ਵਿਆਹੁਣਾ ਸੀ। ਪਤਾ ਨਹੀਂ, ਮੇਰੇ ਪ੍ਰਾਹੁਣੇ ਵਿਚਾਰੇ ਦੀ ਕੀ ਹਾਲਤ ਹੋਊ ਤੇ ਹੁਣ ਕੀ ਕਰ ਰਿਹਾ ਹੋਊ? ਸ਼ਾਇਦ ਮੈਨੂੰ ਹੀ ਯਾਦ ਕਰ ਰਿਹਾ ਹੋਵੇ।"

ਦੇਵੀ ਵੀ ਠੰਢਾ ਹਉਕਾ ਭਰ ਕੇ ਕਹਿੰਦੀ, "ਖਾਕ ਤਾਂ ਬੜੀ ਹੀ ਛਾਣੀ ਏ, ਪਰ ਮੁਸ਼ਕਿਲ ਇਹ ਹੈ ਕਿ ਮੁੰਡਾ ਚੱਜ ਦਾ ਕੋਈ ਲੱਭਦਾ ਹੀ ਨਹੀਂ।"

ਉਮੀ ਝੱਟ ਹੀ ਸ਼ਰਮਾਂਦੀ-ਸ਼ਰਮਾਂਦੀ ਬੋਲ ਪੈਂਦੀ, "ਮੇਰਾ ਬੜਾ ਹੀ ਜੀਅ ਕਰਦਾ ਏ, ਪਈ ਸੋਹਣਾ ਜਿਹਾ ਮੁੰਡਾ ਹੋਵੇ ਤੇ ਸਾਡਾ ਨਿੱਕਾ ਜਿਹਾ ਵਧੀਆ ਜਿਹਾ ਘਰ! ਹਾਏ! ਫਿਰ ਤਾਂ ਸੁਆਦ ਹੀ ਆ ਜਾਵੇ।"

ਰੱਜੀ ਬੋਲ ਉਠਦੀ, "ਪਹਿਲਾਂ ਲੱਭ ਵੀ ਲੈ ਕਿ ਪਹਿਲੇ ਹੀ ਤੂੰ ਘਰ ਦੇ ਸੁਆਦਾਂ ਦੇ ਸੁਪਨੇ ਲੈਣ ਲੱਗ ਪਈ ਏਂ। ਤੇਰਾ ਕੋਈ ਵੱਖਰੀ ਦਾ ਹੀ ਦਿਲ ਕਰਦਾ ਹੈ ਕਿ ਸੋਹਣਾ ਜਿਹਾ ਲਾੜਾ ਹੋਵੇ ਤੇ...।"


ਗੁਣੀ ਉਛਲ-ਉਛਲ ਕਹਿੰਦੀ, "ਨਹੀਂ ਜੀ, ਮੇਰਾ ਤਾਂ ਜੀਅ ਕਰਦਾ ਹੈ ਕਿ ਕੱਪੜੇ ਦੇ ਕਿਸੇ ਦੁਕਾਨਦਾਰ ਨਾਲ ਵਿਆਹ ਕਰਾਵਾਂ, ਤਾਂ ਫ਼ਿਰ ਨਿੱਤ ਨਵੀਆਂ ਸਾੜ੍ਹੀਆਂ, ਨਵੇਂ ਸੂਟ... ਹਾਏ, ਹਾਏ ਨੀ ਬੱਸ ਫ਼ਿਰ ਤਾਂ ਮਜ਼ਾ ਹੀ ਆ ਜਾਏ, ਪਰ ਮੇਰੇ ਬਾਪੂ ਨੇ ਤਾਂ ਕੋਈ ਜੱਟ-ਬੂਟ ਹੀ ਲੱਭਣਾ ਏ।"

ਜੀਤੀ ਕਹਿੰਦੀ, "ਮੈਂ ਤਾਂ ਕਿਸੇ ਜੁੱਤੀਆਂ ਵੇਚਣ ਵਾਲੇ ਨਾਲ ਵਿਆਹ ਕਰਾਉਣਾ ਹੈ। ਫ਼ਿਰ ਰੋਜ਼ ਨਵੀਆਂ ਚੱਪਲਾਂ, ਨਵੇਂ ਬੂਟ, ਨਵੇਂ ਸੈਂਡਲ। ਬੱਸ ਜੀ ਕਮਾਲ ਹੀ ਹੋ ਜਾਵੇ ਫ਼ਿਰ ਤੇ...।"

ਈਸ਼ ਜ਼ਿਆਦਾ ਖਾਣ-ਪੀਣ ਦੀ ਸ਼ੌਕੀਨ ਸੀ। ਉਹ ਕਹਿੰਦੀ, "ਮੈਂ ਤਾਂ ਕਿਸੇ ਹਲਵਾਈ ਨਾਲ ਵਿਆਹ ਕਰਾਣੈ ਤਾਂ ਜੋ ਰੋਜ਼ ਤਰ੍ਹਾਂ-ਤਰ੍ਹਾਂ ਦੀਆਂ ਮਿਠਾਈਆਂ ਖਾ ਸਕਾਂ। ਜਦ ਕੋਈ ਮੇਰੇ ਘਰ ਆਵੇ, ਝੱਟ ਦੁਕਾਨ ਤੋਂ ਮਿਠਾਈਆਂ ਮੰਗਵਾ ਲਵਾਂ ਤੇ...।"

ਰੱਜੀ ਨੂੰ ਝੱਟ ਹੀ ਕੋਈ ਖਿਆਲ ਫ਼ੁਰਦਾ ਤੇ ਉਹ ਈਸ਼ ਨੂੰ ਮੋਢਿਆਂ ਤੋਂ ਫੜ ਕੇ ਕਹਿੰਦੀ, "ਫ਼ਿਰ ਪਤਾ ਈ ਤੇਰਾ ਘਰਵਾਲਾ ਕਿੱਡਾ ਮੋਟਾ ਹੋਵੇਗਾ। ਹਲਵਾਈ ਆਮ ਤੌਰ 'ਤੇ ਗੋਗੜ ਵਾਲੇ ਹੁੰਦੇ ਨੇ। ਸਾਰਾ ਦਿਨ ਤਾਂ ਉਹ ਮੱਖੀਆਂ ਦੀ ਭਿਣਭਿਣ ਵਿਚ ਰਹੇਗਾ। ਜਦ ਰਾਤ ਨੂੰ ਘਰ ਆਏਗਾ, ਪਸੀਨੇ ਤੋਂ ਬਦਬੂ ਦਾ ਮਾਰਿਆ, ਤਾਂ ਉਸ ਵਿਚਾਰੇ ਤੋਂ ਕੱਪੜੇ ਆਪ ਨਹੀਂ ਲਾਹ ਹੋਣੇ, ਤੇ ਫ਼ਿਰ ਕਹੂ- 'ਈਸ਼, ਐਧਰ ਆਈਂ ਨੱਠ ਕੇ, ਜਲਦੀ ਕਰੀਂ।'... ਤੇ ਨਾਲੇ ਤੂੰ ਉਸ ਦੀ ਗੋਗੜ ਉਤੇ ਹੱਥ ਫੇਰਦੀ ਰਿਹਾ ਕਰੀਂ।"

ਇਹ ਸੁਣ ਸਭ ਦਾ ਹਾਸਾ ਛਣ-ਛਣ ਕਰਦਾ ਬਾਹਰ ਛਣਕਣ ਲੱਗ ਪੈਂਦਾ। ਢਿੱਡ ਵਿਚ ਪੀੜਾਂ ਪੈਣ ਲੱਗਦੀਆਂ। ਦੇਵੀ ਤਾਂ ਪਹਿਲਾਂ ਹੀ ਖਿੱਦੋ ਸੀ। ਉਹ ਉਠ ਕੇ ਦੋ-ਚਾਰ ਦੁਪੱਟੇ ਆਪਣੇ ਪੇਟ ਉਤੇ ਕਮੀਜ਼ ਹੇਠਾਂ ਰੱਖ ਕੇ ਪੇਟ ਵੱਡਾ ਬਣਾ ਲੈਂਦੀ, ਤੇ ਈਸ਼ ਦੀ ਬਾਂਹ ਫੜ ਆਪਣੇ ਵੱਲ ਘਸੀਟਣ ਲਗਦੀ।



ਗੁਣੀ ਕਹਿੰਦੀ, "ਬਸ ਕਰੋ, ਬਈ ਬਸ। ਬੜੀ ਹੋ ਗਈ ਏ ਈਸ਼ ਨਾਲ...।"

ਈਸ਼ ਦਾ ਮੂੰਹ ਗੁੱਸੇ ਨਾਲ ਲਾਲ-ਪੀਲਾ ਹੋ ਜਾਂਦਾ ਤੇ ਉਹ ਚੀਕ ਉਠਦੀ, "ਸ਼ਰਮ ਤੇ ਨਹੀਂ ਆਉਂਦੀ ਹੋਣੀ। ਬੇਸ਼ਰਮੀ ਦੀ ਵੀ ਕੁਝ ਹੱਦ ਹੁੰਦੀ ਹੈ।"

"ਬਸ ਕਰੋ ਬਈ ਬੱਸ! ਇਹਦੇ ਪ੍ਰਾਹੁਣੇ ਨੂੰ ਨਜ਼ਰ ਲੱਗ ਜਾਏਗੀ।"

"ਆਹੋ, ਤੇ ਕਿਸੇ ਨੂੰ ਕੀ ਹੱਕ ਹੈ, ਕਿਸੇ ਦੇ ਪ੍ਰਾਹੁਣੇ ਨੂੰ ਕੁਝ ਕਹਿਣ ਦਾ। ਸੁਖੀਂ-ਸਾਂਦੀਂ ਸਭ ਦੇ ਪ੍ਰਾਹੁਣੇ ਜਿਉਂਦੇ ਰਹਿਣ, ਜਿਥੇ ਕਿਤੇ ਵੀ ਹੋਣ...।"

"ਈਸ਼ ਚਿੜ ਕਿਵੇਂ ਪਈ ਸੀ, ਆਪਣੇ ਘਰ ਵਾਲੇ ਤੋਂ...।"

"ਤੇਰੇ ਨੂੰ ਕੁਝ ਕਹੀਏ ਤਾਂ ਤੂੰ ਵੀ ਚਿੜ ਪਵੇਂ। ਹਰ ਇਕ ਨੂੰ ਆਪਣਾ ਪਿਆਰਾ ਹੁੰਦਾ ਹੈ।"

"ਮੇਰਾ ਤਾਂ ਕੋਈ ਹੈ ਹੀ ਨਹੀਂ। ਜਿਹਦਾ ਹੈ, ਉਹੀ ਚਿੜੇਗਾ।"

"ਤਾਂ ਤੇਰਾ ਮਤਲਬ ਹੈ, ਦੂਸਰਿਆਂ ਦੇ ਤਾਂ ਹਨ ਹੀ? ਹਾਂ, ਕਦੀ ਤਾਂ ਬਣਨਗੇ ਹੀ। ਕਿਧਰੇ ਨਾ ਕਿਧਰੇ ਤਾਂ ਸਭ ਦੇ ਰਹਿੰਦੇ ਹੀ ਨੇ।"

"ਕੀ ਪਤਾ, ਇਨ੍ਹਾਂ ਸੁਪਨਿਆਂ ਤੇ ਉਮੀਦਾਂ ਵਿਚ ਹੀ ਜ਼ਿੰਦਗੀ ਖਤਮ ਹੋ ਜਾਵੇ। ਉਮਰ ਤਾਂ ਲੰਘੀ ਜਾ ਰਹੀ ਹੈ। ਕੋਈ ਮੁੰਡਾ ਨੇੜੇ ਹੀ ਨਹੀਂ ਫਟਕਦਾ। ਜੇ ਸੱਤੇ ਕੁਆਰੀਆਂ ਰਹਿ ਗਈਆਂ...।"

"ਤੂੰ ਕੋਈ ਚੋਰੀ-ਚੋਰੀ ਲੱਭ ਤਾਂ ਲਿਆ ਹੋਵੇਗਾ, ਤਾਂ ਹੀ?"

"ਆਹ! ਮੇਰੀ ਇੰਨੀ ਚੰਗੀ ਕਿਸਮਤ ਕਿਥੇ। ਰੱਜੀ ਦਾ ਤਾਂ ਜ਼ਰੂਰ ਕੋਈ ਹੈ। ਇਹਦੀ ਕਿਸੇ ਨਾਲ ਖਤੋ-ਕਿਤਾਬਤ ਹੈ। ਵੇਖ ਲੈ ਇਹਦੇ ਚਿਹਰੇ ਤੋਂ ਪਤਾ ਲਗਦੈ। ਵੇਖ ਕਿਵੇਂ ਰੰਗ ਪਿਆ ਬਦਲਦੈ।"

ਰੱਜੀ ਗੁੱਸੇ ਨਾਲ ਚਿੱਲਾ ਉਠਦੀ, "ਹੈ ਤਾਂ ਹੈ ਸਹੀ, ਤੇਰਾ ਜਿਵੇਂ ਨਹੀਂ ਹੈ। ਤੂੰ ਹਰ ਸ਼ਨਿੱਚਰਵਾਰ ਉਹਨੂੰ ਮਿਲਣ ਜਾਂਦੀ ਹੈਂ।"

ਸਾਰੀਆਂ ਹੈਰਾਨ-ਪ੍ਰੇਸ਼ਾਨ ਰੱਜੀ ਦੇ ਚਿਹਰੇ ਵੱਲ ਵੇਖ ਰਹੀਆਂ ਸਨ।

"ਦੇਵੀ ਦਾ ਵੀ ਕੋਈ ਹੈ। ਖੌਰੇ ਉਹਦਾ ਨਾਂ 'ਹ' ਨਾਲ ਸ਼ੁਰੂ ਹੁੰਦਾ ਏ।... ਕਿਉਂ ਦੇਵੀ ਠੀਕ ਏ ਨਾ ਮੇਰੀ ਗੱਲ...?"

"ਠੀਕ ਏ, ਸੋਲ੍ਹਾਂ ਆਨੇ ਠੀਕ ਏ।"

"ਮੈਨੂੰ ਪਤਾ ਤਾਂ ਸੀ ਗੱਲ ਦਾ, ਪਰ ਮੈਂ ਚੁੱਪ ਰਹੀ।"

ਉਮੀ ਕਹਿੰਦੀ, "ਮੈਂ ਤੁਹਾਨੂੰ ਇਕ ਗੱਲ ਦੱਸਾਂ? ਈਸ਼ ਪਿਛਲੇ ਹਫ਼ਤੇ ਮੰਗਣੀ ਵਾਸਤੇ ਮੁੰਡਾ ਵੇਖਣ ਗਈ ਸੀ। ਸੱਚ ਈਸ਼, ਤੂੰ ਭਾਵੇਂ ਝੂਠ ਬੋਲ, ਗੱਲ ਮੇਰੀ ਬਿਲਕੁਲ ਠੀਕ ਏ। ਉਹ ਮੁੰਡਾ ਇਹਨੂੰ ਪਸੰਦ ਆ ਗਿਆ ਏ। ਬਸ ਹੁਣ ਝਟ ਮੰਗਣੀ ਤੇ ਪਟ ਵਿਆਹ।"

"ਲੈ ਹਾਲੇ ਕੋਈ ਗੱਲ ਪੱਕੀ ਥੋੜ੍ਹੀ ਹੀ ਹੋਈ ਹੈ।" ਈਸ਼ ਬੋਲੀ।

ਗੁਣੀ ਕਹਿੰਦੀ, "ਤਾਂ ਫ਼ਿਰ ਅਸੀਂ ਤਿੰਨੇ ਹੀ ਬਿਨਾਂ ਪ੍ਰਾਹੁਣਿਆਂ ਦੇ ਰਹਿ ਗਈਆਂ। ਬਾਕੀ ਤਾਂ ਚਲਾਕ ਨਿਕਲੀਆਂ। ਵੇਖ ਕਿਵੇਂ ਇਨ੍ਹਾਂ ਨੇ ਅੰਦਰ-ਅੰਦਰ ਆਪਣੀ ਗੱਲ ਲੁਕਾਈ ਹੋਈ ਸੀ। ਖੈਰ ਕੋਈ ਨਹੀਂ, ਮੇਰਾ ਬਾਪੂ ਜਲਦੀ ਹੀ ਮੇਰੇ ਲਈ ਵਰ ਲੱਭ ਲਏਗਾ। ਬਾਕੀ ਉਮੀ ਤੂੰ ਰਹਿ ਗਈ। ਮੇਰਾ ਭਰਾ ਵੀ ਕੁਆਰਾ ਹੀ ਏ, ਤੇ ਇੰਦਰ ਲਈ...।"

"ਬੱਸ ਆਪਣੇ ਕੋਲ ਹੀ ਰੱਖ। ਮੇਰਾ ਤਾਂ ਆਪਣਾ ਬੰਦੋਬਸਤ ਹੋ ਰਿਹਾ ਏ। ਕੱਲ੍ਹ ਕਿਸੇ ਮੈਨੂੰ ਵੇਖਣ ਆਉਣਾ ਏ।"

ਥੋੜ੍ਹੀ ਦੇਰ ਬਾਅਦ ਸਾਰੀਆਂ ਆਪਣੀ-ਆਪਣੀ ਮੰਜੀ ਉਤੇ ਜਾ ਲੇਟਦੀਆਂ। ਰਜਾਈਆਂ ਦੀ ਨਿੱਘ ਵਿਚ ਨਵੇਂ ਸੁਪਨੇ ਜਨਮ ਲੈਂਦੇ।

ਜਦੋਂ ਸ਼ਾਮ ਨੂੰ ਸਾਰੀਆਂ ਇਕੱਠੀਆਂ ਹੁੰਦੀਆਂ ਸਨ ਤਾਂ ਇਕ-ਦੂਜੀ ਦੇ ਖਿਆਲਾਂ ਵਿਚ ਸੱਤੇ ਹੀ ਪ੍ਰਾਹੁਣਿਆਂ ਤੋਂ ਬਗੈਰ ਹੁੰਦੀਆਂ ਸਨ, ਪਰ ਹੁਣ ਸੱਤਾਂ ਦੇ ਹੀ ਕਿਧਰੋਂ ਉਗਮ ਪਏ ਸਨ। ਹੁਣ ਕੋਈ ਆਪਣੇ ਭਵਿੱਖ ਦੇ ਪ੍ਰਾਹੁਣੇ ਬਾਰੇ ਸੋਚ ਰਹੀ ਹੁੰਦੀ, ਕੋਈ ਕਿਸੇ ਹੋਰ ਬਾਰੇ, ਤੇ ਹੌਲੀ-ਹੌਲੀ ਸੱਤੇ ਦੀਆਂ ਸੱਤੇ ਹੀ ਗੂੜ੍ਹੀ ਨੀਂਦ ਦੀ ਪੀਂਘ ਵਿਚ ਹੁਲਾਰੇ ਖਾਣ ਲਗਦੀਆਂ।

ਇਨ੍ਹਾਂ ਸੱਤਾਂ ਦੀ ਮਜਲਸ ਰੋਜ਼ ਲਗਦੀ। ਤਾਸ਼ ਦੀਆਂ ਬਾਜ਼ੀਆਂ ਚਲਦੀਆਂ, ਪਰ ਹੁਣ ਕਦੀ ਕੋਈ ਆਪਣੇ ਪ੍ਰਾਹੁਣੇ ਦੀ ਗੱਲ ਨਾ ਛੇੜਦੀ।

ਹੁਣ ਸਭ ਦਾ ਭੇਤ ਖੁੱਲ੍ਹ ਗਿਆ ਸੀ ਤੇ ਕਿਸੇ ਵਿਚ ਹਿੰਮਤ ਨਹੀਂ ਸੀ ਪੈਂਦੀ, ਇਹੋ ਜਿਹੀ ਗੱਲ ਛੇੜਨ ਦੀ। ਸਭ ਦੀਆਂ ਆਪਣੀਆਂ-ਆਪਣੀਆਂ ਰੀਝਾਂ, ਉਮੰਗਾਂ ਤੇ ਸੁਪਨਿਆਂ ਨੂੰ ਆਪਣੇ-ਆਪਣੇ ਦਿਲਾਂ ਵਿਚ ਸਾਂਭੀ ਬੈਠੀਆਂ ਰਹਿੰਦੀਆਂ।

ਹੁਣ ਖੇਡਦੀਆਂ ਤਾਂ ਉਹ ਤਾਸ਼ ਹੁੰਦੀਆਂ, ਪਰ ਖਿਆਲ ਸਭ ਦੇ ਕਿਧਰੇ ਹੋਰ ਗਏ ਹੁੰਦੇ। ਖਿੜਖਿੜ ਛਣਕਦੇ ਹਾਸਿਆਂ ਦੀ ਥਾਂ ਹੁਣ ਪੀਲੀ ਫਿਕੀ ਦੱਬੀ-ਦੱਬੀ ਮੁਸਕਰਾਹਟ ਹੀ ਸਭ ਦੇ ਚਿਹਰਿਆਂ ਉਤੇ ਨਜ਼ਰ ਆਉਂਦੀ। ਸ਼ਾਇਦ ਸਭ ਇਕ-ਦੂਜੀ ਤੋਂ ਡਰਦੀਆਂ ਸਨ ਕਿ ਉਨ੍ਹਾਂ ਦੇ ਪਿਆਰ ਦਾ ਪਾਜ ਕੋਈ ਖੋਲ੍ਹ ਨਾ ਦੇਵੇ।

ਉਮੀ ਚੋਰੀ-ਚੋਰੀ, ਥੋੜ੍ਹੀ ਦੇਰ ਬਾਅਦ ਸਭ ਦੇ ਚਿਹਰਿਆਂ ਵੱਲ ਵੇਖਦੀ ਤੇ ਫਿਰ ਮੱਥੇ ਉਤੇ ਵੱਟ ਪਾ ਕੇ ਆਪਣੀ ਖੇਡ ਵਿਚ ਲਗ ਜਾਂਦੀ।

ਕੁਝ ਦੇਰ ਬਾਅਦ ਗੁਣੀ ਕਹਿੰਦੀ, "ਬਸ ਬਈ, ਆਪਾਂ ਤਾਂ ਥੱਕ ਗਏ, ਹੋਰ ਨਹੀਂ ਖੇਡ ਹੁੰਦਾ ਮੈਥੋਂ।"

"ਨਾ ਬਈ, ਇਕ ਵਾਰ ਹੋਰ ਤੇ ਫ਼ਿਰ ਬੱਸ ਕਰ ਦਿਆਂਗੇ।"

"ਊਂ ਹੂੰ! ਮੈਂ ਨਹੀਂ ਖੇਡਣਾ।"

"ਠੀਕ ਹੈ, ਛੱਡੋ ਪਰ੍ਹੇ। ਐਵੇਂ ਵਕਤ ਜ਼ਾਇਆ ਕਰਨ ਦੀ ਕੀ ਲੋੜ ਹੈ, ਰੋਜ਼ ਘੰਟਿਆਂ-ਬੱਧੀ ਤਾਸ਼ ਖੇਡਣ ਵਿਚ।"

"ਹੱਛਾ, ਤਾਂ ਤੇਰਾ ਵਕਤ ਭਲਾ ਕੀਮਤੀ ਕਦੋਂ ਤੋਂ ਹੋ ਗਿਐ?"

"ਜਦ ਦੇ ਇਹਨੂੰ ਖਤ ਆਉਂਦੇ ਨੇ।"

"ਦਫ਼ਾ ਹੋ, ਬਕਵਾਸ ਕਰਨ ਲੱਗ ਜਾਂਦੀਆਂ ਨੇ। ਗੱਲ ਕੁਝ ਕਰੀਦੀ ਏ ਤੇ ਮਤਲਬ ਕੁਝ ਕੱਢ ਲੈਂਦੀਆਂ ਨੇ।"

ਇਸ ਤਰ੍ਹਾਂ ਬੇਸਵਾਦੀ ਜਿਹੀ ਵਿਚ ਮਜਲਸ ਖਿੰਡ ਜਾਂਦੀ।

ਇਕ ਦਿਨ ਸ਼ਾਮ ਨੂੰ ਮਜਲਸ ਲੱਗੀ ਤਾਂ ਰੱਜੀ ਉਸ ਵਿਚ ਸ਼ਾਮਲ ਨਾ ਹੋਈ। ਉਹ ਅੰਦਰ ਪਈ ਰੋਂਦੀ ਸੀ। ਸਭ ਦੇ ਜ਼ੋਰ ਦੇ ਕੇ ਪੁੱਛਣ ਉਤੇ ਉਸ ਦੱਸਿਆ, "ਜੀਹਦੇ ਨਾਲ ਮੇਰੀ ਖਤੋ-ਕਿਤਾਬਤ ਸੀ, ਉਹਦਾ ਅੱਜ ਪਤਾ ਆਇਆ ਹੈ। ਉਸ ਵਿਆਹ ਕਿਧਰੇ ਹੋਰ ਕਰਵਾ ਲਿਆ ਤੇ ਹੁਣ ਉਹਦਾ ਮੇਰੇ ਨਾਲ ਕੋਈ ਸਬੰਧ ਨਹੀਂ।"

ਰੱਜੀ ਨੇ ਵੱਡਾ ਸਾਰਾ ਹਉਕਾ ਭਰਿਆ। ਸਭ ਨੇ ਉਸ ਨਾਲ ਹਮਦਰਦੀ ਜਤਲਾਈ। ਉਹਨੂੰ ਦਿਲਾਸਾ ਦਿੱਤਾ। ਦੇਵੀ ਦੀਆਂ ਅੱਖਾਂ ਵਿਚੋਂ ਵੀ ਅੱਥਰੂ ਡਿੱਗਣ ਲਗੇ। ਉਹਦਾ 'ਹ' ਅੱਖਰ ਦੇ ਨਾਂ ਵਾਲਾ ਪਤਾ ਨਹੀਂ ਕਿਥੇ ਗੁੰਮ ਹੋ ਗਿਆ ਸੀ।

ਈਸ਼ ਕਹਿਣ ਲੱਗੀ, "ਜਿਹੜੇ ਮੁੰਡੇ ਨੂੰ ਮੈਂ ਵੇਖਣ ਗਈ ਸਾਂ, ਮੇਰੇ ਬਾਪੂ ਨੂੰ ਪਸੰਦ ਨਹੀਂ ਆਇਆ। ਮੇਰੀ ਮੰਗਣੀ ਵੀ ਨਈਂ ਹੋਈ।"

ਸਭ ਨੇ ਹੁਣ ਜੀਤੀ ਵੱਲ ਤਕਿਆ। ਉਹਦਾ ਚਿਹਰਾ ਵੀ ਪੀਲਾ ਹੋਇਆ ਸੀ। ਉਹ ਕਹਿਣ ਲੱਗੀ, "ਜਿਹਨੂੰ ਮੈਂ ਹਰ ਸ਼ਨਿੱਚਰਵਾਰ ਮਿਲਣ ਜਾਂਦੀ ਸਾਂ, ਉਹ ਬੜਾ ਧੋਖੇਬਾਜ਼ ਨਿਕਲਿਆ। ਪਿਛਲੇ ਦੋ-ਤਿੰਨ ਹਫ਼ਤਿਆਂ ਤੋਂ ਉਹ ਮੈਨੂੰ ਮਿਲਣ ਦਾ ਵਕਤ ਦਿੰਦਾ ਰਿਹਾ, ਪਰ ਆਪ ਕਦੀ ਨਹੀਂ ਪਹੁੰਚਿਆ। ਮੈਨੂੰ ਸ਼ੱਕ ਹੋਇਆ। ਮੈਂ ਛਾਣਬੀਣ ਕੀਤੀ ਤਾਂ ਪਤਾ ਲੱਗਾ ਕਿ ਉਹਨੂੰ ਅਮੀਰ ਘਰਾਣੇ ਦੀ ਕੋਈ ਹੋਰ ਕੁੜੀ ਮਿਲ ਗਈ ਏ।" ਤੇ ਉਸ ਦੀਆਂ ਅੱਖਾਂ ਵਿਚੋਂ ਪਾਣੀ ਟਿਪ-ਟਿਪ ਕਿਰਨ ਲੱਗਾ।

ਇੰਦਰ ਨੂੰ ਜਿਹੜਾ ਵੇਖਣ ਆਇਆ ਸੀ, ਉਸ ਕਿਹਾ, ਕੁੜੀ ਬਾਹਲੀ ਹੀ ਪਤਲੀ ਏ। ਉਮੀ ਅਤੇ ਗੁਣੀ ਦਾ ਵੀ ਹਾਲੇ ਕੋਈ ਪ੍ਰਬੰਧ ਨਹੀਂ ਸੀ ਹੋਇਆ।

ਹੁਣ ਫਿਰ ਸੱਤੇ ਹੀ ਬਿਨਾਂ ਪ੍ਰਾਹੁਣਿਆਂ ਦੇ ਸਨ। ਸਭ ਦੀਆਂ ਅੱਖਾਂ ਵਿਚ ਬੇਵਸੀ ਸੀ। ਦਿਲਾਂ ਦੀਆਂ ਉਮੰਗਾਂ ਦਿਲਾਂ ਵਿਚ ਹੀ ਰਹਿ ਗਈਆਂ ਸਨ। ਸੱਤੇ ਇਕ-ਦੂਜੇ ਦੇ ਗਲ ਲੱਗ ਕੇ ਰੋਈਆਂ। ਸਭ ਨੇ ਇਕ-ਦੂਜੀ ਨੂੰ ਦਿਲਾਸਾ ਦਿੱਤਾ। ਆਉਣ ਵਾਲੇ ਚੰਗੇ ਸਮੇਂ ਦੀ ਆਸ ਦਿਵਾਈ।

ਜਦੋਂ ਸਭ ਰੋ-ਰਾ ਕੇ ਹੰਭ ਲੱਥੀਆਂ ਤਾਂ ਸੱਤੇ ਦੀਆਂ ਸੱਤੇ ਉਠ ਪਈਆਂ, ਤੇ ਤਾਸ਼ ਖੇਡਣ ਲੱਗੀਆਂ। ਅੱਜ ਸੱਤਾਂ ਦੇ ਚਿਹਰਿਆਂ ਤੋਂ ਪੀਲੀ, ਫਿੱਕੀ, ਦਬੀ-ਦਬੀ ਮੁਸਕਰਾਹਟ ਦਾ ਪਰਦਾ ਉਤਰ ਗਿਆ ਸੀ, ਤੇ ਸੱਤਾਂ ਦੇ ਚਿਹਰਿਆਂ ਉਤੇ ਅੱਜ ਫ਼ਿਰ ਚਮਕ ਸੀ।

ਗੁਣੀ ਨੇ ਰੱਜੀ ਕੋਲੋਂ ਮੁਆਫੀ ਮੰਗੀ ਕਿ ਉਸ ਹੀ ਸਭ ਨੂੰ ਚੋਰੀ ਖਤ ਪੜ੍ਹਨ ਲਈ ਕਿਹਾ ਸੀ।

ਰੱਜੀ ਬੋਲੀ, "ਚਲ ਕੀ ਹੋਇਆ। ਹੁਣ ਭਾਵੇਂ ਸਾਰੇ ਖਤ ਪੜ੍ਹ ਲਵੋ, ਮੈਂ ਤਾਂ ਪਾੜ ਕੇ ਰੱਦੀ ਵਿਚ ਸੁੱਟ ਦੇਣੇ ਹਨ।"

"ਬੜਾ ਹੀ ਗੁੱਸਾ ਹੈ, ਉਹਦੇ 'ਤੇ।"

"ਤੇ ਹੋਰ ਕੀ! ਇਹੋ ਜਿਹੇ ਬੇਵਫ਼ਾਵਾਂ ਉਤੇ ਗੁੱਸਾ ਨਾ ਚੜ੍ਹੇ ਤੇ ਹੋਰ ਕੀ।"

"ਛਡੋ ਪਰ੍ਹੇ ਇਹੋ ਜਿਹੀਆਂ ਗੱਲਾਂ। ਚਲ ਰੱਜੀ, ਗਾਣਾ ਸੁਣਾ ਫਿਰ ਕੋਈ।"


"ਸੱਚ, ਆਪਾਂ ਨੂੰ ਕਿੰਨੀ ਦੇਰ ਹੋ ਗਈ, ਕਦੀ ਗਾਇਆ ਨਹੀਂ! ਚੱਲ ਰੱਜੀ ਸ਼ੁਰੂ ਕਰ।"

ਰੱਜੀ ਨੇ ਸ਼ੁਰੂ ਕੀਤਾ ਤਾਂ ਬਾਕੀ ਦੀਆਂ ਵੀ ਉਹਦੀ ਆਵਾਜ਼ ਨਾਲ ਆਵਾਜ਼ ਮਿਲਾਉਣ ਲੱਗੀਆਂ। ਸੱਤਾਂ ਨੂੰ ਹੀ ਆਪਣਾ ਗਮ ਭੁੱਲ ਗਿਆ ਸੀ। ਸੱਤੇ ਹੀ ਕੁਆਰੀਆਂ ਸਨ, ਤੇ ਪੂਰੇ ਜੋਸ਼ ਨਾਲ ਗਾ ਰਹੀਆਂ ਸਨ। ਅੱਜ ਫ਼ਿਰ ਆਸ-ਪਾਸ ਦੀਆਂ ਬੁੱਢੀਆਂ-ਨੱਢੀਆਂ ਗਾਣੇ ਦੀ ਆਵਾਜ਼ ਸੁਣ ਆ ਇਕੱਠੀਆਂ ਹੋਈਆਂ ਸਨ।

## ਬੇਇਨਸਾਫ਼ੀ ਅਤੇ ਪਿਉ-ਪੁੱਤ ਦੇ ਰਿਸ਼ਤਾ

# ਇਨ ਦਿ ਨੇਮ ਆਫ ਦਿ ਫਾਦਰ

‘ਇਨ ਦਿ ਨੇਮ ਆਫ ਦਿ ਫਾਦਰ’ ਫਿਲਮ ਬਰਤਾਨਵੀ ਅਦਾਕਾਰ ਡੈਨੀਅਲ ਡੇ-ਲੂਈਸ ਦੀ ਜਾਨਦਾਰ ਅਦਾਕਾਰੀ ਲਈ ਵੀ ਜਾਣੀ ਜਾਂਦੀ ਹੈ। ਫਿਲਮ ਵਿਚ ਉਹਨੇ ਉਸ ਆਇਰਸ਼ ਨੌਜਵਾਨ ਜੈਰੀ ਕੌਲਨ ਦਾ ਕਿਰਦਾਰ ਨਿਭਾਇਆ ਹੈ ਜਿਸ ਨੂੰ 1970ਵਿਆਂ ਵਿਚ ਬਰਤਾਨਵੀ ਹਕੂਮਤ ਝੂਠੇ ਕੇਸ ਵਿਚ ਫਸਾ ਕੇ ਜੇਲ੍ਹ ਵਿਚ ਸੜਨ ਲਈ ਮਜਬੂਰ ਕਰ ਦਿੰਦੀ ਹੈ। ਬੰਬ ਧਮਾਕੇ ਦੇ ਕੇਸ ਵਿਚ ਆਪਣਾ ਪਿੱਛਾ ਛੁਡਾਉਣ ਲਈ ਸਰਕਾਰ ਨੇ ਜੈਰੀ ਨਾਲ ਤਿੰਨ ਹੋਰ ਜੀਆਂ ਨੂੰ ਝੂਠੇ ਕੇਸ ਵਿਚ ਨਰੜ



ਜਤਿੰਦਰ ਮੌਹਰ
ਫੋਨ: 91-97799-34747

ਲਿਆ ਸੀ। ਇਹ ਚਾਰੇ ‘ਦਿ ਗਿਲਡਫੋਰਡ ਫੋਰ’ ਦੇ ਨਾਮ ਨਾਲ ਮਸ਼ਹੂਰ ਹੋਏ। ਚਾਰਾਂ ਨੇ ਪੁਲਿਸ ਤਸ਼ੱਦਦ ਦੇ ਦਬਾਅ ਹੇਠ ਜੁਰਮ ਕਬੂਲ ਕਰ ਲਿਆ। ਅਦਾਲਤ ਨੇ ਪੁਲਿਸ ਦੀ ਝੂਠੀ ਕਹਾਣੀ ਦੇ ਆਧਾਰ ਉੱਤੇ ਹੀ ਚਾਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ।

ਇਸ ਮੁਕੱਦਮੇ ਦੀ ਰੌਸ਼ਨੀ ਵਿਚ ਕੌਮਾਂਤਰੀ ਸੰਸਥਾ ਐਮਨੈਸਟੀ ਨੇ ਆਇਰਸ਼ ਲੋਕਾਂ ਨਾਲ ਬਰਤਾਨੀਆਂ ਦੇ ਵਰਤਾਉ ਨੂੰ ਲਗਾਤਾਰ ਨਿੰਦਿਆ ਅਤੇ ਬਰਤਾਨੀਆ ਨੂੰ ਮਨੁੱਖੀ ਹਕੂਕ ਦੀ ਉਲੰਘਣਾ ਕਰਨ ਵਾਲਾ ਯੂਰਪ ਦਾ ਸਭ ਤੋਂ ਵੱਡਾ ਜੱਲਾਦ ਕਰਾਰ ਦਿੱਤਾ ਸੀ।

ਜੈਰੀ ਹੋਰਾਂ ਦੀ ਮਦਦ ਉੱਤੇ ਆਏ ਉਹਦੇ ਪਿਉ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਬੇਕਸੂਰ ਪਿਉ ਤੋਂ ਬਿਨਾਂ ਜੈਰੀ ਦੀ ਰਿਸ਼ਤੇਦਾਰ ਬੀਬੀ ਅਤੇ ਉਹਦੇ 14 ਸਾਲ ਦੇ ਜੁਆਕ ਨੂੰ ਵੀ ਸਜ਼ਾ ਸੁਣਾਈ ਗਈ। ਉਹਦਾ ਬਚਪਨ ਅਤੇ ਚੜ੍ਹਦੀ ਜਵਾਨੀ ਸੀਖਾਂ ਪਿੱਛੇ ਗੁਜ਼ਰਦੀ ਹੈ। ਬੰਬ ਧਮਾਕੇ ਦਾ ਅਸਲੀ ਦੋਸ਼ੀ ਜੇਲ੍ਹ ਵਿਚ ਆ ਕੇ ਅਪਣਾ ਦੋਸ਼ ਕਬੂਲ ਕਰ ਲੈਂਦਾ ਹੈ ਪਰ ਹਕੂਮਤ ਦੇ ਕੰਨ ਉਤੇ ਜੂੰ ਅ ਨਹੀਂ ਸਰਕੀ। ਫਿਲਮ ਆਇਰਸ਼ ਰਿਪਬਲਿਕਨ ਆਰਮੀ ਦੇ ਕਾਰਕੁਨਾਂ ਵਲੋਂ ਢਾਬਿਆਂ ਅਤੇ ਹੋਟਲਾਂ ਨੂੰ ਉਡਾਉਣ ਦੀਆਂ ਕਾਰਵਾਈਆਂ ਨੂੰ ਵੀ ਸ਼ੱਕ ਦੇ ਘੇਰੇ ਵਿਚ ਲੈ ਕੇ ਆਉਂਦੀ ਹੈ। ਇਹ ਸਵਾਲ ਫਿਲਮ ਦੇ ਕੇਂਦਰ ਵਿਚ ਨਹੀਂ ਹੈ। ਫਿਲਮ ਦੇ ਹਦਾਇਤਕਾਰ ਜਿਮ ਸ਼ੇਰੀਡਨ ਫਿਲਮ ਦੇ ਮੂਲ ਵਿਚਾਰ ਬਾਰੇ ਕਹਿੰਦੇ ਹਨ, “ਮੈਂ ਮੁੱਖ ਰੂਪ ਵਿਚ ਪਿਉ ਦੀ ਕਹਾਣੀ ਦੱਸਣਾ ਚਾਹੁੰਦਾ ਸੀ। ਕਿਤੇ ਨਾ ਕਿਤੇ ਮੈਂ ਬੇਇਨਸਾਫ਼ੀ ਦੀ ਕਹਾਣੀ ਨੂੰ ਕੇਂਦਰ ਵਿਚ ਨਹੀਂ ਲਿਆਉਣਾ ਚਾਹੁੰਦਾ ਸੀ। ਮੈਂ ਜਾਣਦਾ ਸੀ ਕਿ ਪਿਉ-ਪੁੱਤ ਦੀ ਕਹਾਣੀ ਆਲਮੀ ਦਿਲਚਸਪੀ ਦਾ ਸਬੱਬ ਹੋ ਸਕਦੀ ਹੈ।”

ਪਿਉ-ਪੁੱਤ ਦੋਵੇਂ ਬਿਲਕੁਲ ਵੱਖਰੇ ਸੁਭਾਅ ਦੇ ਸਨ। ਇਸ ਕਰ ਕੇ ਪੁੱਤ ਦੀ ਕਦੇ ਪਿਉ ਨਾਲ ਨਹੀਂ ਬਣੀ। ਪਿਉ ਸਿਰੇ ਦਾ ਧਾਰਮਿਕ ਅਤੇ ਅਹਿੰਸਕ ਬੰਦਾ ਹੈ, ਪਰ ਹਕੂਮਤ ਉਹਦੀ ਕੀਤੀ ਕਮਾਈ ਨੂੰ ਖੂਹ ਵਿਚ ਪਾ ਦਿੰਦੀ ਹੈ। ਉਹਨੂੰ ਨਫ਼ਰਤ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ। ਜੇਲ੍ਹ ਦੀ



‘ਇਨ ਦਿ ਨੇਮ ਆਫ ਦਿ ਫਾਦਰ’ ਵਿਚ ਅਦਾਕਾਰ ਡੈਨੀਅਲ ਡੇ-ਲੂਈਸ ਅਤੇ ਅਦਾਕਾਰਾ ਏਮਾ ਥੌਂਪਸਨ।

ਤਸ਼ੱਦਦੀ ਕੋਠੜੀ ਵਿਚ ਪਿਉ-ਪੁੱਤ ਇੱਕ-ਦੂਜੇ ਦੀ ਥਾਹ ਪਾਉਂਦੇ ਹਨ। ਇੱਥੇ ਉਨ੍ਹਾਂ ਦੇ ਰਿਸ਼ਤੇ ਦੀ ਬਹਾਲੀ ਹੁੰਦੀ ਹੈ। ਜੇਲ੍ਹ ਵਿਚ ਪਿਉ ਦੀ ਸਿਹਤ ਲਗਾਤਾਰ ਵਿਗੜਦੀ ਹੈ, ਤੇ ਇੱਕ ਦਿਨ ਉਹ ਜੇਲ੍ਹ ਵਿਚ ਹੀ ਦਮ ਤੋੜ ਦਿੰਦਾ ਹੈ। ਹਕੂਮਤ ਲੋਕਾਂ ਨੂੰ ਸਿਰਫ਼ ਗੋਲੀਆਂ ਅਤੇ ਫ਼ਾਂਸੀਆਂ ਨਾਲ ਹੀ ਨਹੀਂ ਮਾਰਦੀ। ਉਹ ਬੰਦੇ ਨੂੰ ਪਾਬੰਦੀਆਂ ਅਤੇ ਉਹਦਾ ਖ਼ੂਨ ਸੁਕਾ ਕੇ ਵੀ ਮਾਰਦੀ ਹੈ। ਉਹ ਬੰਦੇ ਨੂੰ ਭੈੜੇ ਹਾਲਾਤ ਵਿਚ ਜਿਉਣ ਲਈ ਮਜਬੂਰ ਕਰ ਕੇ ਵੀ ਮਾਰਦੀ ਹੈ।

ਜੈਰੀ ਆਪਣੇ ਪਿਉ ਦੀ ਗੁਆਚੀ ਸ਼ਾਨ ਵਾਪਸ ਲਿਆਉਣ ਦਾ ਬੀੜਾ ਚੁੱਕ ਲੈਂਦਾ ਹੈ। ਉਹ ਇੱਕ ਸੁਹਿਰਦ ਵਕੀਲ ਬੀਬੀ ਦੀ ਮਦਦ ਨਾਲ ਸੱਚ ਲੋਕਾਂ ਸਾਹਮਣੇ ਲਿਆਉਣ ਵਿਚ ਕਾਮਯਾਬ ਹੋ ਜਾਂਦਾ ਹੈ। ਸਾਰੇ ਸਿਆਸੀ ਕੈਦੀ ਇੰਨੀ ਕਿਸਮਤ ਵਾਲੇ ਨਹੀਂ ਹੁੰਦੇ। ਅੱਜ ਕੱਲ੍ਹ ਰਾਜਤੰਤਰ ਨੇ ਲੋਕਾਂ ਨੂੰ ਫਸਾਉਣ ਦੇ ਬੇਅੰਤ ਨਵੇਂ ਢੰਗ ਖੋਜ ਲਏ ਹਨ। ਪੰਜਾਬ ਦਾ ਮਸ਼ਹੂਰ ਕਵੀ ਲਾਲ ਸਿੰਘ ਦਿਲ ਆਪਣੀ ਇਕ ਕਵਿਤਾ ਵਿਚ ਕਹਿੰਦਾ ਹੈ- ਅਸੀਂ ਬਹੁਤ ਢਿੱਲੇ ਹਾਂ, ਹਨੇਰਾ ਰਾਕਟ ਦੀ ਚਾਲ ਤੁਰਦਾ ਹੈ। ਹੁਣ ਲੋਕ ਜੈਰੀ ਜਿੰਨੇ ਭਾਗਾਂ ਵਾਲੇ ਨਹੀਂ ਰਹੇ। ਹੁਣ ਅਜੋਕੇ ਹਥਿਆਰਾਂ ਨਾਲ ਲੈਸ ਮੀਡੀਆ ਅਤੇ ਸਰਕਾਰੀ ਮਸ਼ੀਨਰੀ ਦੇ ਪ੍ਰਚਾਰ ਸਦਕਾ ਕਿਸੇ ਨੂੰ ਵੀ ਖਲਨਾਇਕ ਬਣਾ ਕੇ ਸੂਲੀ ਟੰਗਿਆ ਜਾ ਸਕਦਾ ਹੈ।

ਲੋਕਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਜਗ੍ਹਾ ਜਾਬਰ ਸੱਤਾ, ਲੋਕਾਂ ਨੂੰ ਦਬਾਉਣ ਦੇ ਹੱਥਕੰਡੇ ਵਰਤਦੀ ਹੈ। ਅਵਾਮ ਨੂੰ ਵੱਖਰੇ-ਵੱਖਰੇ ਤਰੀਕਿਆਂ ਨਾਲ ਵੰਡਣ ਦੇ ਮਨਸੂਬੇ ਘੜਦੀ ਅਤੇ ਲਾਗੂ ਕਰਦੀ ਹੈ। ਲੋਕ ਲਹਿਰਾਂ ਅਤੇ ਸਿਆਸੀ ਲਹਿਰਾਂ ਨੂੰ ਮੁੱਖ ਤੌਰ ਉੱਤੇ ਨਿਸ਼ਾਨਾ ਬਣਾਉਂਦੀ ਹੋਈ ਅਵਾਮ ਦੇ ਅੱਖਾਂ ਵਿਚ ਘੱਟਾ ਪਾਈ ਰੱਖਦੀ ਹੈ। ਇਹ ਫਿਲਮ ਦੇਖਦੇ ਹੋਏ ਉਹ ਅਣਗਿਣਤ ਮੁਕੱਦਮੇ ਯਾਦ ਆਉਂਦੇ ਹਨ ਜਿੱਥੇ ਬੇਕਸੂਰ ਲੋਕਾਂ ਨੂੰ ਝੂਠੇ ਮੁਕੱਦਮਿਆਂ ਵਿਚ ਅੜੁੰਗ ਕੇ ਸਜ਼ਾਵਾਂ ਦਿੱਤੀਆਂ ਗਈਆਂ। ਸਰਕਾਰੀ ਕੂੜ-ਪ੍ਰਚਾਰ ਰਾਹੀਂ ਬਹੁ-ਗਿਣਤੀ ਨੂੰ ਵਰਗਲਾਉਂਦਿਆਂ ਮਜ਼ਲੂਮਾਂ ਦੀ ਸਜ਼ਾ ਨੂੰ ਸਹੀ ਸਿੱਧ ਕੀਤਾ ਗਿਆ। ਇਹ ਪਾਪ ਬਹੁ-ਗਿਣਤੀ ਦੀਆਂ ਸਮੂਹਕ ਭਾਵਨਾਵਾਂ ਨੂੰ ਸੰਤੁਸ਼ਟ ਕਰਨ ਦੇ ਨਾਮ ਹੇਠ ਕੀਤਾ ਜਾਂਦਾ ਹੈ। ਅਫ਼ਜ਼ਲ ਗੁਰੂ ਦਾ ਮੁਕੱਦਮਾ ਇਹਦੀ ਉਘੜਵੀਂ ਮਿਸਾਲ ਹੈ। ਇਸੇ ਕੜੀ ਵਿਚ ਦਵਿੰਦਰ ਪਾਲ ਭੁੱਲਰ ਦਾ ਮਾਮਲਾ ਆਉਂਦਾ ਹੈ। ਬੰਦੇ ਨੂੰ ਫ਼ਾਂਸੀ ਲਾਉਣ ਲਈ ਕੌਮਾਂਤਰੀ ਹਾਲਾਤ ਦਾ ਡਰਾਵਾ ਦਿੱਤਾ ਜਾ ਸਕਦਾ ਹੈ ਪਰ ਇਨਸਾਫ਼ ਨਹੀਂ ਦਿੱਤਾ ਜਾ ਸਕਦਾ।

ਕਿਰਨਜੀਤ ਐਕਸ਼ਨ ਕਮੇਟੀ ਦੇ ਤਿੰਨ ਆਗੂਆਂ ਨੂੰ ਸੁਣਾਈ ਗਈ ਸਜ਼ਾ ਅਤੇ ਜੱਜ ਦੀਆਂ ਟਿੱਪਣੀਆਂ ਲੋਕ ਲਹਿਰਾਂ ਨੂੰ ਨਿਸ਼ਾਨਾ ਬਣਾਉਣ ਦੀ ਉਘੜਵੀਂ ਮਿਸਾਲ ਹਨ। ਬੀਬੀ ਕਿਰਨਜੀਤ ਨੂੰ ਪਿੰਡ ਦੇ ਗੁੰਡੇ ਚੌਧਰੀਆਂ ਨੇ ਅਗਵਾ ਕਰ ਕੇ ਬਲਾਤਕਾਰ ਕੀਤਾ ਅਤੇ ਮਾਰ ਕੇ ਦੱਬ ਦਿੱਤਾ। ਇਨ੍ਹਾਂ ਗੁੰਡਿਆਂ ਨੂੰ ਸਿਆਸੀ ਅਤੇ ਪੁਲਿਸ ਪ੍ਰਸ਼ਾਸਨ ਦੀ ਹਮਾਇਤ ਹਾਸਲ ਸੀ। ਕਿਰਨਜੀਤ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਲੜੇ ਗਏ ਸੰਘਰਸ਼ ਦੇ ਮੋਹਰੀ ਆਗੂਆਂ ਨੂੰ ਜਾਣ ਬੁੱਝ ਕੇ ਝੂਠੇ ਕਤਲ ਕੇਸ ਵਿਚ ਫਸਾ ਦਿੱਤਾ ਗਿਆ। ਇਨ੍ਹਾਂ ਆਗੂਆਂ ਦੇ ਮੁਕੱਦਮੇ ਵਿਚ ਜੱਜ ਦੁਆਰਾ ਕੀਤੀਆਂ ਟਿੱਪਣੀਆਂ ਵਿਚਾਰਨਯੋਗ ਹਨ। ਜੱਜ ‘ਮੁਲਜ਼ਮਾਂ’ ਦੀ ਸਿਆਸੀ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਉਂਦਾ ਹੈ। ਇਹ ਕਿਸੇ ਸਿਆਸੀ ਜੱਜ ਦੇ ਵਿਚਾਰ ਹੀ ਹੋ ਸਕਦੇ ਹਨ, ਜਿੱਥੇ ਕਿਸੇ ਨੂੰ ਬਿਨਾਂ ਜੁਰਮ ਕੀਤੇ, ਸਿਰਫ਼ ਖਾਸ ਵਿਚਾਰ ਰੱਖਣ ਲਈ ਸਜ਼ਾ ਦਿੱਤੀ ਜਾ ਸਕਦੀ ਹੈ। ਇਹ ਮਸਲਾ ਹਕੂਕ ਲਈ ਲੜਦੇ ਲੋਕਾਂ ਨੂੰ ਡਰਾਉਣ ਅਤੇ ਦਾਬਾ ਪਾਉਣ ਦੀ ਧਮਕੀ ਨਾਲ ਜੁੜਿਆ ਹੋਇਆ ਹੈ। ‘ਇਨ ਦਿ ਨੇਮ ਆਫ ਦਿ ਫਾਦਰ’ ਉਪਰਲੇ ਸਾਰੇ ਰੁਝਾਨ ਉੱਤੇ ਦੁਬਾਰਾ ਝਾਤ ਮਾਰਨ ਦਾ ਸਬੱਬ ਬਣਦੀ ਹੈ।




‘ਇਨ ਦਿ ਨੇਮ ਆਫ ਦਿ ਫਾਦਰ’ ਦਾ ਹਿਦਾਇਤਕਾਰ ਜਿਮ ਸ਼ੇਰੀਡਨ।

## ਜਨੂੰਨ ਅਤੇ ਸਬਰ ਦਾ ਬਿੰਬ

# ਅਦਾਕਾਰ ਜਤਿੰਦਰ ਸ਼ਰਮਾ

ਜਤਿੰਦਰ ਸ਼ਰਮਾ ਰਿਆਸਤੀ ਪਰਜਾ ਮੰਡਲ ਲਹਿਰ ਅਤੇ ਮੁਜਾਰਾ ਲਹਿਰ ਦੀਆਂ ਸਰਗਰਮੀਆਂ ਦੇ ਕੇਂਦਰ ਰਹੇ ਸੰਗਰੂਰ ਜ਼ਿਲ੍ਹੇ ਦੇ ਧੂਰੀ ਸ਼ਹਿਰ ਵਿਚ ਪੈਦਾ ਹੋਇਆ। ਮੁੱਢਲੀ ਸਿੱਖਿਆ ਉਹਨੇ ਧੂਰੀ ਤੋਂ ਹਾਸਲ ਕੀਤੀ। ਫ਼ਿਰੋਜ਼ਪੁਰ ਤੋਂ ਮਕੈਨੀਕਲ ਇੰਜਨੀਅਰਿੰਗ ਦੀ ਪੜ੍ਹਾਈ ਕਰ ਕੇ ਉਹ ਪੇਸ਼ੇ ਵਜੋਂ ‘ਸੀਨੀਅਰ ਡਿਜ਼ਾਇਨ ਇੰਜੀਨੀਅਰ’ ਬਣ ਗਿਆ। ਜਤਿੰਦਰ ਨੂੰ ਅਦਾਕਾਰੀ ਦਾ ਸ਼ੌਂਕ ਬਚਪਨ ਤੋਂ ਸੀ। ਮੁਹਾਲੀ ਦੀ ਇੱਕ ਕੰਪਨੀ ਵਿਚ ਕੰਮ ਕਰਦਿਆਂ ਉਹਦਾ ਨਾਟਕਾਂ ਵਿਚ ਕੰਮ ਕਰਨ ਦਾ ਸਬੱਬ ਬਣਿਆ। ਫ਼ਿਲਮ ਅਦਾਕਾਰ ਬਣਨ ਦਾ ਸੁਪਨਾ ਉਹਨੂੰ ਮੁੰਬਈ ਲੈ ਗਿਆ। ਅਦਾਕਾਰੀ ਦਾ ਹੁਨਰ ਤਰਾਸ਼ਣ ਲਈ ਉਹਨੇ ਮੁੰਬਈ ਦੀ ‘ਮਧੂਮਤੀ ਡਾਂਸ ਐਂਡ ਐਕਟਿੰਗ ਅਕੈਡਮੀ’ ਤੋਂ ਅਦਾਕਾਰੀ ਦਾ ਡਿਪਲੋਮਾ ਕੀਤਾ। ਮੁੰਬਈ ਰਹਿੰਦਿਆਂ ਕਈ ਲੜੀਵਾਰਾਂ, ਸੰਗੀਤ-ਵੀਡੀਓਜ਼ ਅਤੇ ਮਸ਼ਹੂਰੀ ਫ਼ਿਲਮਾਂ ਵਿਚ ਕੰਮ ਕੀਤਾ। ਇਨ੍ਹਾਂ ਲੜੀਵਾਰਾਂ ਵਿਚ ‘ਕਭੀ ਹਾਂ ਕਭੀ ਨਾਂਹ’, ‘ਮਹਾਂਭਾਰਤ’, ‘ਤੁਮਹਾਰੀ ਦਿਸ਼ਾ’ ਅਤੇ ਹੋਰ ਕਈ ਗਿਣਨਯੋਗ ਹਨ। ਸੰਘਰਸ਼ ਦੇ ਦੌਰ ਬਾਬਤ ਗੱਲ ਕਰਦਾ ਹੋਇਆ ਜਤਿੰਦਰ ਦੱਸਦਾ ਹੈ ਕਿ ਹਰ ਖੇਤਰ ਵਿਚ ਮੁਸ਼ਕਲਾਂ ਆਉਣੀਆਂ ਸੁਭਾਵਕ ਹਨ। ਮੁੰਬਈ ’ਚ ਅਣਗਿਣਤ ਲੋਕ ਫ਼ਿਲਮ ਕਲਾਕਾਰ ਬਣਨ ਦਾ ਸੁਪਨਾ ਲੈ ਕੇ ਆਉਂਦੇ ਹਨ। ਉਨ੍ਹਾਂ ’ਚ ਆਪਣੀ ਥਾਂ ਬਣਾਉਣਾ ਸੌਖਾ ਕੰਮ ਨਹੀਂ ਹੁੰਦਾ। ਫ਼ਿਲਮ ਖੇਤਰ ਦੀ ਆਮ ਕਹੌਤ ਹੈ ਕਿ ਇੱਥੇ ਜਨੂੰਨ ਅਤੇ ਸਬਰ ਬਹੁਤ ਜ਼ਰੂਰੀ ਹੈ। ਇਸ ਗੱਲ ਨੂੰ ਜਤਿੰਦਰ ਨੇ ਪੱਲ੍ਹੇ ਬੰਨ੍ਹਿਆ ਹੋਇਆ ਹੈ। ਮੰਜ਼ਿਲਾਂ ਅਜੇ ਹੋਰ ਵੀ ਹਨ ਪਰ ਉਹ ਤਨਦੇਹੀ ਨਾਲ ਡਟਿਆ ਹੋਇਆ ਹੈ।

ਫ਼ਿਲਮਾਂ ਵਿਚ ਉਹਦੀ ਸ਼ੁਰੂਆਤ ਰਾਜ ਕੁਮਾਰ ਸੰਤੋਸ਼ੀ ਦੀ ਫ਼ਿਲਮ ‘ਫੈਮਿਲੀ’ ਤੋਂ ਹੋਈ ਜਿਹਦੇ ਵਿਚ ਉਹ ਪਹਿਲੀ ਵਾਰ ਫਿਲਮ ਕੈਮਰੇ ਦੇ ਸਨਮੁੱਖ ਹੋਇਆ। ਫ਼ਿਲਮ ਵਿਚ ਉਹਨੇ ਮਸ਼ਹੂਰ ਅਦਾਕਾਰਾਂ ਅਕਸ਼ੈ ਕੁਮਾਰ ਅਤੇ ਭੂਮਿਕਾ ਚਾਵਲਾ ਨਾਲ ਛੋਟੀ ਭੂਮਿਕਾ ਅਦਾ ਕੀਤੀ। ਪਹਿਲਾ ਵੱਡਾ ਕੰਮ ਉਹਨੂੰ ਪੰਜਾਬੀ ਫ਼ਿਲਮ ‘ਸਰਸਾ’ ਵਿਚ ਮਿਲਿਆ ਜਿਹਦੇ ਵਿਚ ਉਹਨੇ ਤੇਜਵੀਰ ਨਾਮ ਦੇ ਵਿਦਿਆਰਥੀ ਆਗੂ ਦੀ ਨਾਂਹ-ਪੱਖੀ ਭੂਮਿਕਾ ਨਿਭਾਈ। ਇਹ ਕਿਰਦਾਰ ਉਹਨੇ ਬੇਹੱਦ ਸੰਜੀਦਗੀ ਨਾਲ ਨਿਭਾਇਆ ਅਤੇ ਹੁਨਰਮੰਦ ਅਦਾਕਾਰ ਵਜੋਂ ਉਹਦੀ ਪਛਾਣ ਬਣੀ। ਕੌਮੀ ਇਨਾਮ ਜੇਤੂ ਫ਼ਿਲਮ ‘ਨਾਬਰ’ ਉਹਦੀ ਦੂਜੀ ਫ਼ਿਲਮ ਸੀ ਜੋ ਵਾਹਵਾ



ਚਰਚਾ ਵਿਚ ਰਹੀ। ਇਹ ਫ਼ਿਲਮ ਦੇ ਹਦਾਇਤਕਾਰ ਰਾਜੀਵ ਸ਼ਰਮਾ ਸਨ। ਜਤਿੰਦਰ ਦੀ ਤੀਜੀ ਫ਼ਿਲਮ ਜਸਪ੍ਰੀਤ ਰਾਜਨ ਦੀ ਹਦਾਇਤਕਾਰੀ ਵਿਚ ਬਣੀ ‘ਫ਼ਤਹਿ’ ਸੀ ਜਿਹਦੇ ਵਿਚ ਉਹਨੇ ਇੱਕ ਵਾਰ ਫ਼ਿਰ ਖਲਨਾਇਕ ਦੀ ਭੂਮਿਕਾ ਨਿਭਾਈ।

ਅਦਾਕਾਰੀ ਦੇ ਖੇਤਰ ਅਤੇ ਤਜਰਬੇ ਬਾਬਤ ਉਹ ਆਪਣੇ ਵਿਚਾਰ ਨਰਮ ਆਵਾਜ਼ ਵਿਚ ਸਾਂਝੇ ਕਰਦਾ ਹੈ। ਨਿਰਮਾਣਤਾ ਉਹਦੇ ਕਿਰਦਾਰ ਦਾ ਅਹਿਮ ਹਿੱਸਾ ਹੈ। ਉਹ ਕਹਿੰਦਾ ਹੈ ਕਿ ਫਿਲਮ ਖੇਤਰ ਦੇ ਸੰਘਰਸ਼ ਦੀਆਂ ਮੁਸ਼ਕਲਾਂ ਅਪਣੀ ਥਾਂ ਹਨ ਪਰ ਅਦਾਕਾਰ ਲਈ ਕਿਰਦਾਰ ਨੂੰ ਬਾਰੀਕ ਪਰਤਾਂ ‘ਚ ਫੜਨਾ ਸਭ ਤੋਂ ਜ਼ਰੂਰੀ ਹੁੰਦਾ ਹੈ। ਇਹ ਲਗਾਤਾਰ ਅਭਿਆਸ ਅਤੇ ਸਵੈ-ਭਰੋਸਾ ਦਾ ਕੰਮ ਹੈ। ਇਸ ਤੋਂ ਬਿਨਾਂ ਉਹ ਫ਼ਿਲਮ ਦੇ ਹਿਦਾਇਤਕਾਰ ਦੀ ਭੂਮਿਕਾ ਬੇਹੱਦ ਅਹਿਮ ਮੰਨਦਾ ਹੈ। ਉਹ ਕਿਰਦਾਰਾਂ ਅਤੇ ਫ਼ਿਲਮ ਦੇ ਨਿਭਾਅ ਬਾਬਤ ਸਾਫ਼ ਅਤੇ ਪੜਚੋਲੀਆ ਹੋਣਾ ਲਾਜ਼ਮੀ ਹੈ। ਜਤਿੰਦਰ ਅਪਣੇ ਆਪ ਨੂੰ ਹਿਦਾਇਤਕਾਰ ਦਾ ਅਦਾਕਾਰ ਮੰਨਦਾ ਹਾਂ ਅਤੇ ਉਸ ਉੱਤੇ ਪੂਰਾ ਭਰੋਸਾ ਰੱਖਦਾ ਹਾਂ। ਪੰਜਾਬੀ ਸਿਨੇਮਾ ਦੇ ਮੌਜੂਦਾ ਦੌਰ ਅਤੇ ਦਿਸ਼ਾ ਬਾਰੇ ਜਤਿੰਦਰ ਕਹਿੰਦਾ ਹੈ ਕਿ ਪੰਜਾਬੀ ਸਿਨੇਮਾ ‘ਚ ਪੈਸਾ ਲਾਉਣ ਲਈ ਲੋਕ ਅੱਗੇ ਆ ਰਹੇ ਹਨ। ਇਹ ਚੰਗੀ ਸ਼ੁਰੂਆਤ ਹੈ ਪਰ ਉਨ੍ਹਾਂ ਦਾ ਪੇਸ਼ੇਵਰ ਹੋਣਾ ਜ਼ਰੂਰੀ ਹੈ। ਫਿਲਮ ਦਾ ਵਿੱਤੀ ਪੱਖ ਅਹਿਮ ਹੈ ਪਰ ਫ਼ਿਲਮ ਹੋਰ ਕਲਾਵਾਂ ਵਾਂਗ ਕਲਾ ਦਾ ਇਕ ਰੂਪ ਹੈ। ਇਸ ਤੱਤ ਨੂੰ ਸਿਨੇਮੇ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਵਿਸ਼ਿਆਂ ਨੂੰ ਤਰਜੀਹ ਮਿਲਣੀ ਚਾਹੀਦੀ ਹੈ। ਨਵੇਂ ਤਜਰਬੇ ਹੋਣੇ ਚਾਹੀਦੇ ਹਨ। ਧਾਰਨਾਵਾਂ ਦੇ ਪੱਧਰ ‘ਤੇ ਡੂੰਘੇ ਘੜੇ ਕਿਰਦਾਰਾਂ ਨਾਲ ਅਦਾਕਾਰਾਂ ਨੂੰ ਕਾਬਲੀਅਤ ਦਿਖਾਉਣ ਦਾ ਢੁਕਵਾਂ ਮੌਕਾ ਮਿਲੇਗਾ। ਇਹ ਹੁਣ ਪੇਸ਼ੇਵਰ ਵਿੱਤੀ ਮਾਲਕਾਂ, ਹਿਦਾਇਤਕਾਰਾਂ ਅਤੇ ਲੇਖਕਾਂ ਦੀ ਜ਼ਿੰਮੇਵਾਰੀ ਹੈ। ਉਹਦਾ ਯਕੀਨ ਹੈ ਕਿ ਇਹੀ ਤੱਤ ਉਸਾਰੂ ਪੰਜਾਬੀ ਸਿਨੇਮਾ ਬਣਾਉਣ ਵਿਚ ਸਹਾਈ ਹੋਣਗੇ।

ਆਪਣਿਆਂ ਬਾਬਤ ਗੱਲ ਕਰਦਾ ਜਤਿੰਦਰ ਜਦੋਂ ਦਸਾਤਵੇਜ਼ੀ ਫਿਲਮਸਾਜ਼ ਦਲਜੀਤ ਅਮੀ ਦਾ ਨਾਂ ਲੈਂਦਾ ਹੈ। ਉਹ ਦਲਜੀਤ ਤੋਂ ਮਿਲਦੀ ਹੱਲਾਸ਼ੇਰੀ ਅਤੇ ਮੋਹ ਦਾ ਹਮੇਸ਼ਾਂ ਕਦਰਦਾਨ ਰਿਹਾ ਹੈ। ਇਸੇ ਕੜੀ ਵਿਚ ਉਹ ਆਪਣੀ ਪਤਨੀ ਮਨੀਸ਼ਾ ਸ਼ਰਮਾ ਨੂੰ ਜੋੜਦਾ ਹੈ ਜਿਹਦੇ ਨਾਲ ਉਹਦੀ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਹੋਈ ਹੈ। ਸ਼ਾਲਾ! ਜਤਿੰਦਰ ਇਸੇ ਤਰ੍ਹਾਂ ਮੰਜ਼ਲਾਂ ਸਰ ਕਰਦਾ ਰਹੇ।


STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਂਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ?
ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ
20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।
Simran Deol
(Solar Engineer)
661-412-4728
Receive $500 By Referring Friends.
www.Statensolar.com
No One Can Beat Our Price Guaranteed!
$ 0 down Worry Free Lease
Fixed Monthly Bill, No Increase
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring


COMING SOON
NEW LOCATION
GILL EXPRESS
MEMPHIS
Hwy I-40 Exit 280 Hwy I-55 Exit 4
Next To Pilot TRAVEL CENTERS Truck Stop
REPAIR
TIRES
WASH
ਪੰਜਾਬੀ ਢਾਬਾ
@ 3657 Southland Dr. W. Memphis, AR-72301 Tel : 661-203-0433